Your Real Estate Consultant for Life"

**Golden State Realty** JASSI GILL Broker/Owner
Listing and Selling Homes From San Jose to Sacramento
Ph:510-304-9292
Refinance Now @ZERO COST
Call Sukhi Gill:510-207-9067
CA DRE Lic.#01180969 CA DRE# 00966763


**Harmit S Toor** BEB BAY EAST BROKERS
Bay East Brokers, Inc.
Help you Buy, Sell & Loans:
◆Residential & Commercial Property
◆Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO BRE Lic.# 01462579 NMLS ID 358820 Broker Corp Lic: 02007516
Ph: 925-202-7027
HDtoor@gmail.com, WWW.BayEastBrokers.Com


Covered California Certified Insurance Agent **Global Green** INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann

Gurcharan Singh Mann

Mann Insurance Brokers Inc.
4123 Dyer St., #230, Union City, CA 94587



Twenty-Third Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 23, Issue 46, November 12, 2022 20451 N. Plum Grove Rd., Palatine, IL 60074 Ph:847-359-0746, Fax:847-705-9388


## ਬਗਾਵਤ ਤੋਂ ਸਹਿਮ ਗਏ ਬਾਦਲ

### ਬੀਬੀ ਜਗੀਰ ਕੌਰ ਖਿਲਾਫ ਕਾਰਵਾਈ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚਾਰ ਵਾਰ ਪ੍ਰਧਾਨ ਰਹਿ ਚੁੱਕੀ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਵਿਚੋਂ ਕੱਢ ਦਿੱਤਾ ਗਿਆ ਹੈ। ਅਕਾਲੀ ਦਲ ਦੀ ਇਸ ਕਾਰਵਾਈ ਪਿੱਛੋਂ ਇਸ ਚਰਚਾ ਨੂੰ ਹੋਰ ਹਵਾ ਮਿਲੀ ਹੈ ਕਿ ਬਾਦਲ ਪਰਿਵਾਰ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਜ਼ਿਆਦਾ ਚਿਰ ਪਾਰਟੀ ਵਿਚ ਟਿਕ ਨਹੀਂ ਸਕੇ।

ਅਸਲ ਵਿਚ ਅਕਾਲੀ ਦਲ ਦੇ ਇਤਿਹਾਸ ਵਿਚ ਜਿਸ ਆਗੂ ਨੇ ਬਾਦਲ ਪਰਿਵਾਰ ਦੀ ਤਾਕਤ ਨੂੰ ਚੁਣੌਤੀ ਦਿੱਤੀ ਹੈ, ਉਸ ਨੂੰ ਜਾਂ ਤਾਂ ਪਾਰਟੀ ਛੱਡਣੀ ਪਈ ਜਾਂ ਫਿਰ ਉਸ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ। ਬੀਬੀ ਜਗੀਰ ਕੌਰ ਬਾਦਲ ਪਰਿਵਾਰ ਦੀ ਸਭ ਤੋਂ ਵਫ਼ਾਦਾਰ ਤੇ ਕਰੀਬੀ ਮੰਨੀ ਜਾਂਦੀ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਦਰਮਿਆਨ 1998 ਵਿਚ ਮਤਭੇਦ ਉਭਰਨ ਤੋਂ ਬਾਅਦ ਬੀਬੀ ਜਗੀਰ ਕੌਰ ਨੂੰ ਹੀ ਜਥੇਦਾਰ ਟੌਹੜਾ ਦੀ ਥਾਂ ਸ਼੍ਰੋਮਣੀ ਕਮੇਟੀ ਦੀ ਪਹਿਲੀ ਮਹਿਲਾ ਪ੍ਰਧਾਨ ਬਣਾਇਆ ਗਿਆ ਸੀ।

ਬੀਬੀ ਖਿਲਾਫ ਫੈਸਲਾ ਉਸ ਸਮੇਂ ਕੀਤਾ ਗਿਆ ਹੈ ਜਦੋਂ ਪਾਰਟੀ ਦਾ ਜਥੇਬੰਦਕ ਢਾਂਚਾ ਭੰਗ ਕੀਤਾ ਹੋਇਆ ਹੈ। ਇਸ ਦੇ ਬਾਵਜੂਦ ਸੀਨੀਅਰ ਆਗੂਆਂ ਦੀ ਮੀਟਿੰਗ ਦੌਰਾਨ ਵਿਚਾਰ-ਵਟਾਂਦਰੇ ਸਮੇਂ ਕਈ ਆਗੂਆਂ ਦੀ ਰਾਇ ਨੂੰ ਨਜ਼ਰਅੰਦਾਜ਼ ਕਰ ਕੇ ਬੀਬੀ ਜਗੀਰ ਕੌਰ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ। ਬੀਬੀ ਉਤੇ ਦੋਸ਼ ਹੈ ਕਿ ਉਸ ਨੇ ਪਾਰਟੀ ਦੀ ਇੱਛਾ ਦੇ ਖਿਲਾਫ਼ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਲੜਨ ਦਾ ਐਲਾਨ ਕੀਤਾ। ਸਿਆਸੀ ਮਾਹਿਰਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਚੋਣ ਮੌਕੇ ਪ੍ਰਧਾਨ ਦਾ ਨਾਮ ਲਿਫਾਫੇ ਵਿਚੋਂ ਨਿਕਲਣ ਦਾ ਮੁੱਦਾ ਉਠਾਉਣ ਕਰ ਕੇ ਅਕਾਲੀ ਦਲ ਦਾ ਭਾਰੂ ਗਰੁੱਪ ਬੀਬੀ ਜਗੀਰ ਕੌਰ ਖਿਲਾਫ਼ ਕਾਰਵਾਈ ਦਾ ਮਨ ਬਣਾ ਚੁੱਕਾ ਸੀ।

ਪਿਛਲੇ ਕੁਝ ਸਮੇਂ ਵਿਚ ਵੱਡੀ ਗਿਣਤੀ ਟਕਸਾਲੀ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਗਏ ਹਨ, ਇਨ੍ਹਾਂ ਵਿਚੋਂ ਜ਼ਿਆਦਾਤਰ ਆਗੂਆਂ ਦਾ ਗਿਲਾ ਬਾਦਲ ਪਰਿਵਾਰ ਤੇ ਉਸ ਦੇ ਕਰੀਬੀਆਂ ਨਾਲ ਰਿਹਾ ਹੈ। ਹੁਣ ਬੀਬੀ ਜਗੀਰ ਕੌਰ ਦੇ ਮੁਅੱਤਲ ਹੋਣ ਨਾਲ ਕਈ ਲੀਡਰਾਂ ਦੀ ਆਵਾਜ਼ ਉਠੀ ਹੈ ਕਿ ਬਾਦਲ ਪਰਿਵਾਰ ਦੀ ਸਿਆਸਤ ਕਾਰਨ ਕਈ ਵੱਡੇ ਪਰਿਵਾਰ ਪਾਰਟੀ ਤੋਂ ਦੂਰ ਹੋ ਗਏ ਜਾਂ ਕਰ ਦਿੱਤੇ ਗਏ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਪਰਿਵਾਰ ਨੂੰ ਵੀ ਸਿਆਸਤ ਵਿਚ ਉਠਣ ਨਹੀਂ ਦਿੱਤਾ ਗਿਆ। ਬਾਦਲਾਂ ਨੂੰ ਸ਼ਰੇਆਮ ਚੁਣੌਤੀ ਦਿੰਦੇ ਹੋਏ ਸੁਖਦੇਵ ਸਿੰਘ ਢੀਂਡਸਾ ਨੇ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਦਿੱਤਾ ਸੀ। ਦਰਅਸਲ, ਟਕਸਾਲੀ ਆਗੂ ਹਮੇਸ਼ਾ ਪਾਰਟੀ ਦੇ ਸੀਨੀਅਰ ਅਹੁਦਿਆਂ ਉਤੇ ਬਾਦਲ ਪਰਿਵਾਰ ਦੇ ਵਫ਼ਾਦਾਰਾਂ ਦੀ ਨਿਯੁਕਤੀ ਉਤੇ ਸਵਾਲ ਚੁੱਕਦੇ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਪਾਰਟੀ ਵਿਚ ਆਏ ਨਿਘਾਰ ਲਈ ਵੀ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਇਸੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦਾ ਹਸ਼ਰ ਵੇਖ ਲੀਡਰਸ਼ਿਪ ਵਿਚ ਵੱਡੀ


*(ਬਾਕੀ ਸਫਾ 6 'ਤੇ)*


## ਨਗਰ ਕੀਰਤਨ




*ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ, ਪੈਲਾਟਾਈਨ ਵਲੋਂ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ ਅਤੇ ਨਗਰ ਕੀਰਤਨ 'ਚ ਸ਼ਾਮਲ ਸੰਗਤਾਂ। -ਹੋਰ ਵੇਰਵਾ ਅਤੇ ਤਸਵੀਰਾਂ ਅਗਲੇ ਹਫ਼ਤੇ।*

## ਆਨੰਦ ਮੈਰਿਜ ਐਕਟ ਪੂਰਨ ਰੂਪ 'ਚ ਲਾਗੂ ਕਰਾਂਗੇ: ਮਾਨ

**ਸ੍ਰੀ ਆਨੰਦਪੁਰ ਸਾਹਿਬ:** ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਸੂਬੇ ਵਿਚ ਆਨੰਦ ਮੈਰਿਜ ਐਕਟ ਨੂੰ ਬਿਨਾਂ ਕਿਸੇ ਦੇਰੀ ਤੋਂ ਇੰਨ-ਬਿੰਨ ਲਾਗੂ ਕਰੇਗੀ। ਉਨ੍ਹਾਂ ਕਿਹਾ ਕਿ ਆਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਵਿਚ ਪੰਜਾਬ ਪੱਛੜਿਆ ਹੈ। ਇਸ ਦਾ ਨੋਟੀਫਿਕੇਸ਼ਨ ਕਈ ਵਰ੍ਹੇ ਪਹਿਲਾਂ ਹੋ ਗਿਆ ਸੀ ਪਰ ਇਸ ਨੂੰ ਪੰਜਾਬ ਵਿਚ ਪੂਰਨ ਰੂਪ ਵਿਚ ਅਮਲ 'ਚ ਨਹੀਂ ਲਿਆਂਦਾ ਗਿਆ। ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਮਗਰੋਂ ਟਵੀਟ ਕਰ ਕੇ ਇਸ ਫ਼ੈਸਲੇ ਨੂੰ ਜਨਤਕ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਆਨੰਦ ਮੈਰਿਜ ਐਕਟ ਨੂੰ ਕਈ ਹੋਰ ਸੂਬੇ ਪਹਿਲਾਂ ਹੀ ਲਾਗੂ ਕਰ ਚੁੱਕੇ ਹਨ ਪਰ ਪੰਜਾਬ ਇਸ ਮਾਮਲੇ ਵਿਚ ਪੱਛੜ ਗਿਆ ਹੈ। ਹੁਣ ਇਸ ਐਕਟ ਨੂੰ ਸਹੀ ਮਾਅਨਿਆਂ ਵਿਚ ਲਾਗੂ ਕੀਤਾ ਜਾਵੇਗਾ। ਸਿੱਖ ਭਾਈਚਾਰੇ ਦੇ ਵਿਆਹ ਪਹਿਲਾਂ ਹਿੰਦੂ ਮੈਰਿਜ ਐਕਟ ਤਹਿਤ ਰਜਿਸਟਰਡ ਹੁੰਦੇ ਸਨ ਪਰ ਹੁਣ ਆਨੰਦ ਮੈਰਿਜ ਐਕਟ ਪਾਸ ਹੋਣ ਮਗਰੋਂ ਸਿੱਖ ਭਾਈਚਾਰੇ ਦੇ ਵਿਆਹ ਇਸ ਨਵੇਂ ਐਕਟ ਤਹਿਤ ਰਜਿਸਟਰਡ ਕੀਤੇ ਜਾਣ ਦੀ ਖੁੱਲ੍ਹ ਮਿਲ ਗਈ ਹੈ। ਜਿਸ ਵਿਅਕਤੀ ਦਾ ਵਿਆਹ ਆਨੰਦ ਕਾਰਜ ਦੀ ਰਸਮ ਨਾਲ ਹੁੰਦਾ ਹੈ, ਉਸ ਦਾ ਵਿਆਹ ਆਨੰਦ ਮੈਰਿਜ ਐਕਟ ਤਹਿਤ ਰਜਿਸਟਰਡ ਹੋਣ ਦੀ ਵਿਵਸਥਾ


*(ਬਾਕੀ ਸਫਾ 6 'ਤੇ)*



Medicare Questions?

Medicare Annual Enrollment Period: Oct. 15 - Dec. 7
Contact: 510-459-7537
MI Mehar Insurance Serv.
I can help you with:
• Understanding your Medicare options
• Plan analysis and enrollment
• Ongoing support and service

Bhupinder Singh Dev
bdev_99@yahoo.com
Lic# 0F86916
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS

17 years of experience
Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# Matrimonials

## ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

## ਲੜਕੀ ਦੀ ਲੋੜ ਹੈ

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

Ramgharia Sikh boy 5'8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178

44-47

Wanted suitable Sikh girl from USA for a New Zealand citizen jatt sikh boy (currently in USA ) 32 years, 5'9" . Bachelor in business. Also have a business in USA. Please Contact us at: 856-693-5401 or email rajdeepmann4u@yahoo.com.

42-47

ਜੱਟ ਸਿੱਖ ਬਾਜਵਾ ਸੋਹਣੇ-ਸੁਨੱਖੇ, ਵੈਸ਼ਨੋ, 22 ਸਾਲ, 5'11" ਨਿਊਜ਼ੀਲੈਂਡ ਵਿਚ ਬੇਕਿੰਗ ਲੈਵਲ ਦੇ ਡਿਪਲੋਮੇ ਕਰਨ ਉਪਰੰਤ ਬੇਕਰੀ ਕੰਪਨੀ ਵਿਚ ਵਰਕ ਪਰਮਿਟ 'ਤੇ ਨੌਕਰੀ ਕਰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ, ਮਿਹਨਤੀ, ਇਮਾਨਦਾਰ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੇ ਕੋਲ ਇੰਡੀਆ ਵਿਚ ਘਰ, ਕਮਰਸ਼ੀਅਲ ਪ੍ਰਾਪਰਟੀ ਤੋਂ ਬਿਨਾਂ ਕੋਈ ਐਗਰੀਕਲਚਰਲ ਪ੍ਰਾਪਰਟੀ ਨਹੀਂ ਹੈ। ਚਾਹਵਾਨ ਫੋਨ ਨੰਬਰ: 682-307-3057 (ਵ੍ਹਟਸਐਪ) 'ਤੇ ਸੰਪਰਕ ਕਰਨ।

43-46

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6'1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com

41-44

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com

41-44

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----


## ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ

ਚਾਹਵਾਨ ਸੰਪਰਕ ਕਰਨ:

608-886-2500


# ਰਾਈਟਰਜ਼ ਫੋਰਮ ਕੈਲਗਰੀ ਦੀ ਨਵੰਬਰ ਮਹੀਨੇ ਦੀ ਮੀਟਿੰਗ

**ਕੈਲਗਰੀ:** 5 ਨਵੰਬਰ ਦਿਨ ਸ਼ਨਿਚਰਵਾਰ ਨੂੰ ਬਰਫ਼ਬਾਰੀ ਅਤੇ ਤੇਜ਼ ਹਵਾ ਦੀ ਪ੍ਰਵਾਹ ਨਾ ਕਰਦੇ ਹੋਏ ਸਾਹਿਤ ਪ੍ਰੇਮੀ ਕੋਸੋ ਹਾਲ ਵਿਚ ਰਾਈਟਰਜ਼ ਫੋਰਮ ਦੀ ਮੀਟਿੰਗ ਵਿਚ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਸਭਾ ਦੇ ਨਵੇਂ ਥਾਪੇ ਗਏ ਸਕੱਤਰ ਗੁਰਚਰਨ ਥਿੰਦ ਨੇ ਸੰਭਾਲੀ। ਉਨ੍ਹਾਂ ਪਿਛਲੇ ਮਹੀਨੇ ਸਭਾ ਦੇ ਬੋਰਡ ਮੈਂਬਰਾਂ ਦੀ ਹੋਈ ਇਕੱਤਰਤਾ ਵਿਚ ਸਭਾ ਨੂੰ ਨਵੇਂ ਸਿਰਿਓਂ ਸਥਾਪਤੀ ਵੱਲ ਵਧਾਉਣ ਲਈ ਕੀਤੀ ਗਈ ਕਾਰਵਾਈ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਉਦੇਸ਼ਾਂ ਦਾ ਵਰਣਨ ਕੀਤਾ।

ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਜਸਵੀਰ ਸਿੰਘ ਸਹੋਤਾ ਅਤੇ ਬਲਵਿੰਦਰ ਬਰਾੜ ਨੇ ਕੀਤੀ। ਨਛੱਤਰ ਸਿੰਘ ਪੁਰਬਾ ਨੇ ਖਗੋਲ ਵਿਗਿਆਨੀਆਂ ਵਲੋਂ ਤਿਆਰ ਕੀਤੀ ਅਤੇ 25 ਦਸੰਬਰ 2021 ਨੂੰ ਸਪੇਸ ਵਿਚ ਭੇਜੀ ਗਈ 6161 ਕਿਲੋਗ੍ਰਾਮ ਭਾਰੀ 'ਜੇਮਜ਼ ਵੈੱਬ ਸਪੇਸ ਟੈਲੀਸਕੋਪ' ਸਬੰਧੀ ਵਿਸਥਾਰਤ ਜਾਣਕਾਰੀ ਆਪਣੇ ਹੱਥੀਂ ਬਣਾਏ ਚਿੱਤਰਾਂ ਨਾਲ ਦਿੱਤੀ। ਇਸ ਨਵੀਨਤਮ ਟੈਲੀਸਕੋਪ ਨਾਲ ਰੋਸ਼ਨੀ ਦੇ ਇਨਫਰਾਰੈਂਡ ਖੇਤਰ ਵਿਚ ਮੌਜੂਦ ਖਗੋਲੀ ਵਸਤੂਆਂ, ਬ੍ਰਹਿਮੰਡ ਵਿਚ ਬਹੁਤ ਦੂਰ ਅਤੇ ਅਤਿ ਪੁਰਾਣੇ ਬ੍ਰਹਿਮੰਡੀ ਪਿੰਡਾਂ ਦੇ ਚਿੱਤਰ ਲੈਣੇ ਅਤੇ ਸੂਖਮ ਜਾਣਕਾਰੀ ਪ੍ਰਾਪਤ ਕਰਨਾ ਸੰਭਵ ਹੋ ਗਿਆ ਹੈ।

ਦਿੱਲੀ ਤੋਂ ਪੀ.ਐਚ.ਡੀ. ਕਰ ਕੇ ਹਾਲ ਹੀ ਵਿਚ ਕੈਲਗਰੀ ਆ ਕੇ ਵਸੇ ਪਰਮਜੀਤ ਕੌਰ ਨੇ, ਜੰਮੂ ਕਸ਼ਮੀਰ ਦੇ ਨਾਮਵਰ ਕਹਾਣੀਕਾਰ ਖ਼ਾਲਿਦ ਹੁਸੈਨ ਹੁਰਾਂ ਬਾਰੇ ਲਿਖੀ ਕਿਤਾਬ 'ਮਾਟੀ ਉਦਮ ਕਰੇਂਦੀ', ਸਬੰਧੀ ਆਪਣੇ ਲਿਖੇ ਪੇਪਰ ਦੁਆਰਾ ਦੇਸ਼ ਦੀ ਵੰਡ ਸਮੇਂ ਖ਼ਾਲਿਦ ਹੁਸੈਨ ਦੇ ਪਰਿਵਾਰ ਨਾਲ ਵਾਪਰੇ ਦੁਖਾਂਤ ਦੀ ਜਾਣਕਾਰੀ ਦਿੱਤੀ, ਜਿਸਨੇ ਲੇਖਕ ਦੇ ਜੀਵਨ 'ਤੇ ਡੂੰਘਾ ਪ੍ਰਭਾਵ ਪਾਇਆ।

ਸੁਖਜੀਤ ਸੈਣੀ ਨੇ ਆਪਣੀ ਭਾਵਪੂਰਤ ਕਵਿਤਾ 'ਸ਼ੋਰ'... 'ਸ਼ਬਦ ਕਦੋਂ ਕੁਝ ਕਹਿੰਦੇ ਨੇ, ਇਹ ਤਾਂ ਖ਼ਾਮੋਸ਼ ਰਹਿੰਦੇ ਹਨ; ਸ਼ੋਰ ਤਾਂ ਬੱਸ ਜਜ਼ਬਾਤਾਂ ਦਾ ਹੁੰਦਾ ਹੈ' ਸਾਂਝੀ ਕੀਤੀ। ਅਮਰਜੀਤ ਵਿਰਦੀ ਨੇ 'ਅਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ' ਸ਼ਬਦ ਆਪਣੀ ਸੁਰੀਲੀ ਅਵਾਜ਼ ਵਿਚ ਗਾਇਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਰਿਟਾਇਰਡ ਖੇਤੀ ਵਿਗਿਆਨੀ ਡਾ: ਸੁਖਵਿੰਦਰ ਸਿੰਘ ਥਿੰਦ ਨੇ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਦਿਨੋਂ-ਦਿਨ ਵਿਗੜਦੀ ਸਥਿਤੀ ਦੇ ਕਾਰਨਾਂ ਬਾਰੇ ਗੱਲ ਕੀਤੀ। ਉਨ੍ਹਾਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਨੂੰ ਲੈ ਕੇ ਹਾਲ ਹੀ ਵਿਚ ਪੰਜਾਬ ਦੇ ਮੁੱਖ ਮੰਤਰੀ ਅਤੇ ਗਵਰਨਰ ਦਰਮਿਆਨ ਉੱਠੇ ਵਿਵਾਦ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਪੈਰੀ ਮਾਹਲ ਨੇ ਭਾਰਤ ਦੇ ਗਵਾਂਢੀ ਦੇਸ਼ ਪਾਕਿਸਤਾਨ ਵਿਚ ਸਮੇਂ ਸਮੇਂ ਬਦਲਦੇ ਰਹੇ ਰਾਜਨੀਤਕ ਪਹਿਲੂਆਂ ਬਾਰੇ ਦੱਸਿਆ।

ਬਲਵਿੰਦਰ ਬਰਾੜ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਦਿਹਾੜੇ ਨੂੰ ਮੁੱਖ ਰਖਦਿਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਆਸ਼ੇ ਬਾਰੇ ਗੱਲ ਕਰਦਿਆਂ ਕਿਹਾ ਕਿ 'ਗੁਰੂ ਨਾਨਕ ਦੁਆਰਾ ਰਚਿਤ 'ਜਪੁ ਜੀ' ਦੀ ਪਹਿਲੀ ਪਾਉੜੀ ਵਿਚ ਦਰਸਾਇਆ ਗਿਆ 'ਕਿਵ ਸਚਿਆਰਾ ਹੋਈਐ' ਜੀਵਨ ਜਾਚ ਦਾ ਚੱਜ ਤੇ ਸਲੀਕਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿਚ ਵਿਸਥਾਰਤ ਹੈ। ਗੁਰੂ ਜੀ ਵਲੋਂ 20 ਰੁਪਏ ਨਾਲ ਸ਼ੁਰੂ ਕੀਤੇ ਲੰਗਰ ਨੇ ਸਿੱਖਾਂ ਵਲੋਂ ਦੁਨੀਆਂ ਭਰ ਵਿਚ ਚਲਾਏ ਜਾਣ ਵਾਲੀ ਲੰਗਰ ਪ੍ਰਥਾ ਦਾ ਮੁੱਢ ਬੰਨ੍ਹਿਆ ਸੀ।

ਸੁਖਵਿੰਦਰ ਤੂਰ ਨੇ ਗੁਰਭਜਨ ਗਿੱਲ ਦੀ ਗ਼ਜ਼ਲ ਗਾ ਕੇ ਹਾਜ਼ਰੀ ਲੁਆਈ। ਗੁਰਚਰਨ ਥਿੰਦ ਨੇ ਆਪਣੀ ਰਚਨਾ 'ਵਾਦ-ਵਿਵਾਦ' ਰਾਹੀਂ ਸੰਸਾਰ ਭਰ ਵਿਚ ਵੱਖ ਵੱਖ ਵਾਦਾਂ ਦੇ ਨਾਂ 'ਤੇ ਹੁੰਦੇ ਜੰਗਾਂ-ਯੁੱਧਾਂ ਦੇ ਫ਼ਲਸਰੂਪ ਆਮ ਲੋਕਾਂ ਦੇ ਹੋਣ ਵਾਲੇ ਘਾਣ ਨੂੰ ਦਰਸਾਇਆ। ਸਭਾ ਦੇ ਪ੍ਰਧਾਨ ਜਸਵੀਰ ਸਹੋਤਾ ਨੇ 13 ਨਵੰਬਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜੇ ਬਾਰੇ ਗੱਲ ਕੀਤੀ। ਉਨ੍ਹਾਂ ਅਮਰੀਕਾ ਕੈਨੇਡਾ ਵਸਦੀ ਸਾਡੀ ਇੱਥੋਂ ਦੀ ਜੰਮੀ ਪਲ਼ੀ ਪੀੜ੍ਹੀ ਦਾ ਅਮਰੀਕਰਨ ਹੋਣਾ ਦਰਸਾਉਂਦੀ ਆਪਣੀ ਰਚਨਾ ਸਾਂਝੀ ਕੀਤੀ ਅਤੇ ਹਾਜ਼ਰੀਨ ਦਾ ਅੱਜ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਉਨ੍ਹਾਂ ਤਸੱਲੀ ਪ੍ਰਗਟ ਕੀਤੀ ਕਿ ਅੱਤ ਦੀ ਠੰਢ ਅਤੇ ਬਰਫ਼ਬਾਰੀ ਕਾਰਨ ਹਾਜ਼ਰੀ ਬੇਸ਼ਕ ਘੱਟ ਸੀ, ਪ੍ਰੰਤੂ ਅੱਜ ਦੀ ਮੀਟਿੰਗ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਕਾਮਯਾਬ ਰਹੀ।

ਵਧੇਰੇ ਜਾਣਕਾਰੀ ਲਈ ਜਸਵੀਰ ਸਹੋਤਾ (ਪ੍ਰਧਾਨ) ਨਾਲ 403-831-3502, ਗੁਰਚਰਨ ਥਿੰਦ (ਸਕੱਤਰ) ਨਾਲ 403-402-9635 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***ਵੇਰਵਾ ਤੇ ਤਸਵੀਰਾਂ: ਗੁਰਚਰਨ ਕੌਰ ਥਿੰਦ***

# ਸਕੂਲ ਸਿੱਖਿਆ: ਪੰਜਾਬ ਨੇ ਕੇਜਰੀਵਾਲ ਦਾ 'ਦਿੱਲੀ ਮਾਡਲ' ਪਛਾੜਿਆ

**ਚੰਡੀਗੜ੍ਹ:** ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਸਕੂਲ ਸਿੱਖਿਆ ਪ੍ਰਣਾਲੀ ਦੀ ਕਾਰਗੁਜ਼ਾਰੀ ਉਤੇ ਆਧਾਰਿਤ ਜਾਰੀ ਕੌਮੀ ਸਰਵੇ 'ਚ ਪਹਿਲੇ ਨੰਬਰ 'ਤੇ ਰਹਿਣ ਵਾਲੇ ਤਿੰਨ ਸੂਬਿਆਂ 'ਚ ਪੰਜਾਬ ਵੀ ਸ਼ਾਮਲ ਹੈ, ਜਿਸ ਨੇ ਕੇਰਲਾ ਤੇ ਮਹਾਰਾਸ਼ਟਰ ਵਾਂਗ ਇਕ ਹਜ਼ਾਰ ਅੰਕਾਂ 'ਚੋਂ 928 ਅੰਕ ਪ੍ਰਾਪਤ ਕੀਤੇ ਹਨ।



ਕੌਮੀ ਸਰਵੇ 'ਚ ਦਿੱਲੀ ਅੱਠਵੇਂ ਨੰਬਰ ਉਤੇ ਹੈ ਜਿਸ ਨੇ 899 ਸਕੋਰ ਪ੍ਰਾਪਤ ਕੀਤੇ ਹਨ ਜਦੋਂ ਕਿ ਗੁਜਰਾਤ ਨੇ 903 ਅੰਕਾਂ ਨਾਲ ਪੰਜਵਾਂ ਸਥਾਨ ਹਾਸਲ ਕੀਤਾ ਹੈ। ਸਕੂਲ ਸਿੱਖਿਆ ਤੇ ਸਾਖਰਤਾ ਵਿਭਾਗ ਵੱਲੋਂ 'ਪਰਫਾਰਮੈਂਸ ਗਰੇਡਿੰਗ ਇੰਡੈਕਸ-2020-21' ਵਿਚ ਸਕੂਲੀ ਸਿੱਖਿਆ ਦੀ ਕਾਰਗੁਜ਼ਾਰੀ ਤੇ ਪ੍ਰਾਪਤੀਆਂ ਨੂੰ ਅਧਾਰ ਬਣਾਇਆ ਗਿਆ ਹੈ। ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਤੇ ਨੀਤੀ ਨਿਰਮਾਣ ਵਾਸਤੇ ਇਹ ਕੌਮੀ ਸਰਵੇ ਕੀਤਾ ਜਾਂਦਾ ਹੈ। ਪਰਫਾਰਮੈਂਸ ਗਰੇਡਿੰਗ ਇੰਡੈਕਸ (ਪੀ.ਜੀ.ਆਈ.) 'ਚ 70 ਸੂਚਕਾਂ 'ਤੇ ਆਧਾਰਿਤ 1000 ਸਕੋਰ ਸ਼ਾਮਲ ਕੀਤੇ ਜਾਂਦੇ ਹਨ। ਇਹ ਚੌਥਾ ਕੌਮੀ ਸਰਵੇ ਹੈ ਜੋ ਗੁਜਰਾਤ ਚੋਣਾਂ ਦੇ ਐਲਾਨ ਮੌਕੇ ਜਾਰੀ ਕੀਤਾ ਗਿਆ ਹੈ।

ਪੰਜਾਬ 'ਚ ਕਾਂਗਰਸੀ ਹਕੂਮਤ ਦੇ ਚੌਥੇ ਵਰ੍ਹੇ 2020-21 ਦੇ ਸਮੇਂ ਦੀ ਸਕੂਲ ਸਿੱਖਿਆ ਦੀ ਕਾਰਗੁਜ਼ਾਰੀ ਨੂੰ ਇਸ ਕੌਮੀ ਸਰਵੇ ਦਾ ਅਧਾਰ ਬਣਾਇਆ ਗਿਆ ਹੈ। ਰਿਪੋਰਟ ਅਨੁਸਾਰ ਇਸ ਕੌਮੀ ਸਰਵੇ 'ਚ ਮੁਲਾਂਕਣ ਵਾਸਤੇ ਦਸ ਗਰੇਡ ਬਣਾਏ ਗਏ ਹਨ। ਇਕ ਹਜ਼ਾਰ ਅੰਕਾਂ 'ਚੋਂ 951-1000 ਦਰਮਿਆਨ ਸਕੋਰ ਲੈਣ ਵਾਲੇ ਨੂੰ ਗਰੇਡ ਲੈਵਲ ਇਕ ਰੱਖਿਆ ਗਿਆ ਹੈ ਅਤੇ ਇਸ ਲੈਵਲ 'ਚ ਕੋਈ ਵੀ ਸੂਬਾ ਥਾਂ ਨਹੀਂ ਲੈ ਸਕਿਆ ਹੈ।

901 ਤੋਂ 950 ਅੰਕ ਹਾਸਲ ਕਰਨ ਵਾਲੇ ਸੂਬਿਆਂ ਨੂੰ ਲੈਵਲ-ਟੂ ਵਿਚ ਰੱਖਿਆ ਗਿਆ ਹੈ ਜਿਸ ਵਿਚ ਸੱਤ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਥਾਂ ਲਈ ਹੈ, ਜੋ ਸਭ ਤੋਂ ਸਿਖਰ 'ਤੇ ਰਹੇ ਹਨ। ਇਨ੍ਹਾਂ ਵਿਚ ਪੰਜਾਬ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ, ਮਹਾਰਾਸ਼ਟਰ, ਰਾਜਸਥਾਨ ਤੇ ਚੰਡੀਗੜ੍ਹ ਸ਼ਾਮਲ ਹਨ। 851 ਤੋਂ 900 ਅੰਕ ਪ੍ਰਾਪਤ ਕਰਨ ਵਾਲੇ 12 ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਹਨ, ਜਿਨ੍ਹਾਂ ਵਿਚ ਦਿੱਲੀ ਵੀ ਸ਼ਾਮਲ ਹੈ।

ਇਸ ਕੌਮੀ ਸਰਵੇ ਦਾ ਅਧਾਰ ਬਣੇ ਪੰਜ ਡੋਮੇਨਾਂ 'ਚ ਪੰਜਾਬ ਨੇ ਦਿੱਲੀ ਨੂੰ ਪਛਾੜ ਦਿੱਤਾ ਹੈ। ਇਨ੍ਹਾਂ ਸਮਿਆਂ 'ਚ ਸਕੂਲ ਸਿੱਖਿਆ ਦੀ ਵਾਗਡੋਰ ਤਤਕਾਲੀ ਸਕੱਤਰ ਕ੍ਰਿਸ਼ਨ ਕੁਮਾਰ ਦੇ ਹੱਥ ਰਹੀ ਸੀ। ਕੌਮੀ ਸਰਵੇ 'ਚ 'ਬੱਚਿਆਂ ਦੇ ਸਿੱਖਣ ਤੇ ਗੁਣਵੱਤਾ' ਦੇ 180 ਅੰਕ ਰੱਖੇ ਗਏ ਸਨ ਜਿਨ੍ਹਾਂ ਚੋਂ ਪੰਜਾਬ ਨੇ 126 ਅੰਕ ਪ੍ਰਾਪਤ ਕੀਤੇ ਜਦੋਂ ਕਿ ਦਿੱਲੀ ਨੂੰ 124 ਅੰਕ ਹਾਸਲ ਹੋਏ ਹਨ। ਗੁਜਰਾਤ ਨੂੰ 152 ਅੰਕ ਮਿਲੇ ਹਨ। ਸਕੂਲੀ ਸਿੱਖਿਆ ਦੇ 'ਬੁਨਿਆਦੀ ਢਾਂਚੇ ਤੇ ਸਹੂਲਤਾਂ' ਦੇ ਕੁੱਲ 150 ਅੰਕਾਂ ਚੋਂ ਪੰਜਾਬ ਨੇ 150 ਸਕੋਰ ਪ੍ਰਾਪਤ ਕੀਤੇ ਹਨ ਜਦੋਂ ਕਿ ਦਿੱਲੀ ਨੂੰ 148 ਅੰਕ ਮਿਲੇ ਹਨ।

ਗੁਜਰਾਤ ਨੂੰ 123 ਅੰਕ ਪ੍ਰਾਪਤ ਹੋਏ ਹਨ। ਇਸੇ ਤਰ੍ਹਾਂ 'ਸਕੂਲੀ ਸਿੱਖਿਆ ਤੱਕ ਪਹੁੰਚ' ਦੇ 80 ਅੰਕ ਰੱਖੇ ਗਏ ਹਨ ਜਿਨ੍ਹਾਂ ਵਿਚੋਂ ਪੰਜਾਬ ਤੇ ਦਿੱਲੀ ਦੇ ਬਰਾਬਰ 79-79 ਅੰਕ ਪ੍ਰਾਪਤ ਕੀਤੇ ਹਨ। ਇਸ ਤੋਂ ਇਲਾਵਾ 'ਪ੍ਰਬੰਧਕੀ ਸੁਧਾਰ' ਦੇ 360 ਅੰਕਾਂ 'ਚੋਂ ਪੰਜਾਬ ਨੂੰ 348 ਅੰਕ ਮਿਲੇ ਹਨ ਜਦੋਂ ਕਿ ਦਿੱਲੀ ਨੂੰ 324 ਅੰਕ ਪ੍ਰਾਪਤ ਹੋਏ ਹਨ। ਗੁਜਰਾਤ ਨੂੰ 331 ਸਕੋਰ ਪ੍ਰਾਪਤ ਹੋਏ ਹਨ।

ਪਰਫਾਰਮੈਂਸ ਗਰੇਡਿੰਗ ਇੰਡੈਕਸ ਵਿਚ 230 ਨੰਬਰ 'ਸਿੱਖਿਆ ਦੇ ਸਮਾਨ ਮੌਕੇ' ਲਈ ਰੱਖੇ ਗਏ ਸਨ ਜਿਨ੍ਹਾਂ ਚੋਂ ਪੰਜਾਬ ਨੇ 225 ਤੇ ਦਿੱਲੀ ਨੇ 224 ਅੰਕ ਹਾਸਲ ਕੀਤੇ ਹਨ ਜਦੋਂ ਕਿ ਗੁਜਰਾਤ ਨੂੰ 214 ਅੰਕ ਮਿਲੇ ਹਨ। ਇਹ ਕੌਮੀ ਸਰਵੇ ਉਨ੍ਹਾਂ ਖੇਤਰਾਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ ਜਿੱਥੇ ਸੂਬਿਆਂ ਨੂੰ ਸੁਧਾਰ ਕਰਨ ਦੀ ਲੋੜ ਹੈ। ਪੰਜਾਬ ਦੇ ਸਿੱਖਿਆ ਮਾਡਲ ਨੇ ਇਸ ਕੌਮੀ ਸਰਵੇ ਵਿਚ ਸਿਖਰਲੀ ਥਾਂ ਹਾਸਲ ਕਰਕੇ ਪੂਰੇ ਮੁਲਕ ਭਰ ਵਿਚ ਆਪਣੀ ਸ਼ਾਨ ਬਣਾ ਲਈ ਹੈ।

## 2020-21 ਦੌਰਾਨ 20 ਹਜ਼ਾਰ ਤੋਂ ਵੱਧ ਸਕੂਲ ਬੰਦ ਹੋਏ

**ਨਵੀਂ ਦਿੱਲੀ:** ਸਾਲ 2020-21 ਦੌਰਾਨ ਦੇਸ਼ ਭਰ ਵਿਚ 20,000 ਤੋਂ ਵੱਧ ਸਕੂਲ ਬੰਦ ਹੋ ਗਏ, ਜਦੋਂ ਕਿ ਅਧਿਆਪਕਾਂ ਦੀ ਗਿਣਤੀ ਵਿਚ ਵੀ ਪਿਛਲੇ ਸਾਲ ਦੇ ਮੁਕਾਬਲੇ 1.95 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਸਿੱਖਿਆ ਮੰਤਰਾਲੇ ਦੀ ਨਵੀਂ ਰਿਪੋਰਟ ਵਿਚ ਇਹ ਖੁਲਾਸਾ ਕੀਤਾ ਗਿਆ ਹੈ। ਭਾਰਤ ਵਿਚ ਸਕੂਲੀ ਸਿੱਖਿਆ ਲਈ ਸਾਂਝੀ ਜ਼ਿਲ੍ਹਾ ਸਿੱਖਿਆ ਸੂਚਨਾ ਪ੍ਰਣਾਲੀ ਪਲੱਸ (ਯੂ.ਡੀ.ਆਈ.ਐਸ.ਈ-ਪਲੱਸ) ਦੀ ਰਿਪੋਰਟ 2021-22 ਵਿਚ ਇਹ ਵੀ ਦੱਸਿਆ ਗਿਆ ਹੈ ਕਿ ਸਿਰਫ 44.85 ਪ੍ਰਤੀਸ਼ਤ ਸਕੂਲਾਂ ਵਿਚ ਕੰਪਿਊਟਰ ਦੀ ਸਹੂਲਤ ਹੈ, ਜਦੋਂ ਕਿ 34 ਪ੍ਰਤੀਸ਼ਤ ਕੋਲ ਇੰਟਰਨੈਟ ਕੁਨੈਕਸ਼ਨ ਹੈ। ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ, '2021-22 ਵਿਚ ਸਕੂਲਾਂ ਦੀ ਕੁੱਲ ਗਿਣਤੀ 14.89 ਲੱਖ ਹੈ, ਜਦੋਂ ਕਿ 2020-21 ਵਿਚ ਉਨ੍ਹਾਂ ਦੀ ਗਿਣਤੀ 15.09 ਲੱਖ ਸੀ।'

## ਮਨੀਲਾ ਵਿਚ ਪੰਜਾਬੀ ਨੌਜਵਾਨ ਦੀ ਹੱਤਿਆ

**ਜੀਰਾ:** ਇਥੋਂ ਦੇ ਨੌਜਵਾਨ ਦੀ ਮਨੀਲਾ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੰਜਾਬੀ ਮੂਲ ਦਾ ਨੌਜਵਾਨ ਸੁਖਚੈਨ ਸਿੰਘ (28) ਪੁੱਤਰ ਗੁਰਜੰਟ ਸਿੰਘ ਜੌਹਲ ਨਗਰ ਜੀਰਾ ਦਾ ਨਿਵਾਸੀ ਸੀ ਤੇ ਰੁਜ਼ਗਾਰ ਦੀ ਭਾਲ ਵਿਚ ਕਰੀਬ ਚਾਰ ਸਾਲ ਪਹਿਲਾਂ ਮਨੀਲਾ ਗਿਆ ਸੀ।

ਮ੍ਰਿਤਕ ਸੁਖਚੈਨ ਸਿੰਘ ਦੇ ਪਿਤਾ ਗੁਰਜੰਟ ਸਿੰਘ ਤੇ ਭਰਾ ਗੁਰਪ੍ਰੀਤ ਸਿੰਘ ਉਰਫ ਗੋਰਾ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਆਪਣੇ ਭਰਾ ਨਾਲ ਫੋਨ 'ਤੇ ਗੱਲ ਹੋਈ ਸੀ ਜਿਸ ਨੇ ਦੱਸਿਆ ਸੀ ਕਿ ਉਸ ਨੇ ਪੱਕੇ ਹੋਣ ਦੀ ਫਾਈਲ ਲਗਾਈ ਹੋਈ ਹੈ ਪਰ ਹੁਣ ਉਸ ਦੇ ਦੋਸਤ ਦਾ ਫੋਨ ਆਇਆ ਕਿ ਉਨ੍ਹਾਂ ਦੇ ਲੜਕੇ ਦੀ ਤਬੀਅਤ ਠੀਕ ਨਹੀਂ ਸੀ ਅਤੇ ਜਦੋਂ ਉਹ ਡਾਕਟਰ ਪਾਸੋਂ ਦਵਾਈ ਲੈ ਕੇ ਪਰਤ ਰਿਹਾ ਸੀ ਤਾਂ ਕੁਝ ਲੋਕਾਂ ਨੇ ਸੁਖਚੈਨ ਸਿੰਘ ਨੂੰ ਗੋਲੀਆਂ ਮਾਰ ਦਿੱਤੀਆਂ।

## ਪਿੰਡ ਆਏ ਐਨ.ਆਰ.ਆਈ. ਦੇ ਘਰ ਡਾਕਾ, ਪਤਨੀ ਦੀ ਹੱਤਿਆ

**ਸ਼ਹਿਣਾ:** ਇਥੇ ਪੱਤੀ ਤੂਤੜਾ 'ਚ ਤੜਕੇ ਲੁਟੇਰਿਆਂ ਨੇ ਇਕ ਘਰ ਵਿਚ ਦਾਖਲ ਹੋ ਕੇ ਇਕ ਔਰਤ ਦੀ ਹੱਤਿਆ ਕਰ ਦਿੱਤੀ, ਜਿਸ ਦੀ ਪਛਾਣ ਅਮਰਜੀਤ ਕੌਰ (80 ਸਾਲਾ) ਪਤਨੀ ਲਛਮਣ ਸਿੰਘ ਭੁੱਮਟ ਵਜੋਂ ਹੋਈ ਹੈ। ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਲੁਟੇਰੇ 22 ਤੋਲੇ ਸੋਨਾ ਲੁੱਟ ਕੇ ਫਰਾਰ ਹੋ ਗਏ।




ਜਾਣਕਾਰੀ ਅਨੁਸਾਰ ਇਹ ਮਕਾਨ ਮਾਸਟਰ ਲਛਮਣ ਸਿੰਘ ਭੁੱਮਟ ਦਾ ਹੈ ਤੇ ਉਹ 23 ਸਾਲਾਂ ਤੋਂ ਕੈਨੇਡਾ 'ਚ ਰਹਿ ਰਹੇ ਹਨ ਅਤੇ ਹਰ ਸਾਲ ਸ਼ਹਿਣਾ ਆਉਂਦੇ ਹਨ। ਉਹ ਹਾਲੇ ਇਕ ਮਹੀਨਾ ਪਹਿਲਾਂ ਹੀ ਇਥੇ ਆਏ ਸਨ। ਲੁਟੇਰਿਆਂ ਨੇ ਲਛਮਣ ਸਿੰਘ ਨੂੰ ਜ਼ਖਮੀ ਕਰ ਕੇ ਗੁਸਲਖਾਨੇ 'ਚ ਬੰਦ ਕਰ ਦਿੱਤਾ ਗਿਆ ਤੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪੁਲਿਸ ਨੇ ਡਾਗ ਸਕੁਐਡ ਤੇ ਫਿੰਗਰ ਪ੍ਰਿੰਟ ਮਾਹਿਰ ਵੀ ਬੁਲਾਏ ਹਨ, ਜਿਨ੍ਹਾਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਘਰ ਦੇ ਮਾਲਕ ਲਛਮਣ ਸਿੰਘ ਭੁੱਮਟ ਨੇ ਦੱਸਿਆ ਕਿ ਲੁਟੇਰੇ ਘਰ ਦੇ ਪਿਛਲੇ ਪਾਸੇ ਤੋਂ ਘਰ 'ਚ ਦਾਖਲ ਹੋਏ ਸਨ। ਲੁਟੇਰਿਆਂ ਦੀ ਗਿਣਤੀ ਛੇ ਦੇ ਕਰੀਬ ਦੱਸੀ ਜਾ ਰਹੀ ਹੈ। ਇਸ ਘਰ ਵਿਚ ਸਿਰਫ ਪਤੀ-ਪਤਨੀ ਹੀ ਰਹਿ ਰਹੇ ਸਨ ਤੇ ਬਾਕੀ ਪਰਿਵਾਰ ਕੈਨੇਡਾ 'ਚ ਹੈ।

## ਕੈਨੇਡਾ 2025 ਤੱਕ ਹਰੇਕ ਸਾਲ ਪੰਜ ਲੱਖ ਪਰਵਾਸੀਆਂ ਨੂੰ ਦੇਵੇਗਾ ਦਾਖਲਾ

**ਵੈਨਕੂਵਰ:** ਕੈਨੇਡਾ ਨੇ ਦੇਸ਼ ਵਿਚ ਦਾਖਲ ਹੋਣ ਵਾਲੇ ਪਰਵਾਸੀਆਂ ਦੀ ਗਿਣਤੀ ਵਿਚ ਵਾਧਾ ਕਰਨ ਲਈ ਇਕ ਨਵੀਂ ਯੋਜਨਾ ਦਾ ਐਲਾਨ ਕੀਤਾ ਹੈ। ਕੈਨੇਡਾ ਕੰਮਕਾਜੀ ਲੋਕਾਂ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਤੇ ਉਸ ਦਾ ਮਕਸਦ 2025 ਤੱਕ ਹਰ ਵਰ੍ਹੇ ਪੰਜ ਲੱਖ ਪਰਵਾਸੀਆਂ ਨੂੰ ਦੇਸ਼ ਵਿਚ ਦਾਖਲਾ ਦੇਣਾ ਹੈ।



ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਇਕ ਨਵੀਂ ਯੋਜਨਾ ਦਾ ਐਲਾਨ ਕੀਤਾ। ਇਸ ਵਿਚ ਪਰਿਵਾਰ ਦੇ ਮੈਂਬਰਾਂ ਤੇ ਸ਼ਰਨਾਰਥੀਆਂ, ਲੋੜੀਂਦੇ ਕਾਰਜ ਹੁਨਰ ਤੇ ਤਜਰਬੇਕਾਰ ਵਿਅਕਤੀਆਂ ਦੇ ਨਾਲ-ਨਾਲ ਵਧੇਰੇ ਸਥਾਈ ਨਿਵਾਸੀਆਂ ਨੂੰ ਸਵੀਕਾਰ ਕਰਨ ਉਤੇ ਜੋਰ ਦਿੱਤਾ ਗਿਆ ਹੈ। ਵਿਰੋਧੀ ਕੰਜ਼ਰਵੇਟਿਵ ਪਾਰਟੀ ਨੇ ਇਸ ਯੋਜਨਾ ਦਾ ਸਵਾਗਤ ਕੀਤਾ ਹੈ। ਫਰੇਜ਼ਰ ਨੇ ਕਿਹਾ, ''ਕੋਈ ਗਲਤੀ ਨਾ ਕਰੋ। ਕੈਨੇਡਾ ਵਿਚ ਵਧੇਰੇ ਲੋਕਾਂ ਦੇ ਆਉਣ ਨਾਲ ਅਰਥਵਿਵਸਥਾ ਨੂੰ ਫਾਇਦਾ ਹੋਵੇਗਾ।'' ਨਵੀਂ ਯੋਜਨਾ ਤਹਿਤ 2023 ਵਿਚ 4,65,000 ਲੋਕਾਂ ਨੂੰ ਦੇਸ਼ ਵਿਚ ਦਾਖਲਾ ਦਿੱਤਾ ਜਾਵੇਗਾ ਤੇ 2025 ਵਿਚ ਇਹ ਗਿਣਤੀ ਵਧ ਕੇ ਪੰਜ ਲੱਖ ਹੋ ਜਾਵੇਗੀ। ਇਮੀਗ੍ਰੇਸ਼ਨ ਵਿਭਾਗ ਮੁਤਾਬਕ ਪਿਛਲੇ ਸਾਲ 4,05,000 ਲੋਕਾਂ ਨੂੰ ਸਥਾਈ ਨਿਵਾਸੀ ਵਜੋਂ ਦਾਖਲਾ ਦਿੱਤਾ ਗਿਆ ਸੀ।

## ਹੱਤਿਆ ਦੇ ਸ਼ੱਕੀ ਪੰਜਾਬੀ 'ਤੇ ਦਸ ਲੱਖ ਡਾਲਰ ਦਾ ਇਨਾਮ

**ਮੈਲਬਰਨ:** ਆਸਟਰੇਲੀਆ ਦੀ ਪੁਲਿਸ ਨੇ ਇਕ 24 ਸਾਲਾ ਲੜਕੀ ਦੀ ਹੱਤਿਆ ਦੇ ਕੇਸ 'ਚ ਮੁਲਜ਼ਮ ਭਾਰਤੀ ਨਾਗਰਿਕ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਦਸ ਲੱਖ ਆਸਟਰੇਲੀਅਨ ਡਾਲਰ (ਪੰਜ ਕਰੋੜ ਰੁਪਏ ਤੋਂ ਵੱਧ) ਇਨਾਮ ਦੇਣ ਦਾ ਐਲਾਨ ਕੀਤਾ ਹੈ।



ਇਹ ਘਟਨਾ ਕੁਈਨਜ਼ਲੈਂਡ ਸੂਬੇ ਦੇ ਇਕ ਬੀਚ 'ਤੇ 2018 ਵਿਚ ਵਾਪਰੀ ਸੀ। ਪੁਲਿਸ ਨੂੰ ਭਾਰਤ ਨਾਲ ਸਬੰਧਤ ਰਾਜਵਿੰਦਰ ਸਿੰਘ (38) ਦੀ ਤਲਾਸ਼ ਹੈ। ਕੇਅਰਨਜ਼ ਤੋਂ 40 ਕਿਲੋਮੀਟਰ ਦੂਰ ਵੈਂਗੇਟੀ ਬੀਚ 'ਤੇ ਟੋਯਾਹ ਕੋਰਡਿੰਗਲੇ ਦੀ ਉਸ ਵੇਲੇ ਹੱਤਿਆ ਕਰ ਦਿੱਤੀ ਗਈ ਸੀ ਜਦ ਉਹ ਆਪਣੇ ਕੁੱਤੇ ਨੂੰ ਸੈਰ ਕਰਾ ਰਹੀ ਸੀ। ਪੁਲਿਸ ਮੁਤਾਬਕ ਰਾਜਵਿੰਦਰ ਇਸ ਕੇਸ ਵਿਚ ਮੁੱਖ ਮੁਲਜ਼ਮ ਹੈ। ਉਹ ਇਨੀਸਫੇਲ ਵਿਚ ਨਰਸ ਵਜੋਂ ਕੰਮ ਕਰ ਰਿਹਾ ਸੀ। ਕੋਰਡਿੰਗਲੇ ਦੀ ਹੱਤਿਆ ਤੋਂ ਦੋ ਦਿਨ ਬਾਅਦ ਉਹ ਆਪਣੀ ਨੌਕਰੀ, ਪਤਨੀ ਤੇ ਤਿੰਨ ਬੱਚਿਆਂ ਨੂੰ ਆਸਟਰੇਲੀਆ ਵਿਚ ਛੱਡ ਕੇ ਦੇਸ਼ 'ਚੋਂ ਫਰਾਰ ਹੋ ਗਿਆ ਸੀ। ਕੁਈਨਜ਼ਲੈਂਡ ਪੁਲਿਸ ਵੱਲੋਂ ਕਿਸੇ ਦੀ ਗ੍ਰਿਫਤਾਰੀ ਲਈ ਐਲਾਨਿਆ ਗਿਆ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਇਨਾਮ ਹੈ। ਪੁਲਿਸ ਅਧਿਕਾਰੀ ਸੋਨੀਆ ਸਮਿੱਥ ਨੇ ਕਿਹਾ, 'ਅਸੀਂ ਜਾਣਦੇ ਹਾਂ ਕਿ ਉਹ 22 ਅਕਤੂਬਰ ਨੂੰ ਕੇਅਰਨਜ਼ ਤੋਂ ਗਿਆ ਸੀ, ਹੱਤਿਆ ਤੋਂ ਇਕ ਦਿਨ ਬਾਅਦ, ਤੇ ਉਸ ਤੋਂ ਬਾਅਦ ਉਹ 23 ਨੂੰ ਸਿਡਨੀ ਤੋਂ ਭਾਰਤ ਚਲਾ ਗਿਆ। ਉਸ ਦੇ ਭਾਰਤ ਪਹੁੰਚਣ ਦੀ ਪੁਸ਼ਟੀ ਹੋ ਚੁੱਕੀ ਹੈ।' ਉਹ ਪੰਜਾਬ ਦੇ ਬੁੱਟਰ ਕਲਾਂ ਦਾ ਰਹਿਣ ਵਾਲਾ ਹੈ। ਪੁਲਿਸ ਮੁਤਾਬਕ ਰਾਜਵਿੰਦਰ ਦੀ ਆਖਰੀ ਲੋਕੇਸ਼ਨ ਭਾਰਤ ਵਿਚ ਮਿਲੀ ਹੈ। ਕੇਅਰਨਜ਼ ਵਿਚ ਇਕ ਪੜਤਾਲ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਪੂਰੇ ਸੂਬੇ ਤੋਂ ਪੰਜਾਬੀ-ਹਿੰਦੀ ਬੋਲਣ ਵਾਲੇ ਅਧਿਕਾਰੀਆਂ ਨੂੰ ਸੱਦ ਲਿਆ ਗਿਆ ਹੈ। ਇਹ ਅਧਿਕਾਰੀ ਵਟਸਐਪ 'ਤੇ ਸੂਚਨਾਵਾਂ ਹਾਸਲ ਕਰ ਰਹੇ ਹਨ।

## ਮੂਸੇਵਾਲਾ ਕਤਲ: ਐਨ.ਆਈ.ਏ. ਦੇ ਰਡਾਰ ਉਤੇ ਪੰਜਾਬੀ ਕਲਾਕਾਰ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦੇ ਕਤਲ ਕਾਂਡ ਵਿਚ ਕੌਮੀ ਜਾਂਚ ਏਜੰਸੀ (ਐਨ.ਆਈ.ਏ) ਵੱਲੋਂ ਪੰਜਾਬੀ ਗਾਇਕਾ ਜੈਨੀ ਜੌਹਲ ਤੋਂ ਪੁੱਛ-ਪੜਤਾਲ ਕੀਤੀ। ਐਨ.ਆਈ.ਏ. ਵੱਲੋਂ ਪੁੱਛ-ਪੜਤਾਲ ਮਰਹੂਮ ਪੰਜਾਬੀ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਵੱਲੋਂ ਪੰਜਾਬ ਸਰਕਾਰ ਨੂੰ ਖੁੱਲ੍ਹੀ ਚੁਣੌਤੀ ਦੇਣ ਤੋਂ ਬਾਅਦ ਕੀਤੀ ਗਈ ਹੈ। ਇਸ ਤੋਂ ਪਹਿਲਾਂ ਇਸੇ ਕੇਸ ਵਿਚ ਗਾਇਕ ਮਨਕੀਰਤ ਔਲਖ ਅਤੇ ਦਿਲਪ੍ਰੀਤ ਢਿੱਲੋਂ ਤੋਂ ਵੀ ਐਨ.ਆਈ.ਏ. ਦੇ ਦਿੱਲੀ ਸਥਿਤ ਮੁੱਖ ਦਫਤਰ ਵਿਚ ਅਜਿਹੀ ਪੁੱਛ-ਪੜਤਾਲ ਕੀਤੀ ਗਈ ਹੈ। ਇਨ੍ਹਾਂ ਦੋਵਾਂ ਦੇ ਨਾਮ ਪਹਿਲਾਂ ਤੋਂ ਹੀ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਜੁੜਦੇ ਆ ਰਹੇ ਹਨ, ਜਿਸ ਤੋਂ ਬਾਅਦ ਬੰਬੀਹਾ ਗੈਂਗ ਵੱਲੋਂ ਮਨਕੀਰਤ ਔਲਖ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ।



ਐਨ.ਆਈ.ਏ. ਨੇ ਫਿਲਹਾਲ ਦੋਵਾਂ ਨੂੰ ਲੋੜ ਪੈਣ ਉਤੇ ਮੁੜ ਸੱਦਣ ਦੀ ਤਾਕੀਦ ਕੀਤੀ ਹੈ। ਇਸ ਤੋਂ ਪਹਿਲਾਂ ਪੰਜਾਬੀ ਗਾਇਕਾ ਅਫਸਾਨਾ ਖਾਨ ਤੋਂ ਵੀ ਕੌਮੀ ਏਜੰਸੀ ਤੋਂ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ। ਅਫਸਾਨਾ ਖਾਨ ਨੇ ਪਹਿਲਾਂ ਹੀ ਦੱਸਿਆ ਸੀ ਕਿ ਛੇਤੀ ਹੀ ਪੰਜਾਬੀ ਦੇ ਕਈ ਹੋਰ ਗਾਇਕਾਂ ਤੇ ਹੋਰ ਲੋਕਾਂ ਨੂੰ ਜਾਂਚ ਪੜਤਾਲ ਲਈ ਬੁਲਾਇਆ ਜਾ ਸਕਦਾ ਹੈ।

## ਹਰਿਆਣਾ 'ਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੋਵੇ: ਚੌਟਾਲਾ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਇਨੈਲੋ ਸੁਪਰੀਮੋ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਰਾਜ ਦੇ ਲੱਖਾਂ ਪੰਜਾਬੀਆਂ ਦੀ ਇਸ ਮੰਗ ਦਾ ਭਰਪੂਰ ਸਵਾਗਤ ਕੀਤਾ ਹੈ ਕਿ ਉਨ੍ਹਾਂ ਦੇ ਸੁਪਨਿਆਂ ਨੂੰ ਹਿੰਦੀ ਤੇ ਅੰਗਰੇਜ਼ੀ ਦੇ ਨਾਲ-ਨਾਲ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰ ਦਿੱਤੀ ਜਾਵੇ। ਇਸ ਨਾਲ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਵਿਚ ਮੁਕਾਬਲੇ ਵਿਚ ਬੈਠ ਕੇ ਸਰਕਾਰੀ ਨੌਕਰੀਆਂ ਮਿਲਣ ਦਾ ਰਸਤਾ ਸਾਫ ਹੋ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਦਫਤਰ ਹੈੱਡਕੁਆਰਟਰ ਵਿਚ ਹਿੰਦੀ ਦੇ ਨਾਲ-ਨਾਲ ਪੰਜਾਬੀ ਦਾ ਫੱਟਾ ਵੀ ਲਿਖਵਾ ਦਿੱਤਾ ਹੈ। ਉਨ੍ਹਾਂ ਸਪਸ਼ਟ ਕੀਤਾ



ਹੈ ਕਿ ਭਾਵੇਂ ਅੱਜ ਦਾ ਹਰਿਆਣਾ ਹਿੰਦੀ ਭਾਸ਼ੀ ਰਾਜ ਹੈ ਪਰ ਪੰਜਾਬੀ ਲੋਕਾਂ ਦੀ ਸਹੂਲਤ ਲਈ ਲਿਖਵਾਈ ਗਈ ਹੈ। ਉਨ੍ਹਾਂ ਇਹ ਪ੍ਰਗਟਾਵਾ ਕੀਤਾ ਹੈ ਕਿ ਪਿੱਛੇ ਜਿਹੇ ਉਹ ਇੰਗਲੈਂਡ ਗਏ ਤਾਂ ਲੋਕਾਂ ਦੀ ਮੰਗ ਉਤੇ ਆਪਣਾ ਭਾਸ਼ਣ ਪੰਜਾਬੀ ਵਿਚ ਦਿੱਤਾ।

## ਵਿਦੇਸ਼ ਗਈ ਪਤਨੀ ਵੱਲੋਂ ਤਲਾਕ ਦਾ ਨੋਟਿਸ ਭੇਜਣ 'ਤੇ ਖੁਦਕੁਸ਼ੀ



**ਧੂਰੀ:** ਪਿੰਡ ਕਾਂਝਲਾ ਦੇ ਇਕ ਨੌਜਵਾਨ ਨੇ ਵਿਦੇਸ਼ ਗਈ ਆਪਣੀ ਪਤਨੀ ਵੱਲੋਂ ਤਲਾਕ ਦਾ ਨੋਟਿਸ ਭੇਜੇ ਜਾਣ ਮਗਰੋਂ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੀ ਪਛਾਣ ਜਸਮੀਤ ਸਿੰਘ (34) ਪੁੱਤਰ ਮਰਹੂਮ ਜਸਪਾਲ ਸਿੰਘ ਵਜੋਂ ਹੋਈ ਹੈ। ਮ੍ਰਿਤਕ ਦੇ ਤਾਏ ਦੇ ਲੜਕੇ ਇਕਬਾਲ ਸਿੰਘ ਨੇ ਦੱਸਿਆ ਕਿ ਜਸਮੀਤ ਸਿੰਘ 2019 ਵਿਚ ਆਪਣੀ ਪਤਨੀ ਜਸਪ੍ਰੀਤ ਕੌਰ ਨਾਲ ਵਿਜ਼ਟਰ ਵੀਜ਼ੇ 'ਤੇ ਆਸਟ੍ਰੇਲੀਆ ਗਿਆ ਸੀ, ਜਿਥੇ ਜਸਪ੍ਰੀਤ ਦਾ ਸਟੱਡੀ ਵੀਜ਼ਾ ਲਗਵਾ ਦਿੱਤਾ ਗਿਆ ਤੇ ਜਸਮੀਤ ਮਹੀਨੇ ਬਾਅਦ ਪਿੰਡ ਪਰਤ ਆਇਆ।

ਕੁਝ ਦਿਨ ਪਹਿਲਾਂ ਹੀ ਜਸਪ੍ਰੀਤ ਨੇ ਉਸ ਨੂੰ ਤਲਾਕ ਦਾ ਨੋਟਿਸ ਭੇਜ ਦਿੱਤਾ ਤੇ ਖਾਤੇ ਵਿਚੋਂ ਸਾਰੇ ਪੈਸੇ ਵੀ ਕਢਵਾ ਲਏ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਚੱਲ ਰਿਹਾ ਸੀ। ਇਸੇ ਪਰੇਸ਼ਾਨੀ ਕਾਰਨ ਉਸ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

# ਮੋਦੀ ਵੱਲੋਂ ਡੇਰਾ ਬਿਆਸ ਮੁਖੀ ਨਾਲ ਬੰਦ ਕਮਰਾ ਮੀਟਿੰਗ

**ਰਈਆ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੇਰਾ ਰਾਧਾ ਸੁਆਮੀ ਬਿਆਸ ਪੁੱਜ ਕੇ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਕਰੀਬ ਅੱਧੇ ਘੰਟੇ ਤੱਕ ਬੰਦ ਕਮਰਾ ਮੀਟਿੰਗ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਮੋਦੀ ਕਰੀਬ ਇਕ ਘੰਟੇ ਤੱਕ ਡੇਰੇ ਅੰਦਰ ਰਹੇ।



ਦੋਹਾਂ ਵਿਚਕਾਰ ਮੀਟਿੰਗ ਦੌਰਾਨ ਹੋਈ ਗੱਲਬਾਤ ਦੇ ਵੇਰਵੇ ਪ੍ਰਾਪਤ ਨਹੀਂ ਹੋ ਸਕੇ ਪਰ ਇਸ ਮੁਲਾਕਾਤ ਨੂੰ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਬੰਦ ਕਮਰਾ ਮੀਟਿੰਗ ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਪਹਿਰ 12 ਡੇਰਾ ਬਿਆਸ ਦੇ ਏਅਰ ਬੇਸ ਤੋਂ ਹਿਮਾਚਲ ਲਈ ਰਵਾਨਾ ਹੋ ਗਏ। ਸੂਤਰਾਂ ਮੁਤਾਬਕ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਪ੍ਰਧਾਨ ਮੰਤਰੀ ਨੂੰ ਡੇਰੇ ਵਿਚ ਉਪਲਬਧ ਵੱਖ-ਵੱਖ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ।

ਸ੍ਰੀ ਮੋਦੀ ਡੇਰੇ ਅੰਦਰ ਬਣੀ ਲਾਇਬ੍ਰੇਰੀ ਤੇ ਲੰਗਰ ਹਾਲ 'ਚ ਵੀ ਗਏ ਜਿਥੇ ਉਨ੍ਹਾਂ ਲੰਗਰ ਬਣਾਉਣ ਦੇ ਤਰੀਕਿਆਂ ਅਤੇ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਥੇ ਸੇਵਾ ਕਰ ਰਹੀਆਂ ਔਰਤਾਂ ਨਾਲ ਵੀ ਸ੍ਰੀ ਮੋਦੀ ਨੂੰ ਮਿਲਾਇਆ ਗਿਆ ਅਤੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਡੇਰਾ ਮੁਖੀ ਨਾਲ ਕੰਪਲੈਕਸ ਦੀ ਸੈਰ ਕਰਦਿਆਂ ਹੋਰ ਜਾਣਕਾਰੀ ਵੀ ਹਾਸਲ ਕੀਤੀ। ਇਸ ਤੋਂ ਪਹਿਲਾਂ ਸ੍ਰੀ ਮੋਦੀ ਆਦਮਪੁਰ ਤੋਂ ਹੈਲੀਕਾਪਟਰ ਰਾਹੀਂ ਸਵੇਰੇ 11 ਵੱਜ ਕੇ 10 ਮਿੰਟ 'ਤੇ ਡੇਰਾ ਬਿਆਸ ਦੇ ਅੰਦਰ ਬਣੇ ਪ੍ਰਾਈਵੇਟ ਏਅਰ ਬੇਸ ਤੇ ਉਤਰੇ ਜਿੱਥੇ ਡੇਰਾ ਰਾਧਾ ਸੁਆਮੀ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਖੁਦ ਉਨ੍ਹਾਂ ਨੂੰ ਲੈਣ ਲਈ ਪੁੱਜੇ ਹੋਏ ਸਨ। ਆਦਮਪੁਰ 'ਚ ਪੰਜਾਬ ਦੇ ਕੈਬਨਿਟ ਮੰਤਰੀਆਂ ਬ੍ਰਹਮ ਸ਼ੰਕਰ ਜਿੰਪਾ, ਹਰਭਜਨ ਸਿੰਘ ਈ.ਟੀ.ਓ, ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ, ਡੀ.ਜੀ.ਪੀ. ਗੌਰਵ ਯਾਦਵ, ਭਾਜਪਾ ਆਗੂ ਅਤੇ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ ਨੇ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ। ਡੇਰਾ ਬਾਬਾ ਜੈਮੱਲ ਸਿੰਘ ਵਜੋਂ ਵੀ ਜਾਣੇ ਜਾਂਦੇ ਡੇਰਾ ਰਾਧਾ ਸੁਆਮੀ ਬਿਆਸ ਅੰਮ੍ਰਿਤਸਰ ਸ਼ਹਿਰ ਤੋਂ ਕਰੀਬ 45 ਕਿਲੋਮੀਟਰ ਦੀ ਦੂਰੀ 'ਤੇ ਬਿਆਸ ਕਸਬੇ 'ਚ ਸਥਿਤ ਹੈ। ਡੇਰੇ ਦੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸਮੇਤ ਦੇਸ਼-ਵਿਦੇਸ਼ 'ਚ ਕਈ ਸ਼ਰਧਾਲੂ ਹਨ। ਜ਼ਿਕਰਯੋਗ ਹੈ ਕਿ ਫਰਵਰੀ 'ਚ ਪ੍ਰਧਾਨ ਮੰਤਰੀ ਨੇ ਦਿੱਲੀ 'ਚ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਦੀ ਸ਼ਲਾਘਾ ਕੀਤੀ ਸੀ।

## ਪਰਾਲੀ ਮੁੱਦਾ: ਸਬਸਿਡੀ 'ਤੇ ਮਸ਼ੀਨਾਂ ਖਰੀਦਣ ਦੀ ਮਿਆਦ ਵਧਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਪਰਾਲੀ ਦੀ ਸਾਂਭ-ਸੰਭਾਲ ਤੇ ਕਣਕ ਦੀ ਸਿੱਧੀ ਬਿਜਾਈ ਲਈ ਸਬਸਿਡੀ 'ਤੇ ਮਸ਼ੀਨਾਂ ਖਰੀਦਣ ਦੀ ਆਖਰੀ ਮਿਤੀ ਵਿਚ 20 ਨਵੰਬਰ ਤੱਕ ਦਾ ਵਾਧਾ ਕੀਤਾ ਹੈ। ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਜਿਨ੍ਹਾਂ ਮਸ਼ੀਨਾਂ ਦੀਆਂ ਪ੍ਰਵਾਨਗੀਆਂ ਦੀ ਮਿਆਦ 7 ਨਵੰਬਰ, 2022 ਤੱਕ ਖਤਮ ਹੋ ਰਹੀ ਹੈ, ਉਨ੍ਹਾਂ ਦੀ ਮਿਆਦ ਵਿਚ 20 ਨਵੰਬਰ, 2022 ਤੱਕ ਦਾ ਵਾਧਾ ਕੀਤਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਬੇਲਰ ਰੈਕ ਦੀਆਂ ਹੁਣ ਜਾਰੀ ਕੀਤੀਆਂ ਜਾਣ ਵਾਲੀਆਂ ਪ੍ਰਵਾਨਗੀਆਂ ਦੀ ਮਿਆਦ 21 ਦਿਨ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਫੈਸਲਾ ਕਿਸਾਨਾਂ ਦੀ ਪਰਾਲੀ ਦੀ ਸਾਂਭ ਸੰਭਾਲ ਤੇ ਕਣਕ ਦੀ ਸਿੱਧੀ ਬਿਜਾਈ 'ਚ ਮਦਦ ਕਰਨ ਦੇ ਮਕਸਦ ਨਾਲ ਲਿਆ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਉਣ।

## ਲਾਪਤਾ ਫਾਈਲ: ਨਵਜੋਤ ਸਿੱਧੂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ

**ਲੁਧਿਆਣਾ:** ਲੁਧਿਆਣਾ ਦੇ ਬਹੁਚਰਚਿਤ ਫਲੈਟਾਂ ਦੇ ਸੀ.ਐਲ.ਯੂ. ਦੇ ਮਾਮਲੇ ਵਿਚ ਪੰਜਾਬ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੀ ਗਵਾਹੀ ਦਰਜ ਕਰਵਾਈ। ਇਸ ਦੌਰਾਨ ਸਿੱਧੂ ਨੇ ਇਸ ਕੇਸ ਅਤੇ ਫਾਈਲ ਸਬੰਧੀ ਕੋਈ ਵੀ ਜਾਣਕਾਰੀ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ।



ਜ਼ਿਕਰਯੋਗ ਹੈ ਕਿ ਇਹ ਕੇਸ ਬਰਖਾਸਤ ਡੀ.ਐਸ.ਪੀ. ਬਲਵਿੰਦਰ ਸਿੰਘ ਸੇਖੋਂ ਵੱਲੋਂ ਦਾਇਰ ਕੀਤਾ ਗਿਆ ਸੀ। ਬਲਵਿੰਦਰ ਸੇਖੋਂ ਨੇ ਪੇਸ਼ੀ ਸਬੰਧੀ ਦੋਸ਼ ਲਗਾਇਆ ਹੈ ਕਿ ਨਵਜੋਤ ਸਿੱਧੂ ਆਪਣੇ ਪੀਏ ਤੇ ਸਕੱਤਰ ਦਾ ਨਾਂ ਤੱਕ ਨਹੀਂ ਦੱਸ ਸਕੇ ਤੇ ਹਰ ਗੱਲ ਤੋਂ ਬੱਸ ਇਨਕਾਰ ਕਰ ਦਿੱਤਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 14 ਨਵੰਬਰ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਲੁਧਿਆਣਾ ਵਿਚ ਫਲੈਟਾਂ ਦੇ ਸੀ.ਐਲ.ਯੂ. ਕੇਸ ਦੀ ਜਾਂਚ ਕਰ ਰਹੇ ਬਰਖਾਸਤ ਡੀ.ਐਸ.ਪੀ. ਦੀ ਸਾਬਕਾ ਮੰਤਰੀ ਆਸ਼ੂ ਦੇ ਨਾਲ ਫੋਨ ਦੀ ਰਿਕਾਰਡਿੰਗ ਵਾਇਰਲ ਹੋਈ ਸੀ, ਜਿਸ ਵਿਚ ਦੋਵੇਂ ਬਹਿਸ ਰਹੇ ਸਨ। ਸੇਖੋਂ ਵੱਲੋਂ ਜਾਂਚ ਦੌਰਾਨ ਇਸ ਮਾਮਲੇ 'ਚ ਸਾਬਕਾ ਮੰਤਰੀ ਆਸ਼ੂ ਦੀ ਸਿਆਸੀ ਦਖਲਅੰਦਾਜ਼ੀ ਹੋਣ ਦੀ ਗੱਲ ਲਿਖੀ ਸੀ, ਪਰ ਬਾਅਦ ਵਿਚ ਇਹ ਜਾਂਚ ਫਾਈਲ ਗਾਇਬ ਹੋ ਗਈ ਸੀ, ਜਿਸ ਮਗਰੋਂ ਬਲਵਿੰਦਰ ਸੇਖੋਂ ਵੱਲੋਂ ਅਦਾਲਤ ਵਿਚ ਇਹ ਕੇਸ ਦਾਇਰ ਕੀਤਾ ਗਿਆ ਸੀ। ਹਾਲਾਂਕਿ ਇਸ ਮਾਮਲੇ 'ਚ ਪਹਿਲਾਂ ਤਤਕਾਲੀ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਗਵਾਹੀ ਲਈ ਕਈ ਵਾਰ ਸੰਮਨ ਕੱਢੇ ਗਏ ਸਨ, ਪਰ ਹਰ ਵਾਰ ਉਹ ਖੁਦ ਪੇਸ਼ ਹੋਣ ਤੋਂ ਇਨਕਾਰ ਕਰ ਜਾਂਦੇ ਸਨ।

## ਕਿਸਾਨਾਂ-ਮਜ਼ਦੂਰਾਂ ਵੱਲੋਂ ਮੋਦੀ ਦੇ ਦੌਰੇ ਵਿਰੁੱਧ ਮੁਜ਼ਾਹਰੇ

**ਚੰਡੀਗੜ੍ਹ:** ਪੰਜਾਬ 'ਚ ਕਿਸਾਨਾਂ ਤੇ ਮਜ਼ਦੂਰਾਂ ਨੇ 18 ਜ਼ਿਲ੍ਹਿਆਂ 'ਚ ਮੋਦੀ ਦੇ ਦੌਰੇ ਵਿਰੁੱਧ ਰੋਸ ਮੁਜ਼ਾਹਰੇ ਕੀਤੇ। ਇਹ ਪ੍ਰਦਰਸ਼ਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਕੀਤੇ ਗਏ। ਜਥੇਬੰਦੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ ਤੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਇਨ੍ਹਾਂ ਪ੍ਰਦਰਸ਼ਨਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਡੇਰਾ ਬਿਆਸ ਦੇ ਦੌਰੇ ਨੂੰ ਮੁੱਖ ਰੱਖ ਕੇ ਕੀਤੇ ਗਏ ਤਾਂ ਜੋ ਕੇਂਦਰ ਸਰਕਾਰ ਨੂੰ ਕਿਸਾਨੀ ਅੰਦੋਲਨ ਦੌਰਾਨ ਮੰਨੀਆਂ ਗਈਆਂ ਮੰਗਾਂ ਲਾਗੂ ਕਰਨ ਦੀ ਯਾਦ ਦਿਵਾਈ ਜਾ ਸਕੇ।




ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਤੇ ਉਸ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਦਿੱਲੀ ਦੇ ਇਤਿਹਾਸਕ ਅੰਦੋਲਨ ਦੌਰਾਨ ਸ਼ਹੀਦ ਹੋਏ 700 ਤੋਂ ਵੱਧ ਕਿਸਾਨਾਂ ਮਜ਼ਦੂਰਾਂ ਤੇ ਲਖੀਮਪੁਰ ਖੀਰੀ ਕਾਂਡ ਵਿਚ 4 ਕਿਸਾਨਾਂ ਅਤੇ ਇਕ ਪੱਤਰਕਾਰ ਦੀ ਸ਼ਹੀਦੀ ਉੱਤੇ ਅਫਸੋਸ ਤੱਕ ਪ੍ਰਗਟ ਨਹੀਂ ਕੀਤਾ ਤੇ ਨਾ ਹੀ 19 ਨਵੰਬਰ 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੌਰਾਨ ਮੰਨੀਆਂ ਮੰਗਾਂ ਲਾਗੂ ਨਹੀਂ ਕੀਤੀਆਂ।

ਇਸ ਕਰ ਕੇ ਪ੍ਰਧਾਨ ਮੰਤਰੀ ਨੂੰ ਕਿਸਾਨ ਮਜ਼ਦੂਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰ ਕੇ ਹੀ ਪੰਜਾਬ ਆਉਣਾ ਚਾਹੀਦਾ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ, ਅਜੇ ਮਿਸ਼ਰਾ ਟੈਣੀ ਨੂੰ ਕੇਂਦਰੀ ਮੰਤਰੀ ਮੰਡਲ ਤੋਂ ਬਰਖਾਸਤ ਕਰ ਕੇ ਗ੍ਰਿਫਤਾਰ ਕੀਤਾ ਜਾਵੇ ਤੇ ਗ੍ਰਿਫਤਾਰ ਕੀਤੇ 4 ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ।

## ਰਾਜਾ ਹਰਿੰਦਰ ਸਿੰਘ ਦੀ ਫਰਜ਼ੀ ਵਸੀਅਤ ਬਾਰੇ ਪੜਤਾਲ ਸ਼ੁਰੂ

**ਫਰੀਦਕੋਟ:** ਫਰੀਦਕੋਟ ਦੇ ਰਾਜਾ ਹਰਿੰਦਰ ਸਿੰਘ ਦੀ ਵਸੀਅਤ ਨੂੰ ਸੁਪਰੀਮ ਕੋਰਟ ਵੱਲੋਂ ਫਰਜ਼ੀ ਐਲਾਨਣ ਪਿੱਛੋਂ ਸ਼ਾਹੀ ਟਰਸਟ ਦੇ ਸੀਨੀਅਰ ਅਧਿਕਾਰੀਆਂ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਕ੍ਰਾਈਮ ਬਰਾਂਚ ਪੰਜਾਬ ਨੇ ਇਸ ਮਾਮਲੇ ਦੀ ਪੜਤਾਲ ਆਪਣੇ ਹੱਥਾਂ ਵਿਚ ਲੈ ਲਈ ਹੈ ਤੇ ਰਾਜੇ ਦਾ ਟਰੱਸਟ ਸਾਂਭਣ ਵਾਲੇ ਸੀਨੀਅਰ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹਨ ਕਿ ਟਰੱਸਟ ਦੀ ਕੁੱਲ ਜਾਇਦਾਦ, ਖਰਚਿਆਂ ਅਤੇ ਸ਼ਾਹੀ ਸਾਜ਼ੋ-ਸਾਮਾਨ ਸਬੰਧੀ ਅਸਲ ਰਿਕਾਰਡ ਕ੍ਰਾਈਮ ਬਰਾਂਚ ਕੋਲ ਪੇਸ਼ ਕੀਤਾ ਜਾਵੇ।



ਦੱਸਣਯੋਗ ਹੈ ਕਿ ਵਸੀਅਤ ਗੈਰਕਾਨੂੰਨੀ ਐਲਾਨੇ ਜਾਣ ਮਗਰੋਂ ਰਾਜਾ ਹਰਿੰਦਰ ਸਿੰਘ ਦੀ ਧੀ ਅੰਮ੍ਰਿਤ ਕੌਰ ਦੀ ਸ਼ਿਕਾਇਤ ਦੇ ਆਧਾਰ 'ਤੇ ਸਿਟੀ ਪੁਲਿਸ ਨੇ ਟਰੱਸਟ ਦੇ 23 ਅਧਿਕਾਰੀਆਂ ਖਿਲਾਫ਼ ਸਾਜ਼ਿਸ਼ ਤਹਿਤ ਰਾਜੇ ਦੀ ਜਾਅਲੀ ਵਸੀਅਤ ਤਿਆਰ ਕਰਨ ਦੇ ਦੋਸ਼ ਹੇਠ ਪਰਚਾ ਦਰਜ ਕੀਤਾ ਸੀ। ਹਾਲਾਂਕਿ ਪੜਤਾਲ ਮਗਰੋਂ ਪੁਲਿਸ ਨੇ ਇਸ ਮਾਮਲੇ ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ।

ਪਿਛਲੇ ਹਫਤੇ ਫਰੀਦਕੋਟ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਨੇ ਪੁਲਿਸ ਦੀ ਸਿਫਾਰਸ਼ ਨੂੰ ਰੱਦ ਕਰਦਿਆਂ ਮੁੜ ਇਸ ਮਾਮਲੇ ਦੀ ਪੜਤਾਲ ਦੇ ਹੁਕਮ ਦਿੱਤੇ ਸਨ, ਜਿਸ ਮਗਰੋਂ ਹੁਣ ਕ੍ਰਾਈਮ ਬਰਾਂਚ ਦੇ ਏ.ਆਈ.ਜੀ. ਮਾਮਲੇ ਦੀ ਪੜਤਾਲ ਕਰ ਰਹੇ ਹਨ। ਕ੍ਰਾਈਮ ਬਰਾਂਚ ਨੇ ਪੜਤਾਲ ਲਈ ਟਰੱਸਟ ਦੇ ਅਧਿਕਾਰੀਆਂ ਨੂੰ ਰਾਜੇ ਦੀ ਵਸੀਅਤ ਵੀ ਨਾਲ ਲੈ ਕੇ ਆਉਣ ਲਈ ਕਿਹਾ ਹੈ।

ਕ੍ਰਾਈਮ ਬਰਾਂਚ ਨੇ ਸ਼ਾਹੀ ਟਰੱਸਟ ਦੇ ਖਰਚਿਆਂ ਤੇ ਆਮਦਨ ਦੇ ਮਾਮਲੇ ਵਿਚ ਵੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਹਜ਼ਾਰਾਂ ਕਰੋੜ ਦੀ ਜਾਇਦਾਦ ਦੀ ਸਾਂਭ-ਸੰਭਾਲ ਕਰ ਰਹੇ ਟਰੱਸਟ ਦੇ ਅਧਿਕਾਰੀਆਂ ਨੂੰ ਗ੍ਰਿਫਤਾਰੀ ਦਾ ਡਰ ਸਤਾਉਣ ਲੱਗ ਪਿਆ ਹੈ। ਇਸੇ ਦਰਾਨ ਟਰੱਸਟ ਦੇ ਕਾਨੂੰਨੀ ਸਲਾਹਕਾਰ ਦੀ ਗ੍ਰਿਫਤਾਰੀ 'ਤੇ ਇਥੋਂ ਦੀ ਸੈਸ਼ਨ ਜੱਜ ਨੇ ਰੋਕ ਲਾ ਦਿੱਤੀ ਹੈ। ਦੂਜੇ ਪਾਸੇ ਰਾਜ ਕੁਮਾਰੀ ਅੰਮ੍ਰਿਤ ਕੌਰ ਨੇ ਹਾਈ ਕੋਰਟ ਵਿਚ ਸ਼ਾਹੀ ਪਰਿਵਾਰ ਨਾਲ ਜੁੜੇ ਮਾਮਲੇ ਨੂੰ ਫਰੀਦਕੋਟ ਦੀ ਥਾਂ ਚੰਡੀਗੜ੍ਹ ਤਬਦੀਲ ਕਰਨ ਦੀ ਅਪੀਲ ਕੀਤੀ ਹੈ।

## 'ਆਪ' ਨੇ ਇਸ਼ਤਿਹਾਰਬਾਜ਼ੀ ਲਈ ਕਾਂਗਰਸ ਘੇਰੀ

**ਚੰਡੀਗੜ੍ਹ:** ਰਾਜਸਥਾਨ ਸਰਕਾਰ ਵੱਲੋਂ ਇਸ਼ਤਿਹਾਰਬਾਜ਼ੀ ਉਤੇ ਟੈਕਸਦਾਤਾਵਾਂ ਦੇ ਪੈਸੇ ਦੀ ਕੀਤੀ ਜਾ ਰਹੀ ਫਜ਼ੂਲ ਖਰਚੀ ਲਈ ਆਮ ਆਦਮੀ ਪਾਰਟੀ ਨੇ ਕਾਂਗਰਸ ਨੂੰ ਘੇਰਿਆ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇਕ ਮੀਡੀਆ ਰਿਪੋਰਟ ਅਨੁਸਾਰ ਰਾਜਸਥਾਨ ਦੀ ਕਾਂਗਰਸ ਸਰਕਾਰ ਨੇ ਦੇਸ਼ ਭਰ ਵਿਚ ਮੀਡੀਆ ਇਸ਼ਤਿਹਾਰਾਂ 'ਤੇ ਸਭ ਤੋਂ ਵੱਧ ਰਕਮ ਖਰਚ ਕੀਤੀ ਹੈ। ਉਨ੍ਹਾਂ ਪ੍ਰਤਾਪ ਸਿੰਘ ਬਾਜਵਾ ਨੂੰ ਪੁੱਛਿਆ ਕਿ ਉਹ ਆਪਣੀ ਪਾਰਟੀ ਨੂੰ ਪੁੱਛਣ ਕਿ ਰਾਜਸਥਾਨ ਸਰਕਾਰ ਨੇ ਆਪਣੇ ਫਰਜ਼ੀ ਪ੍ਰਚਾਰ ਲਈ ਹੁਣ ਤੱਕ ਕਿੰਨੇ ਪੈਸੇ ਦੀ ਦੁਰਵਰਤੋਂ ਕੀਤੀ ਹੈ। ਸ੍ਰੀ ਕੰਗ ਨੇ ਟਵੀਟ



ਕਰਦਿਆਂ ਕਿਹਾ ਕਿ ਰਾਜਸਥਾਨ ਸਰਕਾਰ ਦਾ 'ਪਬਲੀਸਿਟੀ ਬਲਿਟਜ਼ਕ੍ਰੇਗ' ਇਸ਼ਤਿਹਾਰਬਾਜ਼ੀ ਵਿਚ 'ਪੀਆਰ ਕਿੰਗ ਮੋਦੀ' ਨੂੰ ਸਖਤ ਮੁਕਾਬਲਾ ਦੇ ਰਿਹਾ ਹੈ। ਰਾਜਸਥਾਨ ਸਰਕਾਰ ਨੇ ਮਹੀਨੇ ਵਿਚ ਸਾਰੇ ਪ੍ਰਮੁੱਖ ਰਾਸ਼ਟਰੀ ਅਖਬਾਰਾਂ ਵਿਚ ਪੂਰੇ-ਪੂਰੇ ਪੰਨਿਆਂ ਦੇ ਇਸ਼ਤਿਹਾਰ ਦਿੱਤੇ ਹਨ।

## ਵਿਨੋਦ ਖੰਨਾ ਦੀ ਪਤਨੀ ਨੇ ਸਿਆਸੀ ਸਰਗਰਮੀਆਂ ਵਧਾਈਆਂ

**ਪਠਾਨਕੋਟ:** ਗੁਰਦਾਸਪੁਰ ਦੇ ਐਮ.ਪੀ. ਸਨੀ ਦਿਓਲ ਵੱਲੋਂ ਅਗਲੀਆਂ ਲੋਕ ਸਭਾ ਚੋਣਾਂ ਨਾ ਲੜਨ ਦੀ ਚਰਚਾ ਤੁਰਨ ਮਗਰੋਂ ਹੁਣ ਸਥਾਨਕ ਭਾਜਪਾ ਆਗੂਆਂ ਦੀਆਂ ਸਰਗਰਮੀਆਂ ਵਧ ਗਈਆਂ ਹਨ। ਇਸ ਦੌਰਾਨ ਮਰਹੂਮ ਐਮ.ਪੀ. ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਦੇ ਪਠਾਨਕੋਟ ਦੌਰੇ ਨੂੰ ਵੀ ਇਸ ਸਰਗਰਮੀ ਨਾਲ ਹੀ ਜੋੜ ਕੇ ਵੇਖਿਆ ਜਾ ਰਿਹਾ ਹੈ।

ਇਸ ਦੌਰਾਨ ਉਹ ਵਿਨੋਦ ਖੰਨਾ ਨਾਲ ਕੰਮ ਕਰਨ ਵਾਲੇ ਕਈ ਸਿਆਸੀ ਆਗੂਆਂ ਨੂੰ ਵੀ ਮਿਲੇ ਹਨ। ਹਾਲਾਂਕਿ ਕਵਿਤਾ ਖੰਨਾ ਦਾ ਕਹਿਣਾ ਹੈ ਕਿ ਉਹ ਆਪਣੀ ਇਕ ਪੁਰਾਣੀ ਸਹੇਲੀ ਨਾਲ ਹਿਮਾਚਲ ਦੇ ਮੰਦਰਾਂ ਦੀ ਯਾਤਰਾ ਕਰਨ ਆਏ ਹਨ, ਪਰ ਉਨ੍ਹਾਂ ਇਹ ਵੀ ਕਿਹਾ ਕਿ ਉਹ ਗੁਰਦਾਸਪੁਰ ਸੰਸਦੀ ਖੇਤਰ ਦੇ ਰਿਣੀ ਹਨ ਤੇ ਇਸ ਖੇਤਰ ਦੇ ਲੋਕਾਂ ਨਾਲ ਉਨ੍ਹਾਂ ਦਾ ਇਕ ਪਰਿਵਾਰਕ ਰਿਸ਼ਤਾ ਹੈ। ਉਹ ਇਸ ਖੇਤਰ ਵਿਚ ਹਮੇਸ਼ਾ ਆਉਂਦੇ ਰਹਿਣਗੇ। ਕਵਿਤਾ ਖੰਨਾ ਨੇ ਪ੍ਰਸਿੱਧ ਕਾਲੀ ਮਾਤਾ ਮੰਦਰ ਵਿਚ ਮੱਥਾ ਵੀ ਟੇਕਿਆ। ਜ਼ਿਕਰਯੋਗ ਹੈ ਕਿ ਵਿਨੋਦ ਖੰਨਾ ਦੀ ਮੌਤ ਮਗਰੋਂ ਕਵਿਤਾ ਖੰਨਾ ਇਸ ਹਲਕੇ ਤੋਂ ਭਾਜਪਾ ਉਮੀਦਵਾਰ ਬਣਨ ਦੇ ਚਾਹਵਾਨ ਸਨ ਤੇ ਉਨ੍ਹਾਂ ਵੱਲੋਂ ਭਾਜਪਾ ਦੇ ਉੱਚ ਆਗੂਆਂ ਨਾਲ ਰਾਬਤਾ ਵੀ ਕਾਇਮ ਕੀਤਾ ਗਿਆ ਸੀ, ਪਰ ਪਾਰਟੀ ਨੇ ਬੌਲੀਵੁੱਡ ਅਦਾਕਾਰ ਸਨੀ ਦਿਓਲ ਨੂੰ ਮੈਦਾਨ ਵਿਚ ਉਤਾਰ ਦਿੱਤਾ ਸੀ। ਸੂਤਰਾਂ ਅਨੁਸਾਰ ਕਵਿਤਾ ਖੰਨਾ ਵੱਲੋਂ ਇਥੇ ਸਥਿਤ ਵਿਨੋਦ ਖੰਨਾ ਦੀ ਪੁਰਾਣੀ ਕੋਠੀ ਦੀ ਸਾਫ-ਸਫਾਈ ਤੇ ਰੰਗ

## ਪੰਜਾਬ ਬੀਜ ਐਕਟ ਵਿਚ ਸੋਧ ਕਰੇਗੀ ਮਾਨ ਸਰਕਾਰ

**ਰਾਜਪੁਰਾ:** ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਨਕਲੀ ਬੀਜ, ਦਵਾਈਆਂ ਤੇ ਖਾਦਾਂ ਵੇਚਣ ਵਾਲਿਆਂ ਖਿਲਾਫ ਕਾਰਵਾਈ ਲਈ ਸਖਤ ਕਾਨੂੰਨ ਬਣਾਇਆ ਜਾਵੇਗਾ ਤੇ ਪੰਜਾਬ ਦੇ ਬੀਜ ਐਕਟ ਵਿਚ ਸੋਧ ਕੀਤੀ ਜਾਵੇਗੀ। ਉਹ ਸਥਾਨਕ ਫੁਆਰਾ ਚੌਕ 'ਤੇ ਸੂਰਜਮੁਖੀ ਦਾ ਗੈਰਮਿਆਰੀ ਬੀਜ ਵੇਚਣ ਵਾਲੇ ਦੁਕਾਨਦਾਰਾਂ ਖਿਲਾਫ ਕਾਰਵਾਈ ਤੇ ਮੁਆਵਜ਼ੇ ਦੀ ਮੰਗ ਲਈ 4 ਮਹੀਨਿਆਂ ਤੋਂ ਧਰਨੇ 'ਤੇ ਡਟੇ ਕਿਸਾਨਾਂ ਨਾਲ ਗੱਲਬਾਤ ਕਰਨ ਪੁੱਜੇ ਸਨ।



ਖੇਤੀ ਮੰਤਰੀ ਧਾਲੀਵਾਲ ਨੇ ਕਿਸਾਨ ਆਗੂਆਂ ਡਾ. ਦਰਸ਼ਨਪਾਲ, ਗੁਰਦਿੱਤ ਸਿੰਘ ਦਿੱਤੂਪੁਰ ਅਤੇ ਹਰਜਿੰਦਰ ਸਿੰਘ ਸਣੇ ਹੋਰਨਾਂ ਨਾਲ ਮੀਟਿੰਗ ਕਰ ਕੇ ਕਿਸਾਨਾਂ ਦਾ ਧਰਨਾ ਸਮਾਪਤ ਕਰਵਾਇਆ। ਇਸ ਦੌਰਾਨ ਖੇਤੀ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਖੇਤੀ ਅਤੇ ਕਿਸਾਨਾਂ ਦੀ ਭਲਾਈ ਲਈ ਲਗਨ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਬੀਜ ਐਕਟ ਬਹੁਤ ਕਮਜ਼ੋਰ ਹੈ, ਜਿਸ ਵਿਚ ਸਰਕਾਰ ਵੱਲੋਂ ਛੇਤੀ ਹੀ ਸੋਧ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਨਕਲੀ ਬੀਜ ਤੇ ਦਵਾਈਆਂ ਵੇਚਣ ਵਾਲਿਆਂ ਖਿਲਾਫ ਕਾਰਵਾਈ ਲਈ ਸਖਤ ਕਾਨੂੰਨ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਥੇ ਧਰਨਾ ਦੇ ਰਹੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ ਅਤੇ ਨਕਲੀ ਬੀਜ ਕਾਰਨ ਹੋਏ ਨੁਕਸਾਨ ਦਾ ਹੱਲ ਕਰ ਦਿੱਤਾ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਝੂਠਾ ਪੁਲਿਸ ਮੁਕਾਬਲਾ: ਦੋ ਸੇਵਾਮੁਕਤ ਥਾਣੇਦਾਰਾਂ ਨੂੰ ਉਮਰ ਕੈਦ

**ਮੁਹਾਲੀ:** ਇਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਲਗਭਗ ਤਿੰਨ ਦਹਾਕੇ ਪੁਰਾਣੇ ਫਰਜ਼ੀ ਪੁਲਿਸ ਮੁਕਾਬਲੇ ਦੇ ਮਾਮਲੇ ਦਾ ਨਿਬੇੜਾ ਕਰਦਿਆਂ ਪੰਜਾਬ ਪੁਲਿਸ ਦੇ ਦੋ ਸੇਵਾਮੁਕਤ ਅਫਸਰਾਂ ਸਬ ਇੰਸਪੈਕਟਰ ਸ਼ਮਸ਼ੇਰ ਸਿੰਘ ਅਤੇ ਏ.ਐਸ.ਆਈ. ਜਗਤਾਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਤੇ 1-1 ਲੱਖ ਰੁਪਏ ਜਰਮਾਨੇ ਦੀ ਸਜਾ ਸੁਣਾਈ ਹੈ। ਮਾਮਲੇ ਵਿਚ ਨਾਮਜ਼ਦ ਦੋ ਪੁਲਿਸ ਅਫਸਰਾਂ ਇੰਸਪੈਕਟਰ ਪੂਰਨ ਸਿੰਘ ਤੇ ਏ.ਐਸ.ਆਈ. ਜਗੀਰ ਸਿੰਘ ਦੀ ਟਰਾਇਲ ਦੌਰਾਨ ਮੌਤ ਹੋ ਚੁੱਕੀ ਹੈ।

ਪੀੜਤ ਪਰਿਵਾਰ ਦੇ ਵਕੀਲਾਂ ਸਰਬਜੀਤ ਸਿੰਘ, ਜਗਜੀਤ ਸਿੰਘ ਤੇ ਪੁਸ਼ਪਿੰਦਰ ਸਿੰਘ ਨੱਤ ਨੇ ਦੱਸਿਆ ਕਿ ਅਪਰੈਲ 1993 ਵਿਚ ਥਾਣਾ ਸਦਰ ਤਰਨ ਤਾਰਨ ਦੀ ਪੁਲਿਸ ਨੇ ਸਿੱਖ ਨੌਜਵਾਨ ਹਰਬੰਸ ਸਿੰਘ ਵਾਸੀ ਉਬੋਕੇ (ਤਰਨ ਤਾਰਨ) ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿਚ ਲਿਆ ਸੀ। ਪੁਲਿਸ ਮੁਤਾਬਕ ਹਰਬੰਸ ਸਿੰਘ ਨੇ ਪੁੱਛ-ਪੜਤਾਲ ਦੌਰਾਨ ਮੰਨਿਆ ਸੀ ਕਿ ਉਸ ਨੇ ਚੰਬਲ ਇਲਾਕੇ ਵਿਚ ਹਥਿਆਰ ਲੁਕਾ ਕੇ ਰੱਖੇ ਹੋਏ ਹਨ। ਨੌਜਵਾਨ ਦੇ ਦੱਸਣ ਅਨੁਸਾਰ 15 ਅਪਰੈਲ 1993 ਨੂੰ ਤਰਨ ਤਾਰਨ ਜ਼ਿਲ੍ਹੇ ਦੀ ਪੁਲਿਸ ਹਥਿਆਰ ਬਰਾਮਦ ਕਰਵਾਉਣ ਲਈ ਹਰਬੰਸ ਸਿੰਘ ਨੂੰ ਆਪਣੇ ਨਾਲ ਲਿਜਾ ਰਹੀ ਸੀ ਕਿ ਰਸਤੇ ਵਿਚ ਖਾੜਕੂਆਂ ਨੇ ਪੁਲਿਸ ਟੀਮ 'ਤੇ ਫਾਇਰਿੰਗ ਕਰ ਦਿੱਤੀ ਤੇ ਮੁਕਾਬਲੇ ਵਿਚ ਹਰਬੰਸ ਸਿੰਘ ਅਤੇ ਇਕ ਹੋਰ ਅਣਪਛਾਤਾ ਖਾੜਕੂ ਮਾਰਿਆ ਗਿਆ ਸੀ। ਇਸ ਸਬੰਧੀ ਤਰਨ ਤਾਰਨ ਪੁਲਿਸ ਵੱਲੋਂ ਪੁਲਿਸ ਪਾਰਟੀ 'ਤੇ ਹਮਲਾ ਕਰਨ ਸਬੰਧੀ ਅਣਪਛਾਤੇ ਖਾੜਕੂਆਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਸੀ। ਪੁਲਿਸ ਨੇ ਦੋਸ਼ ਲਾਇਆ ਸੀ ਕਿ ਹਰਬੰਸ ਸਿੰਘ ਨੂੰ ਹਿਰਾਸਤ 'ਚੋਂ ਛੁਡਾਉਣ ਲਈ ਹੀ ਖਾੜਕੂਆਂ ਨੇ ਫਾਇਰਿੰਗ ਕੀਤੀ ਸੀ। ਦੂਜੇ ਪਾਸੇ ਪੀੜਤ ਪਰਿਵਾਰ ਦੋਸ਼ੀ ਪੁਲਿਸ ਕਰਮਚਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਲਈ ਲੰਮਾ ਸਮਾਂ ਤਤਕਾਲੀ ਸਰਕਾਰ ਤੇ ਉੱਚ ਪੁਲਿਸ ਅਧਿਕਾਰੀਆਂ ਦੇ ਤਰਲੇ ਕੱਢਦਾ ਰਿਹਾ ਪਰ ਕਿਤੇ ਸੁਣਵਾਈ ਨਾ ਹੋਈ। ਇਸ ਮਗਰੋਂ ਉੱਚ ਅਦਾਲਤ ਦੇ ਹੁਕਮਾਂ 'ਤੇ ਮ੍ਰਿਤਕ ਨੌਜਵਾਨ ਦੇ ਭਰਾ ਪਰਮਜੀਤ ਸਿੰਘ ਦੀ ਸ਼ਿਕਾਇਤ 'ਤੇ 25 ਜਨਵਰੀ 1999 ਨੂੰ ਉਕਤ ਪੁਲਿਸ ਅਧਿਕਾਰੀਆਂ ਖ਼ਿਲਾਫ਼ ਧਾਰਾ 302, 364, 318 ਅਤੇ 34 ਅਧੀਨ ਅਪਰਾਧਿਕ ਕੇਸ ਦਰਜ ਕੀਤਾ ਗਿਆ। ਇਸ ਮਾਮਲੇ ਦੀ ਸੁਣਵਾਈ ਮੁਹਾਲੀ ਸਥਿਤ ਸੀ.ਬੀ.ਆਈ. ਦੀ ਅਦਾਲਤ ਵਿਚ ਚੱਲ ਰਹੀ ਸੀ। ਸੀ.ਬੀ.ਆਈ. ਵੱਲੋਂ ਮੁੱਢਲੀ ਜਾਂਚ ਮਗਰੋਂ 13 ਦਸੰਬਰ 2002 ਨੂੰ ਉਕਤ ਪੁਲਿਸ ਅਫ਼ਸਰਾਂ ਖ਼ਿਲਾਫ਼ ਧਾਰਾ 302, 218 ਅਤੇ 120ਬੀ ਅਧੀਨ ਮੁਹਾਲੀ ਅਦਾਲਤ ਵਿਚ ਚਲਾਨ ਪੇਸ਼ ਕੀਤਾ ਗਿਆ ਸੀ। ਕੇਸ ਦੀ ਸੁਣਵਾਈ ਦੌਰਾਨ ਸੀ.ਬੀ.ਆਈ. ਨੇ 17 ਗਵਾਹ ਪੇਸ਼ ਕੀਤੇ ਅਤੇ ਪੀੜਤ ਪਰਿਵਾਰ ਦੇ ਵਕੀਲਾਂ ਨੇ ਤੱਥਾਂ ਦੇ ਆਧਾਰ 'ਤੇ ਉਸਾਰੂ ਦਲੀਲਾਂ ਦਿੱਤੀਆਂ। ਲੰਘੀ 27 ਅਕਤੂਬਰ ਨੂੰ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਦੋਵੇਂ ਪੁਲਿਸ ਨੂੰ ਦੋਸ਼ੀ ਕਰਾਰ ਦਿੱਤਾ ਸੀ।

## ਪੱਤਰਕਾਰ ਦਵਿੰਦਰ ਪਾਲ ਨੂੰ ਸਦਮਾ; ਹਾਦਸੇ 'ਚ ਪੁੱਤਰ ਦੀ ਮੌਤ

**ਫਗਵਾੜਾ:** ਪਿੰਡ ਖੰਗੂੜਾ ਨੇੜਲੇ ਮਿਹਲੀ-ਮਿਹਟਾਂ ਬਾਈਪਾਸ 'ਤੇ ਸੋਮਵਾਰ ਤੇ ਮੰਗਲਵਾਰ ਦੀ ਰਾਤ ਨੂੰ ਹੋਏ ਹਾਦਸੇ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸੀਨੀਅਰ ਪੱਤਰਕਾਰ ਦਵਿੰਦਰ ਪਾਲ ਦੇ ਪੁੱਤਰ ਅਰਸ਼ ਸ਼ਰਮਾ (25 ਸਾਲ) ਦੀ ਮੌਤ ਹੋ ਗਈ। ਇਸ ਹਾਦਸੇ ਵਿਚ ਇਕ ਲੜਕੀ ਸ਼ਿਵਾਨੀ (ਵਾਸੀ ਆਨੰਦਪੁਰ ਸਾਹਿਬ) ਦੀ ਵੀ ਮੌਤ ਹੋ ਗਈ ਜਦਕਿ ਇਕ ਹੋਰ ਲੜਕੀ ਚੇਤਨਾ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਦਯਾਨੰਦ ਹਸਪਤਾਲ ਲੁਧਿਆਣਾ ਰੈਫਰ ਕੀਤਾ ਗਿਆ ਹੈ।

ਮਹਿੰਦਰਾ ਥਾਰ 'ਚ ਸਵਾਰ ਤਿੰਨੇ ਜਣੇ ਰੀਅਲ ਅਸਟੇਟ ਕੰਪਨੀ 'ਚ ਕੰਮ ਕਰਦੇ ਸਨ ਤੇ ਆਪਣੇ ਸਾਥੀਆਂ ਨਾਲ ਜਲੰਧਰ ਜਾ ਰਹੇ ਸਨ ਜਿਥੇ ਇਨ੍ਹਾਂ ਦੇ ਸਾਥੀ ਹਵੇਲੀ ਢਾਬੇ 'ਤੇ ਇਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਜਦੋਂ ਉਹ ਪਿੰਡ ਖੰਗੂੜਾ ਲਾਗੇ ਪੁੱਜੇ ਤਾਂ ਥਾਰ ਬੇਕਾਬੂ ਹੋ ਕੇ ਸੜਕ ਦੇ ਦੂਜੇ ਪਾਸੇ ਜਾ ਕੇ ਪਲਟ ਗਈ। ਮ੍ਰਿਤਕ ਦੇਹਾਂ ਦਾ ਸਿਵਲ ਹਸਪਤਾਲ ਵਿਚ ਪੋਸਟਮਾਰਟਮ ਕਰਨ ਮਗਰੋਂ ਲਾਸ਼ਾਂ ਵਾਰਸਾਂ ਹਵਾਲੇ ਕਰ ਦਿੱਤੀਆਂ ਗਈਆਂ। ਅਰਸ਼ ਸ਼ਰਮਾ ਦਾ ਚੰਡੀਗੜ੍ਹ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

## ਹਰੀ ਸਿੰਘ ਨਲਵਾ ਬਾਰੇ ਸਿੱਧੂ ਮੂਸੇਵਾਲਾ ਦਾ ਨਵਾਂ ਗੀਤ 'ਵਾਰ' ਰਿਲੀਜ਼

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਉਸ ਦਾ ਦੂਜਾ ਗੀਤ 'ਵਾਰ' ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਰਿਲੀਜ ਰਿਲੀਜ਼ ਹੋ ਗਿਆ ਹੈ। ਇਸ ਗੀਤ ਨੂੰ ਯੂ ਟਿਊਬ 'ਤੇ ਰਿਲੀਜ਼ ਕੀਤਾ ਗਿਆ ਹੈ ਤੇ ਲੋਕ ਇਸ ਨੂੰ ਖੂਬ ਪਸੰਦ ਕਰ ਰਹੇ ਹਨ। ਇਹ ਗੀਤ ਪੰਜਾਬ ਦੇ ਵੀਰ ਨਾਇਕ ਸਰਦਾਰ ਹਰੀ ਸਿੰਘ ਨਲਵਾ ਲਈ ਗਾਇਆ ਸੀ।

ਇਸ ਗੀਤ ਦਾ ਟਾਈਟਲ 'ਵਾਰ' ਰੱਖਿਆ ਗਿਆ ਹੈ। ਇਹ ਉਨ੍ਹਾਂ ਗੀਤਾਂ ਵਿਚੋਂ ਇਕ ਹੈ ਜਿਸ ਨੂੰ ਸਿੱਧੂ ਮੂਸੇਵਾਲਾ ਨੇ ਗਾਇਆ ਸੀ ਪਰ ਰਿਲੀਜ਼ ਤੋਂ ਪਹਿਲਾਂ ਹੀ ਉਸ ਦਾ 29 ਮਈ ਨੂੰ ਮਾਨਸਾ ਨੇੜੇ ਪਿੰਡ ਜਵਾਹਰਕੇ ਵਿਚ ਕਤਲ ਕਰ ਦਿੱਤਾ ਗਿਆ ਸੀ।

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਬਾਬੇ ਨਾਨਕ ਦਾ ਪ੍ਰਕਾਸ਼ ਦਿਹਾੜਾ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਮਨਾਉਣ ਲਈ ਉਚੇਚੇ ਪ੍ਰਬੰਧ ਕੀਤੇ ਗਏ ਸਨ। ਗੁਰਦੁਆਰੇ ਦੀ ਇਮਾਰਤ ਨੂੰ ਫੁੱਲਾਂ ਨਾਲ ਸਜਾਇਆ ਗਿਆ ਅਤੇ ਦੀਪਮਾਲਾ ਕੀਤੀ ਗਈ। ਭਾਰਤ ਤੋਂ ਪ੍ਰਕਾਸ਼ ਪੁਰਬ ਮਨਾਉਣ ਲਈ ਸ਼ਰਧਾਲੂਆਂ ਦਾ ਵੱਡਾ ਜਥਾ ਪਾਕਿਸਤਾਨ ਪੁੱਜਿਆ ਸੀ। ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰੇ ਵਿਖੇ ਦੀਪਮਾਲਾ ਕੀਤੀ ਗਈ ਹੈ ਅਤੇ ਮੁੱਖ ਦੁਆਰ ਨੂੰ ਫੁੱਲਾਂ ਨਾਲ ਸਜਾਇਆ ਗਿਆ।

ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸੰਗਤ ਦੇ ਸਹਿਯੋਗ ਨਾਲ ਅਕਾਲ ਤਖ਼ਤ ਸਾਹਿਬ ਤੋਂ ਜੈਕਾਰਿਆਂ ਤੇ ਨਗਾਰਿਆਂ ਦੀ ਗੂੰਜ ਵਿਚ ਸਜਾਇਆ ਗਿਆ। ਸ੍ਰੀ ਅਕਾਲ ਤਖ਼ਤ ਤੋਂ ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸ਼ੁਰੂ ਹੋਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਉਨ੍ਹਾਂ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਉਪਦੇਸ਼ਾਂ 'ਤੇ ਚੱਲਣ ਦੀ ਅਪੀਲ ਕੀਤੀ। ਨਗਰ ਕੀਰਤਨ ਅੱਗੇ ਗਤਕਾ ਪਾਰਟੀਆਂ ਨੇ ਖਾਲਸਾਈ ਖੇਡ ਦੇ ਜੌਹਰ ਦਿਖਾਏ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂ ਨਾਨਕ ਦੇਵ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਸਮੁੱਚੀ ਕੌਮ ਨੂੰ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸ਼ਰਧਾ ਨਾਲ ਮਨਾਉਣ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਗ੍ਰਹਿਣ ਕਰਨ ਦੀ ਅਪੀਲ ਕੀਤੀ।

## ਸੁਧੀਰ ਸੂਰੀ ਦੇ ਕਤਲ ਮਾਮਲੇ 'ਚ ਸਿਟ ਵੱਲੋਂ ਜਾਂਚ ਸ਼ੁਰੂ

**ਅੰਮ੍ਰਿਤਸਰ:** ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਮਾਮਲੇ ਦੀ ਜਾਂਚ ਵਾਸਤੇ ਬਣਾਈ ਗਈ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਇਸ ਮਾਮਲੇ ਵਿਚ ਸੰਦੀਪ ਸਿੰਘ ਉਰਫ ਸਨੀ ਨਾਂ ਦੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਸਿਟ ਵੱਲੋਂ ਉਸ ਦੇ ਸੋਸ਼ਲ ਮੀਡੀਆ ਖਾਤੇ, ਮੋਬਾਈਲ ਫੋਨ, ਸਮਾਰਟ ਘੜੀ ਤੇ ਲੈਪਟਾਪ ਆਦਿ ਦੀ ਬਾਰੀਕੀ ਨਾਲ ਘੋਖ ਕੀਤੀ ਜਾ ਰਹੀ ਹੈ। ਵੇਰਵਿਆਂ ਮੁਤਾਬਕ ਸਨੀ ਦੇ ਸੋਸ਼ਲ ਮੀਡੀਆ ਖਾਤੇ ਵਿਚੋਂ ਖ਼ਾਲਿਸਤਾਨ ਪੱਖੀ ਕਈ ਵੀਡੀਓ ਮਿਲੇ ਹਨ। ਇਕ ਵੀਡੀਓ ਵਿਚ ਉਹ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨਾਲ ਚੱਲਦਾ ਹੋਇਆ ਦਿਖਾਈ ਦੇ ਰਿਹਾ ਹੈ। ਮੁਢਲੀ ਜਾਂਚ ਵਿਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸ਼ਿਵ ਸੈਨਾ ਆਗੂ ਸੂਰੀ ਵੱਲੋਂ ਸਿੱਖ ਭਾਈਚਾਰੇ ਬਾਰੇ ਵਰਤੀ ਜਾਂਦੀ ਇਤਰਾਜਯੋਗ ਸ਼ਬਦਾਵਲੀ ਤੋਂ ਸੰਦੀਪ ਸਿੰਘ ਖ਼ਫ਼ਾ ਸੀ। ਸਿਟ ਉਸ ਦੇ ਗਰਮਖਿਆਲੀ ਲੋਕਾਂ ਨਾਲ ਸਬੰਧਾਂ ਦੀ ਵੀ ਜਾਂਚ ਕਰ ਰਹੀ ਹੈ।

## ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕਾਰਵਾਈ ਦਾ ਵਿਰੋਧ ਕਰਾਂਗੇ: ਸਿਮਰਨਜੀਤ ਮਾਨ

**ਸੰਗਰੂਰ:** ਸੰਸਦ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਮਾਮਲੇ ਵਿਚ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਖ਼ਿਲਾਫ ਕੋਈ ਕਾਰਵਾਈ ਕੀਤੀ ਗਈ ਤਾਂ ਉਨ੍ਹਾਂ ਦੀ ਪਾਰਟੀ ਡੱਟ ਕੇ ਵਿਰੋਧ ਕਰੇਗੀ। ਉਨ੍ਹਾਂ ਸ਼ਿਵ ਸੈਨਾ ਆਗੂ ਦੀ ਵਾਈ ਪਲੱਸ ਸੁਰੱਖਿਆ ਅਤੇ ਖੁਫ਼ੀਆ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਵਾਉਣ ਦੀ ਮੰਗ ਕੀਤੀ। ਉਧਰ, ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਹਿੰਦੂ ਆਗੂ ਸੁਧੀਰ ਸੂਰੀ ਦੇ ਕਤਲ ਕਾਂਡ ਸਬੰਧੀ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਸੁਧੀਰ ਸੂਰੀ ਨੇ ਹਮੇਸ਼ਾ ਧਰਮਾਂ ਖ਼ਿਲਾਫ਼ ਜ਼ਹਿਰ ਉਗਲਿਆ ਹੈ ਪਰ ਉਸ ਦੇ ਕਤਲ ਦਾ ਅਸਲ ਜ਼ਿੰਮੇਵਾਰ ਵਾਰਦਾਤ ਕਰਨ ਵਾਲਾ ਨੌਜਵਾਨ ਨਹੀਂ, ਬਲਕਿ ਉਸ ਨੂੰ ਭੜਕਾਉਣ ਵਾਲਾ ਅੰਮ੍ਰਿਤਪਾਲ ਸਿੰਘ ਹੈ।

## ਆਨੰਦ ਮੈਰਿਜ ਐਕਟ ਪੂਰਨ ਰੂਪ 'ਚ ਲਾਗੂ ਕਰਾਂਗੇ: ਮਾਨ

*(ਪਹਿਲੇ ਸਫੇ ਦੀ ਬਾਕੀ)*

ਹੈ। ਪੰਜਾਬ ਸਰਕਾਰ ਨੇ ਇਸ ਬਾਰੇ ਬਕਾਇਦਾ ਕਾਫੀ ਵਰ੍ਹੇ ਪਹਿਲਾਂ ਪ੍ਰੋਫਾਰਮਾ ਵੀ ਜਾਰੀ ਕਰ ਦਿੱਤਾ ਸੀ। ਆਨੰਦ ਮੈਰਿਜ ਐਕਟ ਆਜ਼ਾਦੀ ਤੋਂ ਪਹਿਲਾਂ ਵਰ੍ਹਾ 1909 ਵਿਚ ਬਣਿਆ ਸੀ ਅਤੇ ਬਟਵਾਰੇ ਮਗਰੋਂ ਸਿੱਖ ਭਾਈਚਾਰੇ ਦੇ ਵਿਆਹ 'ਹਿੰਦੂ ਮੈਰਿਜ ਐਕਟ' ਤਹਿਤ ਰਜਿਸਟਰਡ ਹੋਣ ਲੱਗੇ ਸਨ। ਤਤਕਾਲੀ ਰਾਜ ਸਭਾ ਮੈਂਬਰ ਤੇ ਕੌਮੀ ਘੱਟ ਗਿਣਤੀਆਂ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਵਰ੍ਹਾ 2004 ਵਿਚ ਪਾਰਲੀਮੈਂਟ ਵਿਚ ਇਸ ਬਾਰੇ ਪ੍ਰਾਈਵੇਟ ਮੈਂਬਰ ਬਿੱਲ ਵੀ ਲਿਆਂਦਾ ਸੀ ਅਤੇ ਇਸ ਮੁੱਦੇ ਨੂੰ ਉਨ੍ਹਾਂ ਨੇ ਜ਼ੋਰ ਸ਼ੋਰ ਨਾਲ ਚੁੱਕਿਆ ਸੀ।

ਇਸ ਮਗਰੋਂ ਲੰਮਾ ਸਮਾਂ ਇਹ ਮਾਮਲਾ ਲਟਕਿਆ ਰਿਹਾ। ਪਾਰਲੀਮੈਂਟ ਦੇ ਬਜਟ ਸੈਸ਼ਨ ਵਿਚ ਆਖਰ 7 ਜੂਨ 2012 'ਚ 'ਆਨੰਦ ਮੈਰਿਜ (ਸੋਧ) ਬਿੱਲ' ਪਾਸ ਹੋ ਗਿਆ ਸੀ ਅਤੇ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਦੇਵੀ ਪਾਟਿਲ ਨੇ ਇਸ ਬਿੱਲ ਨੂੰ ਪ੍ਰਵਾਨਗੀ ਦਿੱਤੀ ਸੀ। ਕੇਂਦਰ ਸਰਕਾਰ ਨੇ ਉਦੋਂ ਸੂਬਾਈ ਸਰਕਾਰਾਂ ਨੂੰ ਹਦਾਇਤ ਕੀਤੀ ਸੀ ਕਿ ਉਹ ਆਪੋ ਆਪਣੇ ਸੂਬਿਆਂ ਵਿਚ ਨਿਯਮ ਬਣਾ ਕੇ ਆਨੰਦ ਮੈਰਿਜ ਐਕਟ ਨੂੰ ਲਾਗੂ ਕਰਨ। ਕਈ ਸੂਬਿਆਂ ਨੇ ਫ਼ੌਰੀ ਨਿਯਮ ਬਣਾ ਲਏ ਸਨ।

## ਬਗਾਵਤ ਤੋਂ ਸਹਿਮ ਗਏ ਬਾਦਲ

*(ਪਹਿਲੇ ਸਫੇ ਦੀ ਬਾਕੀ)*

ਨਿਰਾਸ਼ਾ ਪੈਦਾ ਕੀਤੀ ਹੋਈ ਹੈ। ਵੱਡੀ ਗਿਣਤੀ ਲੀਡਰਸ਼ਿਪ ਇਹ ਮੰਨਦੀ ਹੈ ਕਿ ਸੁਖਬੀਰ ਸਿੰਘ ਬਾਦਲ ਹੱਥ ਪਾਰਟੀ ਦੀ ਕਮਾਨ ਆਉਣ ਪਿੱਛੋਂ ਇਹ ਦਿਨ ਦੇਖਣੇ ਪਏ ਹਨ, ਪਰ ਹਰ ਵਾਰ ਕੋਰ ਕਮੇਟੀ ਦੀ ਮੀਟਿੰਗ ਵਿਚ ਆਪਣੇ ਹੱਕ ਵਿਚ ਹੱਥ ਖੜ੍ਹੇ ਕਰਵਾ ਕੇ ਸੁਖਬੀਰ ਬਾਦਲ ਆਪਣੀ ਕੁਰਸੀ ਸਲਾਮਤ ਰੱਖਦੇ ਆਏ ਹਨ।

ਇਹੀ ਕਾਰਨ ਹੈ ਕਿ ਪਾਰਟੀ ਅੰਦਰ ਨਿਰਾਸ਼ਾ ਵਧਦੀ ਜਾ ਰਹੀ ਹੈ। ਮੌਜੂਦਾ ਹਾਲਾਤ ਇਹ ਹਨ ਕਿ ਪੰਥਕ ਸਿਆਸਤ ਅੰਦਰ ਮੁੜ ਮਜ਼ਬੂਤ ਹੋਣ ਦੀ ਕੋਸ਼ਿਸ਼ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਵਿਚ ਸਿਆਸੀ ਸੰਕਟ ਡੂੰਘਾ ਹੋ ਰਿਹਾ ਹੈ। ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਬਣਾਈ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਪਾਰਟੀ ਵਿਚ ਅੰਦਰੂਨੀ ਜਮਹੂਰੀਅਤ ਦੀ ਬਹਾਲੀ ਵੱਡਾ ਨੁਕਤਾ ਹੈ; ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪਾਰਦਰਸ਼ੀ ਬਣਾਉਣ ਅਤੇ ਸਰਕਾਰ ਦੇ ਸਮੇਂ ਹੋਈਆਂ ਗਲਤੀਆਂ ਦਾ ਪਛਤਾਵਾ ਕਰਨ ਲਈ ਕਿਹਾ ਗਿਆ ਸੀ। ਹੁਣ ਇਸ ਨਵੇਂ ਫੈਸਲੇ ਨਾਲ ਸੀਨੀਅਰ ਆਗੂਆਂ ਦਾ ਇਕ ਹਿੱਸਾ ਨਿਰਾਸ਼ ਤੇ ਲਾਚਾਰ ਮਹਿਸੂਸ ਕਰ ਰਿਹਾ ਹੈ। ਜਥੇਬੰਦਕ ਢਾਂਚੇ ਵਿਚੋਂ ਪਰਿਵਾਰਵਾਦ ਤੇ ਤਾਕਤਾਂ ਦੇ ਕੇਂਦਰੀਕਰਨ ਦੇ ਖਾਤਮੇ ਦੀਆਂ ਆਵਾਜ਼ਾਂ ਲਗਾਤਾਰ ਉੱਠ ਰਹੀਆਂ ਹਨ।

2022 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਨੂੰ ਮਿਲੀ ਨਮੋਸ਼ੀ ਭਰੀ ਹਾਰ ਮਗਰੋਂ ਸੁਖਬੀਰ ਬਾਦਲ ਵਿਰੁੱਧ ਖੁੱਲ੍ਹੇਆਮ ਉੱਠੀ ਇਹ ਪਹਿਲੀ ਬਗਾਵਤ ਹੈ। ਇਸ ਤੋਂ ਪਹਿਲਾਂ 2017 ਦੀਆਂ ਚੋਣਾਂ ਹਾਰਨ ਮਗਰੋਂ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਤੇ ਡਾ. ਰਤਨ ਸਿੰਘ ਅਜਨਾਲਾ ਸਣੇ ਹੋਰ ਕਈਆਂ ਨੇ ਬਗਾਵਤ ਕੀਤੀ ਸੀ ਪਰ ਜਥੇਦਾਰ ਬ੍ਰਹਮਪੁਰਾ ਨੇ ਅਕਾਲੀ ਦਲ ਵਿਚ ਮੁੜ ਸ਼ਮੂਲੀਅਤ ਕਰ ਲਈ ਸੀ। ਬਾਦਲਾਂ ਨੂੰ ਇਹ ਵੀ ਡਰ ਸਤਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਮਗਰੋਂ ਪਾਰਟੀ ਅੰਦਰ ਬਗਾਵਤ ਹੋ ਸਕਦੀ ਹੈ। ਇਸ ਦੇ ਨਾਲ ਹੀ ਕੇਂਦਰ ਵੱਲੋਂ ਵੀ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਾਉਣ ਦਾ ਐਲਾਨ ਕਰਵਾਇਆ ਜਾ ਸਕਦਾ ਹੈ। ਅਜਿਹੇ ਬਣ ਰਹੇ ਹਾਲਾਤ ਨੂੰ ਬਾਦਲ ਪਰਿਵਾਰ ਵੱਡੀ ਚੁਣੌਤੀ ਵਜੋਂ ਵੇਖ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਿੱਖ ਕਤਲੇਆਮ ਪੀੜਤਾਂ ਨੂੰ ਮੁੜ ਬੇਘਰ ਨਾ ਕੀਤਾ ਜਾਵੇ: ਜਥੇਦਾਰ

## ਗਿਆਨੀ ਹਰਪ੍ਰੀਤ ਸਿੰਘ ਨੇ ਭਗਵੰਤ ਮਾਨ ਨੂੰ ਪੱਤਰ ਲਿਖਿਆ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਕ ਪੱਤਰ ਭੇਜ ਕੇ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤਾਂ ਦੇ ਕੇਸਾਂ ਦੀ ਮੁੜ ਨਜ਼ਰਸਾਨੀ ਕਰਨ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵੱਲੋਂ ਮੁੱਖ ਮੰਤਰੀ ਨੂੰ ਭੇਜੇ ਗਏ ਇਸ ਪੱਤਰ ਵਿਚ ਆਖਿਆ ਗਿਆ ਹੈ ਕਿ ਦੰਗਾ ਪੀੜਤ ਵੈਲਫੇਅਰ ਸੁਸਾਇਟੀ ਦਾ ਵਫ਼ਦ ਕੁਝ ਦਿਨ ਪਹਿਲਾਂ ਸਕੱਤਰੇਤ ਵਿਚ ਆਇਆ ਸੀ ਅਤੇ ਉਨ੍ਹਾਂ ਇਕ ਮੰਗ ਪੱਤਰ ਵੀ ਸੌਂਪਿਆ ਸੀ।



ਇਸ ਵਿਚ ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਸਰਕਾਰਾਂ ਵੱਲੋਂ ਪੀੜਤਾਂ ਨੂੰ ਮੁੜ ਬੇਘਰ ਕੀਤਾ ਜਾ ਰਿਹਾ ਹੈ। ਉਹ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਮਿਲੇ ਸਨ ਤੇ ਉਨ੍ਹਾਂ ਕੋਲੋਂ ਮਦਦ ਦੀ ਅਪੀਲ ਕੀਤੀ ਸੀ। ਸਕੱਤਰੇਤ ਦੇ ਅਧਿਕਾਰੀਆਂ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਸਬੰਧੀ ਕੀਤੇ ਗਏ ਆਦੇਸ਼ ਮੁਤਾਬਕ ਹੀ ਇਹ ਪੱਤਰ ਮੁੱਖ ਮੰਤਰੀ ਨੂੰ ਭੇਜਿਆ ਗਿਆ ਹੈ। ਇਸ ਪੱਤਰ ਰਾਹੀਂ ਮੁੱਖ ਮੰਤਰੀ ਨੂੰ ਕਿਹਾ ਗਿਆ ਹੈ ਕਿ ਉਹ ਇਨ੍ਹਾਂ ਪੀੜਤਾਂ ਦੇ ਕੇਸ ਦੀ ਮੁੜ ਨਜ਼ਰਸਾਨੀ ਕਰਦਿਆਂ ਇਨ੍ਹਾਂ ਦੀ ਯੋਗ ਸਹਾਇਤਾ ਵੀ ਕਰਨ।

ਜ਼ਿਕਰਯੋਗ ਹੈ ਕਿ ਦੰਗਾ ਪੀੜਤ ਵੈਲਫੇਅਰ ਸੁਸਾਇਟੀ ਪੰਜਾਬ ਵੱਲੋਂ ਇਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਮੰਗ ਪੱਤਰ ਦੇ ਕੇ ਦੋਸ਼ ਲਾਇਆ ਗਿਆ ਸੀ ਕਿ ਕਿ ਪਿਛਲੀ ਸਰਕਾਰ ਵੱਲੋਂ ਕਈ ਦੰਗਾ ਪੀੜਤਾਂ ਦੇ ਬਣੇ ਹੋਏ ਲਾਲ ਕਾਰਡ ਕੱਟ ਦਿੱਤੇ ਗਏ ਸਨ।

ਸੁਸਾਇਟੀ ਵੱਲੋਂ ਸਰਕਾਰ ਦੇ ਇਸ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਸੀ। ਹੁਣ ਅਦਾਲਤ ਨੇ ਇਸ ਮਾਮਲੇ ਵਿਚ ਬਣੇ ਹੋਏ ਕਾਰਡਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਦੰਗਾ ਪੀੜਤਾਂ ਨੇ ਦੋਸ਼ ਲਾਇਆ ਸੀ ਕਿ ਇਸ ਮਾਮਲੇ ਵਿਚ 'ਆਪ' ਸਰਕਾਰ ਵੱਲੋਂ ਬਿਨਾਂ ਕੋਈ ਜਾਂਚ ਕੀਤਿਆਂ ਹੀ ਵੱਡੀ ਗਿਣਤੀ ਵਿੱਚ ਕਾਰਡਧਾਰਕਾਂ ਦੇ ਕਾਰਡ ਰੱਦ ਕਰ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਲਾਲ ਕਾਰਡਾਂ ਦੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ। ਦੰਗਾ ਪੀੜਤ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਤੇ ਬੀਬੀ ਗੁਰਦੀਪ ਕੌਰ ਨੇ ਦੋਸ਼ ਲਾਇਆ ਸੀ ਕਿ ਕਿਸੇ ਵੱਡੀ ਸਾਜ਼ਿਸ਼ ਤਹਿਤ ਦੰਗਾ ਪੀੜਤਾਂ ਨੂੰ ਸਰਕਾਰ ਵੱਲੋਂ ਉਜਾੜਿਆ ਜਾ ਰਿਹਾ ਹੈ ਅਤੇ ਬੇਘਰ ਕੀਤਾ ਜਾ ਰਿਹਾ ਹੈ। ਸਾਲ 1985 ਵਿਚ ਪੰਜਾਬ ਸਰਕਾਰ ਵੱਲੋਂ ਉੱਜੜੇ ਪਰਿਵਾਰਾਂ ਦੀ ਮਦਦ ਲਈ ਲਾਲ ਸ਼ਨਾਖਤੀ ਕਾਰਡ ਬਣਾਏ ਗਏ ਸਨ।

### ਸਿੱਖ ਕਤਲੇਆਮ ਦੇ ਜ਼ਖਮ ਅਜੇ ਵੀ ਅੱਲੇ: ਧਾਮੀ

**ਅੰਮ੍ਰਿਤਸਰ:** ਨਵੰਬਰ 1984 'ਚ ਦਿੱਲੀ ਸਮੇਤ ਦੇਸ਼ 'ਚ ਵੱਖ-ਵੱਖ ਥਾਈਂ ਵਾਪਰੇ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡਾ ਬੁੰਗਾ ਵਿਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਨੇ ਕੀਰਤਨ ਕੀਤਾ ਤੇ ਭਾਈ ਬਲਜੀਤ ਸਿੰਘ ਨੇ 1984 ਦੇ ਸ਼ਹੀਦਾਂ ਨਮਿਤ ਅਰਦਾਸ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਨਵੰਬਰ 1984 ਸਿੱਖ ਕਤਲੇਆਮ ਦੇ ਜ਼ਖਮ ਅੱਜ ਵੀ ਅੱਲੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਸ਼ਹਿ 'ਤੇ ਸਿੱਖਾਂ ਦੇ ਕੀਤੇ ਕਤਲੇਆਮ ਦੇ ਪੀੜਤਾਂ ਨੂੰ ਅੱਜ 38 ਸਾਲ ਬੀਤਣ ਮਗਰੋਂ ਵੀ ਇਨਸਾਫ਼ ਨਹੀਂ ਮਿਲਿਆ ਹੈ।

## ਗੈਰ-ਕਾਨੂੰਨੀ ਖਣਨ: ਸੁਖਬੀਰ ਬਾਦਲ ਨੂੰ ਜ਼ਮਾਨਤ ਮਿਲੀ

**ਅੰਮ੍ਰਿਤਸਰ:** ਬਿਆਸ ਦਰਿਆ ਵਿਚ ਗੈਰਕਾਨੂੰਨੀ ਖਣਨ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਥੇ ਸਥਾਨਕ ਅਦਾਲਤ ਵਿਚ ਪੇਸ਼ ਹੋਏ। ਬਿਆਸ ਦਰਿਆ ਵਿਚ ਖਣਨ ਕਰਨ ਵਾਲੀ ਇਕ ਨਿੱਜੀ ਕੰਪਨੀ ਵੱਲੋਂ ਸੁਖਬੀਰ ਸਿੰਘ ਬਾਦਲ ਖਿਲਾਫ ਥਾਣਾ ਬਿਆਸ ਵਿਚ ਸ਼ਿਕਾਇਤ ਦਰਜ ਕਰਵਾਈ ਗਈ ਸੀ ਜਿਸ ਵਿਚ ਉਨ੍ਹਾਂ ਦੋਸ਼ ਲਾਇਆ ਸੀ ਕਿ ਸੁਖਬੀਰ ਨੇ ਇੱਥੇ ਆ ਕੇ ਕੰਪਨੀ ਦੇ ਕਰਮਚਾਰੀਆਂ ਨੂੰ ਡਰਾਇਆ ਧਮਕਾਇਆ ਤੇ ਕਰੋਨਾ ਨਿਯਮਾਂ ਦੀ ਅਣਦੇਖੀ ਵੀ ਕੀਤੀ।



ਇਸ ਸਬੰਧੀ ਸ੍ਰੀ ਬਾਦਲ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਸੀ ਜਿਨ੍ਹਾਂ ਵਿਚੋਂ ਇਕ ਕੇਸ ਮਹਾਮਾਰੀ ਐਕਟ ਤਹਿਤ ਵੀ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ ਅਦਾਲਤ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਵਿਰਸਾ ਸਿੰਘ ਵਲਟੋਹਾ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਸਨ ਜਿਸ ਦੇ ਚੱਲਦਿਆਂ ਉਹ ਇਥੇ ਅਦਾਲਤ ਵਿਚ ਪੇਸ਼ ਹੋਏ ਅਤੇ ਜ਼ਮਾਨਤ ਪ੍ਰਾਪਤ ਕੀਤੀ। ਇਸ ਮਾਮਲੇ ਦੀ ਅਗਲੀ ਸੁਣਵਾਈ 29 ਨਵੰਬਰ ਨੂੰ ਹੋਵੇਗੀ। ਅਦਾਲਤ ਵਿਚੋਂ ਬਾਹਰ ਆਉਣ ਮਗਰੋਂ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਇਹ ਕੇਸ ਸਿਆਸੀ ਮੁਫਾਦਾਂ ਨਾਲ ਪ੍ਰੇਰਿਤ ਹੈ ਜਿਸ ਨੂੰ ਪਿਛਲੀ ਕਾਂਗਰਸ ਸਰਕਾਰ ਵੱਲੋਂ ਦਰਜ ਕਰਵਾਇਆ ਗਿਆ ਸੀ ਤੇ ਹੁਣ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਸ ਕੇਸ ਨੂੰ ਅਗਾਂਹ ਵਧਾਇਆ ਜਾ ਰਿਹਾ ਹੈ।

## ਲਾਪਤਾ ਸਰੂਪ: ਇਨਸਾਫ ਵਿਚ ਢਿੱਲ-ਮੱਠ ਖਿਲਾਫ ਰੋਹ

**ਅੰਮ੍ਰਿਤਸਰ:** ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਇਨਸਾਫ ਤੇ ਦੋਸ਼ੀਆਂ ਉਤੇ ਕੇਸ ਦਰਜ ਕਰਨ ਦੀ ਮੰਗ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਭੰਡਾਰੀ ਪੁਲ ਤੋਂ ਸ੍ਰੀ ਅਕਾਲ ਤਖਤ ਤੱਕ ਰੋਸ ਮਾਰਚ ਕੀਤਾ ਗਿਆ।

ਇਸ ਰੋਸ ਮਾਰਚ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਭਾਈ ਸੁਖਜੀਤ ਸਿੰਘ ਖੋਸਾ ਨੇ ਕੀਤੀ।

ਇਸ ਰੋਸ ਮਾਰਚ ਵਿਚ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਤਰਨਾ ਦਲ ਦੇ ਆਗੂ ਬਾਬਾ ਰਾਜਾ ਸਿੰਘ ਨਿਹੰਗ, ਆਵਾਜ਼-ਏ ਕੌਮ ਦੇ ਪ੍ਰਧਾਨ ਨੋਬਲਜੀਤ ਸਿੰਘ ਬੁੱਲੋਵਾਲ, ਸਿੱਖ ਸਦਭਾਵਨਾ ਦਲ ਦੇ ਮੁਖੀ ਬਲਦੇਵ ਸਿੰਘ ਵਡਾਲਾ, ਲਖਬੀਰ ਸਿੰਘ ਮਹਾਲਮ, ਮਿਸ਼ਨਰੀ ਕਾਲਜ ਦੇ ਆਗੂ ਦਿਲਬਾਗ ਸਿੰਘ ਬਲੇਰ, ਮਨਜੀਤ ਸਿੰਘ ਝਬਾਲ, ਸਤਨਾਮ ਸਿੰਘ ਖੰਡਾ, ਜਥਾ ਸਿਰਲੱਥ ਖਾਲਸਾ ਦੇ ਪ੍ਰਧਾਨ ਦਿਲਬਾਗ ਸਿੰਘ ਸੁਲਤਾਨਵਿੰਡ ਅਤੇ ਗੁਰਭਾਗ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ।




ਮਾਰਚ 'ਚ ਸੰਗਤਾਂ ਨੇ '328 ਸਰੂਪਾਂ ਦਾ ਇਨਸਾਫ ਦਿਓ, ਦੋਸ਼ੀਆਂ ਨੂੰ ਗ੍ਰਿਫਤਾਰ ਕਰੋ' ਲਿਖੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਇਸ ਰੋਸ ਮਾਰਚ ਦੌਰਾਨ ਬਾਦਲਾਂ ਖਿਲਾਫ ਵੀ ਨਾਅਰੇ ਲੱਗੇ। ਪ੍ਰਦਰਸ਼ਨਕਾਰੀ ਆਗੂਆਂ ਸੁਖਜੀਤ ਸਿੰਘ ਖੋਸਾ, ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਲਾਪਤਾ 328 ਸਰੂਪਾਂ ਦੇ ਮਾਮਲੇ 'ਚ ਦੋ ਸਾਲ ਬੀਤਣ ਦੇ ਬਾਵਜੂਦ ਵੀ ਇਨਸਾਫ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਪਾਵਨ ਸਰੂਪਾਂ ਦੀ ਗੁਮਸ਼ੁਦਗੀ ਕਿਸੇ ਬੇਅਦਬੀ ਨਾਲੋਂ ਘੱਟ ਨਹੀਂ ਹੈ। ਜਦੋਂ ਤੱਕ ਇਨਸਾਫ ਨਹੀਂ ਮਿਲਦਾ, ਸੰਘਰਸ਼ ਜਾਰੀ ਰਹੇਗਾ।

## ਚੈੱਕ ਗਣਰਾਜ ਵੱਲੋਂ ਪੰਜਾਬ ਵਿਚ ਨਿਵੇਸ਼ ਦਾ ਭਰੋਸਾ

**ਚੰਡੀਗੜ੍ਹ:** ਭਾਰਤ ਵਿਚ ਚੈਕ ਗਣਰਾਜ ਦੀ ਰਾਜਦੂਤ ਡਾ. ਏਲਿਸਕਾ ਜ਼ਿਗੋਵਾ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਦੋਵਾਂ ਨੇ ਪੰਜਾਬ ਤੇ ਚੈਕ ਗਣਰਾਜ ਵਿਚਕਾਰ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ।

ਸ੍ਰੀ ਸੰਧਵਾਂ ਨੇ ਪੰਜਾਬ ਦੇ ਹਰੇ ਇਨਕਲਾਬ 'ਚ ਚੈਕੋਸਲਵਾਕੀਆ ਵੱਲੋਂ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਨੇ ਖੇਤੀ ਖੇਤਰ ਵਿਚ ਵਧੇਰੇ ਆਦਾਨ ਪ੍ਰਦਾਨ ਕਰਨ 'ਤੇ ਜ਼ੋਰ ਦਿੱਤਾ। ਚੈਕ ਰਿਪਬਲਿਕ ਵਿਚ ਸਰਦੀਆਂ ਦੀ ਕਣਕ, ਸਰਦੀਆਂ ਦੇ ਜੌਂ, ਬਸੰਤ ਰੁੱਤ ਦੇ ਜੌਂ, ਆਲੂ, ਮੱਕੀ ਤੇ ਫਲਾਂ ਦੀ ਕਾਸ਼ਤ ਵਧੇਰੇ ਹੁੰਦੀ ਹੈ। ਇਹ ਕਾਸ਼ਤ ਪੰਜਾਬ ਨਾਲ ਮਿਲਦੀ ਜੁਲਦੀ ਹੈ ਜਿਸ ਕਰਕੇ ਦੋਵੇਂ ਦੇਸ਼ ਆਪਸੀ ਗਿਆਨ ਤੇ ਤਕਨਾਲੋਜੀ ਦੇ ਆਦਾਨ ਪ੍ਰਦਾਨ ਦਾ ਫਾਇਦਾ ਉਠਾ ਸਕਦੇ ਹਨ।




ਸ੍ਰੀ ਸੰਧਵਾਂ ਨੇ ਉਦਯੋਗ ਖੇਤਰ ਵਿਚ ਸਹਿਯੋਗ ਵਧਾਉਣ ਉਤੇ ਵੀ ਜ਼ੋਰ ਦਿੱਤਾ। ਕੁਲਤਾਰ ਸੰਧਵਾਂ ਨੇ ਚੈਕ ਰਿਪਬਲਿਕ ਦੀਆਂ ਕੰਪਨੀਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨ ਲਈ ਡਾ. ਜ਼ਿਗੋਵਾ ਨੂੰ ਭੂਮਿਕਾ ਨਿਭਾਉਣ ਲਈ ਆਖਿਆ। ਸ੍ਰੀ ਸੰਧਵਾਂ ਨੇ ਕਲਾ, ਸਭਿਆਚਾਰ ਅਤੇ ਖੇਡਾਂ ਦੇ ਖੇਤਰ ਵਿਚ ਦੋਵਾਂ ਦੇਸ਼ਾਂ ਵਿਚ ਆਦਾਨ-ਪ੍ਰਦਾਨ ਵਧਾਉਣ ਤੋਂ ਇਲਾਵਾ ਦੋਵਾਂ ਦੇਸ਼ਾਂ ਦੇ ਵਿਧਾਇਕਾਂ ਵੱਲੋਂ ਇਕ ਦੂਜੇ ਦੇਸ਼ਾਂ ਦਾ ਦੌਰਾ ਕਰਨ ਦਾ ਵੀ ਸੁਝਾਅ ਦਿੱਤਾ।

## 'ਸਿੱਖ ਨਸਲਕੁਸ਼ੀ ਦੇ ਮਾਮਲੇ ਵਿਚ ਦਿਖਾਵਟੀ ਕਾਰਵਾਈ ਹੋਈ'

**ਨਵੀਂ ਦਿੱਲੀ:** ਸੁਪਰੀਮ ਕੋਰਟ ਨੂੰ ਦੱਸਿਆ ਗਿਆ ਹੈ ਕਿ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਦਾਖਲ ਕੀਤੀ ਰਿਪੋਰਟ ਦੀ ਪੜਚੋਲ ਤੋਂ ਪਤਾ ਲੱਗਦਾ ਹੈ ਕਿ 1984 ਸਿੱਖ ਨਸਲਕੁਸ਼ੀ ਦੇ ਮਾਮਲੇ ਵਿਚ 'ਦਿਖਾਵਟੀ' ਜਾਂਚ ਕੀਤੀ ਗਈ ਹੈ। ਪਟੀਸ਼ਨਕਰਤਾ ਗੁਰਲਾਦ ਸਿੰਘ ਕਾਹਲੋਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ 29 ਨਵੰਬਰ, 2019 ਨੂੰ ਦਾਖਲ ਐਸ.ਆਈ.ਟੀ. ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਨਾਲ ਸੁਣਵਾਈ ਕੀਤੀ ਗਈ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਪੂਰੀ ਵਿਵਸਥਾ ਅਸਫਲ ਹੋ ਗਈ ਹੈ।

ਰਿਪੋਰਟ ਦਾ ਹਵਾਲਾ ਦਿੰਦਿਆਂ ਫੂਲਕਾ ਨੇ ਕਿਹਾ ਕਿ ਮਾਮਲੇ ਦੀ ਪੜਚੋਲ ਤੋਂ ਪਤਾ ਲੱਗਦਾ ਹੈ ਕਿ ਇਕ ਐਫ.ਆਈ.ਆਰ. ਵਿਚ ਪੁਲਿਸ ਨੇ ਵੱਖ-ਵੱਖ ਮਾਮਲਿਆਂ ਨੂੰ ਜੋੜ ਕੇ 56 ਲੋਕਾਂ ਦੀ ਹੱਤਿਆ ਸਬੰਧੀ ਚਲਾਨ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੇਠਲੀ ਅਦਾਲਤ ਨੇ ਹਾਲਾਂਕਿ ਕੇਵਲ ਪੰਜ ਵਿਅਕਤੀਆਂ ਦੀ ਹੱਤਿਆ ਸਬੰਧੀ ਦੋਸ਼ ਤੈਅ ਕੀਤੇ ਅਤੇ ਬਾਕੀਆਂ ਬਾਰੇ ਕੋਈ ਦੋਸ਼ ਤੈਅ ਨਹੀਂ ਕੀਤਾ ਗਿਆ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਰਿਪੋਰਟ ਉਤੇ ਗੌਰ ਕਰੇਗੀ ਅਤੇ ਮਾਮਲੇ ਦੀ ਸੁਣਵਾਈ ਦੋ ਹਫਤਿਆਂ ਬਾਅਦ ਕੀਤੀ ਜਾਵੇਗੀ।




## ਸਿੱਖ ਨਸਲਕੁਸ਼ੀ: ਕਿਰਤੀ ਕਿਸਾਨ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ

**ਚੰਡੀਗੜ੍ਹ:** ਕਿਰਤੀ ਕਿਸਾਨ ਯੂਨੀਅਨ ਦੇ ਸੱਦੇ 'ਤੇ 1984 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਤੇ ਸਿੱਖ ਕੈਦੀਆਂ ਸਮੇਤ ਸਮੁੱਚੇ ਸਿਆਸੀ ਕੈਦੀਆਂ ਤੇ ਹਵਾਲਾਤੀਆਂ ਦੀ ਰਿਹਾਈ ਲਈ ਫਰੀਦਕੋਟ, ਮੁਕਤਸਰ, ਮੋਗਾ, ਜਗਰਾਉਂ, ਜਲੰਧਰ, ਪਟਿਆਲਾ, ਸੰਗਰੂਰ, ਨਵਾਂਸ਼ਹਿਰ, ਕਪੂਰਥਲਾ, ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਬਠਿੰਡਾ, ਫਾਜ਼ਿਲਕਾ ਆਦਿ ਥਾਵਾਂ 'ਤੇ ਰੋਸ ਮੁਜ਼ਾਹਰੇ ਕੀਤੇ ਗਏ।

ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਹਾਕਮਾਂ ਦੇ ਘੱਟ ਗਿਣਤੀਆਂ ਖਿਲਾਫ ਭੁਗਤਣ ਕਾਰਨ 1984 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਉਨ੍ਹਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਤੇ ਸਿਆਸੀ ਕੈਦੀਆਂ ਨੂੰ ਰਿਹਾਅ ਨਾ ਕਰਨਾ ਹਾਕਮਾਂ ਦੀ ਗੈਰ ਜਮਹੂਰੀ ਪਹੁੰਚ ਕਾਰਨ ਹੋਇਆ ਹੈ। ਉਨ੍ਹਾਂ ਕਿਹਾ ਕਿ 38 ਸਾਲ ਪਹਿਲਾਂ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਕਰਵਾਇਆ ਗਿਆ ਪਰ ਇੰਨੇ ਸਾਲ ਬੀਤਣ ਤੋਂ ਬਾਅਦ ਵੀ ਸਿੱਖਾਂ ਨੂੰ ਅੱਜ ਤੱਕ ਇਨਸਾਫ ਨਹੀਂ ਮਿਲਿਆ।

## ਡੇਰਾ ਪ੍ਰੇਮੀਆਂ ਨੇ ਨਸ਼ਿਆਂ ਦੇ ਖਾਤਮੇ ਲਈ ਰਾਮ ਰਹੀਮ ਤੋਂ ਮਦਦ ਮੰਗੀ

**ਮਾਨਸਾ:** ਇਥੇ ਡੇਰਾ ਸੱਚਾ ਸੌਦਾ ਸਿਰਸਾ ਦੇ 'ਅਮਨਪੁਰਾ ਧਾਮ' ਵਿਚ ਆਨਲਾਈਨ ਸਤਿਸੰਗ ਕਰਵਾਇਆ ਗਿਆ, ਜਿਸ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੋਂ ਸੰਗਤ ਨੇ ਪੰਜਾਬ ਵਿਚ ਨਸ਼ਿਆਂ ਦੇ ਵੱਧ ਰਹੇ ਪ੍ਰਭਾਵ 'ਤੇ ਚਿੰਤਾ ਪ੍ਰਗਟ ਕਰਦਿਆਂ ਇਸ ਨੂੰ ਰੋਕਣ ਦੀ ਅਪੀਲ ਕੀਤੀ।

ਸੰਗਤ ਦੀ ਅਪੀਲ ਨੂੰ ਕਬੂਲਦਿਆਂ ਡੇਰਾ ਮੁਖੀ ਨੇ ਕਿਹਾ ਕਿ ਪੰਜਾਬ ਵਿਚੋਂ ਨਸ਼ਿਆਂ ਤੇ ਮਾੜੀਆਂ ਅਲਾਮਤਾਂ ਨੂੰ ਛੇਤੀ ਖਤਮ ਕੀਤਾ ਜਾ ਸਕਦਾ ਹੈ। ਇਸ ਸਮਾਗਮ 'ਚ ਵੱਡੀ ਗਿਣਤੀ 'ਚ ਸੰਗਤ ਪੁੱਜੀ। ਆਨਲਾਈਨ ਗੁਰੂਕੁਲ ਅਤੇ ਡੇਰਾ ਸੱਚਾ ਸੌਦਾ ਦੇ ਸੰਸਥਾਪਕ ਸ਼ਾਹ ਮਸਤਾਨਾ ਦੇ ਜਨਮ ਦਿਹਾੜੇ ਸਬੰਧੀ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਡੇਰਾ ਮੁਖੀ ਵੱਲੋਂ ਬਰਨਾਵਾ, ਜ਼ਿਲ੍ਹਾ ਬਾਗਪਤ (ਯੂਪੀ) ਤੋਂ ਆਨਲਾਈਨ ਸੰਬੋਧਨ ਕੀਤਾ ਗਿਆ ਅਤੇ ਵੱਡੀ ਗਿਣਤੀ 'ਚ ਨਸ਼ਾ ਤੇ ਹੋਰ ਬੁਰਾਈਆਂ ਛੱਡਣ ਆਏ ਲੋਕਾਂ ਨੂੰ ਸੰਦੇਸ਼ ਦਿੱਤਾ ਗਿਆ।

ਗੁਰਮੀਤ ਰਾਮ ਰਹੀਮ ਸਿੰਘ ਨੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ, ਕੌਂਸਲਰ, ਬੁੱਧਲਾਡਾ ਦੇ ਸੁਖ ਦੁਆ ਸਮਾਜ, ਬਾਸਕਟਬਾਲ ਦੇ ਖਿਡਾਰੀਆਂ ਅਤੇ ਇਕ ਪਿੰਡ ਦੀ ਪੰਚਾਇਤ ਵੱਲੋਂ ਪਿੰਡਾਂ 'ਚ ਵੱਧ ਰਹੇ ਨਸ਼ਿਆਂ ਦੇ ਕਹਿਰ ਨੂੰ ਰੋਕਣ ਲਈ ਜਦੋਂ ਡੇਰਾ ਸੱਚਾ ਸੌਦਾ ਤੋਂ ਸਹਿਯੋਗ ਦੀ ਮੰਗ ਕੀਤੀ ਤਾਂ ਉਨ੍ਹਾਂ ਕਿਹਾ ਕਿ ਨਸ਼ਿਆਂ ਰੂਪੀ ਦੈਂਤ ਨੂੰ ਰੋਕਣ ਲਈ ਪਿੰਡਾਂ ਦੀਆਂ ਪੰਚਾਇਤਾਂ, ਜਿਸ ਵੀ ਤਰ੍ਹਾਂ ਦੇ ਸਹਿਯੋਗ ਲਈ ਕਹਿਣਗੀਆਂ, ਸਾਰੀ ਸਾਧ-ਸੰਗਤ ਉਨ੍ਹਾਂ ਦੇ ਨਾਲ ਚੱਲੇਗੀ। ਉਨ੍ਹਾਂ ਕਿਹਾ ਕਿ ਉਹ ਨਸ਼ਿਆਂ 'ਚ ਫਸੇ ਨੌਜਵਾਨਾਂ ਨੂੰ ਸਹੀ ਰਸਤੇ ਲਿਆਉਣ ਲਈ ਪੰਚਾਇਤਾਂ ਅਤੇ ਦੁਖੀ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਤੇ ਇਲਾਜ ਕਰਨ ਲਈ ਹਮੇਸ਼ਾ ਤਤਪਰ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਾਰਿਆਂ ਵੱਲੋਂ ਸਹੀ ਅਤੇ ਇਮਾਨਦਾਰੀ ਨਾਲ ਹੰਭਲਾ ਮਾਰਨ ਦੀ ਲੋੜ ਹੈ।

# ਪਰਾਲੀ ਪ੍ਰਦੂਸ਼ਣ: ਕੇਂਦਰ ਸਰਕਾਰ ਨੇ ਸਾਰੀ ਜ਼ਿੰਮੇਵਾਰੀ ਪੰਜਾਬ ਸਿਰ ਸੁੱਟੀ

## ਮਸਲੇ ਦੇ ਹੱਲ ਦੀ ਥਾਂ ਸਿਆਸੀ ਮੁੱਦਾ ਬਣਾਉਣ ਵਿਚ ਜੁਟੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਦਿੱਲੀ ਦੀ ਪਲੀਤ ਹੋਈ ਆਬੋ ਹਵਾ 'ਤੇ ਗੰਭੀਰ ਫਿਕਰ ਜ਼ਾਹਿਰ ਕਰਦਿਆਂ ਪੰਜਾਬ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਦੱਸਿਆ ਹੈ। ਇਸ ਸਮੇਂ ਹਾਲਾਤ ਇਹ ਬਣੇ ਹੋਏ ਹਨ ਕਿ ਸਿਆਸੀ ਇਲਜ਼ਾਮਬਾਜ਼ੀ ਦੌਰਾਨ ਪਰਾਲੀ ਦੀ ਮੂਲ ਸਮੱਸਿਆ ਨੂੰ ਲੈ ਕੇ ਕਿਸਾਨਾਂ ਦੀ ਕੋਈ ਬਾਂਹ ਨਹੀਂ ਫੜ ਰਿਹਾ ਹੈ। ਪੰਜਾਬ 'ਚ ਵਾਤਾਵਰਨ ਤੇ ਮਨੁੱਖੀ ਸਿਹਤ ਇਸ ਵੇਲੇ ਦਾਅ 'ਤੇ ਲੱਗੀ ਹੋਈ ਹੈ ਤੇ ਭਾਜਪਾ ਸਰਕਾਰਾਂ ਵੱਲੋਂ ਪੰਜਾਬ ਦੇ ਪਰਾਲੀ ਦੇ ਮੁੱਦੇ ਨੂੰ ਗੁਜਰਾਤ ਦੇ ਸਿਆਸੀ ਮੈਦਾਨ ਵਿਚ ਉਛਾਲਿਆ ਜਾਣ ਲੱਗਾ ਹੈ।

ਪੰਜਾਬ ਦੀ ਪਰਾਲੀ ਦਾ 'ਧੂੰਆਂ' ਗੁਜਰਾਤ ਪੁੱਜ ਗਿਆ ਹੈ। ਜਾਣਕਾਰੀ ਅਨੁਸਾਰ ਭਾਜਪਾ ਨੇ ਗੁਜਰਾਤ ਚੋਣਾਂ ਦੇ ਪ੍ਰਚਾਰ 'ਚ ਪੰਜਾਬ ਵਿਚ ਪਰਾਲੀ ਸਾੜੇ ਜਾਣ ਦੇ ਮੁੱਦੇ ਨੂੰ ਉਭਾਰਨਾ ਸ਼ੁਰੂ ਕੀਤਾ ਹੈ। ਖੇਤਾਂ ਵਿਚ ਪਰਾਲੀ ਨੂੰ ਲੱਗੀ ਅੱਗ ਦੀਆਂ ਵੀਡੀਓ ਕਲਿੱਪ ਗੁਜਰਾਤ ਵਿਚ ਸੋਸ਼ਲ ਮੀਡੀਆ 'ਤੇ ਜਾਰੀ ਹੋ ਰਹੀਆਂ ਹਨ। ਕਿਸਾਨ ਧਿਰਾਂ ਵੱਲੋਂ ਅਫ਼ਸਰਾਂ ਨੂੰ ਲੰਘੇ ਦਿਨੀਂ ਖੇਤਾਂ ਵਿਚ ਘੇਰਿਆ ਗਿਆ ਸੀ, ਉਨ੍ਹਾਂ ਦੀਆਂ ਕਲਿੱਪ ਵੀ ਗੁਜਰਾਤ ਵਿਚ ਘੁੰਮ ਰਹੀਆਂ ਹਨ। ਉਧਰ, ਸਾਇੰਸ ਤੇ ਤਕਨਾਲੋਜੀ ਵਿਭਾਗ ਦੇ



ਕੇਂਦਰੀ ਮੰਤਰੀ ਡਾ. ਜੀਤੇਂਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਨਵੰਬਰ ਦੇ ਪਹਿਲੇ ਪੰਜ ਦਿਨਾਂ ਦੌਰਾਨ ਪਰਾਲੀ ਨੂੰ ਸਾੜਨ ਦੀਆਂ ਘਟਨਾਵਾਂ ਵਿਚ ਹੋਏ ਅਸਧਾਰਨ ਵਾਧੇ ਕਰਕੇ ਹਵਾ ਦੀ ਗੁਣਵੱਤਾ ਗੰਭੀਰ ਸ਼੍ਰੇਣੀ ਵਿਚ ਦਾਖਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਰਾਜਸਥਾਨ ਵਿਚ ਪਰਾਲੀ ਦਾ ਪ੍ਰਦੂਸ਼ਣ ਤੇਜ਼ੀ ਨਾਲ ਵਧ ਰਿਹਾ ਹੈ।

ਕੇਂਦਰੀ ਮੰਤਰੀ ਨੇ ਕਿਹਾ ਕਿ ਪੰਜਾਬ ਤੇ ਰਾਜਸਥਾਨ ਦੀਆਂ ਸਰਕਾਰਾਂ ਪਰਾਲੀ ਪ੍ਰਦੂਸ਼ਣ ਬਾਰੇ ਗੰਭੀਰ ਨਹੀਂ ਹਨ ਅਤੇ ਇਨ੍ਹਾਂ ਸਰਕਾਰਾਂ ਵੱਲੋਂ ਕੇਂਦਰੀ ਫੰਡਾਂ ਦੀ ਢੁਕਵੀਂ ਵਰਤੋਂ ਨਹੀਂ ਕੀਤੀ ਗਈ। ਪਰਾਲੀ ਪ੍ਰਬੰਧਨ ਲਈ ਲੋੜੀਂਦੀ ਖੇਤੀ ਮਸ਼ੀਨਰੀ ਦੀ ਖਰੀਦ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ 2018-19 ਤੋਂ ਲੈ ਕੇ ਹੁਣ ਤੱਕ ਸੂਬਿਆਂ ਨੂੰ ਪਰਾਲੀ ਪ੍ਰਬੰਧਨ ਵਾਸਤੇ 3138 ਕਰੋੜ ਰੁਪਏ ਭੇਜੇ ਗਏ ਹਨ, ਜਿਨ੍ਹਾਂ 'ਚੋਂ 1500 ਕਰੋੜ ਇਕੱਲੇ ਪੰਜਾਬ ਨੂੰ ਦਿੱਤੇ ਗਏ ਹਨ।

ਕੇਂਦਰੀ ਮੰਤਰੀ ਨੇ ਕਿਹਾ ਕਿ ਜਦੋਂ ਬਾਕੀ ਸੂਬਿਆਂ ਨੇ ਇਸ ਦਿਸ਼ਾ ਵੱਲ ਠੋਸ ਪੇਸ਼ਕਦਮੀ ਕੀਤੀ ਹੈ ਤਾਂ ਪੰਜਾਬ ਫਾਡੀ ਕਿਉਂ ਰਿਹਾ ਹੈ, ਇਸ ਬਾਰੇ ਹੁਣ ਪੰਜਾਬ ਦੇ ਲੋਕ ਅੰਦਾਜ਼ਾ ਲਗਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅਕਤੂਬਰ ਮਹੀਨੇ ਰਾਜਸਥਾਨ ਵਿਚ ਪਰਾਲੀ ਸਾੜਨ ਦੇ ਕੇਸਾਂ ਵਿਚ 160 ਫੀਸਦੀ ਤੇ ਪੰਜਾਬ ਵਿਚ 20 ਫੀਸਦੀ ਵਾਧਾ ਹੋਇਆ ਹੈ ਅਤੇ ਦੋਵਾਂ ਸਰਕਾਰਾਂ ਵੱਲੋਂ ਪਰਾਲੀ ਸਾੜਨ ਤੋਂ ਰੋਕਣ ਲਈ ਕੋਈ ਉਪਰਾਲੇ ਨਹੀਂ ਕੀਤੇ ਜਾ ਰਹੇ, ਜਿਸ ਕਰਕੇ ਦਿੱਲੀ ਦਾ ਵਾਤਾਵਰਨ ਵਿਗੜ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਅਕਤੂਬਰ ਮਹੀਨੇ ਵਿਚ 30 ਫੀਸਦੀ ਅਤੇ ਉੱਤਰ ਪ੍ਰਦੇਸ਼ ਵਿਚ 38 ਫੀਸਦੀ ਦੀ ਕਮੀ ਆਈ ਹੈ। ਦੇਖਿਆ ਜਾਵੇ ਤਾਂ ਐਤਕੀਂ ਭਾਜਪਾ ਪੰਜਾਬ ਦੇ ਪਰਾਲੀ ਪ੍ਰਦੂਸ਼ਣ ਨੂੰ ਲੈ ਕੇ ਚਿੱਕੜ ਉਛਾਲੀ ਕਰ ਰਹੀ ਹੈ ਜਦੋਂ ਕਿ 'ਆਪ' ਵੱਲੋਂ ਕੇਂਦਰੀ ਹਕੂਮਤ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾ ਰਿਹਾ ਹੈ। ਕੋਈ ਸ਼ੱਕ ਨਹੀਂ ਕਿ ਪੰਜਾਬ ਸਰਕਾਰ ਪਰਾਲੀ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਸਖ਼ਤ ਕਦਮ ਨਹੀਂ ਚੁੱਕ ਰਹੀ ਹੈ।

### ਦਿੱਲੀ 'ਚ ਪ੍ਰਦੂਸ਼ਣ ਲਈ ਪੰਜਾਬ ਜ਼ਿੰਮੇਵਾਰ ਨਹੀਂ: ਭਗਵੰਤ

**ਸਮਰਾਲਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਪਰਾਲੀ ਸਾੜਨ ਨਾਲ ਹੁੰਦੇ ਪ੍ਰਦੂਸ਼ਣ ਲਈ ਨਾਜਾਇਜ਼ ਢੰਗ ਨਾਲ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਣ ਬਾਰੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਦਾ ਮੁੱਦਾ ਇਕੱਲੇ ਪੰਜਾਬ ਦਾ ਨਹੀਂ ਸਗੋਂ ਪੂਰੇ ਉੱਤਰੀ ਭਾਰਤ ਦਾ ਮਸਲਾ ਹੈ, ਪਰ ਕੇਂਦਰ ਸਰਕਾਰ ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਨੂੰ ਕਸੂਰਵਾਰ ਠਹਿਰਾ ਕੇ ਘਟੀਆ ਪੱਧਰ ਦੀ ਸਿਆਸਤ ਕਰ ਰਹੀ ਹੈ।

# ਸਰਕਾਰ ਨੇ ਚੁੱਪ-ਚੁਪੀਤੇ 2400 ਕਿਸਾਨਾਂ ਦੇ ਮਾਲ ਰਿਕਾਰਡ 'ਚ ਪਾਈ ਰੈੱਡ ਐਂਟਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਮਾਲ ਰਿਕਾਰਡ ਵਿਚ ਅੰਦਰੋਂ ਅੰਦਰੀਂ ਰੈੱਡ ਐਂਟਰੀ ਪਾਉਣੀ ਸ਼ੁਰੂ ਕਰ ਦਿੱਤੀ ਹੈ। ਬੇਸ਼ੱਕ 'ਆਪ' ਸਰਕਾਰ ਕਿਸਾਨਾਂ ਖ਼ਿਲਾਫ਼ ਸਖਤ ਕਦਮ ਉਠਾਉਣ 'ਚ ਨਰਮੀ ਵਰਤ ਰਹੀ ਹੈ ਪਰ ਹੁਣ ਤੱਕ 2400 ਕਿਸਾਨਾਂ ਦੇ ਮਾਲ ਰਿਕਾਰਡ ਵਿਚ ਰੈੱਡ ਐਂਟਰੀ ਪਾਈ ਜਾ ਚੁੱਕੀ ਹੈ।

ਇਨ੍ਹਾਂ ਕਿਸਾਨਾਂ ਨੇ ਆਪਣੇ ਖੇਤਾਂ ਵਿਚ ਪਰਾਲੀ ਨੂੰ ਅੱਗ ਲਗਾਈ ਸੀ। ਚੇਤੇ ਰਹੇ ਕਿ ਜਦੋਂ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਮੁਢਲੀ ਮੀਟਿੰਗ ਵਿਚ ਕਿਸਾਨਾਂ ਨੂੰ ਮਾਲ ਰਿਕਾਰਡ ਵਿਚ ਰੈੱਡ ਐਂਟਰੀ ਪਾਏ ਜਾਣ ਦਾ ਡਰਾਵਾ ਦਿੱਤਾ ਸੀ ਤਾਂ ਕਿਸਾਨ ਧਿਰਾਂ ਨੇ ਸਰਕਾਰ ਦੇ ਇਸ ਸੰਭਾਵੀ ਐਕਸ਼ਨ ਖ਼ਿਲਾਫ਼ ਸਖਤ ਪੈਂਤੜਾ ਲੈ ਲਿਆ ਸੀ। ਉਂਜ ਸਰਕਾਰ ਨੇ ਗੁਪਤ ਤਰੀਕੇ ਨਾਲ ਕਾਰਵਾਈ ਕਰਨੀ ਜਾਰੀ ਰੱਖੀ। ਹੁਣ ਤੱਕ ਸਰਕਾਰ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ 96 ਲੱਖ ਰੁਪਏ ਦੇ ਜਰਮਾਨੇ ਲਗਾ ਚੁੱਕੀ ਹੈ ਜਿਸ 'ਚੋਂ ਵਸੂਲੀ ਸਿਰਫ਼ 37,500 ਰੁਪਏ ਦੀ ਕੀਤੀ ਗਈ ਹੈ।



ਫੀਲਡ ਅਫਸਰਾਂ ਤੇ ਮੁਲਾਜ਼ਮਾਂ ਵੱਲੋਂ ਹੁਣ ਤੱਕ 13,800 ਥਾਵਾਂ 'ਤੇ ਪਰਾਲੀ ਨੂੰ ਸਾੜੇ ਜਾਣ ਦੀ ਸੂਚਨਾ ਮਿਲਣ 'ਤੇ ਦੌਰਾ ਕੀਤਾ ਗਿਆ ਜਿਸ 'ਚੋਂ 5800 ਥਾਵਾਂ 'ਤੇ ਸੂਚਨਾ ਸਹੀ ਪਾਈ ਗਈ। ਵੇਰਵਿਆਂ ਅਨੁਸਾਰ ਸੂਬੇ ਵਿਚ ਹੁਣ ਤੱਕ 4.33 ਲੱਖ ਹੈਕਟੇਅਰ ਰਕਬੇ ਵਿਚ ਪਰਾਲੀ ਨੂੰ ਅੱਗ ਲਗਾਈ ਜਾ ਚੁੱਕੀ ਹੈ ਜਦੋਂ ਕਿ ਪਿਛਲੇ ਵਰ੍ਹੇ ਇਸ ਤਰੀਕ ਤੱਕ 4.77 ਲੱਖ ਹੈਕਟੇਅਰ ਰਕਬੇ 'ਚ ਪਰਾਲੀ ਸਾੜੀ ਗਈ ਸੀ। ਸਰਕਾਰ ਮੁਤਾਬਕ ਅੱਗ ਲਾਏ ਜਾਣ ਦੀਆਂ ਘਟਨਾਵਾਂ ਦਾ ਅੰਕੜਾ ਵਧਿਆ ਹੈ ਪਰ ਰਕਬੇ ਵਿਚ ਕਟੌਤੀ ਹੋਈ ਹੈ।

ਐਤਕੀਂ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਨੂੰ ਲੈ ਕੇ ਪੰਜਾਬ ਦੀ ਪਰਾਲੀ ਦੇ ਪ੍ਰਦੂਸ਼ਣ ਦਾ ਮੁੱਦਾ ਕੌਮੀ ਪੱਧਰ 'ਤੇ ਉਛਾਲਿਆ ਜਾਣ ਲੱਗਾ ਹੈ। ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਵੀ ਪੰਜਾਬ ਦੀ ਥਾਂ 'ਤੇ ਹਰਿਆਣਾ ਦੀ ਪਰਾਲੀ ਪ੍ਰਬੰਧਨ ਦੇ ਮਾਮਲੇ ਵਿਚ ਸ਼ਲਾਘਾ ਕੀਤੀ ਹੈ।

### ਔਰਤਾਂ ਖਿਲਾਫ ਅਪਰਾਧ ਵਧੇ



**ਨਵੀਂ ਦਿੱਲੀ:** ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ 2021 ਵਿਚ ਭਾਰਤ ਵਿਚ ਜਬਰ ਜਨਾਹ ਦੇ 65,025 ਕੇਸ ਹੋਏ। ਇਹ 2020 ਵਿਚ ਦਰਜ ਕਰਾਏ ਕੇਸਾਂ ਤੋਂ 19 ਫੀਸਦੀ ਜ਼ਿਆਦਾ ਸਨ। ਇਸ ਤਰ੍ਹਾਂ 2021 ਵਿਚ ਰੋਜ਼ਾਨਾ 178 ਔਰਤਾਂ ਜਬਰ ਜਨਾਹ ਦਾ ਸ਼ਿਕਾਰ ਹੋਈਆਂ। ਅੰਕੜਿਆਂ ਅਨੁਸਾਰ 98 ਫੀਸਦੀ ਔਰਤਾਂ, ਜਿਨ੍ਹਾਂ ਵਿਚ ਬੱਚੀਆਂ ਵੀ ਸ਼ਾਮਲ ਹਨ, ਅਜਿਹੇ ਅਪਰਾਧ ਕਰਨ ਵਾਲੇ ਮਰਦਾਂ ਨੂੰ ਪਹਿਲਾਂ ਤੋਂ ਜਾਣਦੀਆਂ ਸਨ; ਅਜਿਹਾ ਕਰਨ ਵਾਲੇ ਜ਼ਿਆਦਾਤਰ ਉਨ੍ਹਾਂ ਦੇ ਰਿਸ਼ਤੇਦਾਰ, ਦੋਸਤ ਜਾਂ ਕਿਸੇ ਹੋਰ ਤਰ੍ਹਾਂ ਜਾਣ-ਪਛਾਣ ਰੱਖਣ ਵਾਲੇ ਵਿਅਕਤੀ ਸਨ। 2020 ਵਿਚ ਅਜਿਹੇ ਅਪਰਾਧ ਕਰਨ ਵਾਲਿਆਂ 'ਚੋਂ 39 ਫੀਸਦੀ ਮੁਲਜ਼ਮਾਂ ਨੂੰ ਸਜਾ ਹੋਈ ਜੋ 2018 ਵਿਚ ਹੋਈਆਂ ਸਜਾਵਾਂ ਤੋਂ 12 ਫੀਸਦੀ ਜ਼ਿਆਦਾ ਸੀ।

# ਸੁਪਰੀਮ ਕੋਰਟ ਆਰਥਿਕ ਕਮਜ਼ੋਰ ਵਰਗਾਂ ਨੂੰ 10 ਫੀਸਦੀ ਰਾਖਵੇਂਕਰਨ ਦੇ ਹੱਕ ਵਿਚ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਯੂ.ਯੂ. ਲਲਿਤ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ 103ਵੀਂ ਸੰਵਿਧਾਨਕ ਸੋਧ ਜਰੀਏ ਆਰਥਿਕ ਪੱਖੋਂ ਕਮਜ਼ੋਰ ਵਰਗਾਂ (ਈ.ਡਬਲਿਊ.ਐਸ.) ਨੂੰ ਦਾਖਲਿਆਂ ਤੇ ਸਰਕਾਰੀ ਨੌਕਰੀਆਂ ਵਿਚ 10 ਫੀਸਦ ਰਾਖਵਾਂਕਰਨ ਦੇਣ ਦੇ ਫੈਸਲੇ ਦੀ ਪ੍ਰਮਾਣਿਕਤਾ ਨੂੰ ਬਹਾਲ ਰੱਖਿਆ ਹੈ।

ਬੈਂਚ ਨੇ 3-2 ਦੇ ਫੈਸਲੇ ਨਾਲ ਕਿਹਾ ਕਿ ਈ.ਡਬਲਿਊ.ਐਸ. ਰਾਖਵਾਂਕਰਨ ਕਾਨੂੰਨ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੀ ਉਲੰਘਣਾ ਨਹੀਂ ਕਰਦਾ। ਚੀਫ ਜਸਟਿਸ ਲਲਿਤ ਨੇ ਕਿਹਾ ਕਿ ਈ.ਡਬਲਿਊ.ਐਸ. ਰਾਖਵਾਂਕਰਨ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਬਾਰੇ ਚਾਰ ਵੱਖੋ ਵੱਖਰੇ ਫੈਸਲੇ ਹਨ। ਜਸਟਿਸ ਦਿਨੇਸ਼ ਮਹੇਸ਼ਵਰੀ, ਜਿਨ੍ਹਾਂ ਆਪਣਾ ਫੈਸਲਾ ਖੁਦ ਪੜ੍ਹਿਆ, ਨੇ ਕਿਹਾ ਕਿ 103ਵੀਂ ਸੰਵਿਧਾਨਕ ਸੋਧ ਨੂੰ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੀ ਉਲੰਘਣਾ ਨਹੀਂ ਕਿਹਾ ਜਾ ਸਕਦਾ।



ਜਸਟਿਸ ਬੇਲਾ ਐਮ. ਤ੍ਰਿਵੇਦੀ ਨੇ ਕਿਹਾ ਕਿ 103ਵੀਂ ਸੰਵਿਧਾਨਕ ਸੋਧ ਨੂੰ ਮਹਿਜ ਪੱਖਪਾਤੀ ਦੱਸਣ ਦੇ ਅਧਾਰ 'ਤੇ ਰੱਦ ਨਹੀਂ ਕੀਤਾ ਜਾ ਸਕਦਾ। ਜਸਟਿਸ ਜੇ.ਬੀ. ਪਾਰਦੀਵਾਲਾ ਨੇ ਵੀ ਉਨ੍ਹਾਂ ਦੀ ਰਾਇ ਨਾਲ ਇਤਫ਼ਾਕ ਜ਼ਾਹਿਰ ਕਰਦਿਆਂ ਸੋਧ ਦੀ ਪ੍ਰਮਾਣਿਕਤਾ ਨੂੰ ਕਾਇਮ ਰੱਖਿਆ। ਜਸਟਿਸ ਐੱਸ.ਰਵਿੰਦਰ ਭੱਟ ਨੇ ਘੱਟ ਗਿਣਤੀ ਨਜ਼ਰੀਏ ਨਾਲ ਈ.ਡਬਲਿਊ.ਐਸ. ਕੋਟੇ 'ਤੇ ਸੰਵਿਧਾਨਕ ਸੋਧ ਨੂੰ ਅਸਹਿਮਤੀ ਦਿੱਤੀ ਅਤੇ ਉਸ ਨੂੰ ਰੱਦ ਕਰ ਦਿੱਤਾ। ਸੀ.ਜੇ.ਆਈ. ਲਲਿਤ ਨੇ ਜਸਟਿਸ ਭੱਟ ਦੇ ਵਿਚਾਰ ਨਾਲ ਸਹਿਮਤੀ ਜਤਾਈ। ਪੰਜ ਮੈਂਬਰੀ ਬੈਂਚ ਵੱਲੋਂ ਕੀਤੀ ਸੁਣਵਾਈ ਦੀ ਲਾਈਵ ਸਟ੍ਰੀਮਿੰਗ ਕੀਤੀ ਗਈ।

# ਮਾਨ ਤੇ ਕੇਜਰੀਵਾਲ ਨੇ ਪੰਜਾਬ 'ਚ ਸਾੜੀ ਜਾ ਰਹੀ ਪਰਾਲੀ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ

## ਅਗਲੀਆਂ ਸਰਦੀਆਂ ਤੱਕ ਸਮੱਸਿਆ ਦਾ ਹੱਲ ਕੱਢਣ ਦਾ ਵਾਅਦਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਉਨ੍ਹਾਂ ਦੇ ਹਮਰੁਤਬਾ ਭਗਵੰਤ ਮਾਨ ਨੇ ਸਰਹੱਦੀ ਸੂਬੇ ਵਿਚ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਸਾੜਨ ਦੀ ਗੱਲ ਕਬੂਲਦੇ ਹੋਏ ਵਾਅਦਾ ਕੀਤਾ ਕਿ ਉਹ ਅਗਲੀ ਸਰਦੀਆਂ ਤੱਕ ਸਮੱਸਿਆ ਦਾ ਹੱਲ ਕੱਢ ਲੈਣਗੇ। ਕੇਜਰੀਵਾਲ ਨੇ ਕਿਹਾ ਕਿ ਹਵਾ ਪ੍ਰਦੂਸ਼ਣ 'ਸਿਰਫ ਦਿੱਲੀ ਨੂੰ ਦਰਪੇਸ਼ ਸਮੱਸਿਆ' ਨਹੀਂ ਬਲਕਿ ਇਸ ਨੇ ਪੂਰੇ ਉਤਰ ਭਾਰਤ ਨੂੰ ਅਸਰਅੰਦਾਜ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਕ ਦੂਜੇ 'ਤੇ ਇਲਜ਼ਾਮਤਰਾਸ਼ੀ ਬੰਦ ਹੋਵੇ ਤੇ ਇਸ ਮੁੱਦੇ 'ਤੇ ਸਿਆਸਤ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕਣ ਲਈ ਕਦਮ ਚੁੱਕੇ ਤੇ ਇਸ ਲਈ ਇਕੱਲਿਆਂ ਕਿਸਾਨਾਂ ਨੂੰ ਜ਼ਿੰਮੇਵਾਰ ਦੱਸਣਾ ਗਲਤ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੀ 'ਆਪ' ਸਰਕਾਰ ਨੂੰ ਇਸ ਸਮੱਸਿਆ ਨੂੰ ਮੁਖ਼ਾਤਬ ਹੋਣ ਲਈ ਕੁਝ ਮਹੀਨੇ ਹੀ ਮਿਲੇ ਹਨ। ਉਨ੍ਹਾਂ ਵਾਅਦਾ ਕੀਤਾ ਕਿ ਅਗਲੇ ਸਾਲ ਨਵੰਬਰ ਤੱਕ ਇਸ ਮਸਲੇ ਦਾ ਹੱਲ ਕੱਢ ਲਿਆ ਜਾਵੇਗਾ। ਮਾਨ ਨੇ ਕਿਹਾ ਪੰਜਾਬ ਦੇ ਕਿਸਾਨ ਪਰਾਲੀ ਸਾੜਨਾ ਨਹੀਂ ਚਾਹੁੰਦੇ, ਕਿਉਂਕਿ ਇਸ ਦਾ ਅਸਰ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ 'ਤੇ ਵੀ ਪੈਂਦਾ ਹੈ। ਝੋਨੇ ਦੀ ਵਾਢੀ ਤੇ ਕਣਕ ਬੀਜਣ ਵਿਚ ਸਿਰਫ 10-12 ਦਿਨਾਂ ਦਾ ਫਰਕ ਹੁੰਦਾ ਹੈ ਤੇ ਅਜਿਹੇ ਹਾਲਾਤ ਵਿਚ ਕਿਸਾਨਾਂ ਹੱਥ ਸਿਰਫ ਮਾਚਿਸ ਬਚਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਖੇਤ ਵਿਚ ਹੀ ਪਰਾਲੀ ਵਾਹੁਣ ਲਈ 1.20 ਲੱਖ ਮਸ਼ੀਨਾਂ ਤਾਇਨਾਤ ਕੀਤੀਆਂ ਹਨ ਤੇ ਇਨ੍ਹਾਂ ਦੀਆਂ ਸੇਵਾਵਾਂ ਲੈਣ ਲਈ ਕਿਸਾਨਾਂ ਵਾਸਤੇ ਐਪ ਵੀ ਵਿਕਸਤ ਕੀਤਾ ਹੈ। ਮਾਨ ਨੇ ਕਿਹਾ, ''ਇਸ ਦੇ ਬਾਵਜੂਦ ਜੇਕਰ ਫਿਰ ਵੀ ਪੰਜਾਬ ਵਿਚ ਪਰਾਲੀ ਸਾੜੀ ਜਾ ਰਹੀ ਹੈ ਤਾਂ ਅਸੀਂ ਇਸ ਦੀ ਜ਼ਿੰਮੇਵਾਰੀ ਲੈਂਦੇ ਹਾਂ। ਅਸੀਂ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਰਹੇ। ਇਹ ਗੱਲ ਦਿਮਾਗ 'ਚ ਰੱਖਿਓ ਜੇਕਰ ਝੋਨੇ ਦੀ ਰਿਕਾਰਡ ਪੈਦਾਵਾਰ ਹੋਵੇਗੀ ਤਾਂ ਫਿਰ ਪਰਾਲੀ ਸਾੜਨ ਦੇ ਰਿਕਾਰਡ ਵੀ ਟੁੱਟਣਗੇ।'' ਮਾਨ ਨੇ ਕਿਹਾ ਕਿ ਪੰਜਾਬ ਵਿਚ 75 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਕਾਸ਼ਤ ਹੁੰਦੀ ਹੈ। ਅੱਜ ਅਜਿਹੇ ਪਲਾਂਟ ਲਾਉਣ ਦੀ ਲੋੜ ਹੈ, ਜਿੱਥੇ ਪਰਾਲੀ ਦੀ ਮਦਦ ਨਾਲ ਬਿਜਲੀ ਤੇ ਸੀ.ਐਨ.ਜੀ. ਪੈਦਾ ਕੀਤੀ ਜਾ ਸਕੇ। ਮਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਉੱਤਰੀ ਰਾਜਾਂ ਨਾਲ ਬੈਠ ਕੇ ਸਮੱਸਿਆ ਦਾ ਹੱਲ ਕੱਢੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਦੋ ਤਜਵੀਜ਼ਾਂ ਭੇਜੀਆਂ ਸਨ। ਇਕ ਤਜਵੀਜ਼ ਸੀ ਕਿ ਪੰਜਾਬ ਤੇ ਦਿੱਲੀ ਪੰਜ-ਪੰਜ ਸੌ ਰੁਪਏ ਦੇਣਗੇ ਜਦੋਂਕਿ ਕੇਂਦਰ ਸਰਕਾਰ ਪਰਾਲੀ ਨਾ ਸਾੜਨ ਬਦਲੇ ਹਰੇਕ ਕਿਸਾਨ ਨੂੰ 1500 ਰੁਪਏ ਦਾ ਮੁਆਵਜ਼ਾ ਦੇਵੇਗੀ, ਪਰ ਕੇਂਦਰ ਨੇ ਇਸ ਨੂੰ ਰੱਦ ਕਰ ਦਿੱਤਾ।



### ਪੰਜਾਬ ਹਵਾ ਹਰਿਆਣਾ ਨਾਲੋਂ ਬਿਹਤਰ: ਕੈਬਨਿਟ ਮੰਤਰੀ

**ਚੰਡੀਗੜ੍ਹ:** ਕੈਬਨਿਟ ਮੰਤਰੀਆਂ ਕੁਲਦੀਪ ਸਿੰਘ ਧਾਲੀਵਾਲ ਤੇ ਗੁਰਮੀਤ ਸਿੰਘ ਮੀਤ ਹੇਅਰ ਨੇ ਪਰਾਲੀ ਦੇ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਗੁਜਰਾਤ ਵਿਚ ਵਾਪਰੀ ਮੰਦਭਾਗੀ ਘਟਨਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਕੇਂਦਰ ਸਰਕਾਰ ਪਰਾਲੀ ਸਾੜਨ ਦੇ ਮੁੱਦੇ ਨੂੰ ਅੱਗੇ ਲਿਆ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ ਪੰਜਾਬ ਦੀ ਆਬੋ ਹਵਾ ਹਰਿਆਣਾ ਨਾਲੋਂ ਬਿਹਤਰ ਹੈ। ਉਨ੍ਹਾਂ ਕਿਹਾ ਕਿ ਪਰਾਲੀ ਦੇ ਮੁੱਦੇ 'ਤੇ ਦਿੱਲੀ ਦਾ ਲੈਫਟੀਨੈਂਟ ਗਵਰਨਰ ਵੀ ਭਾਜਪਾ ਦੇ ਇਸ਼ਾਰੇ 'ਤੇ ਰਾਜਨੀਤੀ ਕਰ ਰਿਹਾ ਹੈ ਤੇ ਬਿਨਾਂ ਕਿਸੇ ਅਧਿਕਾਰ ਦੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ 'ਤੇ ਚਿੱਠੀਆਂ ਲਿਖ ਰਿਹਾ ਹੈ।

# ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੀ ਹੱਤਿਆ ਪਿੱਛੋਂ ਵਿਰੋਧੀਆਂ ਨੇ ਸਰਕਾਰ ਘੇਰੀ

## ਸੂਬੇ ਵਿਚ ਲਾਕਾਨੂੰਨੀ ਦੇ ਮੁੱਦੇ ਉਤੇ ਖੜ੍ਹੇ ਕੀਤੇ ਵੱਡੇ ਸਵਾਲ



**ਅੰਮ੍ਰਿਤਸਰ:** ਅੰਮ੍ਰਿਤਸਰ ਵਿਚ ਸ਼ਿਵ ਸੈਨਾ ਦੇ ਹਿੰਦੂ ਆਗੂ ਸੁਧੀਰ ਸੂਰੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਸੂਰੀ 'ਤੇ ਜਦੋਂ ਹਮਲਾ ਹੋਇਆ ਤਾਂ ਉਹ ਆਪਣੇ ਸਮਰਥਕਾਂ ਦੇ ਨਾਲ ਇਥੇ ਮਜੀਠਾ ਰੋਡ ਵਿਖੇ ਗੋਪਾਲ ਮੰਦਰ ਦੇ ਨੇੜੇ ਰੋਸ ਪ੍ਰਦਰਸ਼ਨ ਕਰ ਰਿਹਾ ਸੀ। ਪੁਲਿਸ ਨੇ ਇਸ ਮਾਮਲੇ ਵਿਚ ਇਕ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੀ ਸ਼ਨਾਖਤ ਸੰਦੀਪ ਸਿੰਘ ਵਜੋਂ ਹੋਈ ਹੈ। ਉਹ ਇਸੇ ਇਲਾਕੇ ਵਿਚ ਕੱਪੜੇ ਦੀ ਦੁਕਾਨ ਚਲਾਉਂਦਾ ਹੈ। ਚਸ਼ਮਦੀਦਾਂ ਮੁਤਾਬਕ ਇਹ ਘਟਨਾ ਪੁਲਿਸ ਦੀ ਹਾਜ਼ਰੀ ਵਿੱਚ ਵਾਪਰੀ ਹੈ ਅਤੇ ਸੂਰੀ ਤੇ ਉਸ ਦੇ ਸਮਰਥਕ ਉਸ ਵੇਲੇ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੇ ਸਨ। ਇਸੇ ਦੌਰਾਨ ਹਮਲਾਵਰ ਆਇਆ ਅਤੇ ਉਸ ਨੇ ਸੁਧੀਰ ਸੂਰੀ 'ਤੇ ਗੋਲੀਆਂ ਚਲਾ ਦਿੱਤੀਆਂ। ਸ਼ਿਵ ਸੈਨਾ ਆਗੂ ਜ਼ਖ਼ਮੀ ਹੋ ਕੇ ਹੇਠਾਂ ਡਿੱਗ ਪਿਆ। ਉਸ ਨੂੰ ਤੁਰਤ ਨੇੜਲੇ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੰਮ੍ਰਿਤਸਰ ਵਿਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੀ ਦਿਨ-ਦਿਹਾੜੇ ਹੋਈ ਹੱਤਿਆ ਦੀ ਨਿਖੇਧੀ ਕੀਤੀ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਨਾਲ ਵਿਗੜ ਚੁੱਕੀ ਹੈ ਅਤੇ ਅਪਰਾਧੀ ਆਸਾਨੀ ਨਾਲ ਕਤਲ ਕਰ ਰਹੇ ਹਨ। ਇਹ ਘਟਨਾ ਜ਼ਾਹਿਰ ਕਰਦੀ ਹੈ ਕਿ ਸਰਕਾਰ ਸੂਬੇ ਵਿਚ ਅਮਨ-ਕਾਨੂੰਨ ਬਣਾਈ ਰੱਖਣ ਵਿਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਭ ਇਸ ਲਈ ਹੋਇਆ ਹੈ ਕਿਉਂਕਿ ਸਮੁੱਚੀ ਸਰਕਾਰ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਵਿਚ ਰੁੱਝੀ ਹੋਈ ਹੈ। ਵੜਿੰਗ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣੇ ਸੂਬੇ ਤੋਂ ਬਾਹਰ ਰਹਿ ਕੇ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਿਚ ਚੋਣ ਪ੍ਰਚਾਰ ਕਰ ਸਕਦੇ ਹਨ, ਪਰ ਪੰਜਾਬ 'ਚ ਅਜਿਹਾ ਨਹੀਂ ਹੋ ਸਕਦਾ ਕਿਉਂਕਿ ਪੰਜਾਬ ਵਿਚ ਸ਼ਾਸਨ ਚਲਾਉਣਾ ਆਸਾਨ ਨਹੀਂ ਹੈ। ਪੰਜਾਬ ਨੂੰ ਪੂਰੇ ਸਮੇਂ ਦੇ ਸ਼ਾਸਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸੂਰੀ ਦੀ ਸੁਰੱਖਿਆ ਪ੍ਰਤੀ ਸਾਵਧਾਨ ਰਹਿਣ ਦੀ ਲੋੜ ਸੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪੰਜਾਬ ਦੇ ਹਾਲਾਤ ਮੁੜ ਕਾਲੇ ਦੌਰ ਵਿਚ ਵੱਲ ਨਹੀਂ ਜਾਣ ਦਿੱਤੇ ਜਾ ਸਕਦੇ। ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਦਿਨ ਦਿਹਾੜੇ ਸ਼ਿਵ ਸੈਨਾ ਆਗੂ ਦੇ ਹੋਏ ਕਤਲ ਨਾਲ ਸੁਰੱਖਿਆ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਸਰ ਵਿਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਸ਼ਾਂਤੀ ਤੇ ਫਿਰਕੂ ਸਦਭਾਵਨਾ ਦਾ ਮੁਦਈ ਰਿਹਾ ਹੈ ਤੇ 1997 ਤੋਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀਆਂ ਸਰਕਾਰਾਂ ਲਈ ਇਹ ਮੁੱਦਾ ਉੱਚ ਤਰਜੀਹ ਰਿਹਾ ਹੈ। ਉਨ੍ਹਾਂ ਅੰਮ੍ਰਿਤਸਰ ਵਿਚ ਵਾਪਰੀ ਘਟਨਾ ਫਿਰ ਚੇਤੇ ਕਰਵਾਉਂਦੀ ਹੈ ਕਿ ਪੰਜਾਬ ਵਿਚ ਸਰਕਾਰ ਨਾਮ ਦੀ ਕੋਈ ਚੀਜ਼ ਨਹੀਂ ਹੈ। ਪੰਜਾਬ ਵਿਚ ਸਰਕਾਰ ਚਲਾਉਣ, ਸ਼ਾਂਤੀ ਬਣਾਈ ਰੱਖਣ, ਅਮਨ-ਕਾਨੂੰਨ ਵਿਵਸਥਾ ਕਾਇਮ ਰੱਖਣ ਤੇ ਆਮ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਦੀ ਇੱਛਾ ਉੱਕਾ ਹੀ ਖਤਮ ਹੋ ਗਈ ਹੈ।

### ਕੈਪਟਨ ਨੇ ਕਾਲੇ ਦੌਰ ਦੀ ਵਾਪਸੀ ਦਾ ਖਦਸ਼ਾ ਪ੍ਰਗਟਾਇਆ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਸੂਬੇ ਵਿਚ ਜਿਸ ਤਰ੍ਹਾਂ ਦੇ ਹਾਲਾਤ ਹਨ, ਉਹ ਕਾਲੇ ਦੌਰ ਦੀ ਵਾਪਸੀ ਦੀ ਨਿਸ਼ਾਨੀ ਹੈ। ਉਨ੍ਹਾਂ ਸੂਬੇ ਦੀ 'ਆਪ' ਸਰਕਾਰ 'ਤੇ ਅਸਫਲ ਰਹਿਣ ਦੇ ਦੋਸ਼ ਵੀ ਲਾਏ। ਉਨ੍ਹਾਂ ਕਿਹਾ ਕਿ ਉਹ ਇਸ ਲਈ ਜ਼ਿਆਦਾ ਚਿੰਤਤ ਹਨ ਕਿਉਂਕਿ 'ਆਪ' ਸਰਕਾਰ ਨੇ ਅਜਿਹੀ ਚਿੰਤਾਜਨਕ ਸਥਿਤੀ ਨੂੰ ਸੰਭਾਲਣ ਲਈ ਕੋਈ ਸਮਰੱਥਾ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਕਮਜ਼ੋਰੀ ਤੇ ਕਮੀਆਂ ਸਾਹਮਣੇ ਆਉਣ 'ਤੇ ਦੇਸ ਵਿਰੋਧੀ ਸ਼ਕਤੀਆਂ ਸਰਗਰਮ ਹੋ ਜਾਂਦੀਆਂ ਹਨ ਅਤੇ ਹੁਣ ਪੰਜਾਬ ਵਿਚ ਇਹੀ ਹੋ ਰਿਹਾ ਹੈ।

# ਨਵੇਂ ਵਿਦਿਅਕ ਵਰ੍ਹੇ ਤੋਂ ਮੁੜ ਸ਼ੁਰੂ ਹੋਵੇਗੀ ਮੀਰੀ-ਪੀਰੀ ਅਕੈਡਮੀ




**ਅੰਮ੍ਰਿਤਸਰ:** ਵਿਦੇਸ਼ੀ ਮੂਲ ਦੇ ਸਿੱਖ ਬੱਚਿਆਂ ਨੂੰ ਵਿੱਦਿਆ ਦੇਣ ਲਈ ਸਥਾਪਤ ਕੀਤੀ ਗਈ ਮੀਰੀ-ਪੀਰੀ ਅਕੈਡਮੀ ਕਰੋਨਾ ਕਾਲ ਵੇਲੇ ਬੰਦ ਹੋ ਗਈ ਸੀ ਜਿਸ ਨੂੰ ਮੁੜ ਨਵੇਂ ਵਿੱਦਿਅਕ ਸੈਸ਼ਨ ਤੋਂ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਅਕੈਡਮੀ ਵਿਚ 39 ਦੇਸ਼ਾਂ ਦੇ ਵਿਦਿਆਰਥੀ ਸਿੱਖਿਆ ਲੈ ਚੁੱਕੇ ਹਨ। ਇਹ ਖੁਲਾਸਾ ਮੀਰੀ-ਪੀਰੀ ਅਕੈਡਮੀ ਦੀ ਅਕਾਦਮਿਕ ਪ੍ਰਿੰਸੀਪਲ ਕਿਰਨਦੀਪ ਕੌਰ ਵੱਲੋਂ ਕੀਤਾ ਗਿਆ।

ਇਥੇ ਮੀਰੀ-ਪੀਰੀ ਅਕੈਡਮੀ ਤੇ ਸਿੱਖ ਨੈੱਟ ਯੂ.ਐਸ.ਏ. ਵੱਲੋਂ ਗੁਰੂ ਹਰਗੋਬਿੰਦ ਜੀ ਦੇ ਮੂਲ ਫਲਸਫੇ ਮੀਰੀ-ਪੀਰੀ ਦੀ ਪੜਚੋਲ ਵਿਸ਼ੇ 'ਤੇ ਇਕ ਲੈਕਚਰ ਕਰਵਾਇਆ ਗਿਆ, ਜਿਸ ਵਿਚ ਵਿਸ਼ਵ ਪੰਜਾਬੀ ਕੇਂਦਰ ਪਟਿਆਲਾ ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਨੇ ਵਿਚਾਰ ਪੇਸ਼ ਕੀਤੇ। ਪ੍ਰਬੰਧਕਾਂ ਨੇ ਦੱਸਿਆ ਕਿ ਇਹ ਅਕੈਡਮੀ 1996 ਵਿਚ ਬੋਰਡਿੰਗ ਸਕੂਲ ਵਜੋਂ ਖੋਲ੍ਹੀ ਗਈ ਸੀ। ਕਰੋਨਾ ਕਾਲ ਸਮੇਂ ਇਸ ਅਕੈਡਮੀ ਨੂੰ ਬੰਦ ਕਰਨਾ ਪਿਆ ਸੀ ਅਤੇ ਇਸ ਵਿਚ ਵਿੱਦਿਆ ਪ੍ਰਾਪਤ ਕਰ ਰਹੇ ਬੱਚੇ ਆਪੋ ਆਪਣੇ ਮੁਲਕਾਂ ਨੂੰ ਪਰਤ ਗਏ ਸਨ। ਪ੍ਰਬੰਧਕਾਂ ਨੇ ਦੱਸਿਆ ਕਿ ਨਵੇਂ ਵਿੱਦਿਅਕ ਸੈਸ਼ਨ ਵਿਚ ਇਸ ਅਕੈਡਮੀ ਨੂੰ ਮੁੜ ਸ਼ੁਰੂ ਕਰਨ ਦੀ ਤਿਆਰੀ ਹੈ। ਇਸ ਵਾਰ ਅਕੈਡਮੀ ਵਿਚ ਬੋਰਡਿੰਗ ਸਕੂਲ ਦੀ ਸਹੂਲਤ ਨਾਲ ਸਥਾਨਕ ਬੱਚਿਆਂ ਲਈ ਵੀ ਡੇਅ ਬੋਰਡਿੰਗ ਸਕੂਲ ਖੋਲ੍ਹਿਆ ਜਾਵੇਗਾ।

# ਵਿਧਾਇਕਾਂ ਦਾ 'ਸਤਿਕਾਰ' ਨਾ ਕਰਨ ਵਾਲੇ ਡੀ.ਸੀ. ਤਲਬ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਪੰਜਾਬ ਦੇ ਪੰਜ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਤਲਬ ਕੀਤਾ ਹੈ। ਇਹ ਮਾਮਲਾ ਸੁਤੰਤਰਤਾ ਦਿਵਸ ਦੇ ਸਮਾਗਮਾਂ ਮੌਕੇ ਪ੍ਰੋਟੋਕੋਲ ਨਿਯਮਾਂ ਦੀ ਉਲੰਘਣਾ ਦਾ ਹੈ, ਜਿਸ ਖਿਲਾਫ ਕਈ 'ਆਪ' ਵਿਧਾਇਕ ਜ਼ਿਲ੍ਹਾ ਪ੍ਰਸ਼ਾਸਨ ਨਾਲ ਨਾਰਾਜ਼ ਹੋ ਗਏ ਸਨ।

ਪੰਜਾਬ ਵਿਧਾਨ ਸਭਾ ਕੋਲ 'ਆਪ' ਵਿਧਾਇਕਾਂ ਨੇ ਇਹ ਸ਼ਿਕਾਇਤਾਂ ਭੇਜੀਆਂ ਸਨ ਕਿ ਸੁਤੰਤਰਤਾ ਦਿਵਸ ਦੇ ਸਮਾਗਮਾਂ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ ਤੇ ਪ੍ਰੋਟੋਕੋਲ ਦੀ ਪਾਲਣਾ ਨਹੀਂ ਕੀਤੀ ਹੈ। ਇਸ ਮਾਮਲੇ ਵਿਚ ਵਿਸ਼ੇਸ਼ ਅਧਿਕਾਰ ਕਮੇਟੀ ਨੇ ਜ਼ਿਲ੍ਹਾ ਸੰਗਰੂਰ, ਤਰਨ ਤਾਰਨ, ਬਠਿੰਡਾ, ਸ਼ਹੀਦ ਭਗਤ ਸਿੰਘ ਨਗਰ ਤੇ ਐਸ.ਏ.ਐਸ. ਨਗਰ ਦੇ ਡਿਪਟੀ ਕਮਿਸ਼ਨਰਾਂ ਨੂੰ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਚ ਕਮੇਟੀ ਅੱਗੇ 15 ਨਵੰਬਰ ਨੂੰ ਪੇਸ਼ ਹੋਣ ਦੀ ਹਦਾਇਤ ਕੀਤੀ ਹੈ। ਆਮ ਰਾਜ ਪ੍ਰਬੰਧ ਵਿਭਾਗ ਨੂੰ ਇਹ ਸੂਚਨਾ ਡਿਪਟੀ ਕਮਿਸ਼ਨਰਾਂ ਤੱਕ ਭੇਜਣ ਲਈ ਹਦਾਇਤ ਕੀਤੀ ਗਈ ਹੈ। ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਨਿਰਮਲ ਸਿੰਘ ਪੰਡੋਰੀ ਨੇ ਇਸ ਦੀ ਪੁਸ਼ਟੀ ਵੀ ਕੀਤੀ ਹੈ।

ਵਿਸ਼ੇਸ਼ ਅਧਿਕਾਰ ਕਮੇਟੀ ਦੀ ਹਦਾਇਤ 'ਤੇ ਪਹਿਲਾਂ ਆਮ ਰਾਜ ਪ੍ਰਬੰਧ ਵਿਭਾਗ ਨੇ ਸਾਰੇ ਪੰਜਾਬ ਦੇ ਜ਼ਿਲ੍ਹਿਆਂ ਤੇ ਸਬ-ਡਿਵੀਜ਼ਨਲ ਪੱਧਰਾਂ ਤੋਂ ਸੁਤੰਤਰਤਾ ਸਮਾਗਮਾਂ ਦੀਆਂ ਤਸਵੀਰਾਂ ਮੰਗਵਾਈਆਂ ਸਨ ਤਾਂ ਜੋ ਪਤਾ ਲੱਗ ਸਕੇ ਕਿ ਕਿਸ ਕਿਸ ਥਾਂ 'ਤੇ ਪ੍ਰੋਟੋਕੋਲ ਦੀ ਉਲੰਘਣਾ ਹੋਈ ਹੈ। ਕਈ 'ਆਪ' ਵਿਧਾਇਕਾਂ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਨੂੰ ਸਮਾਗਮਾਂ ਦੌਰਾਨ ਪ੍ਰੋਟੋਕੋਲ ਮੁਤਾਬਕ ਸੀਟ ਨਹੀਂ ਦਿੱਤੀ ਗਈ ਸੀ।

### ਜੀਐਮ ਸਰ੍ਹੋਂ ਦਾ ਬੀਜ ਤਿਆਰ ਕਰਨ 'ਤੇ ਸੁਪਰੀਮ ਕੋਰਟ ਵੱਲੋਂ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜੈਨੇਟਿਕ ਇੰਜੀਨੀਅਰਿੰਗ ਅਪਰੇਜ਼ਲ ਕਮੇਟੀ (ਜੀ.ਏ.ਈ.ਸੀ.) ਵੱਲੋਂ ਜੈਨੇਟਿਕਲੀ ਸੋਧੀ (ਜੀ.ਐਮ) ਸਰ੍ਹੋਂ ਦਾ ਬੀਜ ਤਿਆਰ ਕਰਨ ਤੇ ਇਸ ਦੀ ਟੈਸਟਿੰਗ ਦੀ ਦਿੱਤੀ ਖੁੱਲ੍ਹ ਦੇ ਫੈਸਲੇ 'ਤੇ ਰੋਕ ਲਾਉਂਦੇ ਹੋਏ 'ਸਥਿਤੀ ਜਿਉਂ ਦੀ ਤਿਉਂ' ਬਣਾ ਕੇ ਰੱਖਣ ਦੀ ਹਦਾਇਤ ਕੀਤੀ ਹੈ। ਜਸਟਿਸ ਦਿਨੇਸ਼ ਮਹੇਸ਼ਵਰੀ ਤੇ ਜਸਟਿਸ ਸੁਧਾਂਸ਼ੂ ਧੂਲੀਆ 'ਤੇ ਅਧਾਰਿਤ ਬੈਂਚ ਨੇ ਜੀ.ਈ.ਏ.ਸੀ. ਵੱਲੋਂ 18 ਅਕਤੂਬਰ ਤੇ ਮਗਰੋਂ ਵਾਤਾਵਰਨ ਤੇ ਜੰਗਲਾਤ ਮੰਤਰਾਲੇ ਵੱਲੋਂ 25 ਅਕਤੂਬਰ ਨੂੰ ਸੁਣਾਏ ਫੈਸਲੇ 'ਤੇ ਰੋਕ ਲਾ ਦਿੱਤੀ ਹੈ। ਕੋਰਟ ਨੇ ਅਰੁਣਾ ਰੌਡਰਿਗਜ਼ ਵੱਲੋਂ ਦਾਇਰ ਅੰਤਰਿਮ ਅਪੀਲ 'ਤੇ ਉਪਰੋਕਤ ਹੁਕਮ ਦਿੱਤੇ ਹਨ।

## ਚੰਡੀਗੜ੍ਹ ਹਵਾਈ ਅੱਡਾ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਕਰਨ ਬਾਰੇ ਨੋਟੀਫਿਕੇਸ਼ਨ



**ਨਵੀਂ ਦਿੱਲੀ:** ਨਾਗਰਿਕ ਹਵਾਬਾਜ਼ੀ ਮੰਤਰਾਲੇ ਨੇ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡਾ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 25 ਸਤੰਬਰ ਨੂੰ ਇਸ ਬਾਰੇ ਐਲਾਨ ਕੀਤਾ ਸੀ। ਆਜ਼ਾਦੀ ਸੰਘਰਸ਼ ਦੇ ਯੋਧੇ ਭਗਤ ਸਿੰਘ ਦਾ ਜਨਮ ਦਿਹਾੜਾ 28 ਸਤੰਬਰ ਨੂੰ ਮਨਾਇਆ ਗਿਆ ਸੀ। ਹਵਾਈ ਅੱਡਿਆਂ ਦਾ ਨਾਂ ਬਦਲਣ ਵੇਲੇ ਵਿਸਤਾਰ ਵਿਚ ਇਕ ਪ੍ਰਕਿਰਿਆ ਦਾ ਪਾਲਣ ਕੀਤਾ ਜਾਂਦਾ ਹੈ ਤੇ ਆਖਰੀ ਮਨਜ਼ੂਰੀ ਕੇਂਦਰੀ ਕੈਬਨਿਟ ਦਿੰਦੀ ਹੈ। ਆਮ ਤੌਰ 'ਤੇ ਹਵਾਈ ਅੱਡੇ ਉਸ ਸ਼ਹਿਰ ਦੇ ਨਾਂ ਤੋਂ ਹੀ ਜਾਣੇ ਜਾਂਦੇ ਹਨ ਜਿੱਥੇ ਇਹ ਸਥਿਤ ਹੁੰਦੇ ਹਨ। ਪਰ ਕੁਝ ਕੇਸਾਂ ਵਿਚ ਸਬੰਧਤ ਰਾਜ ਸਰਕਾਰਾਂ ਵਿਸ਼ੇਸ਼ ਨਾਂ ਦੀ ਤਜਵੀਜ਼ ਰੱਖਦੀਆਂ ਹਨ। ਇਸ ਸਬੰਧੀ ਮਤਾ ਵਿਧਾਨ ਸਭਾ ਵਿਚ ਪਾਸ ਕੀਤਾ ਜਾਂਦਾ ਹੈ।

### ਕਿਸਾਨਾਂ ਦੀ ਟਿਕਾਊ ਆਮਦਨ ਦਾ ਟੀਚਾ ਰੱਖਣਾ ਜ਼ਰੂਰੀ: ਜਗਦੀਪ ਧਨਖੜ



**ਚੰਡੀਗੜ੍ਹ:** ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਕਿ ਕਿਸਾਨ ਚੜ੍ਹਦੇ ਭਾਰਤ ਦੀ ਰੀੜ੍ਹ ਦੀ ਹੱਡੀ ਹਨ ਅਤੇ ਕਿਸਾਨਾਂ ਦੀ ਟਿਕਾਊ ਆਮਦਨ ਪੈਦਾ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ। ਇਹ ਗਰੀਬੀ ਨੂੰ ਘਟਾਏਗਾ ਤੇ ਅੰਨਦਾਤਾ ਲਈ ਖੁਸ਼ਹਾਲੀ ਨੂੰ ਵਧਾਏਗਾ।

ਉਪ ਰਾਸ਼ਟਰਪਤੀ ਬਣਨ ਮਗਰੋਂ ਜਗਦੀਪ ਧਨਖੜ ਪਹਿਲੀ ਵਾਰ ਚੰਡੀਗੜ੍ਹ ਦੌਰੇ 'ਤੇ ਆਏ ਸਨ। ਇਸ ਦੌਰਾਨ ਉਨ੍ਹਾਂ ਇਥੇ '15ਵੇਂ ਸੀ.ਆਈ.ਆਈ. ਐਗਰੋ ਟੈਕ ਇੰਡੀਆ-2022' ਦਾ ਉਦਘਾਟਨ ਕੀਤਾ। ਇਸ ਮੌਕੇ ਪੰਜਾਬ ਦੇ ਰਾਜਪਾਲ ਤੇ ਯੂਟੀ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ, ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ, ਉਪ ਰਾਸ਼ਟਰਪਤੀ ਦੀ ਪਤਨੀ ਡਾ. ਸੁਦੇਸ਼ ਧਨਖੜ ਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੀ ਮੌਜੂਦ ਸਨ।

# ਸਾਖ ਬਹਾਲੀ ਲਈ ਕਾਂਗਰਸ ਵੱਲੋਂ ਹੁਣ ਲੋਕਾਂ ਦੇ ਦਰਾਂ 'ਤੇ ਦਸਤਕ

**ਪਟਿਆਲਾ:** ਲੋਕਾਂ ਵਿਚ ਘਟੀ ਆਪਣੀ ਸਾਖ ਦੀ ਬਹਾਲੀ ਲਈ ਕਾਂਗਰਸ ਪਾਰਟੀ ਦੀ ਸੂਬਾਈ ਲੀਡਰਸ਼ਿਪ ਹੁਣ ਖੁਦ ਲੋਕਾਂ ਦੇ ਦਰਾਂ 'ਤੇ ਦਸਤਕ ਦੇਣ ਲੱਗੀ ਹੈ। ਵਿਧਾਨ ਸਭਾ ਚੋਣਾਂ 'ਚ ਮਿਲੀ ਕਰਾਰੀ ਹਾਰ ਮਗਰੋਂ ਆਗੂਆਂ ਕੋਲ ਹੁਣ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿਚ ਪਾਰਟੀ ਲਈ ਮਜ਼ਬੂਤ ਆਧਾਰ ਤਿਆਰ ਕਰਨ ਦਾ ਵਧੀਆ ਮੌਕਾ ਹੈ।

ਨਗਰ ਨਿਗਮ ਚੋਣਾਂ ਤੱਕ ਭਾਵੇਂ ਸੱਤ ਮਹੀਨਿਆਂ ਦਾ ਸਮਾਂ ਬਹੁਤ ਘੱਟ ਹੈ, ਪਰ ਵਿਰੋਧੀ ਸਿਆਸੀ ਧਿਰਾਂ ਲਗਾਤਾਰ ਸੂਬਾ ਸਰਕਾਰ ਨੂੰ ਘੇਰ ਰਹੀਆਂ ਹਨ। ਕਾਂਗਰਸੀ ਆਗੂਆਂ ਵੱਲੋਂ ਵੀ ਹਰ ਮੁੱਦੇ 'ਤੇ 'ਆਪ' ਸਰਕਾਰ ਨੂੰ ਫੇਲ੍ਹ ਗਰਦਾਨਿਆ ਜਾ ਰਿਹਾ ਹੈ। ਨਗਰ ਕੌਂਸਲ ਚੋਣਾਂ ਸਬੰਧੀ ਸਰਗਰਮੀਆਂ ਵਜੋਂ ਕਾਂਗਰਸ ਦੇ ਸੂਬਾਈ ਪ੍ਰਧਾਨ ਰਾਜਾ ਵੜਿੰਗ ਦੀ ਅਗਵਾਈ ਹੇਠ ਇਸ ਜ਼ਿਲ੍ਹੇ ਦੇ ਸੀਨੀਅਰ ਪਾਰਟੀ ਆਗੂ ਹਰਦਿਆਲ ਕੰਬੋਜ, ਹੈਰੀ ਮਾਨ, ਵਿਸ਼ਨੂੰ ਸ਼ਰਮਾ, ਗੁਰਦੀਪ ਉਟਸਰ, ਸੰਤੋਖ ਸਿੰਘ ਸਮੇਤ ਕਈ ਹੋਰਨਾ ਆਗੂਆਂ ਨੇ



ਪਟਿਆਲਾ ਸ਼ਹਿਰ ਵਿਚ ਘਰ-ਘਰ ਜਾ ਕੇ ਮੀਟਿੰਗਾਂ ਕਰਨ ਦੀ ਮੁਹਿਮ ਵਿੱਢੀ ਹੈ।

ਇਸ ਦੌਰਾਨ ਉਨ੍ਹਾਂ ਨੇ ਅੱਧੀ ਦਰਜਨ ਤੋਂ ਵੱਧ ਕਾਂਗਰਸੀ ਕਾਰਕੁਨਾਂ ਦੇ ਘਰਾਂ ਵਿਚ ਮੀਟਿੰਗਾਂ ਕਰਕੇ ਕਾਂਗਰਸੀ ਵਰਕਰਾਂ ਸਮੇਤ ਸ਼ਹਿਰ ਵਾਸੀਆਂ ਨੂੰ ਵੀ ਪਾਰਟੀ ਨਾਲ ਜੋੜਨ ਦਾ ਤਹੱਈਆ ਕੀਤਾ। ਰਾਜਾ ਵੜਿੰਗ ਨੇ ਕਿਹਾ ਕਿ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਸਪਸ਼ਟ ਕਰ ਦੇਣਗੀਆਂ ਕਿ ਪਟਿਆਲਾ ਵਾਸੀ ਸਦਾ ਕਾਂਗਰਸ ਦੇ ਨਾਲ ਸਨ ਤੇ ਹੁਣ ਵੀ ਉਹ ਕਾਂਗਰਸ ਦਾ ਹੀ ਸਾਥ ਦੇਣਗੇ। ਸ੍ਰੀ ਵੜਿੰਗ ਨੇ ਕਿਹਾ ਕਿ ਕੈਪਟਨ ਦੇ ਜ਼ਿਲ੍ਹੇ ਵਿਚੋਂ ਕੋਈ ਵੀ ਵਿਧਾਇਕ ਉਨ੍ਹਾਂ ਨਾਲ ਨਹੀਂ ਤੁਰਿਆ, ਜਿਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲੋਕ ਪਾਰਟੀ ਨਾਲ ਹਨ, ਨਾ ਕਿ ਕੈਪਟਨ ਨਾਲ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦਾ ਦੌਰ ਹੁਣ ਖਤਮ ਹੋ ਗਿਆ ਹੈ। ਉਨ੍ਹਾਂ ਐਲਾਨ ਕੀਤਾ ਕਿ ਕਾਂਗਰਸੀ ਆਗੂਆਂ ਦੀਆਂ ਟੀਮਾਂ ਸ਼ਹਿਰ ਦੇ ਸਮੂਹ 60 ਵਾਰਡਾਂ ਵਿਚ ਪਹਿਲਾਂ ਨਾਲੋਂ ਵੀ ਵੱਧ ਸਰਗਰਮ ਹੋ ਕੇ ਲੋਕਾਂ ਵਿਚ ਵਿਚਰਨਗੀਆਂ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਪਤਾ ਲਾ ਕੇ ਹੱਲ ਕੱਢੇ ਜਾ ਸਕਣ। ਇਸ ਮੌਕੇ ਹਰਦਿਆਲ ਕੰਬੋਜ, ਹੈਰੀ ਮਾਨ ਤੇ ਪਟਿਆਲਾ ਦੇ ਹਲਕਾ ਇੰਚਾਰਜ ਵਿਸ਼ਨੂੰ ਸ਼ਰਮਾ ਨੇ ਕਿਹਾ ਕਿ ਪਟਿਆਲਾ ਕਾਂਗਰਸ ਦਾ ਗੜ੍ਹ ਸੀ ਤੇ ਹਮੇਸ਼ਾ ਰਹੇਗਾ ਤੇ ਇਸ ਗੱਲ ਦਾ ਸਬੂਤ ਇੱਥੋਂ ਦੇ ਵਸਨੀਕ ਨਿਗਮ ਚੋਣਾਂ ਦੌਰਾਨ ਦੇਣਗੇ। ਸ਼ਾਹੀ ਪਰਿਵਾਰ ਦੇ ਕਿਸੇ ਵੀ ਜੀਅ ਨੂੰ ਭਵਿੱਖ 'ਚ ਕਾਂਗਰਸ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ, ਕਿਉਂਕਿ ਕੈਪਟਨ ਅਮਰਿੰਦਰ ਨੇ ਪਾਰਟੀ ਦੀ ਪਿੱਠ 'ਚ ਛੁਰਾ ਮਾਰਿਆ ਹੈ।

## ਰੋਟਾਵੇਟਰ ਵਿਚ ਆਉਣ ਕਾਰਨ ਕਿਸਾਨ ਦੀ ਮੌਤ

**ਲਹਿਰਾਗਾਗਾ:** ਪਿੰਡ ਖੰਡੇਬਾਦ ਵਿਚ ਕਣਕ ਦੀ ਬਿਜਾਈ ਕਰਦਿਆਂ ਰੋਟਾਵੇਟਰ ਵਿਚ ਆ ਕੇ ਇਕ ਕਿਸਾਨ ਦੀ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਹਰਵਿੰਦਰ ਸਿੰਘ ਉਰਫ ਛੱਜੂ (42) ਪੁੱਤਰ ਹਰਨੇਕ ਸਿੰਘ ਵਾਸੀ ਖੰਡੇਬਾਦ ਖੇਤ ਵਿਚ ਰੋਟਾਵੇਟਰ ਮਸ਼ੀਨ ਰਾਹੀਂ ਕਣਕ ਦੀ ਬਿਜਾਈ ਕਰ ਰਿਹਾ ਸੀ।

ਇਸ ਮੌਕੇ ਪਹਿਲਾ ਡਰਾਈਵਰ ਚਾਹ ਪੀਣ ਲਈ ਉਤਰ ਗਿਆ ਤੇ ਹਰਵਿੰਦਰ ਟਰੈਕਟਰ 'ਤੇ ਚੜ੍ਹਨ ਲੱਗਿਆ, ਪਰ ਉਸ ਦਾ ਪੈਰ ਤਿਲਕ ਗਿਆ, ਜਿਸ ਕਾਰਨ ਟਰੈਕਟਰ ਤੇ ਮਗਰੋਂ ਰੋਟਾਵੇਟਰ ਦੀਆਂ ਪੱਤੀਆਂ ਉਸ ਉਤੋਂ ਲੰਘ ਗਈਆਂ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਹਰਵਿੰਦਰ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਹਿਮਾਚਲ ਚੋਣਾਂ: ਭਾਜਪਾ ਨੇ ਲਾਈ ਵਾਅਦਿਆਂ ਦੀ ਝੜੀ



**ਸ਼ਿਮਲਾ:** ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ.ਨੱਢਾ ਨੇ ਹਿਮਾਚਲ ਪ੍ਰਦੇਸ਼ ਚੋਣਾਂ ਲਈ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਪਹਾੜੀ ਰਾਜ ਵਿਚ ਸਾਂਝਾ ਸਿਵਲ ਕੋਡ (ਯੂ.ਸੀ.ਸੀ.) ਲਾਗੂ ਕਰਨ, ਸਰਕਾਰੀ ਨੌਕਰੀਆਂ ਤੇ ਸਿੱਖਿਆ ਸੰਸਥਾਵਾਂ 'ਚ ਮਹਿਲਾਵਾਂ ਨੂੰ 33 ਫੀਸਦ ਰਾਖਵਾਂਕਰਨ ਤੇ ਵੱਖ ਵੱਖ ਵਰਗਾਂ ਲਈ ਭਲਾਈ ਸਕੀਮਾਂ ਤੇ ਸੌਗਾਤਾਂ ਦਾ ਐਲਾਨ ਕੀਤਾ ਹੈ।

'ਸੰਕਲਪ ਪੱਤਰ' ਵਿਚ ਹਿੰਦੂਤਵ, ਵਿਕਾਸ ਤੇ ਭਲਾਈ ਨਾਲ ਜੁੜੇ ਵੱਖ-ਵੱਖ ਵਾਅਦਿਆਂ ਨੂੰ ਰਲਗੱਡ ਕੀਤਾ ਗਿਆ ਹੈ। ਹਿਮਾਚਲ ਵਿਚ ਪੁਰਸ਼ਾਂ ਦੇ ਮੁਕਾਬਲੇ ਮਹਿਲਾ ਵੋਟਰਾਂ ਦੀ ਫੀਸਦ ਵੱਧ ਹੋਣ ਕਰਕੇ ਨੱਢਾ ਨੇ ਮਹਿਲਾਵਾਂ ਲਈ ਵੱਖਰਾ ਮੈਨੀਫੈਸਟੋ ਜਾਰੀ ਕੀਤਾ ਹੈ। ਮਹਿਲਾ ਵਰਗ ਨਾਲ ਕੀਤੇ ਵਾਅਦਿਆਂ ਵਿਚ ਮੁਫਤ ਅਨਾਜ, ਕੁਕਿੰਗ ਗੈਸ ਕੁਨੈਕਸ਼ਨ ਤੇ ਪਖਾਨੇ ਆਦਿ ਸ਼ਾਮਲ ਹਨ। ਸ੍ਰੀ ਨੱਢਾ ਨੇ ਮੁੜ ਸੱਤਾ ਵਿਚ ਆਉਣ 'ਤੇ ਸਰਕਾਰੀ ਸਣੇ ਕੁੱਲ ਅੱਠ ਲੱਖ ਨੌਕਰੀਆਂ ਸਿਰਜਣ, 6ਵੀਂ ਤੋਂ 12ਵੀਂ ਜਮਾਤਾਂ ਵਿਚ ਪੜ੍ਹਦੀਆਂ ਵਿਦਿਆਰਥਣਾਂ ਲਈ ਸਾਈਕਲ, ਉਚੇਰੀ ਸਿੱਖਿਆ ਲੈਣ ਵਾਲੀਆਂ ਲੜਕੀਆਂ ਲਈ ਸਕੂਟਰ ਤੇ ਸੂਬੇ ਵਿਚ ਪੰਜ ਨਵੇਂ ਮੈਡੀਕਲ ਕਾਲਜ ਖੋਲ੍ਹਣ ਦਾ ਐਲਾਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਨਵੀਂ ਭਾਜਪਾ ਸਰਕਾਰ ਵਕਫ ਜਾਇਦਾਦਾਂ ਦੇ ਸਰਵੇਖਣ ਦਾ ਹੁਕਮ ਦੇਵੇਗੀ। ਉਨ੍ਹਾਂ ਵਾਅਦਾ ਕੀਤਾ ਕਿ ਹਿਮਾਚਲ ਵਿੱਚ ਮੁੜ ਭਾਜਪਾ ਸਰਕਾਰ ਬਣੀ ਤਾਂ ਯੂ.ਸੀ.ਸੀ. ਲਾਗੂ ਕੀਤਾ ਜਾਵੇਗਾ ਤੇ ਇਸ ਲਈ ਕਮੇਟੀ ਵੀ ਗਠਿਤ ਕਰਾਂਗੇ। ਉਨ੍ਹਾਂ ਕਿਹਾ ਕਿ ਚੋਣ ਮਨੋਰਥ ਪੱਤਰ ਵਿੱਚ ਕੀਤੇ ਵਾਅਦਿਆਂ ਨੂੰ ਮੁਫਤ ਸੌਗਾਤਾਂ ਨਹੀਂ ਕਿਹਾ ਜਾ ਸਕਦਾ, ਕਿਉਂਕਿ ਸ਼ਕਤੀਕਰਨ ਤੇ ਭਰਮਾਉਣ ਵਿਚ ਬੜਾ ਮਹੀਨ ਫਰਕ ਹੁੰਦਾ ਹੈ। ਉਨ੍ਹਾਂ ਕਾਂਗਰਸ ਤੇ ਭਾਜਪਾ ਦੇ ਮੈਨੀਫੈਸਟੋ 'ਚ ਕਿਸੇ ਤਰ੍ਹਾਂ ਦੀ ਸਮਾਨਤਾ ਨੂੰ ਖਾਰਜ ਕਰ ਦਿੱਤਾ।

ਨੱਢਾ ਨੇ ਕਿਹਾ ਕਿ ਵਿਰੋਧੀ ਪਾਰਟੀ ਨੇ ਲੋਕ ਲੁਭਾਊ ਤੇ ਵੱਡੇ ਦਾਅਵੇ ਕੀਤੇ ਹਨ ਕਿਉਂਕਿ ਉਸ ਦਾ ਇਨ੍ਹਾਂ ਨੂੰ ਪੂਰਾ ਕਰਨ ਦਾ ਕੋਈ ਇਰਾਦਾ ਨਹੀਂ ਹੈ। ਭਾਜਪਾ ਨੇ ਚੋਣ ਮਨੋਰਥ ਪੱਤਰ ਵਿੱਚ 11 'ਵਾਅਦੇ' ਕੀਤੇ ਹਨ, ਜਿਸ ਵਿੱਚ ਕਿਸਾਨਾਂ ਨੂੰ ਕੇਂਦਰੀ ਸਕੀਮ ਤਹਿਤ ਮਿਲਦੀ ਸਾਲਾਨਾ 6000 ਰੁਪਏ ਦੀ ਰਾਸ਼ੀ ਤੋਂ ਇਲਾਵਾ 3000 ਰੁਪਏ ਦੇਣਾ ਵੀ ਸ਼ਾਮਲ ਹੈ। ਹੋਰਨਾਂ ਵਾਅਦਿਆਂ 'ਚ ਪਿੰਡਾਂ ਨੂੰ ਸੜਕਾਂ ਨਾਲ ਜੋੜਨਾ ਅਤੇ 'ਸ਼ਕਤੀ' ਪ੍ਰੋਗਰਾਮ ਤਹਿਤ ਅਗਲੇ ਦਸ ਸਾਲਾਂ ਵਿਚ ਟਰਾਂਸਪੋਰਟ ਤੇ ਮੰਦਿਰਾਂ ਦੁਆਲੇ ਫਿਜ਼ੀਕਲ ਇਨਫਰਾਸਟਰੱਕਚਰ ਵਿਕਸਤ ਕਰਨ ਲਈ 12000 ਕਰੋੜ ਰੁਪਏ ਦਾ ਨਿਵੇਸ਼ ਸ਼ਾਮਲ ਹੈ। ਮੈਨੀਫੈਸਟੋ 'ਚ ਸੇਬਾਂ ਦੀ ਪੈਕਿੰਗ 'ਤੇ ਕਿਸਾਨਾਂ ਨੂੰ ਜੀ.ਐਸ.ਟੀ. 'ਚ ਰਾਹਤ, ਸਟਾਰਟ ਅੱਪਸ ਨੂੰ ਹੁਲਾਰੇ ਲਈ 900 ਕਰੋੜ ਰੁਪਏ ਦਾ ਨਿਵੇਸ਼, ਡਿਊਟੀ ਦੌਰਾਨ ਸ਼ਹੀਦ ਹੋਣ ਵਾਲੀ ਫੌਜੀਆਂ ਦੇ ਪਰਿਵਾਰਾਂ ਲਈ ਮੁਆਵਜ਼ਾ, ਗਰੀਬ ਘਰਾਂ ਲਈ ਤਿੰਨ ਮੁਫਤ ਰਸੋਈ ਗੈਸ ਸਿਲੰਡਰ ਵੀ ਸ਼ਾਮਲ ਹਨ।

## ਭਾਰਤ ਵਿਚ ਬਲੂ ਟਿਕ ਲਈ ਫੀਸ ਵਸੂਲੇਗਾ ਟਵਿੱਟਰ

**ਨਵੀਂ ਦਿੱਲੀ:** ਭਾਰਤ ਵਿਚ ਟਵਿੱਟਰ 'ਬਲੂ ਟਿਕ' ਵਾਸਤੇ ਲਈ ਜਾਣ ਵਾਲੀ ਫੀਸ 'ਮਹੀਨੇ ਤੋਂ ਵੀ ਥੋੜ੍ਹੇ ਸਮੇਂ" ਵਿਚ ਲਾਗੂ ਹੋ ਜਾਵੇਗੀ। ਪਲੈਟਫਾਰਮ ਦੇ ਨਵੇਂ ਮਾਲਕ ਐਲਨ ਮਸਕ ਨੇ ਕਿਹਾ ਹੈ ਕਿ ਵੈਰੀਫਿਕੇਸ਼ਨ ਸੇਵਾ ਲਈ ਭਾਰਤ ਵਿਚ ਚਾਰਜ ਜਲਦੀ ਲੈਣਾ ਸ਼ੁਰੂ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮਸਕ ਨੇ ਇਸੇ ਮਹੀਨੇ ਐਲਾਨ ਕੀਤਾ ਸੀ ਕਿ ਵਰਤੋਂਕਾਰ ਦੇ ਨਾਂ ਅੱਗੇ 'ਬਲੂ ਟਿਕ' ਲਈ ਹੁਣ 8 ਡਾਲਰ ਪ੍ਰਤੀ ਮਹੀਨਾ ਚਾਰਜ ਕੀਤੇ ਜਾਣਗੇ। ਇਸ ਟਿਕ ਨਾਲ ਅਕਾਊਂਟ ਨੂੰ ਤਸਦੀਕ ਕੀਤਾ ਜਾਂਦਾ ਹੈ।

# ਜੀਐਮ ਸਰ੍ਹੋਂ ਦੇ ਟਰਾਇਲ ਦਾ ਬਾਈਕਾਟ ਕਰਾਂਗੇ: ਟਿਕੈਤ




**ਪ੍ਰਯਾਗਰਾਜ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਨੂੰ ਜੈਨੇਟਿਕਲੀ ਸੋਧੀ (ਜੀਐਮ) ਸਰ੍ਹੋਂ ਦਾ ਟਰਾਇਲ ਨਹੀਂ ਕਰਨ ਦੇਣਗੇ। ਉਹ ਝਾਲਵਾ ਦੇ ਘੁੰਗਰੂ ਚੌਕ ਨੇੜੇ ਕਿਸਾਨਾਂ ਦੀ ਮਹਾਪੰਚਾਇਤ ਨੂੰ ਸੰਬੋਧਨ ਕਰ ਰਹੇ ਸਨ।

ਟਿਕੈਤ ਨੇ ਦਾਅਵਾ ਕੀਤਾ ਕਿ ਜੇਕਰ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਸਹੀ ਕੀਮਤ ਦੇਵੇ ਤਾਂ ਫਸਲਾਂ ਦੀ ਘਾਟ ਨਹੀਂ ਆਵੇਗੀ। ਟਿਕੈਤ ਨੇ ਕਿਹਾ ਕਿ ਉਸ ਦੀ ਯੂਨੀਅਨ ਬੀਜਾਂ ਸਬੰਧੀ ਕਾਨੂੰਨ ਬਣਾਉਣ ਲਈ ਸੰਘਰਸ਼ ਜਾਰੀ ਰੱਖੇਗੀ, ਜਿਸ ਤਹਿਤ ਵਿਦੇਸ਼ੀ ਕੰਪਨੀਆਂ ਦਾ ਬੀਜ ਬੀਜਣ ਵਾਲੇ ਕਿਸਾਨਾਂ ਨੂੰ ਸਜਾ ਦਿੱਤੀ ਜਾਵੇਗੀ।

# ਲੋਕ ਆਪਣੇ ਬੱਚਿਆਂ ਦਾ ਖਿਆਲ ਰੱਖਣਾ: ਚਰਨ ਕੌਰ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਹੁਣ ਮੂਸੇਵਾਲਾ ਦੀ ਸੋਚ ਦਾ ਛੋਟੇ ਬੱਚਿਆਂ 'ਤੇ ਅਸਰ ਹੋਣ ਲੱਗਿਆ ਹੈ ਤੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦੇ ਬੱਚੇ ਪੱਗਾਂ ਬੰਨ੍ਹ ਕੇ ਉਨ੍ਹਾਂ ਨੂੰ ਮਿਲਣ ਆ ਰਹੇ ਹਨ, ਜੋ ਪੰਜਾਬ ਦੇ ਸਭਿਆਚਾਰ ਵਾਲੇ ਪਾਸੇ ਮੁੜਨ ਦੀ ਚੰਗੀ ਨਿਸ਼ਾਨੀ ਹੈ। ਉਨ੍ਹਾਂ ਪਿੰਡ ਮੂਸਾ ਵਿਚ ਸਿੱਧੂ ਮੂਸੇਵਾਲਾ ਦੇ ਪ੍ਰਸੰਸਕਾਂ ਨੂੰ ਮਿਲਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਪਣੇ ਬੱਚਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ ਕਿਉਂਕਿ ਪੰਜਾਬ ਦਾ ਮਾਹੌਲ ਖਰਾਬ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਇਨਸਾਫ ਦੇਣ ਵਿਚ ਦੇਰੀ ਕੀਤੀ ਜਾ ਰਹੀ ਹੈ, ਜੋ ਨਹੀਂ ਹੋਣੀ ਚਾਹੀਦੀ ਸੀ। ਉਨ੍ਹਾਂ ਪੰਜਾਬੀ ਗਾਇਕ ਨੂੰ ਯਾਦ ਰੱਖਣ ਵਾਲਿਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਸਿੱਧੂ ਨੂੰ ਪਸੰਦ ਕਰਦੇ ਹਨ, ਜੇ ਉਸ ਨੂੰ ਇਨਸਾਫ ਨਹੀਂ ਮਿਲ ਰਿਹਾ ਤਾਂ ਆਮ ਵਿਅਕਤੀ ਇਨਸਾਫ ਦੀ ਕੀ ਆਸ ਰੱਖ ਸਕਦਾ ਹੈ।



## ਆਜ਼ਾਦ ਭਾਰਤ ਦੇ ਪਹਿਲੇ ਵੋਟਰ ਸ਼ਿਆਮ ਸਰਨ ਨੇਗੀ ਦਾ 106 ਸਾਲ ਦੀ ਉਮਰ 'ਚ ਦੇਹਾਂਤ

**ਸ਼ਿਮਲਾ:** ਭਾਰਤ ਦੇ ਪਹਿਲੇ ਵੋਟਰ ਸ਼ਿਆਮ ਸਰਨ ਨੇਗੀ ਦਾ ਹਿਮਾਚਲ ਪ੍ਰਦੇਸ਼ ਦੇ ਕਿਨੌਰ ਸਥਿਤ ਉਨ੍ਹਾਂ ਦੇ ਘਰ ਵਿਚ ਦੇਹਾਂਤ ਹੋ ਗਿਆ। ਉਹ 106 ਸਾਲ ਦੇ ਸਨ। ਚੋਣ ਕਮਿਸ਼ਨ ਨੇ ਸੋਗ ਸੁਨੇਹੇ ਵਿਚ ਕਿਹਾ, 'ਉਹ ਨਾ ਸਿਰਫ ਆਜ਼ਾਦ ਭਾਰਤ ਦੇ ਪਹਿਲੇ ਵੋਟਰ ਸਨ, ਸਗੋਂ ਆਪਣੀ ਮੌਤ ਤੋਂ ਪਹਿਲਾਂ 2 ਨਵੰਬਰ ਨੂੰ ਬੈਲਟ ਪੇਪਰ ਰਾਹੀਂ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣ 2022 ਲਈ ਵੀ ਵੋਟ ਪਾਈ ਸੀ।'

# ਯੂ.ਐਨ. ਵੱਲੋਂ ਜਲਵਾਯੂ ਤਬਦੀਲੀ ਕਾਰਨ ਪੈਦਾ ਹੋ ਰਹੇ ਹਾਲਾਤ ਉਤੇ ਫਿਕਰਮੰਦੀ

**ਨਵੀਂ ਦਿੱਲੀ:** ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਗੰਭੀਰ ਚਿਤਾਵਨੀ ਜਾਰੀ ਕਰਦਿਆਂ ਕਿਹਾ ਕਿ ਧਰਤੀ ਦਾ ਗਰਮ ਹੋ ਰਿਹਾ ਮੌਸਮ ਤੇ ਸਮੁੰਦਰ ਪੱਧਰ ਵਿਚ ਵਾਧੇ ਕਾਰਨ ਹਾਲਾਤ ਵਿਗੜ ਰਹੇ ਹਨ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਜ਼ ਨੇ ਕਿਹਾ ਕਿ ਗਲੋਬਲ ਜਲਵਾਯੂ ਰਿਪੋਰਟ ਦੀ ਤਾਜ਼ਾ ਸਥਿਤੀ ਜਲਵਾਯੂ ਹਫੜਾ-ਦਫੜੀ ਦਾ ਇਕ ਬਿਰਤਾਂਤ ਹੈ ਤੇ ਸਾਨੂੰ ਗ੍ਰਹਿ ਸੰਕਟ ਬਾਰੇ ਮਿਲ ਰਹੇ ਸੰਕੇਤ ਦੇ ਜਵਾਬ ਲਈ ਭਰੋਸੇਯੋਗ ਕਾਰਵਾਈ ਕਰਨੀ ਚਾਹੀਦੀ ਹੈ।

ਆਪਣੀ ਸਾਲਾਨਾ ਸਥਿਤੀ ਦੀ ਜਲਵਾਯੂ ਰਿਪੋਰਟ ਵਿਚ ਸੰਯੁਕਤ ਰਾਸ਼ਟਰ ਦੀ ਮੌਸਮ ਏਜੰਸੀ ਨੇ ਕਿਹਾ ਕਿ ਪਿਛਲੇ ਦਹਾਕੇ 'ਚ ਸਮੁੰਦਰ ਦੇ ਪੱਧਰ ਵਿਚ ਵਾਧਾ 1990 ਦੇ ਦਹਾਕੇ ਨਾਲੋਂ ਦੁੱਗਣਾ ਸੀ ਅਤੇ ਜਨਵਰੀ 2020 ਤੋਂ ਬਾਅਦ ਇਸ ਨੇ ਉੱਚੀ ਦਰ ਨਾਲ ਛਾਲ ਮਾਰੀ ਹੈ। ਪਿਛਲੇ ਅੱਠ ਸਾਲ ਰਿਕਾਰਡ ਸਭ ਤੋਂ ਗਰਮ ਰਹੇ ਹਨ। ਦੁਨੀਆ ਭਰ ਦੇ ਦੂਤ ਮਿਸਰ ਦੀ ਸੈਰਗਾਹ ਸ਼ਰਮ ਅਲ-ਸ਼ੇਖ ਵਿਚ ਜਲਵਾਯੂ ਤਬਦੀਲੀ ਨਾਲ ਨਜਿੱਠਣ ਨੂੰ ਲੈ ਕੇ ਗੱਲਬਾਤ ਲਈ ਇਕੱਠੇ ਹੋਏ, ਕਿਉਂਕਿ ਦੁਨੀਆ ਕਈ ਸੰਕਟਾਂ ਨਾਲ ਜੂਝ ਰਹੀ ਹੈ, ਜਿਸ ਵਿਚ ਰੂਸ-ਯੂਕਰੇਨ ਜੰਗ, ਮਹਿੰਗਾਈ, ਭੋਜਨ ਤੇ ਊਰਜਾ ਦੀ ਕਮੀ ਸ਼ਾਮਲ ਹਨ। ਇਹ ਬੈਠਕ 6 ਨਵੰਬਰ ਤੋਂ 18 ਨਵੰਬਰ ਤੱਕ ਜਾਰੀ ਰਹੇਗੀ, ਜਿਸ ਵਿਚ ਵੱਖ-ਵੱਖ ਦੇਸਾਂ ਦੇ ਆਗੂ ਜਲਵਾਯੂ ਤਬਦੀਲੀ ਉਤੇ ਚਰਚਾ ਕਰਨਗੇ। ਇਕ ਉਦਘਾਟਨੀ ਭਾਸ਼ਨ ਵਿਚ ਸੰਯੁਕਤ ਰਾਸ਼ਟਰ ਦੇ ਜਲਵਾਯੂ ਵਿਗਿਆਨੀਆਂ ਦੇ ਵਫਦ ਦੇ ਪ੍ਰਮੁੱਖ ਨੇ ਵਿਸ਼ਵ ਤਾਪਮਾਨ ਦੇ ਪ੍ਰਭਾਵਾਂ ਦੇ ਅਨੁਕੂਲ ਹੋਣ ਅਤੇ ਗਰੀਨ ਹਾਊਸ ਗੈਸ ਉਤਸਰਜਨ ਵਿਚ ਕਟੌਤੀ ਸੰਬੰਧੀ ਲੋੜਾਂ ਉਤੇ ਚਾਨਣਾ ਪਾਇਆ। 'ਇੰਟਰਗਵਰਮੈਂਟ ਪੈਨਲ ਆਨ ਕਲਾਈਮੇਟ ਚੇਂਜ' ਦੇ ਪ੍ਰਮੁੱਖ ਹੋਸੰਗ ਲੀ ਨੇ ਕਿਹਾ ਕਿ ਇਹ ਸਾਡੇ ਗ੍ਰਹਿ ਤੇ ਸਾਡੀ ਰੋਜ਼ੀ ਰੋਟੀ ਨੂੰ ਬਚਾਉਣ ਦਾ ਮੌਕਾ ਹੈ। ਆਲੋਕ ਸ਼ਰਮਾ ਨੇ ਕਿਹਾ ਕਿ ਦੇਸਾਂ ਨੇ ਗਲਾਸਗੋ ਵਿਚ ਪਿਛਲੀ ਬੈਠਕ ਵਿਚ ਕਾਫੀ ਉਪਲੱਬਧੀ ਹਾਸਲ ਕੀਤੀ ਸੀ, ਜਿਸ ਵਿਚ ਉਤਸਰਜਨ ਵਿਚ ਕਟੌਤੀ ਲਈ ਜਰੂਰੀ ਟੀਚੇ ਨਿਰਧਾਰਿਤ ਕਰਨਾ, 2015 ਦੇ ਪੈਰਿਸ ਸਮਝੌਤੇ ਦੇ ਨਿਯਮਾਂ ਨੂੰ ਆਖਰੀ ਛੋਹਾਂ ਦੇਣੀਆਂ ਤੇ ਕੋਇਲੇ ਦੀ ਵਰਤੋਂ ਨੂੰ ਪੜਾਅਵਾਰ ਤਰੀਕੇ ਨਾਲ ਸਮਾਪਤ ਕਰਨ ਦਾ ਸੰਕਲਪ ਲਿਆ ਗਿਆ। ਬੈਠਕ ਤੋਂ ਪਹਿਲਾਂ ਕੇਂਦਰੀ ਵਾਤਾਵਰਨ ਮੰਤਰੀ ਭੁਪੇਂਦਰ ਯਾਦਵ ਨੇ ਕਿਹਾ ਕਿ ਜਲਵਾਯੂ ਤਬਦੀਲੀ ਨਾਲ ਲੜਨ ਲਈ ਭਾਰਤ ਵਿਕਸਤ ਦੇਸਾਂ ਤੋਂ ਮਦਦ ਮੰਗੇਗਾ। ਭਾਰਤ ਇਨ੍ਹਾਂ ਦੇਸਾਂ ਤੋਂ ਵਿਕਾਸ ਕਰ ਰਹੇ ਦੇਸਾਂ ਲਈ ਵਿੱਤ ਤੇ ਟੈਕਨਾਲੋਜੀ ਤਬਦੀਲ ਕਰਨ ਦੀ ਵੀ ਮੰਗ ਕਰੇਗਾ ਤਾਂ ਜੋ ਜਲਵਾਯੂ ਚੁਣੌਤੀਆਂ ਨਾਲ ਨਜਿੱਠਣ ਲਈ ਮਦਦ ਮਿਲ ਸਕੇ।



# ਜ਼ਿਮਨੀ ਚੋਣਾਂ ਵਿਚ ਭਾਜਪਾ ਨੇ ਸੱਤ 'ਚੋਂ ਚਾਰ ਸੀਟਾਂ ਜਿੱਤੀਆਂ

**ਨਵੀਂ ਦਿੱਲੀ:** ਛੇ ਸੂਬਿਆਂ ਦੇ ਸੱਤ ਵਿਧਾਨ ਸਭਾ ਹਲਕਿਆਂ ਵਿਚ 3 ਨਵੰਬਰ ਨੂੰ ਹੋਈਆਂ ਜ਼ਿਮਨੀ ਚੋਣਾਂ ਵਿਚ ਭਾਜਪਾ ਨੇ ਚਾਰ ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਹਰਿਆਣਾ, ਯੂਪੀ, ਬਿਹਾਰ ਤੇ ਉੜੀਸਾ ਦੀ ਇਕ-ਇਕ ਸੀਟ ਭਾਜਪਾ ਦੇ ਹਿੱਸੇ ਆਈ ਹੈ ਜਦਕਿ ਬਿਹਾਰ ਦੀ ਮੋਕਾਮਾ ਸੀਟ ਆਰ.ਜੇ.ਡੀ. ਨੇ ਜਿੱਤੀ ਹੈ।

ਸ਼ਿਵ ਸੈਨਾ (ਊਧਵ ਬਾਲਾਸਾਹੇਬ ਠਾਕਰੇ) ਦੀ ਉਮੀਦਵਾਰ ਰੁਤੁਜਾ ਲਟਕੇ ਨੇ ਮੁੰਬਈ ਦੀ ਅੰਧੇਰੀ (ਪੂਰਬੀ) ਸੀਟ ਜਿੱਤ ਲਈ ਹੈ। ਤਿਲੰਗਾਨਾ ਦੀ ਮੁਨੁਗੋੜੂ ਸੀਟ ਟੀ.ਆਰ.ਐਸ. ਨੇ ਭਾਜਪਾ ਨੂੰ ਹਰਾ ਕੇ ਜਿੱਤ ਲਈ ਹੈ। ਭਾਜਪਾ ਨੇ ਹਰਿਆਣਾ ਦੀ ਆਦਮਪੁਰ ਸੀਟ ਕਾਂਗਰਸ ਦੇ ਉਮੀਦਵਾਰ ਨੂੰ 16 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਲਈ ਹੈ।

ਇਥੋਂ ਭਵਿਆ ਬਿਸ਼ਨੋਈ ਨੇ ਕਾਂਗਰਸ ਉਮੀਦਵਾਰ ਜੈ ਪ੍ਰਕਾਸ਼ ਨੂੰ ਹਰਾਇਆ ਹੈ। ਇਸ ਜਿੱਤ ਨਾਲ ਸਾਬਕਾ ਮੁੱਖ ਮੰਤਰੀ ਭਜਨ ਲਾਲ ਦੇ ਪਰਿਵਾਰ ਨੇ ਇਸ ਹਲਕੇ ਵਿਚ ਆਪਣਾ ਦਬਦਬਾ ਕਾਇਮ ਰੱਖਿਆ ਹੈ। ਭਵਿਆ ਬਿਸ਼ਨੋਈ ਭਜਨ ਲਾਲ ਦੇ ਪੋਤਰੇ ਹਨ। ਆਦਮਪੁਰ ਦੀ ਸੀਟ ਤੋਂ ਸੰਨ 1968 ਤੋਂ ਭਜਨ ਲਾਲ ਦਾ ਪਰਿਵਾਰ ਹੀ ਜਿੱਤਦਾ ਰਿਹਾ ਹੈ। ਕੁਲਦੀਪ ਬਿਸ਼ਨੋਈ ਵੱਲੋਂ ਕਾਂਗਰਸ ਵਿਧਾਇਕ ਵਜੋਂ ਅਸਤੀਫਾ ਦੇਣ ਮਗਰੋਂ ਇਹ ਸੀਟ ਖਾਲੀ ਹੋਈ ਸੀ। ਉਹ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਯੂਪੀ ਦੀ ਗੋਲਾ ਗੋਕਰਨਨਾਥ ਸੀਟ ਭਾਜਪਾ ਨੇ ਆਪਣੇ ਕੋਲ ਰੱਖਣ ਵਿਚ ਸਫਲਤਾ ਹਾਸਲ ਕੀਤੀ ਹੈ।

ਪਾਰਟੀ ਉਮੀਦਵਾਰ ਅਮਨ ਗਿਰੀ ਨੇ 'ਸਪਾ' ਦੇ ਉਮੀਦਵਾਰ ਨੂੰ 34 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇਹ ਸੀਟ ਭਾਜਪਾ ਵਿਧਾਇਕ ਅਰਵਿੰਦ ਗਿਰੀ ਦੀ ਮੌਤ ਕਾਰਨ ਖਾਲੀ ਹੋਈ ਸੀ। ਬਿਹਾਰ ਵਿਚ ਆਰਜੇਡੀ ਦੀ ਉਮੀਦਵਾਰ ਨੀਲਮ ਦੇਵੀ ਨੇ ਮੋਕਾਮਾ ਸੀਟ 16 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤੀ ਹੈ। ਇਸ ਸੀਟ ਤੋਂ ਉਨ੍ਹਾਂ ਦੇ ਵਿਧਾਇਕ ਪਤੀ ਅਨੰਤ ਕੁਮਾਰ ਸਿੰਘ ਨੂੰ ਅਯੋਗ ਕਰਾਰ ਦਿੱਤਾ ਗਿਆ ਸੀ ਤੇ ਸੀਟ ਖਾਲੀ ਹੋ ਗਈ ਸੀ। ਬਿਹਾਰ ਦੀ ਗੋਪਾਲਗੰਜ ਸੀਟ ਭਾਜਪਾ ਨੇ ਆਪਣੇ ਕੋਲ ਕਾਇਮ ਰੱਖੀ ਹੈ। ਭਾਜਪਾ ਉਮੀਦਵਾਰ ਕੁਸੁਮ ਦੇਵੀ ਨੇ ਇੱਥੇ ਆਰ.ਜੇ.ਡੀ. ਉਮੀਦਵਾਰ ਨੂੰ ਮਾਤ ਦਿੱਤੀ ਹੈ। ਇਹ ਸੀਟ ਕੁਸੁਮ ਦੇਵੀ ਦੇ ਪਤੀ ਵਿਧਾਇਕ ਸੁਭਾਸ਼ ਸਿੰਘ ਦੀ ਮੌਤ ਕਾਰਨ ਖਾਲੀ ਹੋਈ ਸੀ।



ਕੁਸੁਮ ਦੇਵੀ ਨੂੰ 70,032 ਤੇ ਆਰਜੇਡੀ ਦੇ ਮੋਹਨ ਗੁਪਤਾ ਨੂੰ 68,243 ਵੋਟਾਂ ਪਈਆਂ। ਇਹ ਜਿਮਨੀ ਚੋਣਾਂ ਬਿਹਾਰ ਵਿਚ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਮਹਾ ਗੱਠਜੋੜ ਦੀ ਪ੍ਰੀਖਿਆ ਵੀ ਸਨ ਜੋ ਕਿ ਤਿੰਨ ਮਹੀਨੇ ਪਹਿਲਾਂ ਬਣਿਆ ਹੈ। ਭਾਜਪਾ ਪਹਿਲੀ ਵਾਰ ਮੋਕਾਮਾ ਸੀਟ ਤੋਂ ਚੋਣ ਲੜੀ ਹੈ ਜਦਕਿ ਇਸ ਤੋਂ ਪਹਿਲਾਂ ਇਹ ਸੀਟ ਭਾਈਵਾਲਾਂ (ਜੇ.ਡੀ.ਯੂ. ਤੇ ਹੋਰਾਂ) ਲਈ ਛੱਡੀ ਜਾਂਦੀ ਸੀ। ਜ਼ਿਕਰਯੋਗ ਹੈ ਕਿ ਸੱਤ ਸੀਟਾਂ 'ਤੇ ਜ਼ਿਮਨੀ ਚੋਣ 3 ਨਵੰਬਰ ਨੂੰ ਹੋਈ ਸੀ।

## ਰਾਤੋ-ਰਾਤ ਕਰੋੜਪਤੀ ਬਣੇ ਪਾਕਿ ਪੁਲਿਸ ਅਧਿਕਾਰੀ ਦਾ ਬੈਂਕ ਖਾਤਾ ਸੀਲ

**ਕਰਾਚੀ:** ਪਾਕਿਸਤਾਨ ਦੇ ਕਰਾਚੀ ਸ਼ਹਿਰ ਦਾ ਇਕ ਪੁਲਿਸ ਅਧਿਕਾਰੀ ਜੋ ਰਾਤੋ-ਰਾਤ ਕਰੋੜਪਤੀ ਬਣਿਆ ਸੀ, ਦਾ ਬੈਂਕ ਖਾਤਾ ਸੀਲ ਕਰ ਦਿੱਤਾ ਗਿਆ ਹੈ। ਉਸ ਦੇ ਬੈਂਕ ਖਾਤੇ ਵਿਚ ਅਣਪਛਾਤੇ ਸਰੋਤ ਤੋਂ ਦਸ ਕਰੋੜ ਰੁਪਏ ਆ ਗਏ ਸਨ। ਕਰਾਚੀ ਦੇ ਬਹਾਦੁਰਾਬਾਦ ਥਾਣੇ ਵਿਚ ਜਾਂਚ ਅਧਿਕਾਰੀ ਵਜੋਂ ਤਾਇਨਾਤ ਆਮੀਰ ਗੋਪੰਗ ਉਸ ਸਮੇਂ ਹੈਰਾਨ ਹੋ ਗਿਆ, ਜਦੋਂ ਉਸ ਨੂੰ ਪਤਾ ਚੱਲਿਆ ਕਿ ਉਸ ਦੇ ਬੈਂਕ ਖਾਤੇ ਵਿਚ ਤਨਖਾਹ ਸਣੇ ਦਸ ਕਰੋੜ ਰੁਪਏ ਜਮ੍ਹਾਂ ਹੋਏ ਹਨ। ਪੁਲਿਸ ਅਧਿਕਾਰੀ ਗੋਪੰਗ ਨੇ ਦੱਸਿਆ ਕਿ ਬੈਂਕ ਨੇ ਉਸ ਨੂੰ ਖਾਤੇ ਵਿਚ ਆਈ ਏਨੀ ਵੱਡੀ ਰਕਮ ਬਾਰੇ ਸੂਚਿਤ ਕੀਤਾ। ਉਨ੍ਹਾਂ ਕਿਹਾ ਕਿ ਉਸ ਦੇ ਖਾਤੇ ਵਿਚ ਕੁਝ ਹਜ਼ਾਰ ਰੁਪਏ ਹੀ ਰਹਿੰਦੇ ਸਨ। ਉਨ੍ਹਾਂ ਕਿਹਾ ਕਿ ਬੈਂਕ ਨੇ ਉਸ ਦਾ ਖਾਤਾ ਸੀਲ ਕਰ ਦਿੱਤਾ, ਏ.ਟੀ.ਐਮ. ਕਾਰਡ ਬਲਾਕ ਕਰ ਦਿੱਤਾ ਤੇ ਜਾਂਚ ਕੀਤੀ ਜਾ ਰਹੀ ਹੈ।

# ਵਜ਼ੀਰਾਬਾਦ ਹਮਲਾ: ਇਮਰਾਨ ਨੂੰ ਸਿਆਸੀ ਲਾਹਾ

ਯਾਸਰ ਕਮਾਲ (1923-2015) ਤੁਰਕਿਸ਼ ਲੇਖਕ ਵੀ ਸੀ ਅਤੇ ਇਨਸਾਨੀ ਹੱਕਾਂ ਦਾ ਝੰਡਾਬਰਦਾਰ ਵੀ। 2012 ਵਿਚ ਉਸ ਦਾ ਨਾਮ ਸਾਹਿਤ ਦੇ ਨੋਬੇਲ ਪੁਰਸਕਾਰ ਲਈ ਵਿਚਾਰਿਆ ਗਿਆ ਪਰ ਐਨ ਆਖਿਰੀ ਮੌਕੇ ਚੀਨ ਦਾ ਮੋ ਯਾਂ ਬਾਜ਼ੀ ਮਾਰ ਗਿਆ। ਸਿਆਸਤ ਦੀ ਗਲਾਜ਼ਤ, ਕਮਾਲ ਦੀਆਂ ਕਹਾਣੀਆਂ ਦਾ ਉਭਰਵਾਂ ਹਿੱਸਾ ਬਣੀ ਰਹੀ ਹੈ। ਉਸ ਦੀ ਕਹਾਣੀ 'ਜ਼ਰਦ ਤਪਸ਼' (ਯੈਲੋ ਹੀਟ) ਪਾਕਿਸਤਾਨ ਦੀ ਵਰਤਮਾਨ ਦ੍ਰਿਸ਼ਾਵਲੀ ਨਾਲ ਬਹੁਤ ਮਿਲਦੀ-ਜੁਲਦੀ ਹੈ। ਕਹਾਣੀ ਦਾ ਨਾਇਕ ਮਹਿਮਦ ਬੇਹੱਦ ਮਕਬੂਲ ਰਾਜਸੀ ਨੇਤਾ ਹੈ ਪਰ ਉਸ ਦੀ ਪਾਰਟੀ ਵਿਚ ਗੰਭੀਰ ਫੁੱਟ ਹੈ। ਇਕ ਰੈਲੀ

ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਦੌਰਾਨ ਮਹਿਮਦ 'ਤੇ ਕਾਤਲਾਨਾ ਹਮਲਾ ਹੋ ਜਾਂਦਾ ਹੈ। ਇਹ ਹਮਲਾ ਪਾਰਟੀ ਅੰਦਰਲੀ ਗੁੱਟਬੰਦੀ ਕਾਰਨ ਹੋਇਆ ਪਰ ਇਸ ਨੇ ਮਹਿਮਦ ਦੇ ਵਿਰੋਧੀਆਂ ਦੇ ਖੇਮੇ ਵਿਚ ਗੰਭੀਰ ਵੰਡੀਆਂ ਪਾ ਦਿੱਤੀਆਂ। ਪਾਕਿਸਤਾਨ ਤਹਿਰੀਕ-ਇ-ਇਨਸਾਫ਼ ਪਾਰਟੀ (ਪੀ.ਟੀ.ਆਈ.) ਦੇ ਸਰਬਰਾਹ ਇਮਰਾਨ ਖ਼ਾਨ 'ਤੇ ਵੀਰਵਾਰ ਨੂੰ ਵਜ਼ੀਰਾਬਾਦ (ਗੁਜਰਾਂਵਾਲਾ) ਵਿਚ ਹੋਇਆ ਕਾਤਲਾਨਾ ਹਮਲਾ ਵੀ 'ਜ਼ਰਦ ਤਪਸ਼' ਵਾਲੀਆਂ ਸੰਭਾਵਨਾਵਾਂ ਉਭਾਰਦਾ ਹੈ। ਇਹ ਵਜ਼ੀਰੇ-ਆਜ਼ਮ ਸ਼ਹਿਬਾਜ਼ ਸ਼ਰੀਫ਼ ਦੀ ਸਰਕਾਰ ਤੇ ਪਾਕਿਸਤਾਨੀ ਫ਼ੌਜ ਦਰਮਿਆਨ ਕਿੰਨੀਆਂ ਗਹਿਰੀਆਂ ਵੰਡੀਆਂ ਪਾਏਗਾ, ਇਹ ਤਾਂ ਸਮਾਂ ਹੀ ਦੱਸੇਗਾ; ਹਾਂ, ਪਿਛਲੇ 48 ਘੰਟਿਆਂ ਦੌਰਾਨ ਜੋ ਪ੍ਰਤੀਕਰਮ ਸਾਹਮਣੇ ਆਏ ਹਨ, ਉਹ 'ਜ਼ਰਦ ਤਪਸ਼' ਵਾਲੀਆਂ ਸੰਭਾਵਨਾਵਾਂ ਜ਼ਰੂਰ ਉਭਾਰਦੇ ਹਨ।

ਹਮਲਾ ਸੂਬਾ ਪੰਜਾਬ ਵਿਚ ਹੋਇਆ ਜਿਥੇ ਸਰਕਾਰ ਦੇ ਮੁਖੀ ਪਾਕਿਸਤਾਨ ਮੁਸਲਿਮ ਲੀਗ (ਕੌਮੀ) ਦੇ ਨੇਤਾ ਚੌਧਰੀ ਪਰਵੇਜ਼ ਇਲਾਹੀ ਹਨ। ਉਨ੍ਹਾਂ ਕੋਲ ਗਿਣਤੀ ਦੇ ਹੀ ਵਿਧਾਨਕਾਰ ਹਨ; ਸਰਕਾਰ ਮੁੱਖ ਤੌਰ 'ਤੇ ਇਮਰਾਨ ਦੀ ਪਾਰਟੀ (ਪੀ.ਟੀ.ਆਈ.) ਦੇ ਸਹਾਰੇ ਚੱਲ ਰਹੀ ਹੈ। ਇਮਰਾਨ ਦੇ ਲੰਮੇ ਮਾਰਚ ਲਈ ਸੁਰੱਖਿਆ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਇਲਾਹੀ ਦੀ ਸਰਕਾਰ ਦੀ ਸੀ। ਉਹ ਇਹ ਜ਼ਿੰਮੇਵਾਰੀ ਨਿਭਾਉਣ ਪੱਖੋਂ ਨਾਕਾਮ ਰਹੀ। ਲਿਹਾਜ਼ਾ, ਇਲਾਹੀ ਹੁਣ ਬੈਕ ਫੁੱਟ 'ਤੇ ਹੈ ਅਤੇ ਇਹ ਸਥਿਤੀ ਛੇਤੀ ਸੁਧਰਨ ਵਾਲੀ ਨਹੀਂ। ਇਕ ਸਾਬਕਾ ਪ੍ਰਧਾਨ ਮੰਤਰੀ ਜਿਸ ਦੀ ਜਾਨ ਨੂੰ ਖ਼ਤਰੇ ਦੀਆਂ ਚਿਤਾਵਨੀਆਂ ਰੋਜ਼ ਜਾਰੀ ਹੁੰਦੀਆਂ ਸਨ, ਦੇ ਐਨ ਨੇੜੇ ਅਸਲ੍ਹਾਧਾਰੀ ਹਮਲਾਵਰ ਨੂੰ ਪੁੱਜਣ ਦਿੱਤਾ ਗਿਆ, ਇਹ ਸਿਰੇ ਦੀ ਅਲਗਰਜ਼ੀ ਸੀ। ਉਪਰੋਂ ਹਮਲਾਵਰ ਦੇ 'ਇਕਬਾਲੀਆ ਬਿਆਨ' ਵਾਲੀ ਵੀਡੀਓ ਵੀ ਹਮਲੇ ਤੋਂ ਅੱਧੇ ਘੰਟੇ ਬਾਅਦ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਇਸ ਅਲਗਰਜ਼ੀ ਦਾ ਅਸਰ ਪਰਵੇਜ਼ ਇਲਾਹੀ 'ਤੇ ਪੈਣਾ ਸੁਭਾਵਿਕ ਹੈ ਪਰ ਇਮਰਾਨ ਦੀ ਪਾਰਟੀ ਇਕ ਤੀਰ ਨਾਲ ਕਈ ਸ਼ਿਕਾਰ ਕਰ ਰਹੀ ਹੈ। ਉਹ ਇਲਾਹੀ ਤੋਂ ਇਲਾਵਾ ਸ਼ਹਿਬਾਜ਼ ਸ਼ਰੀਫ਼ ਦੀ ਮਰਕਜ਼ੀ ਸਰਕਾਰ ਅਤੇ ਫ਼ੌਜੀ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਵੀ ਸਿੱਧਾ ਨਿਸ਼ਾਨਾ ਬਣਾ ਰਹੀ ਹੈ। ਇਮਰਾਨ ਨੇ ਹਮਲੇ ਦੀ 'ਸਾਜ਼ਿਸ਼' ਰਚਣ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਸ਼ਹਿਬਾਜ਼ ਸ਼ਰੀਫ਼, ਕੌਮੀ ਗ੍ਰਹਿ ਮੰਤਰੀ ਰਾਣਾ ਸਨਾਉੱਲਾ ਅਤੇ ਮੇਜਰ ਜਨਰਲ ਫ਼ੈਸਲ ਉਤੇ ਸੁੱਟੀ ਹੈ। ਫ਼ੈਸਲ ਆਈ.ਐਸ.ਆਈ. ਵਿਚ ਉੱਚ ਅਹੁਦੇ 'ਤੇ ਹੈ ਅਤੇ ਤਕਰੀਬਨ 10 ਵਰ੍ਹਿਆਂ ਤੱਕ ਜਨਰਲ ਬਾਜਵਾ ਦਾ ਸਹਾਇਕ ਰਿਹਾ ਹੈ। ਇਮਰਾਨ ਨੂੰ ਪਤਾ ਹੈ ਕਿ ਜੋ ਮਾਹੌਲ ਇਸ ਵੇਲੇ ਪਾਕਿਸਤਾਨ ਵਿਚ ਬਣਿਆ ਹੋਇਆ ਹੈ, ਉਸ ਵਿਚ ਨਾ ਤਾਂ ਸ਼ਹਿਬਾਜ਼ ਸ਼ਰੀਫ਼ ਸਰਕਾਰ, ਪੀ.ਟੀ.ਆਈ. ਦੀ ਲੀਡਰਸ਼ਿਪ ਖ਼ਿਲਾਫ਼ ਤਿੱਖੀ ਸੁਰ ਅਪਨਾ ਸਕਦੀ ਹੈ ਅਤੇ ਨਾ ਹੀ ਫ਼ੌਜ। ਇਸੇ ਲਈ ਉਹ ਹਮਲੇ ਨੂੰ ਰਾਜਸੀ ਤੌਰ 'ਤੇ ਵੱਧ ਤੋਂ ਵੱਧ ਰਿੜਕਣ ਦੇ ਰਾਹ ਤੁਰਿਆ ਹੋਇਆ ਹੈ। ਦੂਜੇ ਪਾਸੇ ਸ਼ਹਿਬਾਜ਼ ਸਰਕਾਰ ਅਤੇ ਫ਼ੌਜ ਆਪੋ-ਆਪਣੇ ਬਚਾਅ 'ਚ ਲੱਗੀਆਂ ਹੋਈਆਂ ਹਨ। ਦੋਵਾਂ ਵੱਲੋਂ ਕੋਈ ਸਾਂਝੀ ਰਣਨੀਤੀ ਨਹੀਂ ਅਪਣਾਈ ਗਈ। ਇਹ ਖ਼ਾਮੀ ਵੀ ਪੀ.ਟੀ.ਆਈ. ਵੱਲੋਂ ਆਪਣੇ ਪ੍ਰਾਪੇਗੰਡੇ ਲਈ ਖ਼ੂਬ ਵਰਤੀ ਜਾ ਰਹੀ ਹੈ।



ਇਸ ਵੇਲੇ ਰਾਜਸੀ ਤੌਰ 'ਤੇ ਇਮਰਾਨ ਖ਼ਾਨ ਦੀ ਪੂਰੀ ਚੜ੍ਹਤ ਹੈ, ਇਸ ਬਾਰੇ ਕਿਸੇ ਨੂੰ ਕੋਈ ਸ਼ੁਬਹਾ ਨਹੀਂ। ਹੁਕਮਰਾਨ ਪਾਕਿਸਤਾਨ ਜਮਹੂਰੀ ਮੁਹਾਜ਼ (ਪੀ.ਡੀ.ਐਮ.) ਕੋਲ ਇਕ ਵੀ ਨੇਤਾ ਅਜਿਹਾ ਨਹੀਂ ਜੋ ਮਕਬੂਲੀਅਤ ਪੱਖੋਂ ਇਮਰਾਨ ਖ਼ਾਨ ਦੇ ਨੇੜੇ ਢੁੱਕਦਾ ਹੋਵੇ। ਸਥਿਤੀ ਸੰਭਾਲਣ ਪੱਖੋਂ ਸਾਬਕਾ ਵਜ਼ੀਰੇ-ਆਜ਼ਮ ਨਵਾਜ਼ ਸ਼ਰੀਫ਼ ਕੁਝ ਕਾਰਗਰ ਸਾਬਤ ਹੋ ਸਕਦਾ ਸੀ ਪਰ ਲੰਡਨ ਛੱਡਣ ਦੀ ਰੌਂਅ 'ਚ ਨਹੀਂ। ਉਸ ਨੂੰ ਨਾ ਤਾਂ ਆਪਣੇ ਛੋਟੇ ਭਰਾ ਸ਼ਹਿਬਾਜ਼ ਸ਼ਰੀਫ਼ ਦੀ ਨੀਅਤ ਤੇ ਨੀਤੀਆਂ ਉਤੇ ਇਤਬਾਰ ਹੈ ਅਤੇ ਨਾ ਹੀ ਫ਼ੌਜ ਦੀ ਰਣਨੀਤੀ ਉਤੇ। ਸ਼ਹਿਬਾਜ਼ ਦੀ ਵਜ਼ੀਰੇ-ਆਜ਼ਮ ਵਜੋਂ ਨਾਮਜ਼ਦਗੀ, ਨਵਾਜ਼ ਸ਼ਰੀਫ਼ ਦੀ ਵਤਨ ਵਾਪਸੀ ਤਕ ਰਾਜਗੱਦੀ ਨੂੰ ਗਰਮ ਰੱਖਣ ਲਈ ਕੀਤੀ ਗਈ ਸੀ ਪਰ ਹੁਣ ਇਹ ਯਕੀਨਦਹਾਨੀ ਨਹੀਂ ਕੀਤੀ ਜਾ ਸਕਦੀ ਕਿ ਨਵਾਜ਼ ਦੀ ਆਮਦ ਹੁੰਦਿਆਂ ਹੀ ਸ਼ਹਿਬਾਜ਼ ਗੱਦੀ ਵੱਡੇ ਭਰਾ ਨੂੰ ਸੌਂਪ ਦੇਵੇਗਾ। ਉਂਝ ਵੀ ਦੋਵਾਂ ਦੇ ਪਰਿਵਾਰਾਂ ਦਰਮਿਆਨ ਪੂਰੀ ਸ਼ਰੀਕੇਬਾਜ਼ੀ ਹੈ। ਸ਼ਹਿਬਾਜ਼ ਆਪਣੇ ਪੁੱਤਰ ਹਮਜ਼ਾ ਨੂੰ ਪੀ.ਐਮ.ਐਲ.-ਐਨ. ਦੇ ਭਵਿੱਖੀ ਮੁਖੀ ਵਜੋਂ ਸਥਾਪਿਤ ਕਰਨਾ ਚਾਹੁੰਦਾ ਹੈ, ਨਵਾਜ਼ ਦੀਆਂ ਨਜ਼ਰਾਂ ਵਿਚ ਉਸ ਦੀ ਧੀ ਮਰੀਅਮ ਹੀ ਪਾਰਟੀ ਤੇ ਪਰਿਵਾਰ ਦਾ ਅਸਲ ਭਵਿੱਖ ਹੈ। ਅਸਲੀਅਤ ਤਾਂ ਇਹ ਵੀ ਹੈ ਕਿ ਨਵਾਜ਼ ਦੇ ਵਤਨੋਂ ਬਾਹਰ ਰਹਿਣ ਅਤੇ ਕ੍ਰਿਸ਼ਮਈ ਸ਼ਖ਼ਸੀਅਤ ਵਜੋਂ ਸ਼ਹਿਬਾਜ਼ ਦੇ ਨਾ ਉੱਭਰ ਸਕਣ ਕਾਰਨ ਪੀ.ਐਮ.ਐਲ.-ਐਨ. ਦੇ ਰਾਜਸੀ ਆਧਾਰ ਤੇ ਰਸੂਖ਼ ਨੂੰ ਲਗਾਤਾਰ ਖੋਰਾ ਲੱਗਿਆ ਹੈ। ਇਸ ਹਕੀਕਤ ਤੋਂ ਫ਼ੌਜ ਭਲੀ-ਭਾਂਤ ਵਾਕਫ਼ ਹੈ। ਲਿਹਾਜ਼ਾ, ਜੋ ਹਾਲਾਤ ਬਣ ਰਹੇ ਹਨ, ਉਨ੍ਹਾਂ ਦੇ ਮੱਦੇਨਜ਼ਰ ਇਹ ਜ਼ਰੂਰੀ ਨਹੀਂ ਕਿ ਫ਼ੌਜ, ਸ਼ਹਿਬਾਜ਼ ਸ਼ਰੀਫ਼ ਸਰਕਾਰ ਦਾ ਬਚਾਅ ਕਰਨਾ ਲਗਾਤਾਰ ਜਾਰੀ ਰੱਖੇ।

ਇਸ ਪੱਖੋਂ ਇਮਰਾਨ ਖ਼ਾਨ ਦੇ ਦਾਅ-ਪੇਚ ਵੀ ਕੁਝ ਹੱਦ ਤਕ ਕਾਮਯਾਬ ਸਾਬਤ ਹੋਏ ਹਨ। ਉਹ ਫ਼ੌਜ ਦੇ ਖ਼ਿਲਾਫ਼ ਵੀ ਬੋਲ ਰਿਹਾ ਹੈ ਅਤੇ ਹੱਕ ਵਿਚ ਵੀ। ਉਹ ਜਨਰਲ ਬਾਜਵਾ ਦੀ ਰੁਖ਼ਸਤਗੀ ਚਾਹੁੰਦਾ ਹੈ ਪਰ ਹੋਰਨਾਂ ਜਨਰੈਲਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ। ਇਹ ਦੋਗਲੀਆਂ ਚਾਲਾਂ ਦੋਹਰੇ ਪ੍ਰਭਾਵ ਪੈਦਾ ਕਰਨ ਲੱਗੀਆਂ ਹਨ। ਫ਼ੌਜ ਦੀਆਂ ਸਫ਼ਾਂ ਵਿਚ ਕੁਝ ਹਿਲਜੁਲ ਸ਼ੁਰੂ ਹੋ ਗਈ ਹੈ। ਪਾਕਿਸਤਾਨ ਵਿਚ ਚਾਰ ਸਿਤਾਰਾ ਦੇ ਜਨਰਲਾਂ ਤੋਂ ਇਲਾਵਾ 25 ਲੈਫਟੀਨੈਂਟ ਜਨਰਲ ਅਤੇ 210 ਮੇਜਰ ਜਨਰਲ ਹਨ। ਦੋਵੇਂ ਚਾਰ ਸਿਤਾਰਾ ਜਨਰਲ-ਕਮਰ ਜਾਵੇਦ ਬਾਜਵਾ ਤੇ ਨਦੀਮ ਰਜ਼ਾ ਇਸ ਮਹੀਨੇ ਦੇ ਆਖ਼ਿਰੀ ਹਫ਼ਤੇ ਰਿਟਾਇਰ ਹੋਣ ਵਾਲੇ ਹਨ। ਰਜ਼ਾ ਤਿੰਨਾਂ ਸੈਨਾਵਾਂ ਦੇ ਮੁਖੀਆਂ ਦੀ ਸਾਂਝੀ ਕਮੇਟੀ ਦੇ ਮੁਖੀ ਹਨ। ਉਨ੍ਹਾਂ ਦੀ ਰਿਟਾਇਰਮੈਂਟ ਪਹਿਲਾਂ ਹੈ, ਬਾਜਵਾ ਦੀ 29 ਨਵੰਬਰ ਨੂੰ। ਬਾਜਵਾ ਨੂੰ ਇਕ ਫ਼ਾਇਦਾ ਹੈ। ਇਮਰਾਨ ਸਰਕਾਰ ਵੱਲੋਂ 2019 ਵਿਚ ਪਾਸ ਕਰਵਾਈ ਸੰਵਿਧਾਨਕ ਤਰਮੀਮ ਅਨੁਸਾਰ ਥਲ ਸੈਨਾ ਮੁਖੀ 64 ਵਰ੍ਹਿਆਂ ਦੀ ਉਮਰ ਤਕ ਆਪਣੇ ਅਹੁਦੇ 'ਤੇ ਰਹਿ ਸਕਦਾ ਹੈ। ਬਾਜਵਾ 61 ਵਰ੍ਹਿਆਂ ਦੇ ਹਨ। ਉਹ ਚਾਹੁਣ ਤਾਂ ਸੌਦੇਬਾਜ਼ੀ ਕਰ ਕੇ ਆਪਣੇ ਅਹੁਦੇ 'ਤੇ ਟਿਕੇ ਰਹਿ ਸਕਦੇ ਹਨ। ਇਹ ਵੱਖਰੀ ਗੱਲ ਹੈ ਕਿ ਉਹ ਸੇਵਾਮੁਕਤੀ ਦੀ ਇੱਛਾ ਵਾਰ ਵਾਰ ਜ਼ਾਹਿਰ ਕਰ ਚੁੱਕੇ ਹਨ। ਇਸ ਦੇ ਬਾਵਜੂਦ ਜਿਸ ਕਿਸਮ ਦੇ ਰਾਜਸੀ ਹਾਲਾਤ ਪਾਕਿਸਤਾਨ ਵਿਚ ਬਣੇ ਹੋਏ ਹਨ, ਉਨ੍ਹਾਂ ਦੇ ਮੱਦੇਨਜ਼ਰ ਬਾਜਵਾ ਆਪਣਾ ਰੁਖ਼ ਬਦਲ ਵੀ ਸਕਦੇ ਹਨ। ਇਸੇ ਸੰਭਾਵਨਾ ਦੇ ਮੱਦੇਨਜ਼ਰ ਕੁਝ ਲੈਫਟੀਨੈਂਟ ਜਨਰਲਾਂ, ਖ਼ਾਸ ਤੌਰ 'ਤੇ ਚੰਦ ਕੋਰ ਕਮਾਂਡਰਾਂ (ਜਿਨ੍ਹਾਂ ਦਾ ਭਵਿੱਖ ਦਾਅ 'ਤੇ ਹੈ) ਨੇ ਆਪਣੀ ਬੇਚੈਨੀ ਅਸਿੱਧੇ ਢੰਗ ਨਾਲ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਹੈ। ਵੱਧ ਹਿਲਜੁਲ ਲੈਫਟੀਨੈਂਟ ਜਨਰਲ ਆਸਿਮ ਮੁਨੀਰ ਵਲੋਂ ਦਿਖਾਈ ਜਾ ਰਹੀ ਹੈ। ਉਹ ਸਭ ਤੋਂ ਸੀਨੀਅਰ ਤਿੰਨ ਸਿਤਾਰਾ ਜਨਰਲ ਹਨ ਪਰ ਉਨ੍ਹਾਂ ਦੀ ਰਿਟਾਇਰਮੈਂਟ ਦੀ ਤਾਰੀਖ਼ 27 ਨਵੰਬਰ ਹੈ। ਉਸ ਤੋਂ ਪਹਿਲਾਂ ਥਲ ਸੈਨਾ ਮੁਖੀ ਨਿਯੁਕਤ ਹੋਣ ਦੀ ਸੂਰਤ ਵਿਚ ਉਨ੍ਹਾਂ ਦਾ ਸੇਵਾਕਾਲ ਤਿੰਨ ਵਰ੍ਹਿਆਂ ਲਈ ਵਧ ਸਕਦਾ ਹੈ। ਉਹ ਖ਼ੁਦ ਨੂੰ ਇਸ ਅਹੁਦੇ ਦਾ ਹੱਕਦਾਰ ਵੀ ਸਮਝਦੇ ਹਨ ਪਰ ਮਸਲਾ ਇਹ ਹੈ ਕਿ ਕੀ ਬਾਜਵਾ ਅਗਲੇ ਚੰਦ ਦਿਨਾਂ ਦੌਰਾਨ ਸ਼ਹਿਬਾਜ਼ ਸ਼ਰੀਫ਼ ਨਾਲ ਹੋਣ ਵਾਲੀ ਮੀਟਿੰਗ ਦੌਰਾਨ ਜਨਰਲ ਮੁਨੀਰ ਦੀ ਸਿਫ਼ਾਰਸ਼ ਕਰਨਗੇ?

ਪਾਕਿਸਤਾਨ ਵਿਚ ਰਵਾਇਤ ਰਹੀ ਹੈ ਕਿ ਸੇਵਾਮੁਕਤ ਹੋਣ ਵਾਲਾ ਥਲ ਸੈਨਾ ਮੁਖੀ ਅਹੁਦਾ ਤਿਆਗਣ ਤੋਂ ਚੰਦ ਹਫ਼ਤੇ ਪਹਿਲਾਂ ਆਪਣੇ ਜਾਨਸ਼ੀਨ ਦਾ ਨਾਮ ਵਜ਼ੀਰੇ-ਆਜ਼ਮ ਕੋਲ ਤਜਵੀਜ਼ ਕਰ ਜਾਂਦਾ ਹੈ। ਇਹ ਨਾਮ ਚਾਰ ਤੋਂ ਪੰਜ ਲੈਫਟੀਨੈਂਟ ਜਨਰਲਾਂ ਦੀ ਸੂਚੀ ਵਿਚ ਸਿਖ਼ਰ 'ਤੇ ਹੁੰਦਾ ਹੈ। ਵਜ਼ੀਰੇ-ਆਜ਼ਮ ਲਈ ਇਹ ਜ਼ਰੂਰੀ ਨਹੀਂ ਕਿ ਉਹ ਸਿਖ਼ਰਲੇ ਨਾਮ ਨੂੰ ਹੀ ਮਨਜ਼ੂਰੀ ਦੇਵੇ। ਉਹ ਸੂਚੀ ਤੋਂ ਬਾਹਰਲੇ ਕਿਸੇ ਤਿੰਨ ਸਿਤਾਰਾ ਜਨਰਲ ਨੂੰ ਵੀ ਸੈਨਾਪਤੀ ਨਿਯੁਕਤ ਕਰ ਸਕਦਾ ਹੈ ਪਰ ਬਹੁਤੀ ਵਾਰ ਅਹੁਦਾ ਤਿਆਗ ਰਹੇ ਸੈਨਾਪਤੀ ਦੀ ਰਾਇ ਨੂੰ ਵਜ਼ਨ ਦਿੱਤਾ ਜਾਂਦਾ ਹੈ; ਜਾਂ ਇਹ ਵੀ ਕਿਹਾ ਜਾ ਸਕਦਾ ਕਿ ਸੂਚੀ ਅਮੂਮਨ ਪਹਿਲਾਂ ਹੋਈ ਸੌਦੇਬਾਜ਼ੀ ਮੁਤਾਬਿਕ ਹੀ ਤਿਆਰ ਕੀਤੀ ਜਾਂਦੀ ਹੈ।

ਬਹਰਹਾਲ, ਜੋ ਹਾਲਾਤ ਇਸ ਵੇਲੇ ਬਣੇ ਹੋਏ ਹਨ, ਉਹ ਇਮਰਾਨ ਲਈ ਰਾਜਸੀ ਤੌਰ 'ਤੇ ਬਹੁਤ ਢੁਕਵੇਂ ਹਨ। ਇਹ ਤਕਦੀਰ ਦਾ ਪੁੱਠਾ ਗੇੜ ਹੈ ਕਿ ਜਿਸ ਇਮਰਾਨ ਦੀਆਂ ਨੀਤੀਆਂ ਤੇ ਗ਼ਰੂਰ ਨੇ ਪਾਕਿਸਤਾਨ ਨੂੰ ਗੰਭੀਰ ਆਰਥਿਕ ਸੰਕਟ ਵਿਚ ਫਸਾਇਆ; ਸਾਊਦੀ ਅਰਬ, ਯੂ.ਏ.ਈ., ਕੁਵੈਤ ਤੇ ਇਥੋਂ ਤਕ ਕਿ ਇੰਡੋਨੇਸ਼ੀਆ ਵਰਗੇ ਇਸਲਾਮੀ ਮੁਲਕਾਂ ਨੂੰ ਪਾਕਿਸਤਾਨ ਤੋਂ ਦੂਰ ਕੀਤਾ; ਅਮਰੀਕਾ, ਖ਼ਾਸ ਤੌਰ 'ਤੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਬੇਵਜ੍ਹਾ ਨਾਰਾਜ਼ ਕੀਤਾ; ਤੇ ਅਫ਼ਗਾਨ ਤਾਲਿਬਾਨ ਦੀਆਂ ਸਫ਼ਾਂ ਵਿਚ ਵੀ ਪਾਕਿਸਤਾਨੀ ਨੀਤੀਆਂ ਪ੍ਰਤੀ ਨਾਖ਼ੁਸ਼ੀ ਪੈਦਾ ਕੀਤੀ, ਉਹੀ ਇਮਰਾਨ ਪਾਕਿਸਤਾਨੀ ਫੌਜ ਦੀ ਚੌਧਰ ਨੂੰ ਵੀ ਸਖ਼ਤ ਚੁਣੌਤੀ ਦੇ ਰਿਹਾ ਹੈ ਅਤੇ ਹੁਕਮਰਾਨ ਧਿਰਾਂ ਨੂੰ ਵੀ। ਪਾਕਿਸਤਾਨੀ ਫ਼ੌਜ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਮੁਲਕ ਵਿਚ ਗੰਭੀਰ ਰਾਜਸੀ ਜਾਂ ਸੰਵਿਧਾਨਕ ਸੰਕਟ ਪੈਦਾ ਹੋ ਜਾਂਦਾ ਹੈ ਤਾਂ ਆਪਣੀ ਸਾਖ ਸਲਾਮਤ ਰੱਖਣ ਲਈ ਉਹ 'ਕੱਕੜ ਫਾਰਮੂਲੇ' ਉਤੇ ਉਤਰ ਆਉਂਦੀ ਹੈ। ਇਹ ਫਾਰਮੂਲਾ 1993 ਵਿਚ ਤਤਕਾਲੀ ਥਲ ਸੈਨਾ ਮੁਖੀ ਜਨਰਲ ਅਬਦੁਲ ਵਹੀਦ ਕੱਕੜ ਨੇ ਅਜ਼ਮਾਇਆ ਸੀ। ਉਦੋਂ ਉਨ੍ਹਾਂ ਨੇ ਰਾਸ਼ਟਰਪਤੀ ਗ਼ੁਲਾਮ ਇਸ਼ਹਾਕ ਖ਼ਾਨ ਤੇ ਵਜ਼ੀਰੇ-ਆਜ਼ਮ ਨਵਾਜ਼ ਸ਼ਰੀਫ਼ ਦਰਮਿਆਨ ਸੰਵਿਧਾਨਕ ਟਕਰਾਅ ਦਾ ਖ਼ਾਤਮਾ ਕਰਵਾਉਣ ਲਈ ਦੋਵਾਂ ਨੂੰ ਅਹੁਦੇ ਤਿਆਗਣ ਅਤੇ ਨਵੀਆਂ ਚੋਣਾਂ ਦਾ ਰਾਹ ਪੱਧਰਾ ਕਰਨ ਵਾਸਤੇ ਰਾਜ਼ੀ ਕਰ ਲਿਆ ਸੀ। ਇਮਰਾਨ ਵਾਲੇ ਮਾਮਲੇ ਵਿਚ ਫ਼ੌਜ ਜਿਸ ਤਰ੍ਹਾਂ ਲਗਾਤਾਰ ਅਕਸੀ ਗੋਤੇ ਖਾਂ ਰਹੀ ਹੈ, ਉਸ ਦੇ ਮੱਦੇਨਜ਼ਰ ਉਸ ਵੱਲੋਂ 'ਕੱਕੜ ਫਾਰਮੂਲੇ' ਦਾ ਸਹਾਰਾ ਲਏ ਜਾਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ। ਇਹ ਵੱਖਰੀ ਗੱਲ ਹੈ ਕਿ ਉਸ ਸੂਰਤ ਵਿਚ ਵੀ ਫ਼ਾਇਦਾ ਇਮਰਾਨ ਨੂੰ ਹੀ ਹੋਵੇਗਾ।

# ਪੰਜਾਬ ਦੇ ਸਿਆਸੀ ਹਾਲਾਤ

ਪੰਜਾਬ ਇਸ ਸਮੇਂ ਫਿਰ ਇਕ ਵਾਰ ਬਹੁਤ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਹੈ। ਪੰਜਾਬ ਵਿਚ ਲੰਮੇ ਸਮੇਂ ਦੀ ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਅਰਾਜਕਤਾ ਕਰ ਕੇ ਹਾਲਾਤ ਕਾਫ਼ੀ ਗੰਭੀਰ ਦਿਖਾਈ ਦਿੰਦੇ ਹਨ। ਸੂਬੇ ਨੂੰ ਗੈਂਗਵਾਰ, ਸ਼ਰੇਆਮ ਕਤਲੋਗਾਰਤ, ਕਾਨੂੰਨ ਪ੍ਰਬੰਧ ਦੇ ਵਧਦੇ ਵਿਰੋਧ, ਲੋਕਾਂ ਦਾ ਸੰਸਥਾਵਾਂ 'ਚੋਂ ਘਟਦੇ ਵਿਸ਼ਵਾਸ, ਵਧ ਰਹੀ ਧਾਰਮਿਕ ਕੱਟੜਤਾ ਅਤੇ ਟਕਰਾਅ,

ਜਗਰੂਪ ਸਿੰਘ ਸੇਖੋਂ
ਫੋਨ: +91-94170-75563

ਕੇਂਦਰ ਅਤੇ ਰਾਜ ਵਿਚਕਾਰ ਵਧ ਰਹੀ ਤਲਖ਼ੀ, ਸਿਆਸੀ ਪਾਰਟੀਆਂ ਦੇ ਆਗੂਆਂ ਦੇ ਨੈਤਿਕ ਪਤਨ ਆਦਿ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਹਰ ਤਬਕੇ ਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਵੱਡੀਆਂ ਸਮੱਸਿਆਵਾਂ ਪੈਦਾ ਹੋਣਗੀਆਂ। ਇਹ ਵਰਤਾਰਾ ਖ਼ਾਸ ਕਰ ਕੇ ਪਿਛਲੇ 20-25 ਸਾਲਾਂ ਤੋਂ ਸ਼ੁਰੂ ਹੋਇਆ ਜਿਸ ਨੇ ਹੁਣ ਲੋਕਾਂ ਅਤੇ ਸਰਕਾਰ ਸਾਹਮਣੇ ਵੱਡੇ ਸਵਾਲ ਪੈਦਾ ਕਰ ਦਿੱਤੇ ਹਨ। ਇਸ ਦੇ ਨਾਲ ਹੀ ਲਗਾਤਾਰ ਵਧ ਰਹੀ ਅਨਪੜ੍ਹਤਾ ਤੇ ਮਾੜਾ ਵਿੱਦਿਅਕ ਪ੍ਰਬੰਧ, ਡੇਰਾਵਾਦ, ਰੂੜੀਵਾਦੀ ਸੋਚ ਆਦਿ ਨੇ ਹਮੇਸ਼ਾ ਹੀ ਪਿਛਾਂਹ-ਖਿੱਚੂ ਤਾਕਤਾਂ ਲਈ ਜ਼ਮੀਨ ਤਿਆਰ ਕੀਤੀ ਹੈ।

ਇਥੇ ਇਹ ਦੱਸਣਾ ਬਣਦਾ ਹੈ ਕਿ ਛੋਟੇ ਜਿਹੇ ਪ੍ਰਾਂਤ ਪੰਜਾਬ ਵਿਚ 2011 ਦੀ ਮਰਦਮਸ਼ੁਮਾਰੀ ਮੁਤਾਬਕ ਕੁੱਲ ਆਬਾਦੀ ਦਾ ਚੌਥਾ ਹਿੱਸਾ ਅਨਪੜ੍ਹ ਸੀ ਅਤੇ ਜੋ ਪੜ੍ਹੇ-ਲਿਖ ਵੀ ਗਏ, ਉਨ੍ਹਾਂ ਵਿਚ ਬਹੁਤ ਸਾਰੇ ਮੌਜੂਦਾ ਸਮੇਂ ਦੀਆਂ ਹਕੀਕੀ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਨਹੀਂ ਹਨ। ਇਸ ਤੋਂ ਇਲਾਵਾ ਦਮਨਕਾਰੀ, ਗ਼ੈਰ-ਜਮਹੂਰੀ, ਬੇਈਮਾਨ ਅਤੇ ਲੋਕਾਂ ਦੀਆਂ ਉਮੀਦਾਂ ਤੋਂ ਉਲਟ ਕੰਮ ਕਰਨ ਵਾਲੀਆਂ ਸਰਕਾਰਾਂ ਦੇ ਮਾੜੇ ਫ਼ੈਸਲੇ, ਅਤਿ ਦਰਜੇ ਦਾ ਭ੍ਰਿਸ਼ਟਾਚਾਰੀ ਪ੍ਰਬੰਧ, ਨੌਕਰਸ਼ਾਹੀ ਦਾ ਆਪ-ਹੁਦਰਾਪਣ ਤੇ ਭ੍ਰਿਸ਼ਟਾਚਾਰ, ਖੇਤੀ ਦੀ ਖੜੋਤ ਤੇ ਨਿਘਾਰ, ਲੋਕਾਂ ਦੇ ਸਾਧਨਾਂ, ਭਾਵ ਕੁਦਰਤੀ ਸਾਧਨਾਂ ਤੇ ਸਰਕਾਰ ਵਿਚ ਕਾਬਜ਼ ਕੁਝ ਲੋਕਾਂ ਜਾਂ ਪਰਿਵਾਰਾਂ ਦਾ ਕਬਜ਼ਾ, ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਜਾਂ ਸੌਦੇਬਾਜ਼ੀ ਆਦਿ ਨੇ ਅਜਿਹਾ ਮਾਹੌਲ ਸਿਰਜਿਆ ਜਿਸ ਕਰ ਕੇ ਲੋਕਾਂ ਦਾ ਰਾਜ ਕਰਦੀਆਂ ਧਿਰਾਂ ਦੇ ਨਾਲ ਨਾਲ ਸੰਸਥਾਵਾਂ ਤੋਂ ਵੀ ਵਿਸ਼ਵਾਸ ਉਠਣਾ ਸ਼ੁਰੂ ਹੋ ਗਿਆ। ਅਜਿਹੇ ਮਾਹੌਲ ਵਿਚ ਕੋਈ ਨਵਾਂ ਘਟਨਾਕ੍ਰਮ ਜਾਂ ਉੱਭਰੀ ਸ਼ਖ਼ਸੀਅਤ ਕਈ ਵਾਰ ਕੁਝ ਲੋਕਾਂ ਜਾਂ ਸਮੂਹਾਂ ਨੂੰ ਆਪਣੇ ਵੱਲ ਖਿੱਚਦੀ ਹੈ ਜਿਸ ਨਾਲ ਇਹੋ ਜਿਹੇ ਵਰਤਾਰੇ ਮਾੜੀ ਹਾਲਤ ਦਾ ਰੂਪ ਧਾਰਨ ਕਰ ਲੈਂਦੇ ਹਨ ਜਿਸ ਤਰ੍ਹਾਂ ਪੰਜਾਬ ਵਿਚ ਅੱਜ ਤੋਂ 40-45 ਸਾਲ ਪਹਿਲਾਂ ਹੋਇਆ ਸੀ।

ਹੁਣ ਅਸੀਂ ਕੁਝ ਅਜਿਹੀਆਂ ਘਟਨਾਵਾਂ ਦੀ ਗੱਲ ਕਰਦੇ ਹਾਂ ਜੋ ਪੰਜਾਬ ਦੇ ਲੋਕਾਂ ਲਈ ਕਈ ਸ਼ੰਕੇ ਪੈਦਾ ਕਰ ਰਹੀਆਂ ਹਨ, ਖ਼ਾਸ ਕਰ ਕੇ ਉਨ੍ਹਾਂ ਲਈ ਜਿਨ੍ਹਾਂ ਨੇ 1978-93 ਤੱਕ ਦਾ ਦੌਰ ਦੇਖਿਆ ਜਾਂ ਹੰਢਾਇਆ ਹੈ। ਇਨ੍ਹਾਂ ਸਾਲਾਂ ਵਿਚ ਹੋਈਆਂ ਕੁਝ ਘਟਨਾਵਾਂ ਵਿਚ ਖ਼ਾਸ ਕਰ ਕੇ ਸਿੱਖਾਂ ਦੇ ਕੁਝ ਧੜਿਆਂ ਦਾ ਅਤੇ ਡੇਰਾ ਸੱਚਾ ਸੌਦੇ ਦੇ ਰਾਮ ਰਹੀਮ ਸਿੰਘ ਤੇ ਉਸ ਦੇ ਪੈਰੋਕਾਰਾਂ ਵਿਚ ਤਲਖ਼ੀਆਂ ਤੇ ਲੜਾਈ ਝਗੜੇ, ਬਰਗਾੜੀ ਤੇ ਬਹਿਬਲ ਕਲਾਂ ਵਿਚ ਹੋਈਆਂ ਘਟਨਾਵਾਂ ਤੇ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਦੀ ਲਗਾਤਾਰ ਹੁੰਦੀ ਬੇਅਦਬੀ, ਕਿਸਾਨੀ ਅੰਦੋਲਨ ਵਿਚੋਂ ਉਭਰੀ ਸਿੱਖ-ਕਾਮਰੇਡ ਬਹਿਸ ਦੀ ਸ਼ੁਰੂਆਤ, ਅਕਾਲੀ, ਭਾਜਪਾ ਤੇ ਕਾਂਗਰਸ ਦਾ ਪੰਜਾਬ ਦੀ ਰਾਜਨੀਤੀ ਵਿਚ 2022 ਦੀਆਂ ਚੋਣਾਂ ਵਿਚ ਹਾਸ਼ੀਏ 'ਤੇ ਜਾਣਾ, ਆਮ ਆਦਮੀ ਪਾਰਟੀ ਦਾ ਸੰਗਰੂਰ ਦੀ ਉਪ ਚੋਣ ਹਾਰਨਾ ਅਤੇ ਹੁਣ ਉਠ ਰਹੇ ਧਾਰਮਿਕ ਵਿਵਾਦ ਵੀ 1978 ਵਿਚ ਵਾਪਰੇ ਸਿੱਖ-ਨਿਰੰਕਾਰੀ ਝਗੜੇ ਦੀ ਯਾਦ ਤਾਜ਼ਾ ਕਰਵਾ ਰਹੇ ਹਨ। ਇਥੇ ਇਹ ਦੱਸਣਾ ਬਣਦਾ ਹੈ ਕਿ ਵੱਡੀ ਗਿਣਤੀ ਵਿਚ ਪੰਜਾਬ ਤੇ ਪੰਜਾਬ ਤੋਂ ਬਾਹਰ ਰਹਿ ਰਹੇ ਸਿੱਖ ਅਜਿਹੀਆਂ ਘਟਨਾਵਾਂ ਤੋਂ ਕਾਫ਼ੀ ਚਿੰਤਤ ਦਿਖਾਈ ਦਿੰਦੇ ਹਨ।

ਸਕਾਟਿਸ਼ ਵਿਦਵਾਨ ਵਿਲਿਕਨਸ ਮੁਤਾਬਿਕ ਲੋਕਾਂ ਵਿਚ ਡਰ ਹੀ ਅਤਿਵਾਦ ਦਾ ਮੁੱਖ ਹਥਿਆਰ ਹੁੰਦਾ ਹੈ ਜਿਸ ਵਿਚ ਸਾਰੀਆਂ ਸੰਸਥਾਵਾਂ ਭਾਵ ਪੁਲਿਸ, ਅਦਾਲਤਾਂ, ਪੰਚਾਇਤਾਂ, ਵਿੱਦਿਅਕ, ਸਿਹਤ ਆਦਿ ਬੁਰੀ ਤਰ੍ਹਾਂ ਬੇਸਹਾਰਾ ਹੋ ਜਾਂਦੀਆਂ ਹਨ। ਪੰਜਾਬੀਆਂ ਨੇ ਅਜਿਹੇ ਵਰਤਾਰੇ ਦਾ 1978 ਦੇ ਸਿੱਖ-ਨਿਰੰਕਾਰੀਆਂ ਦੇ ਝਗੜੇ ਤੋਂ ਬਾਅਦ ਸੰਤਾਪ ਹੰਢਾਇਆ ਹੈ। ਉਨ੍ਹਾਂ ਵਿਚ ਬਹੁਤਿਆਂ 'ਤੇ ਹੋਏ ਜ਼ੁਲਮਾਂ ਦੇ ਨਿਸ਼ਾਨ ਅੱਜ ਵੀ ਮੌਜੂਦ ਹਨ। ਇਸ ਤੋਂ ਇਲਾਵਾ ਹਜ਼ਾਰਾਂ ਮਨੁੱਖੀ ਦੀਆਂ ਜਾਨਾਂ ਸਰਕਾਰੀ ਤੇ ਗ਼ੈਰ-ਸਰਕਾਰੀ ਦਹਿਸ਼ਤਵਾਦ ਕਰ ਕੇ ਚਲੀਆਂ ਗਈਆਂ। ਪੰਜਾਬ ਲੰਮਾ ਸਮਾਂ ਰਾਸ਼ਟਰਪਤੀ ਰਾਜ (1987-92) ਥੱਲੇ ਰਿਹਾ ਜਿਸ ਨਾਲ ਸਾਰੀਆਂ ਸੰਸਥਾਵਾਂ ਦਾ ਘਾਣ ਹੋਇਆ। ਪੰਜਾਬ ਪੁਲਿਸ ਰਾਜ ਵਿਚ ਬਦਲ ਦਿੱਤਾ ਜਿਸ ਵਿਚ ਸੁਰੱਖਿਆ ਅਮਲੇ ਨੂੰ ਅਥਾਹ ਸ਼ਕਤੀਆਂ ਦਿੱਤੀਆਂ ਗਈਆਂ। ਇਸ ਨਾਲ ਵੱਡੀ ਗਿਣਤੀ ਲੋਕਾਂ ਦੇ ਹੱਕਾਂ ਦਾ ਘਾਣ ਹੋਇਆ। ਪੰਜਾਬ ਵਿਚੋਂ ਅਤੇ ਪੰਜਾਬ ਵੱਲ ਵੱਡੀ ਗਿਣਤੀ ਵਿਚ ਅਣਚਾਹੀ ਹਿਜਰਤ ਹੋਈ ਜਿਸ ਨੇ ਪੰਜਾਬ ਦੇ ਸੱਭਿਆਚਾਰਕ ਤਾਣੇ-ਬਾਣੇ ਨੂੰ ਢਾਹ ਲਾਈ। 1987 ਵਿਚ ਸਮਾਜਿਕ ਸੁਧਾਰ ਅੰਦੋਲਨ ਲਾਗੂ ਹੋਣ ਨਾਲ ਪੰਜਾਬ ਦੇ ਹਾਲਾਤ ਬਹੁਤ ਵਿਗੜ ਗਏ। ਪੰਜਾਬ, ਖ਼ਾਸ ਕਰ ਕੇ ਮਾਝਾ ਇਲਾਕੇ ਦੇ ਲੋਕ ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਤੇ ਵੱਡੀ ਗਿਣਤੀ ਵਿਚ ਖਾਂਦੇ ਪੀਂਦੇ ਸਿੱਖ ਕਿਸਾਨਾਂ ਨੇ ਪਿੰਡ ਛੱਡ ਕੇ ਸ਼ਹਿਰਾਂ ਵੱਲ ਹਿਜਰਤ ਕੀਤੀ। ਸਾਡੇ ਆਪਣੇ ਅਧਿਐਨ ਵਿਚ ਇਹ ਤੱਥ ਸਾਹਮਣੇ ਆਇਆ ਕਿ ਬਹੁਤ ਸਾਰੇ ਪਿੰਡਾਂ ਦੀ ਆਬਾਦੀ 1981 ਦੀ ਮਰਦਮਸ਼ੁਮਾਰੀ ਨਾਲੋਂ 1991 ਵਿਚ ਘਟ ਗਈ। ਮਿਸਾਲ ਦੇ ਤੌਰ 'ਤੇ ਮਾਝੇ ਦੇ ਮਸ਼ਹੂਰ ਪਿੰਡ ਸਹਿਸਰਾ ਦੀ ਆਬਾਦੀ 1981 ਦੇ ਮੁਕਾਬਲੇ 1991 ਵਿਚ ਚੌਥਾ ਹਿੱਸਾ ਘਟ ਗਈ। ਇਸ ਤੋਂ ਇਲਾਵਾ ਖਾਂਦੇ ਪੀਂਦੇ ਤੇ ਪੜ੍ਹੇ-ਲਿਖੇ ਲੋਕਾਂ ਦਾ ਪਿੰਡਾਂ ਵਿਚੋਂ ਸ਼ਹਿਰ ਵਿਚ ਆਉਣ ਨਾਲ ਪਿੰਡਾਂ ਦਾ ਵਿੱਦਿਅਕ ਢਾਂਚਾ, ਪੰਚਾਇਤੀ ਪ੍ਰਬੰਧ ਤੇ ਹੋਰ ਤਾਣਾ-ਬਾਣਾ ਖ਼ਤਮ ਹੋ ਗਿਆ ਜਿਸ ਦਾ ਖ਼ਮਿਆਜ਼ਾ ਅੱਜ ਵੀ ਪਿੰਡਾਂ ਵਿਚ ਰਹਿਣ ਵਾਲੇ ਲੋਕ ਭੁਗਤ ਰਹੇ ਹਨ।

ਹੁਣ ਸਵਾਲ ਉਠਦਾ ਹੈ: ਕੀ ਅਸੀਂ ਫਿਰ ਉਸ ਹਾਲਾਤ ਵੱਲ ਮੁੜ ਰਹੇ ਹਾਂ? ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਿਲਕੁਲ ਨਹੀਂ। ਇਸ ਦੇ ਬਹੁਤ ਸਾਰੇ ਕਾਰਨ ਦਿੱਤੇ ਜਾ ਸਕਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹੁਣ ਦੇ ਹਾਲਾਤ ਅੱਜ ਤੋਂ ਸਾਢੇ ਚਾਰ ਦਹਾਕਿਆਂ ਵਾਲੇ ਹਾਲਾਤ ਨਾਲੋਂ ਬਿਲਕੁਲ ਵੱਖਰੇ ਹਨ ਜਿਸ ਦਾ ਗਿਆਨ ਅਸੀਂ ਉਸ ਸਮੇਂ ਤੇ ਉਸ ਤੋਂ ਬਾਅਦ ਪ੍ਰਕਾਸ਼ਿਤ ਹੋਏ ਹਜ਼ਾਰਾਂ ਦਸਤਾਵੇਜ਼ਾਂ ਤੇ ਪੰਜਾਬ ਦੇ ਲੋਕਾਂ ਦੇ ਤਜਰਬਿਆਂ ਤੋਂ ਪ੍ਰਾਪਤ ਕਰ ਸਕਦੇ ਹਾਂ। ਹੁਣ ਹਾਲਾਤ ਕਾਫ਼ੀ ਬਦਲੇ ਹੋਏ ਹਨ। ਹੁਣ ਭਾਵੇਂ ਕੇਂਦਰ ਅਤੇ ਰਾਜਾਂ ਦੇ ਸਬੰਧਾਂ ਵਿਚ ਕੁਝ ਤਲਖ਼ੀ ਹੈ ਪਰ ਇੰਦਰਾ ਗਾਂਧੀ ਦੇ ਸਮੇਂ ਵਾਲੀ ਸਰਕਾਰ ਅਤੇ ਪੰਜਾਬ ਦੀ ਕਾਂਗਰਸ ਪਾਰਟੀ ਦੀ ਉਸ ਸਮੇਂ ਦੀ ਕਾਰਗੁਜ਼ਾਰੀ ਤੇ ਪੰਜਾਬ ਦੇ ਦੋ ਵੱਡੇ ਲੀਡਰਾਂ, ਭਾਵ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਕੇਂਦਰੀ ਗ੍ਰਹਿ ਮੰਤਰੀ ਤੇ ਬਾਅਦ ਵਿਚ ਰਾਸ਼ਟਰਪਤੀ ਬਣੇ ਗਿਆਨੀ ਜ਼ੈਲ ਸਿੰਘ ਦੀ ਆਪਸੀ ਰਾਜਸੀ ਖਹਿਬਾਜ਼ੀ, ਕਿਸਾਨੀ ਦੇ ਹਾਲਾਤ, ਵੱਡੀ ਗਿਣਤੀ ਵਿਚ ਆਮ ਲੋਕਾਂ ਦੇ ਮਨਾਂ ਵਿਚੋਂ ਗ਼ੈਰ-ਸਿੱਖਾਂ ਪ੍ਰਤੀ ਨਫ਼ਰਤ, ਦਿਨੋ-ਦਿਨ ਹੱਥੋਂ ਨਿਕਲਦੀ ਕਾਨੂੰਨ ਤੇ ਪ੍ਰਬੰਧ ਵਿਵਸਥਾ ਦੀ ਹਾਲਤ ਤੇ ਹੋਰ ਬਹੁਤ ਸਾਰੀਆਂ ਘਟਨਾਵਾਂ ਹੁਣ ਜ਼ਿਆਦਾ ਤੌਰ 'ਤੇ ਉਸ ਸਮੇਂ ਦੇ ਹਾਲਾਤ ਵਰਗੀਆਂ ਨਹੀਂ ਹਨ। ਇਸ ਦੇ ਨਾਲ ਹੁਣ ਤਕਨੀਕ ਅਤੇ ਪਹੁੰਚ ਮਾਰਗਾਂ ਤੇ ਸੁਰੱਖਿਆ ਦਸਤਿਆਂ ਦੀ ਵਧੀ ਹੋਈ ਤਾਕਤ ਨੇ ਰਾਜ ਨੂੰ ਪਹਿਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਤਾਕਤਵਰ ਬਣਾ ਦਿੱਤਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਲੋਕਾਂ ਦੇ ਬਹੁਤ ਵੱਡੇ ਹਿੱਸੇ ਦੀ ਨੌਜਵਾਨ ਪੀੜ੍ਹੀ ਦਾ ਰੁਝਾਨ ਤੇ ਵਰਤਾਰਾ ਵੀ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਅਜਿਹੇ ਹਾਲਾਤ ਵਿਚ ਇਹ ਆਸ ਰੱਖੀ ਜਾ ਸਕਦੀ ਹੈ ਕਿ ਪੰਜਾਬ ਮੌਜੂਦਾ ਮਸਲਿਆਂ ਨੂੰ ਨਜਿੱਠਦਾ ਹੋਇਆ ਅਗਾਂਹ ਹੀ ਵਧੇਗਾ।

ਪੰਜਾਬ ਟਾਈਮਜ਼

*ਸਨਿਚਰਵਾਰ, 12 ਨਵੰਬਰ 2022*

# ਭਗਵੀਂ ਸਿਆਸਤ ਦੇ ਰੰਗ

ਹਾਲੀਆ ਜ਼ਿਮਨੀ ਚੋਣਾਂ ਦੇ ਨਤੀਜਿਆਂ ਅਤੇ ਸੁਪਰੀਮ ਕੋਰਟ ਦੇ ਰਾਖਵਾਂਕਰਨ ਬਾਰੇ ਤਾਜ਼ਾ ਫੈਸਲੇ ਨਾਲ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਹੁਲਾਰਾ ਮਿਲਿਆ ਹੈ। ਇਸ ਨਾਲ ਇਸ ਦਾ ਭਗਵਾਂ ਰੰਗ ਵੀ ਉਘੜਿਆ ਹੈ। ਛੇ ਸੂਬਿਆਂ ਦੇ ਸੱਤ ਵਿਧਾਨ ਸਭਾ ਹਲਕਿਆਂ ਵਿਚ ਹੋਈਆਂ ਜ਼ਿਮਨੀ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਚਾਰ ਹਲਕਿਆਂ ਵਿਚ ਜੇਤੂ ਰਹੀ ਹੈ। ਭਾਜਪਾ ਨੇ ਉੱਤਰ ਪ੍ਰਦੇਸ਼, ਬਿਹਾਰ, ਹਰਿਆਣਾ ਅਤੇ ਉੜੀਸਾ ਵਿਚ ਇਕ-ਇਕ ਸੀਟ ‘ਤੇ ਜਿੱਤ ਹਾਸਲ ਕੀਤੀ ਹੈ। ਤਿਲੰਗਾਨਾ ਦੇ ਮੂਨੁਗੋੜੂ ਹਲਕੇ ਵਿਚ ਟੀ.ਆਰ.ਐੱਸ. ਨੇ ਭਾਜਪਾ ਨੂੰ ਹਰਾਇਆ। ਭਾਜਪਾ ਨੂੰ ਬਿਹਾਰ ਦੇ ਮੁਕਾਮਾ ਹਲਕੇ ਵਿਚ ਰਾਸ਼ਟਰੀ ਜਨਤਾ ਦਲ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਜਦੋਂਕਿ ਇਸੇ ਸੂਬੇ ਵਿਚ ਗੋਪਾਲਗੰਜ ਵਿਚ ਭਾਜਪਾ ਨੇ ਆਰ.ਜੇ.ਡੀ. ਨੂੰ ਹਰਾਇਆ। ਭਾਜਪਾ ਦੇ ਉਮੀਦਵਾਰ ਭਵਿਆ ਬਿਸ਼ਨੋਈ ਨੇ ਹਰਿਆਣਾ ਵਿਚ ਆਦਮਪੁਰ ਦੀ ਸੀਟ ਜਿੱਤੀ। ਭਵਿਆ ਬਿਸ਼ਨੋਈ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭਜਨ ਲਾਲ ਦਾ ਪੋਤਰਾ ਹੈ ਅਤੇ ਇਸ ਸੀਟ ਤੋਂ 1968 ਤੋਂ ਭਜਨ ਲਾਲ ਦਾ ਪਰਿਵਾਰ ਹੀ ਜਿੱਤ ਰਿਹਾ ਹੈ। ਮੁੰਬਈ ਦੀ ਅੰਧੇਰੀ (ਪੂਰਬੀ) ਸੀਟ ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਨੇ ਜਿੱਤੀ। ਭਾਜਪਾ ਨੇ ਇਸ ਹਲਕੇ ‘ਚੋਂ ਆਪਣਾ ਉਮੀਦਵਾਰ ਵਾਪਸ ਲੈ ਲਿਆ ਸੀ।ਭਾਜਪਾ ਦਾ ਚਾਰ ਹਲਕਿਆਂ ਤੋਂ ਜਿੱਤਣਾ ਮਹੱਤਵਪੂਰਨ ਹੈ। ਭਾਜਪਾ ਮਜ਼ਬੂਤ ਸਿਆਸੀ ਜਮਾਤ ਬਣਨ ਅਤੇ ਇਸ ਦਾ ਬਿਰਤਾਂਤ ਸਿਰਜਣ ਵਿਚ ਸਫਲ ਰਹੀ ਹੈ ਜਦੋਂਕਿ ਵਿਰੋਧੀ ਧਿਰਾਂ ਬਿਖਰੀਆਂ ਹੋਈਆਂ ਹਨ। ਭਾਜਪਾ ਅਨੁਸਾਰ ਇਹ ਪਾਰਟੀ ਦੇ ਨਾਲ-ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿੱਜੀ ਅਤੇ ਉਸ ਦੀ ਸਰਕਾਰ ਦੀਆਂ ਗ਼ਰੀਬ ਤੇ ਲੋਕਪੱਖੀ ਨੀਤੀਆਂ ਦੀ ਜਿੱਤ ਹੈ; ਭਾਜਪਾ ਇਹ ਸਮਝਦੀ ਹੈ ਕਿ ਪ੍ਰਧਾਨ ਮੰਤਰੀ ਦਾ ਡਬਲ ਇੰਜਣ ਸਰਕਾਰਾਂ (ਕੇਂਦਰ ਤੇ ਸੂਬਾ ਸਰਕਾਰਾਂ ਦੋਵਾਂ ‘ਤੇ ਭਾਜਪਾ ਦਾ ਕਾਬਜ਼ ਹੋਣਾ) ਬਾਰੇ ਪ੍ਰਚਾਰ ਦੀ ਵੀ ਸਫਲਤਾ ਹੈ। ਹਰਿਆਣੇ ਅਤੇ ਉੱਤਰ ਪ੍ਰਦੇਸ਼ ਵਿਚ ਭਾਜਪਾ ਦੀਆਂ ਜਿੱਤਾਂ ਕਾਰਨ ਉਸ ਦੇ ਕਾਰਕੁਨ ਖਾਸ ਤੌਰ ‘ਤੇ ਉਤਸ਼ਾਹਿਤ ਹੋਣਗੇ। ਹੋ ਸਕਦਾ ਹੈ, ਇਸ ਕਰ ਕੇ ਭਾਜਪਾ ਹਿਮਾਚਲ ਪ੍ਰਦੇਸ਼ ਦੀ ਚੋਣਾਂ ਵਿਚ ਖੜ੍ਹੇ ਆਪਣੇ ਬਾਗ਼ੀ ਉਮੀਦਵਾਰਾਂ ਨੂੰ ਆਪਣੇ ਹੱਕ ਵਿਚ ਬਿਠਾਉਣ ਵਿਚ ਕਾਮਯਾਬ ਹੋ ਜਾਵੇ।

2023 ਵਿਚ ਮੇਘਾਲਿਆ, ਰਾਜਸਥਾਨ, ਛੱਤੀਸਗੜ੍ਹ, ਮੱਧ ਪ੍ਰਦੇਸ਼ ਆਦਿ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। 2018 ਵਿਚ ਕਾਂਗਰਸ ਨੇ ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿਚ ਜਿੱਤ ਹਾਸਲ ਕੀਤੀ ਸੀ ਅਤੇ ਮੇਘਾਲਿਆ ਵਿਚ ਉਹ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀ ਸੀ। ਵਿਧਾਨ ਸਭਾ ਚੋਣਾਂ ਹਾਰਨ ਦੇ ਬਾਵਜੂਦ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਇਨ੍ਹਾਂ ਸੂਬਿਆਂ ਵਿਚ ਹੂੰਝਾ-ਫੇਰੂ ਜਿੱਤ ਪ੍ਰਾਪਤ ਕੀਤੀ। ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਤਿੰਨ ਕਾਰਨਾਂ ਕਰ ਕੇ ਜ਼ਿਆਦਾ ਅਹਿਮ ਹੈ। ਪਹਿਲਾ, ਗੁਜਰਾਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਜੱਦੀ ਸੂਬਾ ਹੈ। ਦੂਸਰਾ, ਇੱਥੇ ਭਾਜਪਾ 1998 ਤੋਂ ਸੱਤਾ ਵਿਚ ਹੈ। ਤੀਸਰਾ, ਆਮ ਆਦਮੀ ਪਾਰਟੀ ਨੂੰ ਇਸ ਸੂਬੇ ਵਿਚੋਂ ਹੁੰਗਾਰਾ ਮਿਲ ਰਿਹਾ ਹੈ। ਇਹ ਹੁੰਗਾਰਾ ਦੇਸ਼ ਦੀ ਸਿਆਸਤ ‘ਤੇ ਫੈਸਲਾਕੁਨ ਅਸਰ ਪਾ ਸਕਦਾ ਹੈ। ਇਸ ਹੁੰਗਾਰੇ ਨੇ ਹੀ ਕੌਮੀ ਪੱਧਰ ‘ਤੇ ਪਾਰਟੀ ਦੀ ਦਿਸ਼ਾ ਤੈਅ ਕਰਨੀ ਹੈ। ਭਾਜਪਾ ਨੂੰ ਵੱਡਾ ਆਸਰਾ ਇਸ ਗੱਲ ਦਾ ਹੈ ਕਿ ਭਾਜਪਾ-ਵਿਰੋਧੀ ਵੋਟਾਂ ‘ਆਪ’ ਤੇ ਕਾਂਗਰਸ ਵਿਚ ਵੰਡੀਆਂ ਜਾਣਗੀਆਂ। ਭਾਜਪਾ ਨੂੰ 80 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਅਤੇ 5 ਏਕੜ ਤੋਂ ਘੱਟ ਮਾਲਕੀ ਵਾਲੇ ਕਿਸਾਨਾਂ ਨੂੰ 6000 ਰੁਪਏ ਸਾਲਾਨਾ ਦੇਣ ਦਾ ਸਿਆਸੀ ਫਾਇਦਾ ਪਹੁੰਚ ਰਿਹਾ ਹੈ। ਵੋਟਾਂ ਦੇ ਧਰੁਵੀਕਰਨ ਦਾ ਲਾਹਾ ਵੀ ਭਾਜਪਾ ਨੂੰ ਮਿਲਦਾ ਹੈ।

ਦੂਜਾ ਮੁੱਦਾ ਵਿੱਦਿਆ ਅਤੇ ਨੌਕਰੀਆਂ ਵਿਚ ਆਰਥਿਕ ਤੌਰ ‘ਤੇ ਗ਼ਰੀਬਾਂ ਲਈ 10 ਫੀਸਦੀ ਰਾਖਵੇਂਕਰਨ ਦਾ ਹੈ ਜਿਸ ਨੂੰ ਸੁਪਰੀਮ ਕੋਰਟ ਨੇ ਸਹੀ ਠਹਿਰਾ ਦਿੱਤਾ ਹੈ। ਚੀਫ ਜਸਟਿਸ ਯੂ.ਯੂ. ਲਲਿਤ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ 3-2 ਦੀ ਬਹੁਗਿਣਤੀ ਨਾਲ ਇਹ ਫੈਸਲਾ ਕੀਤਾ ਹੈ। ਦੋ ਜੱਜਾਂ ਨੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ। ਕੇਂਦਰ ਸਰਕਾਰ ਨੇ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਰਥਿਕ ਤੌਰ ‘ਤੇ ਘੱਟ ਸਾਧਨਾਂ ਵਾਲੇ ਲੋਕਾਂ ਲਈ ਦਸ ਫੀਸਦੀ ਰਾਖਵਾਂਕਰਨ ਵਾਸਤੇ 103ਵੀਂ ਸੰਵਿਧਾਨਕ ਸੋਧ ਨੂੰ ਮਨਜ਼ੂਰੀ ਦਿਵਾਈ ਸੀ। ਇਸ ਖਿਲਾਫ ਪਟੀਸ਼ਨਾਂ ਦਾਇਰ ਹੋਈਆਂ। ਮੂਲ ਤੌਰ ‘ਤੇ ਵਿਰੋਧ ਇਸ ਲਈ ਹੋਇਆ ਕਿ ਸੰਵਿਧਾਨ ਵਿਚ ਆਰਥਿਕ ਆਧਾਰ ਉੱਤੇ ਰਾਖਵਾਂਕਰਨ ਕਰਨ ਦਾ ਕੋਈ ਜ਼ਿਕਰ ਨਹੀਂ ਅਤੇ ਇਹ ਅਣਮਿੱਥੇ ਸਮੇਂ ਲਈ ਲਾਗੂ ਨਹੀਂ ਕੀਤਾ ਜਾ ਸਕਦਾ। ਇਹ ਦਲੀਲ ਵੀ ਦਿੱਤੀ ਗਈ ਕਿ ਸੁਪਰੀਮ ਕੋਰਟ ਦੇ 1992 ਦੇ ਇਕ ਫੈਸਲੇ ਅਨੁਸਾਰ ਕੁੱਲ ਮਿਲਾ ਕੇ 50 ਫੀਸਦੀ ਤੋਂ ਜ਼ਿਆਦਾ ਰਾਖਵਾਂਕਰਨ ਨਹੀਂ ਕੀਤਾ ਜਾ ਸਕਦਾ।ਇਹ ਤਰਕ ਵੀ ਸੀ ਕਿ ਸੋਧ ਇਤਿਹਾਸਕ ਤੌਰ ਉੱਤੇ ਪਿਛੜੇ ਵਰਗਾਂ ਨੂੰ ਨਾਲ ਮਿਲਾਉਣ ਲਈ ਕੀਤੇ ਰਾਖਵਾਂਕਰਨ ਦੇ ਸਿਧਾਂਤ ਦੇ ਵਿਰੁੱਧ ਹੈ।ਸਰਕਾਰ ਨੇ ਅੱਠ ਲੱਖ ਰੁਪਏ ਤੱਕ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਇਸ ਰਾਖਵਾਂਕਰਨ ਦਾਫਾਇਦਾ ਦੇਣ ਦਾ ਫੈਸਲਾ ਕੀਤਾ ਹੈ। ਸਮਾਜਿਕ ਅਤੇ ਆਰਥਿਕ ਹਾਲਾਤ ਅਨੁਸਾਰ ਅੱਠ ਲੱਖ ਦੀ ਆਮਦਨ ਵਾਲੇ ਲੋਕਾਂ ਨੂੰ ਗ਼ਰੀਬਾਂ ਦੀ ਬਜਾਇ ਹੇਠਲੇ ਮੱਧ ਵਰਗ ਵਾਲੇ ਮੰਨਿਆ ਜਾਂਦਾ ਹੈ। ਕੇਂਦਰ ਦਾ ਮੰਨਣਾ ਹੈ ਕਿ 25 ਹਜ਼ਾਰ ਰੁਪਏ ਮਹੀਨਾ ਕਮਾਉਣ ਵਾਲੇ ਉੱਪਰਲੇ ਵਰਗਾਂ ਵਿਚ ਆਉਂਦੇ ਹਨ। ਤੇਂਦੂਲਕਰ ਕਮੇਟੀ ਵੱਲੋਂ ਗ਼ਰੀਬੀ ਬਾਰੇ ਲਗਾਏ ਅਨੁਮਾਨ ਮੁਤਾਬਿਕ ਸ਼ਹਿਰ ਵਿਚ 32 ਰੁਪਏ ਅਤੇ ਪਿੰਡ ਵਿਚ 26 ਰੁਪਏ ਰੋਜ਼ਾਨਾ ਖਰਚ ਵਾਲਾ ਵਿਅਕਤੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਨਹੀਂ ਹੈ। ਇਸ ਤੋਂ ਪੈਦਾ ਹੋਏ ਵਿਵਾਦ ਕਾਰਨ ਰਾਮਾਚੰਦਰਨ ਕਮੇਟੀ ਬਣੀ ਜਿਸ ਨੇ ਸ਼ਹਿਰਾਂ ਲਈ ਇਹ ਰਾਸ਼ੀ 47 ਰੁਪਏ ਅਤੇ ਪਿੰਡਾਂ ਲਈ 32 ਰੁਪਏ ਨਿਸ਼ਚਿਤ ਕੀਤੀ। ਇਸ ਤਰ੍ਹਾਂ ਹੇਠਲੇ ਦਰਜੇ ਵਾਲੇ ਗ਼ਰੀਬਾਂ ਨੂੰ ਇਸ ਰਾਖਵੇਂਕਰਨ ਦਾਫਾਇਦਾ ਮਿਲਣ ਦੀ ਸੰਭਾਵਨਾ ਘੱਟ ਹੈ ਪਰ ਇਸ ਨਾਲ ਭਾਰਤੀ ਜਨਤਾ ਪਾਰਟੀ ਇਹ ਜਚਾਉਣ ਵਿਚ ਸਫਲ ਰਹੀ ਹੈ ਕਿ ਇਸ ਨੇ ਉਚ ਵਰਗਾਂ ਲਈ ਵੀ ਰਾਖਵੇਂਕਰਨ ਕਰ ਦਿੱਤਾ ਹੈ। ਇਸ ਦਾ ਲਾਹਾ ਇਹ ਆਉਂਦੀਆਂ ਚੋਣਾਂ ਵਿਚ ਹਰ ਹਾਲ ਲਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਫੁਕਰਿਆਂ ਤੋਂ ਬਚ ਕੇ !

ਅੱਗਾ-ਪਿੱਛਾ ਇਨ੍ਹਾਂ ਦਾ ਪਛਾਣ ਲਈਏ ਦੋਸਤੋ ਜੀ, ‘ਮਾਲਕਾਂ’ ਦੀ ਸ਼ਹਿ ’ਤੇ ਜੋ ਬੱਦਲ਼ ਵਾਂਗ ਗੱਜਦੇ।
ਮੂੰਹ-ਜੋਰ ਫੁਕਰੇ ਇਹ ਪਾੜੇ ਪਾਈ ਜਾਣ ਜਿਹੜੇ, ਸ਼ਾਂਤੀ ਤੇ ਪਿਆਰ ਸਹਿਜ ਨਾਲ਼ ਰਹੀਏ ਕੱਜਦੇ।
ਫੁੱਟੀ ਅੱਖ ਭਾਵੇ ਨਾ ਅਮਨ ਲੂਤੀ ਲਾਉਣਿਆਂ ਨੂੰ, ਜਾਨ ਲੈ ਬੇਦੋਸ਼ਿਆਂ ਦੀ ‘ਦੈਂਤ’ ਨਹੀਂਉਂ ਰੱਜਦੇ।
ਮਾਰੂ ਤੇ ਕਮੀਨੀਆਂ ਸਿਆਸਤਾਂ ਦੇ ਮੋਹਰੇ ਬਣ, ਮੌਤ ਵਾਲ਼ਾ ਤਾਂਡਵ ਨਚਾਉਣਾ ਨਹੀਂ ਤੱਜਦੇ।
ਹੋਊਗਾ ਭਵਿੱਖ ਚੰਗਾ ਹੋ ਕੇ ਜੇ ਇਕੱਠੇ ਆਪਾਂ, ਲਈਏ ਜੀ ਸੁਧਾਰ ਜੋ ਹਾਲਾਤ ਮਾੜੇ ਅੱਜ ਦੇ।
ਪਾਣੀ ਪਾ ਅਕਲ ਵਾਲ਼ਾ ਭਾਂਬੜ ਬੁਝਾਈਏ ਯਾਰੋ, ਅੱਗ ਲਾ ਕੇ ‘ਡੱਬੂ’ ਤਾਂ ਨਿਆਈਆਂ ਵੱਲ ਭੱਜਦੇ।

# ਅਕਾਲੀ ਦਲ ’ਚ ਬੀਬੀ ਜਗੀਰ ਕੌਰ ਦੀ ਬਗਾਵਤ ਦੇ ਮਾਇਨੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਜਲਾਸ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਸੀਨੀਅਰ ਆਗੂ ਬੀਬੀ ਜਗੀਰ ਕੌਰ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਹੈ। ਬੀਬੀ ਜਗੀਰ ਕੌਰ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਲਈ ਆਪਣੀ ਦਾਅਵੇਦਾਰੀ ਜਿਤਾਉਣ ਤੋਂ ਬਾਅਦ ਉਨ੍ਹਾਂ ਨੂੰ ਮੁਅੱਤਲ ਕਰਦਿਆਂ ਪਹਿਲਾਂ ਤਾਂ 48 ਘੰਟਿਆਂ ਅੰਦਰ ਜਵਾਬ ਮੰਗਿਆ ਗਿਆ ਪਰ ਜਦ 48 ਘੰਟੇ ਵਿਚ ਅਜਿਹਾ ਕੋਈ ਜਵਾਬ ਨਾ ਆਇਆ ਤਾਂ ਜਵਾਬ ਦੇਣ ਦੀ ਮੋਹਲਤ ਦੇ ਘੰਟੇ ਵਧਦੇ ਗਏ; ਅਖੀਰ ਸੋਮਵਾਰ ਨੂੰ ਬੀਬੀ ਜਗੀਰ ਕੌਰ ਨੂੰ ਪਾਰਟੀ ਵਿਚੋਂ ਕੱਢਣ ਦਾ ਫੈਸਲਾ ਹੋ ਗਿਆ।

ਪ੍ਰਧਾਨਗੀ ਲਈ ਆਹਮੋ-ਸਾਹਮਣੇ ਆਈਆਂ ਦੋਵਾਂ ਧਿਰਾਂ ਵੱਲੋਂ ਕੋਈ ਠੋਸ ਦਲੀਲ ਰੱਖਣ ਦੀ ਥਾਂ ਇੱਕ ਦੂਜੇ ਖਿਲਾਫ ਇਲਜ਼ਾਮਬਾਜੀ ਹੀ ਕੀਤੀ ਜਾ ਰਹੀ ਹੈ। ਬੀਬੀ ਜਗੀਰ ਕੌਰ ਨੇ ਜਿਸ ਲਿਫ਼ਾਫ਼ਾ ਕਲਚਰ ‘ਤੇ ਸਵਾਲ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਉਠਾਇਆ ਹੈ, ਉਸੇ ਲਿਫਾਫਾ ਕਲਚਰ ਦੀ ਸ਼ੁਰੂਆਤ ਬੀਬੀ ਦਾ ਨਾਮ ਨਿਕਲਣ ਨਾਲ ਹੋਈ ਸੀ ਤੇ 4 ਵਾਰ ਉਸ ਲਿਫਾਫੇ ਵਿਚੋਂ ਬੀਬੀ ਜਗੀਰ ਕੌਰ ਦਾ ਨਾਮ ਨਿੱਕਲ ਚੁੱਕਾ ਹੈ। ਦੂਜੇ ਪਾਸੇ, ਅਕਾਲੀ ਆਗੂ ਜਿਸ ਭਾਜਪਾ ‘ਤੇ ‘ਪਾੜ’ ਪਾਉਣ ਦੇ ਦੋਸ਼ ਲਾ ਰਹੇ ਹਨ, ਉਸੇ ਭਾਜਪਾ ਨਾਲ ਨਹੁੰ-ਮਾਸ ਦਾ ਰਿਸ਼ਤਾ ਦੱਸਦੇ ਰਹੇ ਹਨ।

100 ਸਾਲ ਪੁਰਾਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸ ਬਹੁਤ ਸ਼ਾਨਾਂਮੱਤਾ ਰਿਹਾ ਹੈ ਕਿਉਂਕਿ ਇਸ ਦੀ ਹੋਂਦ ਹੀ ਅੰਗਰੇਜ਼ ਹਕੂਮਤ ਖਿਲਾਫ ਜੱਦੋ-ਜਹਿਦ ਵਿਚੋਂ ਬਣੀ ਸੀ। 19ਵੀਂ ਸਦੀ ਵਿਚ ਇਤਿਹਾਸਕ ਸਿੰਘ ਸਭਾ ਲਹਿਰ ਅਤੇ 20ਵੀਂ ਸਦੀ ਵਿਚ ਗੁਰਦੁਆਰਿਆਂ ਨੂੰ ਅੰਗਰੇਜ਼ ਹਕੂਮਤ ਦੇ ਪਿੱਠੂ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸੰਘਰਸ਼ ਨੇ ਸ਼੍ਰੋਮਣੀ ਕਮੇਟੀ ਦੀ ਹੋਂਦ ਵਾਸਤੇ ਰਾਹ ਪੱਧਰਾ ਕੀਤਾ ਸੀ। ਗੁਰਦੁਆਰਾ ਸੁਧਾਰ ਲਹਿਰ ਵੱਡਾ ਜਨ-ਅੰਦੋਲਨ ਸੀ ਜਿਸ ਨੇ ਹਕੂਮਤ ਦੀ ਸਰਪ੍ਰਸਤੀ ਵਾਲੀ ਅਮੀਰ ਲੀਡਰਸ਼ਿਪ ਨੂੰ ਪਾਸੇ ਕਰ ਕੇ ਕੁਰਬਾਨੀ ਵਾਲੀ ਲੀਡਰਸ਼ਿਪ ਸਥਾਪਤ ਕੀਤੀ ਸੀ ਤੇ ਅੱਜ ਦੀ ਕਹਾਣੀ ਕਿੱਥੇ ਖੜ੍ਹੀ ਹੈ, ਸਾਡੇ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ।

ਦਰਅਸਲ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੱਡੇ ‘ਬਦਲਾਓ’ 1995-96 ਵਿਚ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲੀ ਦਲ ਦਾ ਪ੍ਰਧਾਨ ਬਣਨ ਉਪਰੰਤ ਸ਼ੁਰੂ ਹੋਏ। ਬਾਦਲ ਦੇ ਪ੍ਰਧਾਨ ਬਣਨ ਉਪਰੰਤ ਇੱਕ ਦੌਰ ਉਹ ਵੀ ਆਇਆ, ਜਦ ਬਾਦਲ ਨੇ ਸ਼੍ਰੋਮਣੀ ਕਮੇਟੀ ਵਿਚ ਬਹੁਗਿਣਤੀ ਦੇ ਸਹਾਰੇ 1973 ਤੋਂ ਪ੍ਰਧਾਨ ਚਲੇ ਆ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਅਤੇ ਭਾਈ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਦੀ ਜਥੇਦਾਰੀ ਤੋਂ ਬਰਖ਼ਾਸਤ ਕਰ ਦਿੱਤਾ ਸੀ ਭਾਵੇਂ ਅਕਾਲੀ ਦਲ ਵਿਚ ਵਾਪਸ ਆਉਣ ‘ਤੇ ਟੌਹੜਾ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤਾਂ ਬਣਾ ਦਿੱਤੇ ਪਰ ਤਦ ਤੱਕ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੇ ਜਥੇਦਾਰ ਸਾਹਿਬ ਪੂਰੀ ਤਰ੍ਹਾਂ ਬਾਦਲ ਦੇ ‘ਕਬਜ਼ੇ’ ਵਿਚ ਆ ਚੁੱਕੇ ਸਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਬਣਨ ਉਪਰੰਤ ਅਕਾਲੀ ਦਲ ਦੀ ਪੰਥਕ ਸਿਆਸਤ ਨੂੰ ਪਰਿਵਾਰਵਾਦ ਦੀ ਭੇਂਟ ਚਾੜ੍ਹ ਦਿੱਤਾ ਤੇ ਪਾਰਟੀ ਦਾ ਖਾਸਾ ਹੀ ਬਦਲ ਕੇ ਰੱਖ ਦਿੱਤਾ।

ਇਤਫਾਕ ਨਾਲ ਬਾਦਲ ਦੇ ਪਾਰਟੀ ਪ੍ਰਧਾਨ ਬਣਨ ਉਪਰੰਤ ਸ਼੍ਰੋਮਣੀ ਅਕਾਲੀ ਦਲ ਨੇ 1996 ਵਿਚ ਜਗੀਰ ਕੌਰ ਨੂੰ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੀ ਮੈਂਬਰ ਬਣਾਇਆ ਸੀ ਤੇ 1997 ਵਿਚ ਭੁਲੱਥ ਹਲਕੇ ਤੋਂ ਐਮ.ਐਲ.ਏ. ਬਣਨ ਬਾਅਦ ਮੰਤਰੀ ਬਣਾਈ ਗਈ ਸੀ। 1999 ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬਣਾਈ ਗਈ ਸੀ।

ਲੁਬਾਣਾ ਭਾਈਚਾਰੇ ਨਾਲ ਸਬੰਧਿਤ ਬੀਬੀ ਜਗੀਰ ਕੌਰ ਭਾਵੇਂ ਸ਼੍ਰੋਮਣੀ ਕਮੇਟੀ ਦੀ ਪਹਿਲੀ



ਔਰਤ ਪ੍ਰਧਾਨ ਬਣੀ ਤੇ ਅਕਾਲੀ-ਭਾਜਪਾ ਸਰਕਾਰ ਦੌਰਾਨ ਕੈਬਨਿਟ ਮੰਤਰੀ ਦੇ ਅਹੁਦੇ ‘ਤੇ ਵੀ ਰਹੀ ਪਰ ਆਪਣੇ ਇਸ ਸਿਆਸੀ ਸਫਰ ਦੌਰਾਨ ਉਹ ਕਈ ਵਾਰ ਵਿਵਾਦਾਂ ਵਿਚ ਘਿਰਦੀ ਰਹੀ ਹੈ। ਸਾਲ 2000 ਵਿਚ ਆਪਣੀ ਧੀ ਹਰਪ੍ਰੀਤ ਕੌਰ ਦੇ ਕਤਲ ਸਬੰਧੀ ਲੱਗੇ ਦੋਸ਼ਾਂ ਤੋਂ ਬਾਅਦ ਜਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਹੋਣਾ ਪਿਆ ਸੀ। ਅਕਾਲੀ-ਭਾਜਪਾ ਸਰਕਾਰ ‘ਚ ਦੂਜੀ ਵਾਰ ਕੈਬਨਿਟ ਮੰਤਰੀ ਬਣੀ ਬੀਬੀ ਜਗੀਰ ਕੌਰ ਨੂੰ ਮਹਿਜ਼ 17 ਦਿਨਾਂ ਵਿਚ ਹੀ ਅਸਤੀਫ਼ਾ ਦੇਣਾ ਪਿਆ ਸੀ ਕਿਉਂਕਿ ਮਾਰਚ 2012 ਵਿਚ ਪਟਿਆਲਾ ਦੀ ਸੀ.ਬੀ.ਆਈ. ਅਦਾਲਤ ਨੇ ਬੀਬੀ ਜਗੀਰ ਕੌਰ ਨੂੰ ਆਪਣੀ ਧੀ ਨੂੰ ਜ਼ਬਰਦਸਤੀ ਬੰਦ ਕਰਨ ਅਤੇ ਗਰਭਪਾਤ ਕਰਵਾਉਣ ਦੇ ਮਾਮਲੇ ਵਿਚ 5 ਸਾਲ ਦੀ ਸਜ਼ਾ ਸੁਣਾਈ ਸੀ ਹਾਲਾਂਕਿ ਬਾਅਦ ਵਿਚ ਹਾਈਕੋਰਟ ਨੇ ਬੀਬੀ ਜਗੀਰ ਕੌਰ ਨੂੰ ਇਸ ਕੇਸ ‘ਚੋਂ ਬਰੀ ਕਰ ਦਿੱਤਾ ਸੀ।

ਅਗਲੀ ਗੱਲ ਇਹ ਹੈ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਹਕੂਮਤ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਗੋਲੀ ਕਾਂਡ ਵਾਪਰੇ, ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦਿੱਤੀ ਗਈ ਪਰ ਬੀਬੀ ਜਗੀਰ ਕੌਰ ਦੇ ਮਨ ਵਿਚ ਇਸ ਸਾਰੇ ਵਰਤਾਰੇ ‘ਤੇ ਇੱਕ ਵੀ ਸਵਾਲ ਨਹੀਂ ਉੱਠਿਆ ਲੇਕਿਨ ਹੁਣ ਜਦ ਲੜਾਈ ਪ੍ਰਧਾਨਗੀ ਦੇ ਅਹੁਦੇ ਦੀ ਆਈ ਹੈ ਤਾਂ ਬੀਬੀ ਜੀ ਦੇ ਮਨ ਵਿਚ ਸਵਾਲਾਂ ਨੇ ਜਨਮ ਲੈ ਲਿਆ। ਕੀ ਉਹ ਦੱਸ ਸਕਦੇ ਹਨ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਰਹਿੰਦਿਆਂ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਸਲੇ ਲਈ ਉਹਨਾਂ ਕੀ ਸੰਘਰਸ਼ ਕੀਤਾ?

ਬਾਦਲਾਂ ਬਾਰੇ ਇੱਕ ਗੱਲ ਮਸ਼ਹੂਰ ਹੈ ਕਿ ਉਹਨਾਂ ਜਦ ਪਾਰਟੀ ਦੇ ਕਿਸੇ ਕੱਦਾਵਰ ਆਗੂ ਨੂੰ ਖੂੰਜੇ ਲਾਉਣਾ ਹੁੰਦਾ ਸੀ ਤਾਂ ਉਸੇ ਇਲਾਕੇ ਦੇ ਕਿਸੇ ਲੀਡਰ ਨੂੰ ਥਾਪੜਾ ਦੇ ਦਿੰਦੇ ਸਨ। ਕਿਸੇ ਸਮੇਂ ਬਰਨਾਲਾ ਪਰਿਵਾਰ ਖਿਲਾਫ ਢੀਂਡਸਾ ਪਰਿਵਾਰ ਨੂੰ ਥਾਪੜਾ ਦਿੱਤਾ ਅਤੇ ਜਦ ਢੀਂਡਸਾ ਪਰਿਵਾਰ ਨੇ ਬਾਗੀ ਰੁਖ ਅਖਤਿਆਰ ਕੀਤਾ ਤਾਂ ਮੁੜ ਬਰਨਾਲਾ ਪਰਿਵਾਰ ਨੂੰ ਸੰਗਰੂਰ ਬਰਨਾਲਾ ਇਲਾਕੇ ਵਿਚ ਸਿਆਸੀ ਥਾਪੜਾ ਦੇ ਦਿੱਤਾ। ਉਹਨਾਂ ਅਕਾਲੀ ਆਗੂਆਂ ਨੂੰ ਬੀਬੀ ਜਗੀਰ ਕੌਰ ਖਿਲਾਫ ਬਿਆਨਬਾਜੀ ਲਈ ਉਤਾਰਿਆ ਹੈ ਜੋ ਪਾਰਟੀ ਹਾਈਕਮਾਂਡ ਤੱਕ ਆਪਣੀ ਗੱਲ ਪਹੁੰਚਾਉਣ ਲਈ ਬੀਬੀ ਜਗੀਰ ਕੌਰ ਦਾ ਸਹਾਰਾ ਲੈਂਦੇ ਰਹੇ ਸਨ। ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਿਕੰਦਰ ਸਿੰਘ ਮਲੂਕਾ ਜਿਸ ਸੀਟ ‘ਤੇ ਦਾਅਵੇਦਾਰੀ ਜਿਤਾ ਰਿਹਾ ਸੀ, ਉਸੇ ਸੀਟ ਤੋਂ ਜਗਮੀਤ ਸਿੰਘ ਬਰਾੜ ਨੂੰ ਟਿਕਟ ਦਿੱਤੀ ਗਈ ਤੇ ਹੁਣ ਸਿਕੰਦਰ ਸਿੰਘ ਮਲੂਕਾ ਨੂੰ ਅਨੁਸ਼ਾਸਨੀ ਕਮੇਟੀ ਦਾ ਮੁਖੀ ਥਾਪ ਕੇ ਜਗਮੀਤ ਸਿੰਘ ਬਰਾੜ ਨੂੰ ਨੋਟਿਸ ਜਾਰੀ ਕਰਵਾਏ ਜਾ ਰਹੇ ਹਨ।

> ***ਇਸ ਸਾਰੇ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਦੀ ਭੂਮਿਕਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਭਾਜਪਾ ਵਿਚ ਸ਼ਾਮਲ ਹੋ ਚੁੱਕੇ ਹਨ।***

ਇਹ ਵੀ ਸੱਚ ਹੈ ਕਿ ਅਕਾਲੀ ਦਲ (ਬਾਦਲ) ਦੀ ਦਿਨੋ-ਦਿਨ ਮਾੜੀ ਹੋ ਰਹੀ ਸਿਆਸੀ ਹਾਲਤ ਦੌਰਾਨ ਕਈ ਆਗੂ ਇਸ ਵਿਚੋਂ ਛਾਲਾਂ ਮਾਰ ਰਹੇ ਹਨ। ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੀ ਹੋਈ ਹਾਰ ਤੋਂ ਬਾਅਦ ਪਾਰਟੀ ਵਿਚ ਬਾਗੀ ਸੁਰਾਂ ਤਿੱਖੀਆਂ ਹੋਈਆਂ ਸਨ। ਉਸ ਸਮੇਂ ਪਾਰਟੀ ਨੇ ਝੂੰਦਾਂ ਕਮੇਟੀ ਬਣਾਈ ਸੀ ਜਿਸ ਨੇ ਸਿਫਾਰਸ਼ ਕੀਤੀ ਸੀ ਕਿ ਪਾਰਟੀ ਦਾ ਜਥੇਬੰਦਕ ਢਾਂਚਾ ਭੰਗ ਕਰ ਕੇ ਨਵੀਂ ਲੀਡਰਸ਼ਿਪ ਚੁਣੀ ਜਾਵੇ। ਪਹਿਲਾਂ ਤਾਂ ਝੂੰਦਾਂ ਕਮੇਟੀ ਦੀ ਰਿਪੋਰਟ ਠੰਢੇ ਬਸਤੇ ਵਿਚ ਪਾ ਦਿੱਤੀ ਪਰ ਰਾਸ਼ਟਰਪਤੀ ਦੀ ਚੋਣ ਸਮੇਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੇ ਬਾਗੀ ਰੁਖ ਅਖਤਿਆਰ ਕਰਨ ਬਾਅਦ ਸੁਖਬੀਰ ਸਿੰਘ ਬਾਦਲ ਨੇ ਆਪਣਾ ਅਹੁਦਾ ਸੁਰੱਖਿਅਤ ਰੱਖਦਿਆਂ ਬਾਕੀ ਢਾਂਚਾ ਭੰਗ ਕਰ ਦਿੱਤਾ।

ਇਸ ਸਾਰੇ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਦੀ ਭੂਮਿਕਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਭਾਜਪਾ ਵਿਚ ਸ਼ਾਮਲ ਹੋ ਚੁੱਕੇ ਹਨ। ਭਾਵੇਂ ਲੰਮਾ ਸਮਾਂ ਅਕਾਲੀ-ਭਾਜਪਾ ਦਾ ਗੱਠਜੋੜ ਚੱਲਿਆ ਪਰ ਭਾਜਪਾ ਦੀ ਖੇਤਰੀ ਪਾਰਟੀਆਂ ਪ੍ਰਤੀ ਪਹੁੰਚ ਕੋਈ ਜ਼ਿਆਦਾ ਸਕਾਰਾਤਮਿਕ ਨਹੀਂ ਹੈ। ਭਾਜਪਾ ਮਹਾਰਾਸ਼ਟਰ, ਹਰਿਆਣਾ, ਬਿਹਾਰ ਸਮੇਤ ਕਈ ਸੂਬਿਆਂ ਦੀਆਂ ਖੇਤਰੀ ਪਾਰਟੀਆਂ ਨੂੰ ਧੋਬੀ-ਪਟਕਾ ਦੇ ਚੁੱਕੀ ਹੈ। ਜਿਸ ਇਕਬਾਲ ਸਿੰਘ ਲਾਲਪੁਰਾ ‘ਤੇ ਅਕਾਲੀ ਆਗੂ ਇਲਜ਼ਾਮ ਲਗਾ ਰਹੇ ਹਨ, ਉਸੇ ਲਾਲਪੁਰਾ ਨੂੰ ਭਾਜਪਾ ਨੇ ਅਹਿਮ ਅਹੁਦੇ ਨਾਲ ਨਿਵਾਜਿਆ ਹੋਇਆ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲਾਲਪੁਰਾ ਦੇ ਘਰ ਰੱਖੇ ਸਮਾਗਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਸ਼ਮੂਲੀਅਤ ਕੀਤੀ ਹੈ।

ਸਿੱਖ ਗੁਰਦੁਆਰਾ ਐਕਟ-1925 ਰਾਹੀਂ ਤੈਅ ਚੋਣ ਪ੍ਰਕਿਰਿਆ ਅਨੁਸਾਰ ਸ਼੍ਰੋਮਣੀ ਕਮੇਟੀ ਦੇ 170 ਮੈਂਬਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿਚੋਂ ਵੋਟਾਂ ਰਾਹੀਂ ਚੁਣੇ ਜਾਂਦੇ ਹਨ ਅਤੇ ਦੇਸ਼ ਭਰ ਵਿਚੋਂ 15 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਪੰਜ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਬਿਨਾ ਚੋਣ ਤੋਂ ਕਮੇਟੀ ਦੇ ਮੈਂਬਰ ਹੁੰਦੇ ਹਨ। ਮੈਂਬਰਾਂ ਦੀ ਕੁੱਲ ਗਿਣਤੀ 191 ਹੁੰਦੀ ਹੈ। ਹਰ ਸਾਲ ਅਹੁਦੇਦਾਰਾਂ ਸਮੇਤ 15 ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੀਆਂ ਪਿਛਲੀਆਂ ਚੋਣਾਂ 18 ਸਤੰਬਰ 2011 ਨੂੰ ਹੋਈਆ ਸਨ ਤੇ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਸੰਤ ਸਮਾਜ ਨਾਲ ਰਲ ਕੇ ਚੋਣਾਂ ਲੜੀਆਂ ਸਨ। ਇਸ ਕਮੇਟੀ ਦੀ ਮਿਆਦ ਪੰਜ ਸਾਲ ਬਾਅਦ 2016 ਵਿਚ ਖਤਮ ਹੋਣੀ ਬਣਦੀ ਸੀ ਲੇਕਿਨ ਅਜੇ ਤੱਕ ਚੋਣਾਂ ਨਾ ਹੋਣ ਕਾਰਨ ਇਹੋ ਕਮੇਟੀ ਚੱਲੀ ਆ ਰਹੀ ਹੈ।

ਪਿਛਲੇ ਵਰ੍ਹੇ 2021 ਦੀ ਚੋਣ ਦੌਰਾਨ ਕੁੱਲ ਪਈਆਂ 142 ਵੋਟਾਂ ਵਿਚੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਸਬੰਧਿਤ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ 122 ਵੋਟਾਂ ਪ੍ਰਾਪਤ ਹੋਈਆ ਸਨ। ਇਸੇ ਤਰ੍ਹਾਂ ਦੀ ਸਥਿਤੀ 2020 ਵਿਚ ਸੀ। ਇਸ ਵਾਰ ਦੀ ਚੋਣ ਵਿਚ ਬੀਬੀ ਜਗੀਰ ਕੌਰ ਨੇ ਇਕ ਤਰ੍ਹਾਂ ਨਾਲ ਅਗਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਇੱਕ ਧਿਰ ਦਾ ਮੁੱਢ ਬੰਨ੍ਹ ਦਿੱਤਾ ਹੈ। ਬੀਬੀ ਜਗੀਰ ਕੌਰ ਨੂੰ ਪਤਾ ਹੈ ਕਿ ਕਿਸੇ ਵੀ ਸਮੇਂ ਸ਼੍ਰੋਮਣੀ ਕਮੇਟੀ ਚੋਣਾਂ ਦਾ ਐਲਾਨ ਹੋ ਸਕਦਾ ਹੈ ਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਪੰਜਾਬ ਦੇ ਲੋਕ ਨਕਾਰ ਚੁੱਕੇ ਹਨ। ਇਸ ਲਈ ਉਹ ਇੱਕ ਨਵਾਂ ਧੜ੍ਹਾ ਸਥਾਪਤ ਕਰਨ ਵੱਲ ਵਧ ਰਹੀ ਹੈ ਜਿਸ ਨੂੰ ਢੀਂਡਸਾ, ਭਾਜਪਾ ਸਮੇਤ ਕਈ ਧਿਰਾਂ ਦੇ ਹਮਾਇਤ ਦੇਣ ਦੀ ਸੰਭਾਵਨਾ ਹੈ।

# ਜੰਗਲਾਂ ’ਚ ਪੱਕੇ ਮੋਰਚੇ ਦੀ ਗੂੰਜ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

‘ਫੋਰਮ ਅਗੇਂਸਟ ਕਾਰਪੋਰੇਟਾਈਜੇਸ਼ਨ ਐਂਡ ਮਿਲਟਰਾਈਜੇਸ਼ਨ’ ਨੇ ਬਸਤਰ ਦੀ ਘੇਰਾਬੰਦੀ ਬਾਰੇ ਰਿਪੋਰਟ ਛਾਪੀ ਹੈ। ਰਿਪੋਰਟ ਜਿੱਥੇ ਆਦਿਵਾਸੀ ਖੇਤਰਾਂ ਵਿਚ ‘ਵਿਕਾਸ’ ਦੇ ਨਾਂ ਹੇਠ ਕੁਦਰਤੀ ਵਸੀਲਿਆਂ ਦੀ ਲੁੱਟ ਲਈ ਲਾਏ ਜਾ ਰਹੇ ਕਾਰਪੋਰੇਟ ਪ੍ਰੋਜੈਕਟਾਂ ਦੀ ਪੋਲ ਖੋਲ੍ਹਦੀ ਹੈ, ਉੱਥੇ ਆਦਿਵਾਸੀਆਂ ਵੱਲੋਂ ਕੀਤੇ ਜਾ ਰਹੇ ਸ਼ਾਨਦਾਰ ਟਾਕਰੇ ਦੀ ਜਾਣਕਾਰੀ ਵੀ ਦਿੰਦੀ ਹੈ।

ਜਦੋਂ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਅਤੇ ਹੋਰ ਰਾਜਾਂ ਦੇ ਕਿਸਾਨਾਂ ਨੇ ਦਿੱਲੀ ਦੇ ਬਾਰਡਰਾਂ ‘ਤੇ ਅੰਦੋਲਨ ਕੀਤਾ ਤਾਂ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਨੇ ਕਵਰੇਜ ਕਰ ਕੇ ਕੁਲ ਆਲਮ ਤੱਕ ਅੰਦੋਲਨ ਦੀ ਖ਼ਬਰ ਪਹੁੰਚਾ ਦਿੱਤੀ। ਇਸੇ ਤਰਜ਼ ਦਾ ਪੱਕਾ ਮੋਰਚਾ ਛੱਤੀਸਗੜ੍ਹ ਦੇ ਦੂਰ-ਦਰਾਜ ਜੰਗਲਾਂ ਦੇ ਬਾਸ਼ਿੰਦਿਆਂ ਨੇ ਬੀਜਾਪੁਰ ਜ਼ਿਲ੍ਹੇ ਦੇ ਸਿਲਗੇਰ ਪਿੰਡ ਵਿਚ ਡੇਢ ਸਾਲ ਤੋਂ ਲੱਗਿਆ ਹੋਇਆ ਹੈ ਜੋ ਇਸ ਦੌਰ ਦਾ ਸਭ ਤੋਂ ਲੰਮਾ ਚੱਲਣ ਵਾਲਾ ਅੰਦੋਲਨ ਹੈ ਪਰ ਕਾਰਪੋਰੇਟ ਕੰਟਰੋਲ ਵਾਲਾ ਮੀਡੀਆ ਕਾਰਪੋਰੇਟ ਹਿਤਾਂ ਕਾਰਨ ਇਸ ਬਾਰੇ ਚੁੱਪ ਹੈ।

ਮਈ 2021 ‘ਚ ਇਹ ਅੰਦੋਲਨ ਆਦਿਵਾਸੀਆਂ ਨੇ ਸਿਲਗੇਰ ਪਿੰਡ ਦੀ ਜ਼ਮੀਨ ਉੱਪਰ ਬਣਾਏ ਜਾ ਰਹੇ ਨੀਮ-ਫ਼ੌਜੀ ਦਸਤਿਆਂ ਦਾ ਕੈਂਪ ਰੋਕਣ ਲਈ ਸ਼ੁਰੂ ਕੀਤਾ ਸੀ। ਸੀ.ਆਰ.ਪੀ.ਐੱਫ. ਨੇ ਪਿੰਡ ਵਾਸੀਆਂ ਦੀ ਸਹਿਮਤੀ ਲਏ ਬਿਨਾ ਹੀ 12-13 ਮਈ ਦੀ ਰਾਤ ਨੂੰ ਇੱਥੇ 10 ਏਕੜ ਖੇਤੀਬਾੜੀ ਵਾਲੀ ਜ਼ਮੀਨ ਉੱਪਰ ਕੈਂਪ ਬਣਾ ਲਿਆ ਸੀ। ਪਿੰਡ ਵਾਸੀਆਂ ਨੇ ਇਸ ਦਾ ਵਿਰੋਧ ਕੀਤਾ। ਅਗਲੇ ਦਿਨਾਂ ‘ਚ ਨੀਮ-ਫ਼ੌਜੀ ਦਸਤਿਆਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ 5 ਆਦਿਵਾਸੀਆਂ ਨੂੰ ਕਤਲ ਕਰ ਦੇਣ ਨਾਲ ਦਹਿਸ਼ਤਜ਼ਦਾ ਹੋਣ ਦੀ ਬਜਾਇ ਅੰਦੋਲਨ ਹੋਰ ਵੀ ਦ੍ਰਿੜ ਅਤੇ ਵਿਆਪਕ ਹੋ ਗਿਆ। ਨਿੱਤ ਦੇ ਕਤਲੇਆਮ ਨੇ ਉਨ੍ਹਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਸੀ ਅਤੇ ਉਨ੍ਹਾਂ ਨੂੰ ਮੌਤ ਤੋਂ ਨਿਰਭੈ ਹੋ ਕੇ ਹਕੂਮਤੀ ਦਹਿਸ਼ਤਵਾਦ ਵਿਰੁੱਧ ਡਟਣਾ ਹੀ ਪੈਣਾ ਸੀ। ਸਰਕਾਰੀ ਕੈਂਪ ਦੇ ਬਰਾਬਰ ਲੋਕ ਸੰਘਰਸ਼ ਦਾ ਕੈਂਪ ਸਥਾਪਿਤ ਹੋ ਗਿਆ ਜਿਸ ਦੇ ਕੋਲ ਫਾਇਰਿੰਗ ‘ਚ ਮਾਰੇ ਗਏ ਪੰਜ ਸ਼ਹੀਦਾਂ ਦੀ ਯਾਦਗਾਰ ਹੈ।

ਇਹ ਅੰਦੋਲਨ ਸਥਾਨਕ ਮੁੱਦਿਆਂ ਉੱਪਰ ਹੁੰਦਿਆਂ ਹੋਇਆਂ ਵੀ ਇਸ ਦਾ ਮਹੱਤਵ ਮੁਲਕ-ਵਿਆਪੀ ਹੈ। ਕਿਉਂਕਿ ਇਸ ਨੇ ਖ਼ੂੰਖ਼ਾਰ ਹਕੂਮਤੀ ਤਾਕਤ ਨਾਲ ਮੱਥਾ ਲਾ ਕੇ ਧਾੜਵੀ-ਤੰਤਰ ਨੂੰ ਅੱਗੇ ਵਧਣ ਤੋਂ ਰੋਕਿਆ ਹੋਇਆ ਹੈ ਅਤੇ ਇਹ ਕਾਰਪੋਰੇਟ ਮਾਡਲ ਦਾ ਵਿਰੋਧ ਕਰਨ ਪੱਖੋਂ ਪੂਰੇ ਮੁਲਕ ਲਈ ਪ੍ਰੇਰਨਾ ਦਾ ਸਰੋਤ ਹੈ; ਖ਼ਾਸਕਰ ਉਦੋਂ ਜਦੋਂ ਪ੍ਰਭਾਵਸ਼ਾਲੀ ਅੰਦੋਲਨ ਨਹੀਂ ਹੋ ਰਹੇ ਅਤੇ ਦੱਬੇ-ਕੁਚਲਿਆਂ ਦੀ ਨੁਮਾਇੰਦਗੀ ਕਰਦੇ ਸੰਘਰਸ਼ਸ਼ੀਲ ਹਿੱਸੇ ਹਕੂਮਤ ਦੇ ਬੁਲਡੋਜ਼ਰ ਅੱਗੇ ਲਗਾਤਾਰ ਡੱਟਣ ‘ਚ ਬੇਵਸੀ ਮਹਿਸੂਸ ਕਰ ਰਹੇ ਹਨ। ਸਿਲਗੇਰ ਅੰਦੋਲਨ ਨੇ ‘ਏਰੀਆ ਡੌਮੀਨੇਸ਼ਨ’ ਰਾਹੀਂ ਕਬਜ਼ੇ ‘ਚ ਲਏ ਗਏ ਜੰਗਲੀ ਵਸੀਲਿਆਂ ਉੱਪਰ ਆਦਿਵਾਸੀਆਂ ਦਾ ਹੱਕ ਮੁੜ ਸਥਾਪਿਤ ਕਰ ਲਿਆ ਹੈ। ਬੇਸ਼ੱਕ ਮ੍ਰਿਤਕਾਂ ਲਈ ਇਨਸਾਫ਼ ਅਹਿਮ ਮੰਗ ਹੈ ਪਰ ਅੰਦੋਲਨ ਪੇਸਾ ਕਾਨੂੰਨ (ਪੰਚਾਇਤ ਰਾਜ ਵਿਸਤਾਰ ਐਕਟ) ਅਤੇ ਗ੍ਰਾਮ ਸਭਾ ਦੀ ਸੰਵਿਧਾਨਕ ਵਿਵਸਥਾ ਨੂੰ ਲਾਗੂ ਕਰਾਉਣ ਦੇ ਵੱਡੇ ਮੁੱਦਿਆਂ ਉੱਪਰ ਕੇਂਦਰਤ ਹੈ ਜੋ ਦਰਅਸਲ ਆਦਿਵਾਸੀਆਂ ਦੀ ਆਪਣੇ ਹੱਕਾਂ ਦੀ ਪਹਿਰੇਦਾਰੀ ਹੈ। ਪੈਦਲ ਯਾਤਰਾਵਾਂ, ਰੈਲੀਆਂ ਆਦਿ ਰਾਹੀਂ ਵਿਸ਼ਾਲ ਲਾਮਬੰਦੀ ਕੀਤੀ ਗਈ ਹੈ। ਸਿਲਗੇਰ ਅੰਦੋਲਨ ਤੋਂ ਪ੍ਰੇਰਨਾ ਲੈ ਕੇ ਬਸਤਰ ਦੇ ਤਿੰਨ ਜ਼ਿਲ੍ਹਿਆਂ ਦੀਆਂ 12 ਹੋਰ ਥਾਵਾਂ ਉੱਪਰ ਕੈਂਪਾਂ ਵਿਰੋਧੀ ਆਦਿਵਾਸੀ ਅੰਦੋਲਨ ਦੇ ਕੇਂਦਰ ਉੱਭਰੇ ਹਨ ਜਿਨ੍ਹਾਂ ਨੇ ਦੋ ਦਹਾਕਿਆਂ ਤੋਂ ਰਾਜਕੀ ਦਹਿਸ਼ਤਵਾਦ ਦਾ ਸੰਤਾਪ ਝੱਲ ਰਹੇ ਆਦਿਵਾਸੀਆਂ ਦੇ ਰੋਹ ਨੂੰ ਲੜਾਈ ਦੇ ਨਵੇਂ ਮੁਹਾਜ਼ ਦੇ ਰੂਪ ‘ਚ ਲਾਮਬੰਦ ਕੀਤਾ ਹੈ। ਇਸ ਅੰਦੋਲਨ ਵਿੱਚੋਂ ‘ਮੂਲਵਾਸੀ ਬਚਾਓ ਮੰਚ‘ ਨਾਂ ਦੀ ਨਵੀਂ ਆਦਿਵਾਸੀ ਜਥੇਬੰਦੀ ਬਣੀ ਹੈ ਜਿਸ ਦਾ ਆਪਣਾ ਹਰਾ ਝੰਡਾ ਹੈ ਜੋ ਹੁਣ ਸਿਲਗੇਰ ਅਤੇ ਹੋਰ ਥਾਈਂ ਧੱਕੇ ਨਾਲ ਬਣਾਈਆਂ ਜਾ ਰਹੀਆਂ ਸੜਕਾਂ ਵਿਰੁੱਧ ਸੰਘਰਸ਼ ਦਾ ਪ੍ਰਤੀਕ ਹੈ।

ਅੰਦੋਲਨ ਦੇ ਕੈਂਪ ਤੋਂ ਥੋੜ੍ਹੀ ਦੂਰ ਸੈਂਕੜਿਆਂ ਦੀ ਤਦਾਦ ‘ਚ ਸਰਕਾਰੀ ਲਸ਼ਕਰ ਸਿਲਗੇਰ ਕੈਂਪ ਬਣਾਈ ਬੈਠੇ ਹਨ ਜਿਨ੍ਹਾਂ ਨੇ ਗੋਲੀਆਂ ਚਲਾ ਕੇ ਆਦਿਵਾਸੀਆਂ ਨੂੰ ਕਤਲ ਕੀਤਾ ਸੀ ਅਤੇ ਜਿਨ੍ਹਾਂ ਦੀ ਮਦਦ ਨਾਲ ‘ਵਿਕਾਸ’ ਦਾ ਬੁਲਡੋਜ਼ਰ ਜੰਗਲਾਂ-ਪਹਾੜਾਂ ਅਤੇ ਆਦਿਵਾਸੀ ਤਰਜ਼ੇ-ਜ਼ਿੰਦਗੀ ਨੂੰ ਤਬਾਹ ਕਰ ਕੇ ਦਨ-ਦਨਾਉਂਦਾ ਅੱਗੇ ਵਧ ਰਿਹਾ ਸੀ। ਭਾਰਤੀ ਹੁਕਮਰਾਨ ਜਿਨ੍ਹਾਂ ਨੇ ਸੱਤ ਦਹਾਕਿਆਂ ‘ਚ ਆਦਿਵਾਸੀਆਂ ਨੂੰ ਪੜ੍ਹਾਈ ਅਤੇ ਇਲਾਜ ਮੁਹੱਈਆ ਕਰਾਉਣ ਵਰਗੀਆਂ ਮੁੱਢਲੀਆਂ ਮਨੁੱਖੀ ਲੋੜਾਂ ਦੀ ਵੀ ਕਦੇ ਲੋੜ ਨਹੀਂ ਸੀ ਸਮਝੀ, ਨੀਮ-ਫ਼ੌਜੀ ਲਸ਼ਕਰਾਂ ਦੇ ਕੈਂਪਾਂ ਦਾ ਜਾਲ ਵਿਛਾਉਣ ਉੱਪਰ ਹਜ਼ਾਰਾਂ ਕਰੋੜ ਰੁਪਏ ਪਾਣੀ ਵਾਂਗ ਵਹਾ ਰਹੇ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਵੱਲੋਂ ਅਪਰੈਲ 2022 ‘ਚ ਲੋਕ ਸਭਾ ਨੂੰ ਦਿੱਤੀ ਲਿਖਤੀ ਜਾਣਕਾਰੀ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ ‘ਸੁਰੱਖਿਆ ਸਬੰਧੀ ਖ਼ਰਚੇ’ ਤਹਿਤ ‘ਖੱਬੇਪੱਖੀ ਅਤਿਵਾਦ’ ਤੋਂ ਪ੍ਰਭਾਵਿਤ ਰਾਜਾਂ ਨੂੰ 1623 ਕਰੋੜ ਰੁਪਏ ਜਾਰੀ ਕੀਤੇ ਗਏ ਜੋ ‘ਸਪੈਸ਼ਲ ਇਨਫ੍ਰਾਸਟਰਕਚਰ ਸਕੀਮ’ ਤਹਿਤ ਮੁੱਖ ਤੌਰ ‘ਤੇ ਕਿਲ੍ਹਾਬੰਦ ਥਾਣਿਆਂ/ਕੈਂਪਾਂ ਦੇ ਨਿਰਮਾਣ, ਵਿਸ਼ੇਸ਼ ਖੁਫ਼ੀਆ ਏਜੰਸੀਆਂ ਅਤੇ ਪੁਲਿਸ ਥਾਣਿਆਂ ਨੂੰ ਮਜ਼ਬੂਤ ਬਣਾਉਣ ਲਈ ਸਨ। ਸੱਤਾ ਦੀਆਂ ਬੰਦੂਕਾਂ ਦੇ ਜ਼ੋਰ ਆਦਿਵਾਸੀਆਂ ਨੂੰ ਕੁਚਲ ਕੇ ਹੀ ਜੰਗਲਾਂ ਦੇ ਧੁਰ ਅੰਦਰ ਸੜਕਾਂ ਦਾ ਜਾਲ ਵਿਛਾਇਆ ਜਾ ਸਕਦਾ ਹੈ ਜੋ ਪੁਲਿਸ ਅਤੇ ਨੀਮ-ਫ਼ੌਜੀ ਦਸਤਿਆਂ ਦੀ ਆਮਦ ਅਤੇ ਕਾਰਪੋਰੇਟ



ਪ੍ਰੋਜੈਕਟਾਂ ਦੇ ਢੋਆ-ਢੁਆਈ ਦੇ ਕੰਮਾਂ ਲਈ ਵਰਤੀਆਂ ਜਾਂਦੀਆਂ ਹਨ। ਇਸ ਹਕੀਕਤ ਨੂੰ ਆਦਿਵਾਸੀ ਬਾਖ਼ੂਬੀ ਸਮਝਦੇ ਹਨ। ਸੜਕਾਂ ਅਤੇ ਨੀਮ-ਫ਼ੌਜੀ ਕੈਂਪ ਇਕੱਠੇ ਅੱਗੇ ਵਧਦੇ ਹਨ। ਸੜਕ ਬਣਾਉਣ ਵਾਲੇ ਠੇਕੇਦਾਰ, ਮਜ਼ਦੂਰ ਅਤੇ ਜ਼ਰੂਰੀ ਮਸ਼ੀਨਰੀ ਸਭ ਨੀਮ-ਫ਼ੌਜੀ ਕੈਂਪਾਂ ਦੀ ਸੁਰੱਖਿਆ ਹੇਠ ਰਹਿੰਦੇ ਹਨ। ਸੜਕ ਬਣਾਉਣ ਦਾ ਅਮਲ ਬਾਰੂਦੀ ਸੁਰੰਗਾਂ ਦਾ ਪਤਾ ਲਗਾਉਣ ਵਾਲੇ ਆਧੁਨਿਕ ਯੰਤਰਾਂ ਅਤੇ ਮਾਈਨ ਪਰੂਫ਼ ਗੱਡੀਆਂ ਨਾਲ ਲੈਸ ਨੀਮ-ਫ਼ੌਜੀ ਲਸ਼ਕਰਾਂ ਦੇ ਪਹਿਰੇ ਹੇਠ ਚੱਲਦਾ ਹੈ।

ਸੜਕਾਂ ਆਦਿਵਾਸੀਆਂ ਨੂੰ ਬਾਕੀ ਸਮਾਜ ਨਾਲ ਜੋੜਨ ਲਈ ਨਹੀਂ ਬਣਾਈਆਂ ਜਾਂਦੀਆਂ ਸਗੋਂ ਇਨ੍ਹਾਂ ਦਾ ਮਨੋਰਥ ਆਦਿਵਾਸੀਆਂ ਦਾ ਉਜਾੜਾ ਅਤੇ ਨਸਲਕੁਸ਼ੀ ਕਰ ਕੇ ਕਾਰਪੋਰੇਟ ਖਣਨ ਦੇ ਕਾਰੋਬਾਰਾਂ ਦਾ ਵਿਸਤਾਰ ਕਰਨਾ ਅਤੇ ‘ਜੀ.ਡੀ.ਪੀ. ਦੀ ਵਿਕਾਸ ਦਰ’ ਨੂੰ ਜ਼ਰਬਾਂ ਦੇਣਾ ਹੈ। ਪਹਿਲਾਂ ਲਗਾਏ ਪ੍ਰੋਜੈਕਟ ਇਸ ਦਾ ਸਬੂਤ ਹਨ ਕਿ ਭਾਰਤੀ ਰਾਜ ਨੇ ਦੇਸੀ-ਬਦੇਸ਼ੀ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਖਣਿਜ ਮੁਹੱਈਆ ਕਰਾਉਣ ਲਈ ਬੁਨਿਆਦੀ ਢਾਂਚਾ ਕਿੰਨਾ ਕਾਰਜ-ਕੁਸ਼ਲ ਅਤੇ ਫ਼ੁਰਤੀਲਾ ਬਣਾ ਲਿਆ ਹੈ। ਜਿੱਥੇ ਬਿਮਾਰਾਂ ਨੂੰ ਵਹਿੰਗੀ ’ਚ ਜਾਂ ਮੰਜੇ ਉੱਪਰ ਚੁੱਕ ਕੇ ਦਰਜਨਾਂ ਕਿਲੋਮੀਟਰ ਪੈਦਲ ਚੱਲ ਕੇ ਹਸਪਤਾਲ ਲਿਜਾਣਾ ਪੈਂਦਾ ਹੈ, ਉੱਥੇ ਬਸਤਰ ਤੋਂ ਕੱਚਾ ਲੋਹਾ ਕੱਢ ਕੇ ਮਾਲ ਗੱਡੀਆਂ ’ਚ ਭਰ ਕੇ ਬੇਹੱਦ ਕਾਰਜ-ਕੁਸ਼ਲ ਢੋਆ-ਢੁਆਈ ਵਿਵਸਥਾ ਰਾਹੀਂ ਵਿਸ਼ਾਖਾਪਟਨਮ ਦੀ ਬੰਦਰਗਾਹ ’ਤੇ ਪਹੁੰਚਾਇਆ ਜਾਂਦਾ ਹੈ ਜਿਸ ਨੂੰ ਜਪਾਨ ਅਤੇ ਹੋਰ ਅੰਤਰਰਾਸ਼ਟਰੀ ਕਾਰੋਬਾਰਾਂ ਦੀ ਸਪਲਾਈ ਲਾਈਨ ਨਾਲ ਜੋੜਿਆ ਗਿਆ ਹੈ। ਮਾਓਵਾਦੀ ਜ਼ੋਰ ਵਾਲੇ ਖੇਤਰ ਕਿਉਂਕਿ ਖਣਿਜਾਂ ਦੇ ਵਸੀਲਿਆਂ ਪੱਖੋਂ ਕਾਰਪੋਰੇਟ ਕਾਰੋਬਾਰੀਆਂ ਅਤੇ ਦਲਾਲ ਹੁਕਮਰਾਨਾਂ ਲਈ ਸੋਨੇ ਦੀ ਖਾਣ ਹਨ, ਇਸ ਲਈ ਉਨ੍ਹਾਂ ਇਲਾਕਿਆਂ ਨੂੰ ਖਾਲੀ ਕਰਾਉਣ ਲਈ ਉੱਥੇ ‘ਅੰਦਰੂਨੀ ਸੁਰੱਖਿਆ’ ਦੇ ਬਹਾਨੇ ਨੀਮ-ਫ਼ੌਜੀ ਲਸ਼ਕਰਾਂ ਦਾ ਸੰਘਣਾ ਜਾਲ ਵਿਛਾਉਣਾ ਹਕੂਮਤ ਦੀ ਪਹਿਲੀ ਤਰਜੀਹ ਹੈ। ਇਸੇ ਕਰਕੇ ਯੁੱਧ ਖੇਤਰਾਂ ’ਚ ਬਣਾਏ ਜਾਂਦੇ ਫ਼ੌਜੀ ਕੈਂਪਾਂ ਦੀ ਤਰਜ਼ ’ਤੇ ਬਸਤਰ ਅਤੇ ਮਾਓਵਾਦੀ ਰਸੂਖ਼ ਵਾਲੇ ਹੋਰ ਇਲਾਕਿਆਂ ’ਚ ਹਰ 2-3 ਕਿਲੋਮੀਟਰ ’ਤੇ ਨੀਮ-ਫ਼ੌਜੀ ਦਸਤਿਆਂ ਦੇ ਕੈਂਪ ਬਣਾਏ ਜਾ ਰਹੇ ਹਨ। ਘੱਟੋ-ਘੱਟ ਸਮੇਂ ’ਚ ਕੈਂਪ ਬਣਾ ਕੇ ਹਕੂਮਤ ਦੀ ਸੱਤਾ ਦਾ ਮੁਕਾਮੀ ਕੇਂਦਰ ਸਥਾਪਤ ਕੀਤਾ ਜਾਂਦਾ ਹੈ ਜੋ ਬੰਦੂਕ ਦੇ ਜ਼ੋਰ ਉੱਥੋਂ ਦੀ ਜ਼ਿੰਦਗੀ ਨੂੰ ਕੰਟਰੋਲ ਕਰ ਕੇ ਹੁਕਮ ਚਲਾਉਣਾ ਸ਼ੁਰੂ ਕਰ ਦਿੰਦੇ ਹਨ। ਇੰਡੀਅਨ ਐਕਸਪ੍ਰੈੱਸ ’ਚ 27 ਅਪਰੈਲ 2022 ਨੂੰ ਛਪੀ ਰਿਪੋਰਟ ਅਨੁਸਾਰ ਛੱਤੀਸਗੜ੍ਹ ਦੇ ਸੁਕਮਾ, ਬੀਜਾਪੁਰ ਅਤੇ ਦਾਂਤੇਵਾੜਾ ਸਮੇਤ 7 ਜ਼ਿਲ੍ਹਿਆਂ ਵਿਚ ਤਿੰਨ ਸਾਲਾਂ ’ਚ 42 ਕੈਂਪ ਬਣਾਏ ਗਏ ਹਨ। ਪੰਜ ਸਾਲਾਂ ’ਚ 60 ਕੈਂਪ ਨਵੇਂ ਬਣੇ ਹਨ ਪਰ ਕਿੰਨੇ ਨਾਮਨਿਹਾਦ ਸਕੂਲ ਵੀ ਬੰਦ ਹੋ ਗਏ, ਇਸ ਦਾ ਕੋਈ ਰਿਕਾਰਡ ਨਹੀਂ। ਹਥਿਆਰਬੰਦ ਸਰਕਾਰੀ ਲਸ਼ਕਰਾਂ ਦੇ ਕੈਂਪਾਂ ਦਾ ਇਸੇ ਤਰ੍ਹਾਂ ਦਾ ਜਾਲ ਗੜ੍ਹਚਿਰੌਲੀ (ਮਹਾਰਾਸ਼ਟਰ) ਦੇ ਸੂਰਜਗੜ੍ਹ ਪਹਾੜੀ ਖੇਤਰ, ਝਾਰਖੰਡ ਦੀਆਂ ਪਾਰਸ਼ਵਨਾਥ ਪਹਾੜੀਆਂ ਵਾਲੇ ਜ਼ਿਲ੍ਹਿਆਂ ’ਚ ਵੀ ਇਸੇ ਰਫ਼ਤਾਰ ਨਾਲ ਫੈਲਿਆ ਹੈ। ਕੈਂਪ ਹੁਕਮਰਾਨਾਂ ਵੱਲੋਂ ਆਪਣੇ ਹੀ ਸਭ ਤੋਂ ਹਾਸ਼ੀਆਗ੍ਰਸਤ ਨਾਗਰਿਕਾਂ ਵਿਰੁੱਧ ਲੜੇ ਜਾ ਰਹੇ ਧਾੜਵੀ ਯੁੱਧ ਦੇ ਘਿਨਾਉਣੇ ਚਿੰਨ੍ਹ ਹਨ। ਇਸੇ ਕਰ ਕੇ ਕੈਂਪ ਵਿਰੋਧੀ ਅੰਦੋਲਨ ਬਾਕੀ ਮੁੱਦਿਆਂ ਉੱਪਰ ਅੰਦੋਲਨਾਂ ’ਚੋਂ ਸਿਰ ਕੱਢਵਾਂ ਅੰਦੋਲਨ ਬਣ ਕੇ ਉੱਭਰਿਆ ਹੈ।

ਸਲਵਾ ਜੁਡਮ, ਓਪਰੇਸ਼ਨ ਗ੍ਰੀਨ ਹੰਟ ਤੋਂ ਲੈ ਕੇ ਅਜੋਕੇ ‘ਓਪਰੇਸ਼ਨ ਸਮਾਧਾਨ-ਪ੍ਰਹਾਰ’ ਤੱਕ ਇਸੇ ਨਹੱਕੇ ਯੁੱਧ ਦੇ ਵੱਖ-ਵੱਖ ਨਾਮ ਹਨ। 2005 ’ਚ ਛੱਤੀਸਗੜ੍ਹ ਦੇ ਜੰਗਲਾਂ ’ਚ ਅੱਗਜ਼ਨੀ, ਕਤਲੇਆਮ, ਸਮੂਹਿਕ ਬਲਾਤਕਾਰ ਅਤੇ ਉਜਾੜਾ ਕਰਨ ਲਈ ਸਲਵਾ ਜੁਡਮ ਜਥੇਬੰਦ ਕਰ ਕੇ ਸਾਢੇ ਛੇ ਸੌ ਪਿੰਡ ਤਬਾਹ ਕੀਤੇ ਗਏ। ਜਦੋਂ ਇਸ ਨਾਲ ਵੀ ਭਾਰਤੀ ਹੁਕਮਰਾਨਾਂ ਨੂੰ ਆਪਣਾ ਮਨੋਰਥ ਪੂਰਾ ਹੁੰਦਾ ਨਜ਼ਰ ਨਾ ਆਇਆ ਤਾਂ ਸਤੰਬਰ 2009 ’ਚ ਮਨਮੋਹਨ ਸਿੰਘ-ਸੋਨੀਆ ਗਾਂਧੀ ਸਰਕਾਰ ਵੱਲੋਂ ਮਾਓਵਾਦ ਨੂੰ ‘ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ’ ਐਲਾਨ ਕੇ ਫ਼ੌਜ ਦੀ ਅਸਿੱਧੀ ਮਦਦ ਨਾਲ 9 ਰਾਜਾਂ ਦੇ 15 ਕਰੋੜ ਆਦਿਵਾਸੀਆਂ ਵਿਰੁੱਧ ‘ਓਪਰੇਸ਼ਨ ਗ੍ਰੀਨ ਹੰਟ’ ਨਾਮ ਦਾ ਨੀਮ-ਫ਼ੌਜੀ ਹਮਲਾ ਵਿੱਢ ਦਿੱਤਾ ਗਿਆ।

ਬਾਅਦ ਵਿਚ ਕੌਮਾਂਤਰੀ ਪੱਧਰ ’ਤੇ ਬਦਨਾਮੀ ਦੇ ਮੱਦੇਨਜ਼ਰ ਭਾਵੇਂ ਹਕੂਮਤ ਐਸਾ ਕੋਈ ਓਪਰੇਸ਼ਨ ਚਲਾਏ ਜਾਣ ਤੋਂ ਮੁੱਕਰ ਗਈ ਪਰ ਵੱਖ-ਵੱਖ ਨਾਵਾਂ ਹੇਠ ਇਹ ਹਮਲਾ ਨਾ ਸਿਰਫ਼ ਲਗਾਤਾਰ ਜਾਰੀ ਹੈ ਸਗੋਂ 2014 ’ਚ ਆਰ.ਐੱਸ.ਐੱਸ-ਭਾਜਪਾ ਦੇ ਰਾਜ ਵਿਚ ਇਹ ਖ਼ਾਸ ਤੌਰ ’ਤੇ ਤਿੱਖਾ ਅਤੇ ਹੋਰ ਵੀ ਵਧੇਰੇ ਬੇਕਿਰਕ ਹੋ ਗਿਆ ਹੈ। ਪਿੰਡਾਂ ਨੂੰ ਘੇਰ ਕੇ ਹਮਲਿਆਂ ਅਤੇ ਝੂਠੇ ਮੁਕਾਬਲਿਆਂ ’ਚ ਕਤਲੇਆਮ, ਆਦਿਵਾਸੀਆਂ ਦੀ ਵੱਢ-ਟੁੱਕ, ਸਮੂਹਿਕ ਬਲਾਤਕਾਰਾਂ, ਆਦਿਵਾਸੀ ਜਾਇਦਾਦਾਂ ਦੀ ਵਿਆਪਕ ਪੈਮਾਨੇ ’ਤੇ ਤਬਾਹੀ ਅਤੇ ਲੁੱਟਮਾਰ ਦੀ ਤਸਵੀਰ ਐਨੀ ਭਿਆਨਕ ਹੈ ਕਿ ਇਸ ਉੱਪਰ ਪਰਦਾਪੋਸ਼ੀ ਕਰਨ ਲਈ ਭਾਰਤੀ ਹੁਕਮਰਾਨਾਂ ਨੂੰ ਸੁਪਰੀਮ ਕੋਰਟ ਦਾ ਸਹਾਰਾ ਲੈਣਾ ਪੈ ਰਿਹਾ ਹੈ। ਝੂਠੇ ਕੇਸਾਂ ’ਚ ਜੇਲ੍ਹਾਂ ’ਚ ਡੱਕੇ ਆਦਿਵਾਸੀਆਂ ਨਾਲ ਜੇਲ੍ਹਾਂ ਭਰੀਆਂ ਪਈਆਂ ਹਨ। ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ 13 ਸਾਲ ਤੋਂ ਇਸ ਨੀਮ-ਫ਼ੌਜੀ ਹਮਲੇ ਦੇ ਬਾਵਜੂਦ ਆਦਿਵਾਸੀ ਭਾਰਤੀ ਸਟੇਟ ਦੀ ਫ਼ੌਜੀ ਧੌਂਸ ਨੂੰ ਮੰਨਣ ਤੋਂ ਆਕੀ ਹਨ ਜਿਨ੍ਹਾਂ ਦੀ ਅੰਗਰੇਜ਼ੀ ਰਾਜ ਦੇ ਵੇਲੇ ਤੋਂ ਹੀ ਹਕੂਮਤ ਦੇ ਧਾੜਵੀ ਹਮਲਿਆਂ ਨਾਲ ਟੱਕਰ ਲੈਣ ਦੀ ਸ਼ਾਨਦਾਰ ਵਿਰਾਸਤ ਹੈ।

ਜੇ ਇਹ ਲੜਾਈ ਫ਼ੌਰੀ ਹਿਤਾਂ ਲਈ ਹੁੰਦੀ ਤਾਂ ਹਕੂਮਤ ਸ਼ਾਇਦ ਕਦੋਂ ਦੀ ਕਾਮਯਾਬ ਹੋ ਜਾਂਦੀ। ਭਾਰਤੀ ਹੁਕਮਰਾਨਾਂ ਦੇ ‘ਵਿਕਾਸ ਮਾਡਲ’ ਦੇ ਘਾਤਕ ਚਿਹਰੇ ਨੂੰ ਮੁਲਕ ਦੀ ‘ਮੁੱਖਧਾਰਾ’ ਦੇ ਪੜ੍ਹੇ-ਲਿਖੇ ਹਿੱਸੇ ਅੱਜ ਵੀ ਨਹੀਂ ਸਮਝ ਸਕੇ; ਉਸ ਨੂੰ ਅਨਪੜ੍ਹ, ਸਭ ਤੋਂ ਪਿਛੜੇ ਹੋਏ ਅਤੇ ਅਸੱਭਿਅਕ ਸਮਝੇ ਜਾਂਦੇ ਆਦਿਵਾਸੀਆਂ ਨੇ ਦੋ ਦਹਾਕੇ ਪਹਿਲਾਂ ਹੀ ਬਾਖ਼ੂਬੀ ਸਮਝ ਲਿਆ ਸੀ। ਆਦਿਵਾਸੀਆਂ ਲਈ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ-ਪਹਾੜਾਂ ਨੂੰ ਬਚਾਉਣ ਲਈ ਜਾਨ-ਹੂਲਵੀਂ ਲੜਾਈ ਲੜਨਾ ਜ਼ਰੂਰੀ ਹੋ ਗਿਆ। ਇਹ ਲੜਾਈ ਆਦਿਵਾਸੀਆਂ ਦੀ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਹੈ ਜਿਨ੍ਹਾਂ ਨੂੰ ਉਜਾੜੇ ਅਤੇ ਨਸਲਕੁਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਇਸ ਦਾ ਮਹੱਤਵ ਪੂਰੇ ਮੁਲਕ ਲਈ ਹੈ। ਲੋਕ ਦੋਖੀ ਨੀਤੀਆਂ ਕਾਰਨ ਜੰਗਲੀ ਚੌਗਿਰਦੇ ਦੀ ਭਿਆਨਕ ਤਬਾਹੀ, ਬਰਬਾਦੀ ਅਤੇ ਉਜਾੜੇ ਦੀ ਹਕੀਕਤ ਉੱਪਰ ਪਰਦਾ ਪਾਈ ਰੱਖਣ ਲਈ ਹੀ ਭਗਵੀਂ ਹਕੂਮਤ ਨੇ ਮੁਲਕ ਦੇ ਰੋਸ਼ਨ ਖ਼ਿਆਲ ਬੁੱਧੀਜੀਵੀਆਂ ਅਤੇ ਹੱਕਾਂ ਦੇ ਹੋਰ ਪਹਿਰੇਦਾਰਾਂ ਨੂੰ ਝੂਠੇ ਕੇਸਾਂ ਤਹਿਤ ਜੇਲ੍ਹਾਂ ’ਚ ਡੱਕਿਆ ਹੋਇਆ ਹੈ। ਲਿਹਾਜ਼ਾ, ਇਸ ਅੰਦੋਲਨ ਦੇ ਮਹੱਤਵ ਨੂੰ ਸਮਝਣਾ ਅਤੇ ਇਸ ਨਾਲ ਵਿਸ਼ਾਲ ਪੈਮਾਨੇ ’ਤੇ ਇਕਮੁੱਠਤਾ ਪ੍ਰਗਟਾਉਣਾ ਅੱਜ ਤਰਜ਼ੀਹੀ ਕੰਮਾਂ ’ਚੋਂ ਇਕ ਹੋਣਾ ਚਾਹੀਦਾ ਹੈ।

# ਸੋਮੜੂ ਮਰ ਗਿਆ...

ਗਾਂਧੀਵਾਦੀ ਹਿਮਾਂਸ਼ੂ ਕੁਮਾਰ
ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ

ਦਾਂਤੇਵਾੜਾ ਤੋਂ ਫੋਨ ਆਇਆ ਕਿ ਸੋਮੜੂ ਮਰ ਗਿਆ ਹੈ। ਮੈਂ ਪੁੱਛਿਆ: ਮੌਤ ਕਿਵੇਂ ਹੋਈ? ਦੱਸਿਆ ਗਿਆ ਕਿ ਕੱਲ੍ਹ ਉਸ ਨੂੰ ਤੇਂਦੂ ਪੱਤਾ ਤੋੜਦੇ ਵਕਤ ਸੱਪ ਨੇ ਡੰਗ ਲਿਆ ਸੀ। ਨਿਆਂ ਦਾ ਇੰਤਜ਼ਾਰ ਕਰਦਿਆਂ ਸੋਮੜੂ ਚੱਲ ਵਸਿਆ।

ਸੋਮੜੂ ਕੌਣ ਸੀ?

ਇਹ ਘਟਨਾ 2008 ਦੀ ਹੈ। ਭੈਰਮਗੜ੍ਹ ਤੋਂ ਬੀਜਾਪੁਰ ਦੇ ਰਸਤੇ ਵਿਚ ਮਟਵਾੜਾ ਨਾਂ ਦਾ ਸਲਵਾ ਜੁਡਮ ਕੈਂਪ ਹੈ। 18 ਮਾਰਚ 2008 ਨੂੰ ਅਖ਼ਬਾਰ ਵਿਚ ਖ਼ਬਰ ਛਪੀ ਕਿ ਕੈਂਪ ‘ਚ ਰਹਿ ਰਹੇ ਤਿੰਨ ਆਦਿਵਾਸੀਆਂ ਨੂੰ ਨਕਸਲੀਆਂ ਨੇ ਮਾਰ ਦਿੱਤਾ ਹੈ। ਖ਼ਬਰ ‘ਤੇ ਵਿਸ਼ਵਾਸ ਨਾ ਆਇਆ। ਇਹ ਛੋਟਾ ਜਿਹਾ ਕੈਂਪ ਹੈ। ਸਾਰੇ ਆਦਿਵਾਸੀ ਸੜਕ ਕਿਨਾਰੇ ਝੌਂਪੜੀਆਂ ਵਿਚ ਰਹਿੰਦੇ ਹਨ। ਵਿਚਕਾਰੋਂ ਤੰਗ ਸੜਕ ਗੁਜ਼ਰਦੀ ਹੈ। ਸੜਕ ਦੇ ਇਸ ਪਾਸੇ ਪੁਲਿਸ ਚੌਕੀ ਹੈ, ਸੀ.ਆਰ.ਪੀ.ਐਫ. ਕੈਂਪ ਆਦਿਵਾਸੀਆਂ ਦੀਆਂ ਝੌਂਪੜੀਆਂ ਦੇ ਪਿਛਲੇ ਪਾਸੇ ਹੈ। ਸੱਚ ਦਾ ਪਤਾ ਕਿਵੇਂ ਲੱਗੇ?

ਅਚਾਨਕ ਮੇਰਾ ਸਾਥੀ ਕੋਪਾ ਗ਼ਾਇਬ ਹੋ ਗਿਆ, ਮੈਨੂੰ ਆਸ਼ਰਮ ਵਿਚ ਬਿਨਾ ਦੱਸੇ ਕੋਪਾ ਦੇ ਲਾਪਤਾ ਹੋਣ ਦੀ ਚਿੰਤਾ ਸੀ ਕਿ ਦੋ ਦਿਨ ਬਾਅਦ ਮੁਸਕਰਾਉਂਦਾ ਕੋਪਾ ਪ੍ਰਗਟ ਹੋ ਗਿਆ। ਉਹਦੇ ਨਾਲ ਇਕ ਹੋਰ ਨੌਜਵਾਨ ਸੀ। ਮੈਂ ਸਵਾਲੀਆ ਦ੍ਰਿਸ਼ਟੀ ਨਾਲ ਪੁੱਛਿਆ: ਇਹ ਕੌਣ ਹੈ? ਕੋਪਾ ਨੇ ਕਿਹਾ: ਤੁਸੀਂ ਇਸੇ ਨੂੰ ਪੁੱਛ ਲਓ। ਉਸ ਮੁੰਡੇ ਨੇ ਦਿਲ ਦਹਿਲਾ ਦੇਣ ਵਾਲੀ ਕਹਾਣੀ ਸੁਣਾਈ।

ਉਸ ਨੇ ਦੱਸਿਆ ਕਿ ਨਕਸਲੀਆਂ ਵੱਲੋਂ ਤਿੰਨ ਆਦਿਵਾਸੀਆਂ ਦੇ ਕਤਲ ਦੀ ਜੋ ਖ਼ਬਰ ਛਪੀ ਸੀ, ਉਨ੍ਹਾਂ ਵਿਚੋਂ ਇਕ ਮੇਰਾ ਭਰਾ ਸੀ ਅਤੇ ਤਿੰਨਾਂ ਨੂੰ ਨਕਸਲੀਆਂ ਨੇ ਨਹੀਂ, ਪੁਲਿਸ ਨੇ ਮਾਰਿਆ ਹੈ। ਅਸੀਂ ਪੂਰੀ ਜਾਂਚ ਤੋਂ ਬਿਨਾ ਕਿਸੇ ਵੀ ਮਾਮਲੇ ਵਿਚ ਕਾਰਵਾਈ ਨਹੀਂ ਕਰਦੇ ਸੀ, ਇਸੇ ਲਈ ਨੌਜਵਾਨ ਨੂੰ ਪੁੱਛਿਆ: ਤਿੰਨਾਂ ਦੀਆਂ ਪਤਨੀਆਂ ਕਿੱਥੇ ਹਨ? ਉਸ ਨੇ ਦੱਸਿਆ: ਤਿੰਨੇ ਵਿਧਵਾਵਾਂ ਸਲਵਾ ਜੁਡਮ ਕੈਂਪ ਵਿਚ ਹੀ ਹਨ। ਕੋਪਾ ਨੇ ਉਨ੍ਹਾਂ ਨੂੰ ਲਿਆਉਣ ਦੀ ਜ਼ਿੰਮੇਵਾਰੀ ਲਈ।

ਅਗਲੀ ਸਵੇਰ ਤਿੰਨਾਂ ਆਦਿਵਾਸੀਆਂ ਦੀਆਂ ਪਤਨੀਆਂ ਸਾਡੇ ਆਸ਼ਰਮ ਵਿਚ ਆ ਗਈਆਂ। ਨਾਲ ਹੀ ਕੋਪਾ ਉਸ ਦੇ ਪਿੰਡ ਦੇ ਸਰਪੰਚ ਅਤੇ ਪਟੇਲ ਨੂੰ ਵੀ ਲੈ ਆਇਆ ਸੀ। ਮੈਂ ਉਨ੍ਹਾਂ ਨੂੰ ਅੱਡ-ਅੱਡ ਬਿਠਾ ਕੇ ਸਾਰੀ ਘਟਨਾ ਦਾ ਵੇਰਵਾ ਦੇਣ ਲਈ ਕਿਹਾ। ਹੋਰ ਗਵਾਹਾਂ ਤੋਂ ਵੀ ਪੁੱਛਗਿੱਛ ਕੀਤੀ। ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ। ਸਾਰਿਆਂ ਦੇ ਵੇਰਵੇ ਇਕੋ ਜਿਹੇ ਸਨ। ਸਾਬਤ ਹੋ ਗਿਆ ਕਿ ਸਰਕਾਰੀ ਸਲਵਾ ਜੁਡਮ ਰਾਹਤ ਕੈਂਪ ਨਹੀਂ, ਤਸੀਹਾ ਕੈਂਪ ਹਨ।

ਇਸ ਪਿੰਡ ਦੇ ਆਦਿਵਾਸੀਆਂ ਨੂੰ ਤਿੰਨ ਸਾਲ ਪਹਿਲਾਂ ਜ਼ਬਰਦਸਤੀ ਇਸ ਕੈਂਪ ਵਿਚ ਲਿਆਂਦਾ ਗਿਆ ਸੀ। ਪੁਲਿਸ ਨੇ ਉਨ੍ਹਾਂ ਦੇ ਪਿੰਡ ਦੇ ਅੱਠ ਜਣੇ ਮਾਰ ਦਿੱਤੇ ਸਨ, ਪੂਰੇ ਪਿੰਡ ਦੇ ਘਰ ਸਾੜ ਦਿੱਤੇ ਸਨ। ਇਹ ਆਦਿਵਾਸੀ ਉਦੋਂ ਤੋਂ ਇਨ੍ਹਾਂ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋਏ। ਸਰਕਾਰ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਕੈਂਪ ਵਿਚ ਖਾਣ-ਪੀਣ ਲਈ ਸਭ ਕੁਝ ਮਿਲੇਗਾ ਪਰ ਸਭ ਕੁਝ ਸਲਵਾ ਜੁਡਮ ਦੇ ਆਗੂ ਹੜੱਪ ਜਾਂਦੇ ਸਨ।

ਭੁੱਖੇ ਮਰਦੇ ਪਿੰਡ ਵਾਸੀਆਂ ਨੇ ਸਰਕਾਰੀ ਸੜਕ ਬਣਾਉਣ ਲਈ ਮਗਨਰੇਗਾ ਦੇ ਕੰਮ ਵਿਚ ਜਾਣਾ ਸ਼ੁਰੂ ਕਰ ਦਿੱਤਾ ਪਰ ਉਸ ਵਿਚੋਂ ਵੀ ਅੱਧੀ ਮਜ਼ਦੂਰੀ ਨੇਤਾ ਅਤੇ ਪੁਲਿਸ ਵਾਲੇ ਮਾਰ ਜਾਂਦੇ। ਫਿਰ ਆਦਿਵਾਸੀਆਂ ਨੇ ਪਿੰਡਾਂ ਵਿਚ ਜਾ ਕੇ ਮਹੂਆ ਅਤੇ ਝੋਨਾ ਉਗਾਉਣਾ ਸ਼ੁਰੂ ਕਰ ਦਿੱਤਾ ਪਰ ਰਾਤ ਪੈਣ ਤੋਂ ਪਹਿਲਾਂ ਕੈਂਪ ‘ਚ ਹਾਜ਼ਰੀ ਲਗਾਉਣੀ ਪੈਂਦੀ ਸੀ। ਦੇਰ ਰਾਤ ਪਰਤਣ ਵਾਲਿਆਂ ਦੀ ਕੁੱਟਮਾਰ ਕੀਤੀ ਜਾਂਦੀ ਕਿ ਤੁਸੀਂ ਪਿੰਡ ਜਾਣ ਦੇ ਬਹਾਨੇ ਨਕਸਲੀਆਂ ਦੀ ਮੀਟਿੰਗ ਵਿਚ ਗਏ ਹੋਵੋਗੇ।

ਇਕ ਰਾਤ ਇਹ ਚਾਰੇ ਆਦਿਵਾਸੀ ਜ਼ਿਆਦਾ ਰਾਤ ਹੋ ਜਾਣ ਕਰ ਕੇ ਕੁੱਟਮਾਰ ਦੇ ਡਰੋਂ ਪਿੰਡ ਵਿਚ ਹੀ ਰੁਕ ਗਏ। ਉਨ੍ਹਾਂ ਸੋਚਿਆ, ਕੱਲ੍ਹ ਨੂੰ ਦਿਨ ਵੇਲੇ ਚੁੱਪ-ਚਾਪ ਆਪਣੇ ਘਰ ਜਾ ਵੜਾਂਗੇ ਤੇ ਕਹਿ ਦਿਆਂਗੇ ਕਿ ਕੱਲ੍ਹ ਸ਼ਾਮੀਂ ਆ ਗਏ ਸੀ ਪਰ ਐਸ.ਪੀ.ਓਜ਼ ਨੂੰ ਪਤਾ ਲੱਗ ਗਿਆ। ਉਨ੍ਹਾਂ ਚੌਕੀ ਇੰਚਾਰਜ ਨਾਲ ਮਿਲ ਕੇ ਚਾਰਾਂ ਨੂੰ ਅਨੁਸ਼ਾਸਨ ਤੋੜਨ ਲਈ ਸਜ਼ਾ ਦੇਣ ਦਾ ਫੈਸਲਾ ਕੀਤਾ। ਇਨ੍ਹਾਂ ਨੂੰ ਘਰਾਂ ਵਿਚੋਂ ਧੂਹ ਕੇ ਬਾਹਰ ਕੱਢ ਲਿਆ। ਜਦੋਂ ਉਨ੍ਹਾਂ ਦੀਆਂ ਪਤਨੀਆਂ ਨੇ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਵੀ ਸਿਪਾਹੀਆਂ ਨੇ ਬੰਦੂਕਾਂ ਦੇ ਬੱਟ ਮਾਰੇ। ਫਿਰ ਆਦਿਵਾਸੀਆਂ ਦੇ ਹੱਥ ਉਨ੍ਹਾਂ ਦੀਆਂ ਲੁੰਗੀਆਂ ਖੋਲ੍ਹ ਕੇ ਪਿੱਛੇ ਬੰਨ੍ਹ ਦਿੱਤੇ। ਉਨ੍ਹਾਂ ਨੂੰ ਸੜਕ ‘ਤੇ ਲਿਆ ਕੇ ਡੰਡਿਆਂ ਨਾਲ ਕੁੱਟਿਆ। ਚਾਰੇ ਬੇਸੁਰਤ ਹੋ ਗਏ। ਇਨ੍ਹਾਂ ਚਾਰਾਂ ਵਿਚ ਸੋਮੜੂ ਵੀ ਸੀ। ਹਨੇਰਾ ਹੋ ਗਿਆ ਸੀ, ਸੋਮੜੂ ਮੌਕੇ ਦਾ ਫਾਇਦਾ ਉਠਾ ਕੇ ਸਰਕ ਕੇ ਝਾੜੀਆਂ ਵਿਚ ਚਲਾ ਗਿਆ ਅਤੇ ਆਪਣੇ ਹੱਥਾਂ ਨੂੰ ਬੰਨ੍ਹੀ ਲੁੰਗੀ ਖੋਲ੍ਹ ਕੇ ਡਿਗਦਾ ਢਹਿੰਦਾ ਕੁਝ ਦੂਰ ਪਹੁੰਚ ਗਿਆ। ਪਿੰਡ ਵਾਲਿਆਂ ਨੇ ਉਸ ਨੂੰ ਪਾਣੀ ਪਿਲਾਇਆ। ਕਿਸੇ ਨੇ ਉਸ ਨੂੰ ਆਪਣੇ ਘਰ ‘ਚ ਲੁਕੋ ਲਿਆ।

ਇੱਧਰ ਇਨ੍ਹਾਂ ਤਿੰਨਾਂ ਦੀ ਕੁੱਟਮਾਰ ਰਾਤ ਅੱਠ ਵਜੇ ਤੱਕ ਜਾਰੀ ਰਹੀ। ਆਖ਼ਿਰਕਾਰ ਲੱਗਭੱਗ ਸਾਰੇ ਸ਼ਾਂਤ ਹੋ ਗਏ। ਫਿਰ ਉਨ੍ਹਾਂ ਦੀ ਸਜ਼ਾ ਪੂਰੀ ਕਰਨ ਦਾ ਵਕਤ ਆਇਆ। ਪੁਲਿਸ ਨੇ ਚਾਕੂ ਨਾਲ ਤਿੰਨਾਂ ਦੀਆਂ ਅੱਖਾਂ ਕੱਢ ਲਈਆਂ। ਫਿਰ ਤਿੰਨਾਂ ਦੇ ਮੱਥੇ ਉੱਪਰ ਛੁਰਾ ਰੱਖ ਕੇ ਪੱਥਰ ਨਾਲ ਸਿਰ ਵਿਚ ਠੋਕ ਦਿੱਤਾ ਗਿਆ। ਫਿਰ ਪੁਲਿਸ ਨੇ ਤਿੰਨਾਂ ਦੀਆਂ ਲਾਸ਼ਾਂ ਨੇੜੇ ਹੀ ਨਦੀ ਕੰਢੇ ਰੇਤ ‘ਚ ਦੱਬ ਦਿੱਤੀਆਂ।

ਅਸੀਂ ਇਨ੍ਹਾਂ ਤਿੰਨਾਂ ਆਦਿਵਾਸੀਆਂ ਦੀਆਂ ਪਤਨੀਆਂ ਨੂੰ ਮੀਡੀਆ ਦੇ ਸਾਹਮਣੇ ਬਿਠਾ ਦਿੱਤਾ ਅਤੇ ਕਿਹਾ ਕਿ ਤੁਸੀਂ ਵੀ ਸੱਚਾਈ ਜਾਣਨ ਦੀ ਕੋਸ਼ਿਸ਼ ਕਰੋ। ਛੱਤੀਸਗੜ੍ਹ ਹਾਈ ਕੋਰਟ ਵਿਚ ਕੇਸ ਦਾਇਰ ਕੀਤਾ। ਮੈਂ ਇਨ੍ਹਾਂ ਤਿੰਨਾਂ ਔਰਤਾਂ ਨੂੰ ਆਪਣੇ ਰਾਜ ਦੇ ਅਖੌਤੀ ਸੁਹਿਰਦ ਸਾਹਿਤਕਾਰ ਡੀ.ਜੀ.ਪੀ. ਵਿਸ਼ਵਰੰਜਨ ਕੋਲ ਲੈ ਗਿਆ। ਉਹ ਬੋਲਿਆ, “ਠੀਕ ਹੈ, ਮੈਂ ਹੁਣ ਕੁਝ ਨਹੀਂ ਪੁੱਛਣਾ” ਪਰ ਬਾਅਦ ਵਿਚ ਉਸ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਨ੍ਹਾਂ ਔਰਤਾਂ ਦੇ ਪਤੀਆਂ ਨੂੰ ਨਕਸਲੀਆਂ ਨੇ ਮਾਰਿਆ ਹੈ ਅਤੇ ਹੁਣ ਇਹ ਨਕਸਲੀਆਂ ਦੇ ਕਹਿਣ ’ਤੇ ਪੁਲਿਸ ’ਤੇ ਇਲਜ਼ਾਮ ਲਾ ਰਹੀਆਂ ਹਨ।

ਮੇਧਾ ਪਟਕਰ ਨੇ ਇਸ ਬਾਰੇ ਡੀ.ਜੀ.ਪੀ. ਨੂੰ ਚਿੱਠੀ ਵੀ ਲਿਖੀ। ਜਵਾਬ ‘ਚ ਉਸ ਨੇ ਕਿਹਾ ਕਿ ਹਿਮਾਂਸੂ ਝੂਠ ਬੋਲਦਾ ਹੈ। ਬਾਅਦ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਜਾਂਚ ਨੇ ਵੀ ਇਸ ਮਾਮਲੇ ਵਿਚ ਪੁਲਿਸ ਦੀ ਭੂਮਿਕਾ ‘ਤੇ ਸ਼ੱਕ ਜ਼ਾਹਿਰ ਕੀਤਾ। ਹੁਣ ਵੀ ਇਸ ਮਾਮਲੇ ਵਿਚ ਦੋਸ਼ੀ ਪੁਲਿਸ ਦਾ ਏ.ਐਸ.ਆਈ. ਪਟੇਲ ਅਤੇ ਦੋ ਐਸ.ਪੀ.ਓ. ਜੇਲ੍ਹ ਵਿਚ ਹਨ। ਅਦਾਲਤ ਦੇ ਹੁਕਮਾਂ ਨਾਲ ਤਿੰਨਾਂ ਔਰਤਾਂ ਨੂੰ ਅੰਤਰਿਮ ਰਾਹਤ ਵਜੋਂ ਇਕ-ਇਕ ਲੱਖ ਰੁਪਏ ਮਿਲੇ।

ਪੁਲਿਸ ਨੇ ਸੋਮੜੂ ਦਾ ਇਕ ਹੱਥ ਅਤੇ ਤਿੰਨ ਪਸਲੀਆਂ ਤੋੜ ਦਿੱਤੀਆਂ ਸਨ। ਉਹ ਆਪਣੇ ਅਤੇ ਆਪਣੇ ਸਾਥੀਆਂ ਨਾਲ ਹੋਏ ਜ਼ੁਲਮ ਦੇ ਕੇਸ ‘ਚ ਫੈਸਲੇ ਦੀ ਇੰਤਜ਼ਾਰ ਕਰ ਰਿਹਾ ਸੀ ਪਰ ਖ਼ਬਰ ਆ ਗਈ ਕਿ ਸੋਮੜੂ ਮਰ ਗਿਆ ਹੈ।

ਤੇ ਉਸ ਦੇ ਨਾਲ ਸੋਮੜੂ ਦੀ ਉਡੀਕ ਵੀ ਮਰ ਗਈ।

# ਵਿਕਟਰ ਜਾਰਾ: ਫਾਸ਼ੀਵਾਦ ਨੂੰ ਕਲਾ ਦੀ ਲਲਕਾਰ

***ਵਿਕਟਰ ਜਾਰਾ ਜਿਸ ਦਾ ਪੂਰਾ ਨਾਂ ਵਿਕਟਰ ਲਿਡੀਉ ਜਾਰਾ ਮਾਰਟੀਨੇਜ਼ ਸੀ, ਚਿੱਲੀ ਦਾ ਅਧਿਆਪਕ, ਥੀਏਟਰ ਡਾਇਰੈਕਟਰ, ਕਵੀ, ਗਾਇਕ ਅਤੇ ਕਮਿਊਨਿਸਟ ਸੀ। ਉਸ ਦਾ ਜਨਮ 28 ਸਤੰਬਰ 1932 ਨੂੰ ਹੋਇਆ। ਉਸ ਨੇ ਲੋਕ ਪੱਖੀ ਸਿਆਸਤ ਦੇ ਹੱਕ ਵਿਚ ਡਟ ਕੇ ਪੈਂਤੜਾ ਮੱਲਿਆ। ਉਸ ਦੀ ਇਸੇ ਜੁਰਅਤ ਕਾਰਨ ਸ਼ਾਸਕਾਂ ਨੇ ਉਸ ਨੂੰ 16 ਸਤੰਬਰ 1973 ਨੂੰ ਸ਼ਹੀਦ ਕਰ ਦਿੱਤਾ। ਮਨਦੀਪ ਨੇ ਇਸ ਕਲਾ-ਯੋਧੇ ਬਾਰੇ ਕਿਤਾਬ 'ਗੀਤ ਹੀ ਜਿਸ ਦਾ ਹਥਿਆਰ ਸੀ' ਤਿਆਰ ਕੀਤੀ ਹੈ ਜਿਸ ਬਾਰੇ ਚਰਚਾ ਉਘੇ ਸ਼ਾਇਰ ਅਤੇ ਸਿਆਸੀ ਆਗੂ ਦਰਸ਼ਨ ਖਟਕੜ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***



**ਦਰਸ਼ਨ ਖਟਕੜ**

ਵਿਕਟਰ ਜਾਰਾ ਬਿਨਾਂ ਸ਼ੱਕ ਲੋਕਾਂ ਦਾ ਗਾਇਕ, ਨਾਇਕ ਅਤੇ ਸ਼ਹੀਦ ਹੈ। ਉਹ ਤਬਦੀਲੀ ਦੇ ਸਿਧਾਂਤ ਨਾਲ ਪ੍ਰਤੀਬੱਧ, ਅਡੋਲ ਅਤੇ ਪੁਰਜ਼ਾ-ਪੁਰਜ਼ਾ ਕਟਾ ਕੇ ਵੀ ਮੈਦਾਨ ਛੱਡਣ ਵਾਲਾ ਨਹੀਂ ਸੀ। ਗੋਲੀਆਂ ਦੀ ਗੜਗੜਾਹਟ, ਹਥੌੜਿਆਂ ਅਤੇ ਬੰਦੂਕ-ਬੱਟਾਂ ਨਾਲ ਹੱਥ ਫੇਹ ਦਿੱਤੇ ਜਾਣ ਦੇ ਬਾਵਜੂਦ ਵੀ, ਉਸ ਨੇ ਫਾਸ਼ੀ ਦਰਿੰਦਿਆਂ ਦੀ ਵੰਗਾਰ ਨੂੰ ਕਬੂਲਿਆ, ਟੁੱਟੀਆਂ ਹੱਥ-ਹੱਡੀਆਂ ਅਤੇ ਖ਼ੂਨ ਨਾਲ ਲੱਥਪੱਥ ਹੱਥਾਂ ਨਾਲ ਫਿਰ ਗਿਟਾਰ ਨੂੰ ਜਾ ਸੰਭਾਲਿਆ ਅਤੇ ਹਜ਼ਾਰਾਂ ਗ੍ਰਿਫਤਾਰ ਜਮਹੂਰੀ-ਪਸੰਦ ਅਤੇ ਤਰੱਕੀ ਪਸੰਦ ਲੋਕਾਂ ਦੇ ਪੈਰ ਥਰਕਣ, ਦਿਲ ਧੜਕਣ, ਬੁੱਲ ਫਰਕਣ ਅਤੇ ਬੋਲ ਗੜਕਣ ਲਾ ਦਿੱਤੇ। ਕਈ ਫਰਕਾਂ ਸਹਿਤ ਇਹ ਦ੍ਰਿਸ਼ ਉਸ ਦ੍ਰਿਸ਼ ਨਾਲ ਮੇਲ ਖਾਂਦਾ ਹੈ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਥੀ ਇੱਕ-ਇੱਕ ਕਰਕੇ ਸ਼ਹੀਦ ਕੀਤੇ ਜਾ ਰਹੇ ਸਨ, ਦਿੱਲੀ ਵਿਚ। ਇੱਕ ਫੌਜੀ ਹਾਕਮ ਨੇ ਭੁੱਖੇ-ਭਾਣੇ ਭਾਈ ਬਾਜ ਸਿੰਘ ਨੂੰ ਵੰਗਾਰਿਆ, "ਤੂੰ ਬੜਾ ਬਾਜ ਕਹਾਉਂਦਾ ਸੈਂ, ਹੁਣ ਦਿਖਾ ਤਾਂ ਆਪਣਾ ਬਾਜਪੁਣਾ।" ਬਾਜ ਸਿੰਘ ਸਿਪਾਹਟੇ ਦੀ ਤਲਵਾਰ ਖੋਹਣ ਲਈ ਬਾਜ ਬਣ ਕੇ ਝਪਟਿਆ ਪਰ ਸਾਵਧਾਨ ਦੂਜੇ ਫੌਜੀ ਨੇ ਉਸ ਨੂੰ ਕਤਲ ਕਰ ਮਾਰਿਆ। ਇਸ ਪ੍ਰਕਾਰ ਜਦ ਵਿਕਟਰ ਜਾਰਾ ਦੀ ਆਵਾਜ਼ ਅਤੇ ਸਾਜ਼ ਗ੍ਰਿਫਤਾਰਾਂ ਵਿਚ ਨਵਾਂ ਜੋਸ਼ ਭਰ ਰਹੀ ਸੀ ਤਾਂ ਫਾਸ਼ੀ ਤਾਕਤ ਦੇ ਫੌਜੀਆਂ ਨੇ ਉਸ ਨੂੰ ਸਰੇ-ਮੈਦਾਨ ਗੋਲੀਆਂ ਨਾਲ ਛਾਨਣੀ ਕਰ ਦਿੱਤਾ। ਇਹ ਜੁਝਾਰੂ ਅਦਾਕਾਰ, ਗਾਇਕ, ਕਵੀ ਅਤੇ ਸੰਸਥਾ ਵਰਗੇ ਪ੍ਰਤਿਭਾਸ਼ੀਲ ਦੀ ਉਸ ਤਰ੍ਹਾਂ ਦੀ ਸ਼ਹੀਦੀ ਸੀ ਜਿਸ ਨੇ ਉਸ ਦੀ ਸ਼ਾਨ, ਵਡੱਤਣ ਅਤੇ ਦੇਣ ਨੂੰ ਅਮਰ ਕਰ ਦਿੱਤਾ। ਉਹ ਜਿਸ ਜਲੌਅ ਨਾਲ ਸ਼ਹੀਦ ਹੋਇਆ ਉਹ ਸ਼ਾਨ ਸਦੀਆਂ ਤੱਕ ਅਮਰ ਰਹੇਗੀ। ਫੈਜ਼ ਅਹਿਮਦ ਫੈਜ਼ ਦਾ ਸ਼ਿਅਰ ਹੈ:

> ਜਿਸ ਧਜ ਸੇ ਕੋਈ ਮਕਤਲ ਮੇਂ ਗਯਾ,
> ਵੋਹ ਸ਼ਾਨ ਸਲਾਮਤ ਰਹਿਤੀ ਹੈ।

ਚੇਤਨ, ਇਨਕਲਾਬ ਨੂੰ ਪ੍ਰਨਾਏ ਹੋਏ, ਲੋਕਾਂ ਦੀ ਮੁਕੰਮਲ ਮੁਕਤੀ ਲਈ ਜਾਨ ਤਲੀ 'ਤੇ ਰੱਖ ਕੇ, ਸੰਗੀਤ ਅਤੇ ਸੱਭਿਆਚਾਰ ਦੀ ਰਚਨਾ ਅਤੇ ਪਰਵਰਿਸ਼ ਕਰਨ ਵਾਲੇ ਸਾਹਿਤਕਾਰ, ਲੋਕ-ਕਲਾਕਾਰ ਹਰ ਦੇਸ਼ ਵਿਚ ਹੀ ਆਪਣੀ ਪ੍ਰਤੀਬੱਧਤਾ ਦੇ ਜੌਹਰ ਦਿਖਾਉਂਦੇ ਆਏ ਹਨ। ਇਹ ਸੱਚ ਸਾਡੇ ਸਮਿਆਂ ਦਾ ਅਤੇ ਸਾਡੇ ਦੇਸ਼ ਦਾ ਵੀ ਸੱਚ ਹੈ। ਮਈ 1967 ਵਿਚ ਨਕਸਲਬਾੜੀ ਦੀ ਗੂੰਜ ਨੇ ਅਨੇਕਾਂ ਹੀ ਕਵੀਆਂ, ਨਾਟਕਕਾਰਾਂ, ਨਾਟਕ-ਕਲਾਕਾਰਾਂ ਅਤੇ ਲੋਕ ਗਾਇਕਾਂ ਨੂੰ ਇਸ ਬਗਾਵਤ ਨਾਲ ਖੜ੍ਹਨ ਦਾ ਹੋਕਾ ਦਿੱਤਾ ਸੀ ਜਿਸ ਨੂੰ ਅਨੇਕਾਂ ਹੀ ਕਵੀਆਂ ਅਤੇ ਕਲਾਕਾਰਾਂ ਨੇ ਠੋਕਵਾਂ ਹੁੰਗਾਰਾ ਭਰਿਆ ਸੀ ਜਿਸ ਦੇ ਸਿੱਟੇ ਵਜੋਂ ਜੁਝਾਰਵਾਦੀ ਕਾਵਿ ਦਾ ਸੂਰਜ ਉੱਗਮਿਆ ਸੀ। ਸਾਹਿਤ, ਕਲਾ ਅਤੇ ਸੱਭਿਆਚਾਰ ਸਾਰੇ ਸਮਾਜਿਕ ਉਪਜਾਂ ਹਨ।

ਵਿਕਟਰ ਜਾਰਾ ਵੀ ਚਿੱਲੀ ਦੀ ਆਰਥਿਕ, ਸਮਾਜਿਕ, ਸਿਆਸੀ ਅਤੇ ਸੱਭਿਆਚਾਰਕ ਸਥਿਤੀ ਦੀ ਉਪਜ ਸੀ। ਵੀਹਵੀਂ ਸਦੀ ਦੇ 6ਵੇਂ ਅਤੇ 7ਵੇਂ ਦਹਾਕੇ ਵਿਚ ਸੰਸਾਰ ਪੱਧਰ 'ਤੇ ਹਾਲਾਤ ਕਰਵਟ ਲੈ ਰਹੇ ਸਨ। ਚੀਨ ਵਿਚ ਸੱਭਿਆਚਾਰਕ ਇਨਕਲਾਬ ਪੂਰੇ ਵਿਸਥਾਰ ਅਤੇ ਵੇਗ ਨਾਲ ਕੁੱਲ ਜਹਾਨ ਦੀ ਮਜ਼ਦੂਰ ਜਮਾਤ ਵਿਚ ਨਵਾਂ ਵਿਸ਼ਵਾਸ ਅਤੇ ਆਸਾਂ-ਉਮੀਦਾਂ ਜਗਾ ਰਿਹਾ ਸੀ ਅਤੇ ਵਿਚਾਰਧਾਰਕ-ਸਿਆਸੀ-ਸੱਭਿਆਚਾਰਕ ਦ੍ਰਿਸ਼ ਅਤੇ ਨਵੇਂ ਦਿਸਹੱਦੇ ਸਿਰਜ ਰਿਹਾ ਸੀ। ਫਰਾਂਸ ਵਿਚ ਵਿਦਿਆਰਥੀ ਲਹਿਰ ਨੇ ਇਨਕਲਾਬੀ ਤਬਦੀਲੀ ਦੀ ਨਵੀਂ ਧੁਨ ਸਿਰਜ ਦਿੱਤੀ ਸੀ। ਵੀਅਤਨਾਮ ਦਾ ਕੌਮੀ ਇਨਕਲਾਬੀ ਮੁਕਤੀ ਘੋਲ ਨਵੀਆਂ ਉਚਾਈਆਂ ਛੋਹ ਰਿਹਾ ਸੀ ਅਤੇ ਸੰਸਾਰ ਭਰ ਵਿਚ ਹਮਲਾਵਰ ਅਮਰੀਕਨ-ਸਾਮਰਾਜ ਦੇ ਵਿਰੋਧ ਵਿਚ ਵਿਸ਼ਾਲ ਲਾਮਬੰਦੀ ਵਿਰਾਟ-ਰੂਪ ਧਾਰਨ ਕਰਕੇ ਤੀਬਰਤਾ ਅਤੇ ਤੀਖਣਤਾ ਦੇ ਨਵੇਂ ਮਿਆਰ ਸਿਰਜ ਰਹੀ ਸੀ। ਵਿਦਿਆਰਥੀ ਘੋਲ ਦੀ ਗੂੰਜ ਭਾਰਤ ਸਮੇਤ ਕੁੱਲ ਸੰਸਾਰ ਵਿਚ ਸੁਣਾਈ ਦੇ ਰਹੀ ਸੀ। ਇਹ ਵਰਤਾਰੇ ਸੰਸਾਰ ਭਰ ਵਿਚ ਨੌਜਵਾਨ ਪੀੜ੍ਹੀ ਲਈ ਅਤੇ ਇਨਕਲਾਬੀ ਲੋਕਾਂ ਲਈ ਨਵੇਂ ਦਿਸਹੱਦੇ ਅਤੇ ਪ੍ਰੇਰਨਾ ਪਰਦਾਨ ਕਰ ਰਹੀ ਸੀ। ਨੌਜਵਾਨਾਂ ਸਮੇਤ ਕਿਰਤੀ ਲੋਕਾਈ ਦਾ ਇਨਕਲਾਬੀਕਰਨ ਹੋ ਰਿਹਾ ਸੀ। ਕੌਮਾਂ, ਦੇਸ਼ ਅਤੇ ਲੋਕ ਮੁਕਤੀ ਦੀ ਤਾਂਘ ਨਾਲ ਧੜਕ ਰਹੇ ਸਨ। ਚਿੱਲੀ ਵੀ ਇਸ ਘਟਨਾਕ੍ਰਮ ਤੋਂ ਅਣਭਿੱਜ ਨਹੀਂ ਸੀ ਰਹਿ ਸਕਦਾ। ਇਸ ਕਰ ਕੇ ਚਿੱਲੀ ਦੇ ਸਮਾਜਵਾਦ, ਮਨੁੱਖੀ ਬਰਾਬਰੀ ਅਤੇ ਕਿਰਤ ਦੀ ਮੁਕਤੀ ਲਈ ਪ੍ਰੇਰਤ ਲੋਕ, ਕਲਾਕਾਰ, ਬੁੱਧੀਜੀਵੀ ਇਨਕਲਾਬੀ ਧੜਕਣ ਨੂੰ ਮਹਿਸੂਸ ਕਰ ਰਹੇ ਸਨ।

ਵਿਕਟਰ ਜਾਰਾ ਵਰਗੇ ਅਨੇਕਾਂ ਕਲਾਕਾਰਾਂ, ਕਵੀਆਂ, ਰੰਗ-ਕਰਮੀਆਂ, ਨਾਟਕਕਾਰਾਂ, ਚਿੱਤਰਕਾਰਾਂ, ਸੰਗੀਤਕਾਰਾਂ ਨੇ ਆਪੋ ਆਪਣੇ ਖੇਤਰ ਵਿਚ ਆਪੋ ਆਪਣੇ ਮੋਰਚੇ ਸੰਭਾਲ ਲਏ। ਇਸ ਸੱਭਿਆਚਾਰਕ ਲਹਿਰ ਦੇ ਪਿਛੋਕੜ ਵਿਚ ਕੰਮ ਕਰਦੀ ਸਿਆਸੀ ਸਰਗਰਮੀ, ਅਮਰੀਕੀ ਸਾਮਰਾਜੀ ਕੰਪਨੀਆਂ ਵੱਲੋਂ ਚਿੱਲੀ ਦੇ ਤਾਂਬੇ, ਸੋਨੇ ਅਤੇ ਹੋਰ ਖਣਿਜ ਪਦਾਰਥਾਂ ਦੀ ਅੰਨ੍ਹੀ ਲੁੱਟ ਦੇ ਵਿਰੋਧ ਵਿਚ ਅਤੇ ਇਨਾਂ ਖਾਣਾਂ, ਤੇਲ-ਸਰੋਤਾਂ ਦੇ ਕੌਮੀਕਰਨ ਦੀ ਮੰਗ ਕਰ ਰਹੀ ਸੀ। ਇਸ ਹੀ ਮੰਗ ਦੀ ਪ੍ਰਤੀਧੁਨੀ ਸਾਹਿਤ-ਸੱਭਿਆਚਾਰਕ ਖੇਤਰ ਵਿਚ ਵੀ ਪ੍ਰਤੱਖ ਤੇ ਪ੍ਰਮਾਣਿਤ ਹੋ ਰਹੀ ਸੀ। ਇਸ ਵਿਆਪਕ-ਵਿਸ਼ਾਲ ਦਾ ਪ੍ਰਭਾਵ-ਖੇਤਰ ਅਤੇ ਕਰਮ-ਖੇਤਰ ਵਧ ਕੇ ਸਰਕਾਰੀ ਅਦਾਰਿਆਂ, ਯੂਨੀਵਰਸਿਟੀਆਂ, ਖੋਜ ਸੰਸਥਾਵਾਂ, ਸੱਭਿਆਚਾਰਕ ਸੰਸਥਾਵਾਂ ਵਿਚ ਵੀ ਪਰਵੇਸ਼ ਕਰ ਚੁੱਕਾ ਸੀ ਅਤੇ ਇਹ ਜ਼ੋਰਦਾਰ ਵਹਿਣ ਅਮੋੜ ਵਹਿਣ ਬਣ ਗਿਆ ਸੀ।

ਅਮਰੀਕਨ-ਸਾਮਰਾਜ ਨੇ ਆਪਣੇ ਪਿੱਠੂ ਫੌਜੀ ਅਫਸਰ ਪਿਨੋਚੇ ਨੂੰ ਬਣਾ ਕੇ ਚਿੱਲੀ ਵਿਚ ਫੌਜੀ ਰਾਜ-ਪਲਟਾ ਕਰ ਕੇ ਦੇਸ਼ ਉੱਪਰ ਫਾਸ਼ੀਵਾਦੀ ਫੌਜੀ ਡਿਕਟੇਟਰਸ਼ਿਪ ਸਥਾਪਤ ਕਰ ਦਿੱਤੀ। ਚੁਣੇ ਹੋਏ ਰਾਸ਼ਟਰਪਤੀ ਅਲੈਂਦੇ ਨੂੰ ਕਤਲ ਕਰ ਦਿੱਤਾ ਗਿਆ, ਸੰਸਾਰ ਪ੍ਰਸਿੱਧ ਚਿਲੀਅਨ ਕਵੀ ਪਾਬਲੋ ਨੈਰੂਦਾ ਦੀ ਰਹੱਸਮਈ ਮੌਤ ਹੋ ਗਈ। ਹਜ਼ਾਰਾਂ ਬੇਕਸੂਰੇ ਕੌਮਪ੍ਰਸਤ, ਦੇਸ਼ ਭਗਤ ਅਤੇ ਸਾਮਰਾਜ ਦੇ ਵਿਰੋਧੀ ਕਾਰਕੁਨਾਂ, ਕਲਾਕਾਰਾਂ ਨੂੰ ਸਟੇਡੀਅਮ ਅੰਦਰ ਹੁਬੜ ਕੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਵਿਕਟਰ ਜਾਰਾ ਨੂੰ ਅਤੇ ਅਨੇਕਾਂ ਹੋਰਨਾਂ ਦਾ ਕਤਲ ਕਰ ਦਿੱਤਾ ਗਿਆ। ਵਿਕਟਰ ਆਖਰੀ ਦਮ ਤੱਕ ਜਖ਼ਮੀ ਕੀਤੇ ਜਾਣ ਮਗਰੋਂ ਵੀ ਗਿਟਾਰ ਉੱਪਰ ਇਨਕਲਾਬੀ ਧੁਨਾਂ ਸਿਰਜਦਾ ਸਿਰਜਦਾ ਹੀ ਸ਼ਹੀਦ ਹੋਇਆ ਸੀ।

ਸਾਹਿਤਕਾਰ ਦੀ ਸੰਵੇਦਨਾ ਅਤੇ ਪ੍ਰਤੀਬੱਧਤਾ ਉਸਨੂੰ ਨਿਰੰਤਰ ਕਲਾ-ਸਿਰਜਕ ਅਤੇ ਕਲਾ-ਸੰਗਰਾਮੀਆਂ ਬਣਾਈ ਰੱਖਦੀ ਹੈ। ਇਸ ਜੋੜੇ ਕਾਰਨ ਉਪਜੇ ਸਿਦਕ-ਸਿਰੜ ਨਾਲ ਉਹ ਕਠਨ-ਕਰੜੇ ਰਾਹਾਂ ਦਾ ਅਡੋਲ ਅਤੇ ਅਮੋੜ ਰਾਹੀ ਬਣਿਆ ਰਹਿੰਦਾ ਹੈ। ਇਨਕਲਾਬੀ ਸੱਭਿਆਚਾਰਕ ਪਿੜ ਉਸ ਦੀ ਕਰਮਸ਼ਾਲਾ ਅਤੇ ਪ੍ਰਯੋਗਸ਼ਾਲਾ ਬਣਿਆ ਰਹਿੰਦਾ ਹੈ। ਚੁਣੌਤੀਆਂ, ਦਮਨ, ਕਰੜੀਆਂ ਜੀਵਨ ਹਾਲਤਾਂ ਅਤੇ ਮੌਤ ਦੇ ਸਾਹਮਣੇ ਵੀ ਉਸ ਦੀ ਰਚਨਾਤਮਕਤਾ ਨਾ ਮਰਦੀ ਹੈ, ਨਾ ਡਰਦੀ ਹੈ ਅਤੇ ਨਾ ਹੀ ਝੁਕਦੀ ਹੈ। ਸ਼ਹੀਦ ਵਿਕਟਰ ਜਾਰਾ ਇਨ੍ਹਾਂ ਪੈਮਾਨਿਆਂ ਦਾ ਸਿਰਜਕ ਵੀ ਸੀ ਅਤੇ ਇਨ੍ਹਾਂ ਦਾ ਕਰਮਯੋਗੀ ਵੀ। ਸਾਡੀ ਆਪਣੀ ਪੰਜਾਬ ਦੀ ਸਭਿਆਚਾਰਕ ਲਹਿਰ, ਖਾਸ ਕਰਕੇ ਕਾਵਿ-ਲਹਿਰ, ਇਨ੍ਹਾਂ ਦੀ ਮਾਪ-ਦੰਡਾਂ ਦੀ ਅਨੁਸਾਰੀ ਸੀ। ਸਰਕਾਰੀ ਦਮਨ ਪਾਸ਼ ਨੂੰ ਕਵਿਤਾ ਕਹਿਣੋਂ ਰੋਕ ਨਹੀਂ ਸਕਿਆ ਅਤੇ ਸਾਡਾ ਇਹ ਕਵੀ ਅਮਰ ਸ਼ਹੀਦ ਕਰ ਕੇ ਹੀ ਖਾਮੋਸ਼ ਕੀਤਾ ਜਾ ਸਕਿਆ ਸੀ। ਸੰਤ ਰਾਮ ਉਦਾਸੀ ਨੇ ਅਨੇਕਾਂ ਵਾਰ ਥਾਣਿਆਂ ਦਾ ਤਸ਼ੱਦਦ ਹੰਢਾਇਆ ਅਤੇ ਐਮਰਜੈਂਸੀ ਦੌਰਾਨ ਨਜ਼ਰਬੰਦੀ ਵੀ ਹੰਢਾਈ। ਅਨੇਕਾਂ ਪਰਿਵਾਰਕ ਤੰਗੀਆਂ, ਸਮਾਜਿਕ ਤੇ ਜਾਤ-ਪਾਤੀ ਖੱਜਲ-ਖੁਆਰੀਆਂ ਅਤੇ ਸਰਕਾਰੀ ਦਮਨ ਦੇ ਸੰਤਾਪ ਨੂੰ ਭੋਗਦੇ ਹੋਏ, ਨਿਰੰਤਰ ਕਾਵਿ-ਸਿਰਜਕ ਸਾਥੀ ਲਾਲ ਸਿੰਘ ਦਿਲ ਅੱਜ ਵੀ ਸਾਰਥਕ ਅਤੇ ਪ੍ਰਸੰਗਿਕ ਸਾਬਤ ਹੋ ਰਿਹਾ ਹੈ। ਮੇਰੀ ਆਪਣੀ ਕਵਿਤਾ ਦਾ ਜਨਮ ਹੋਇਆ ਹੀ ਵਿਦਿਆਰਥੀ ਸੰਘਰਸ਼ ਦੌਰਾਨ ਸੀ। ਭਾਵੇਂ ਇਕੱਲਾ ਇਹ ਸੰਘਰਸ਼ ਹੀ ਇਸ ਦਾ ਪ੍ਰੇਰਨਾ ਸਰੋਤ ਨਹੀਂ ਸੀ ਸਗੋਂ ਨਕਸਲਬਾੜੀ ਕਿਸਾਨ ਬਗਾਵਤ ਦੀ ਗਰਜ-ਧਮਕ ਇਸ ਦਾ ਪ੍ਰੇਰਨਾ ਸਰੋਤ ਸੀ।

ਮਨਦੀਪ ਨੇ ਆਪਣੀ ਕਿਤਾਬ 'ਗੀਤ ਹੀ ਜਿਸ ਦਾ ਹਥਿਆਰ ਸੀ' ਦੇ ਆਰੰਭ ਵਿਚ 'ਪੰਜਾਬੀ ਕਲਾਕਾਰ ਅਤੇ ਕਿਸਾਨੀ ਸੰਘਰਸ਼' ਵਿਸ਼ੇ ਉੱਪਰ ਵੀ ਲੋੜੀਂਦੀ ਟਿੱਪਣੀ ਕੀਤੀ ਹੈ। ਉਸ ਨੇ ਪੰਜਾਬੀ ਗਾਇਕੀ ਅਤੇ ਸੰਗੀਤ-ਸਨਅਤ ਵਿਚ ਵਿਆਪਕ ਲੱਚਰ-ਸੱਭਿਆਚਾਰਕ ਪ੍ਰਦੂਸ਼ਣ ਦੀ ਸਮੱਸਿਆ ਨੂੰ ਦਰੁੱਸਤ ਛੋਹਿਆ ਹੈ। ਨਾਲ ਹੀ ਸਾਮਰਾਜੀ-ਸੱਭਿਆਚਾਰਕ ਹਮਲੇ ਦਾ ਜ਼ਿਕਰ ਵੀ ਕੀਤਾ ਹੈ। ਇਹ ਦੋਵੇਂ ਪੱਖ ਸਾਡੇ ਲਈ ਬਹੁਤ ਮਹੱਤਵਪੂਰਨ ਹਨ। ਸਾਡੇ ਅਜੋਕੇ ਸਮੇਂ ਵਿਚ ਇਹ ਇਸ ਕਰਕੇ ਮਹੱਤਵਪੂਰਨ ਹਨ ਕਿਉਂਕਿ ਇਹ ਉਦੋਂ ਵਾਪਰ ਰਹੇ ਹਨ ਜਦ ਭਾਰਤ ਵਿਚ ਆਰ.ਐਸ.ਐਸ.-ਭਾਜਪਾ ਸਾਰੇ ਲੋਕਾਂ ਉੱਪਰ ਇੱਕ ਫਾਸ਼ੀ, ਦਮਨਕਾਰੀ, ਲੋਕ-ਦੋਖੀ ਅਤੇ ਵੰਡ-ਪਾਊ ਏਜੰਡਾ ਠੋਸ ਰਹੀ ਹੈ।

ਜਿਸ ਤਰ੍ਹਾਂ ਚਿੱਲੀ ਵਿਚ ਫਾਸ਼ੀਵਾਦ ਦੇ ਵਿਰੁੱਧ ਲੋਕ-ਸੰਘਰਸ਼ ਦੌਰਾਨ ਕਲਾ ਦੇ ਅਨੇਕਾਂ ਰੂਪ ਉੱਭਰੇ ਅਤੇ ਉਹ ਆਮ ਜਨਤਾ ਵਿਚ ਬਹੁਤ ਹਰਮਨਪਿਆਰੇ ਹੋਏ, ਇਸੇ ਤਰ੍ਹਾਂ ਭਾਜਪਾ-ਆਰ.ਐਸ.ਐਸ. ਦੇ ਫਾਸ਼ੀਵਾਦ ਵਿਰੁੱਧ ਚੱਲ ਰਹੇ ਕਿਸਾਨ-ਸੰਘਰਸ਼ ਦੇ ਕਈ ਰੂਪ ਪਰਵਾਨ ਹੋਏ। ਕਵਿਤਾਵਾਂ, ਗੀਤ, ਲਘੂ ਨਾਟਕ, ਸੋਲੋ ਨਾਟਕ, ਦਸਤਾਵੇਜੀ ਫ਼ਿਲਮਾਂ ਆਦਿ ਕਾਫੀ ਪ੍ਰਭਾਵਸ਼ਾਲੀ ਰਹੇ।

ਮਨਦੀਪ ਨੇ ਸਿਰਲੱਥ, ਪ੍ਰਤੀਬੱਧ ਕ੍ਰਾਂਤੀਕਾਰੀ ਅਤੇ ਬਹੁਪੱਖੀ ਲੋਕ-ਕਲਾਕਾਰ ਵਿਕਟਰ ਜਾਰਾ ਦੇ ਕੁਝ ਗੀਤ ਵੀ ਆਪਣੇ ਪਾਠਕਾਂ ਦੀ ਨਜ਼ਰ ਕੀਤੇ ਹਨ। ਮੌਲਿਕ ਪਾਠ ਅਤੇ ਉਸ ਦਾ ਕਿਸੇ ਹੋਰ ਭਾਸ਼ਾ ਵਿਚ ਅਨੁਵਾਦ ਹੋ ਕੇ ਪਾਠਕਾਂ ਤੱਕ ਪਹੁੰਚਣਾ ਸੁਆਗਤਯੋਗ ਤਾਂ ਹੁੰਦਾ ਹੀ ਹੈ ਪਰ ਅਨੁਵਾਦ ਦੀਆਂ ਆਪਣੀਆਂ ਸੀਮਾਵਾਂ ਹੋਣ ਕਰ ਕੇ, ਇਹ ਮੌਲਿਕ-ਰਸ ਪ੍ਰਦਾਨ ਕਰਨ ਤੋਂ ਕੁਝ ਅਧੂਰੇ ਰਹਿ ਜਾਂਦੇ ਹਨ ਪਰ ਆਪਣਾ ਤੱਤ ਜ਼ਰੂਰ ਪਾਠਕਾਂ ਦੇ ਪੱਲੇ ਪਾ ਜਾਂਦੇ ਹਨ। ਜੇਕਰ ਇਨ੍ਹਾਂ ਦੀਆਂ ਕੁੱਝ ਸਤਰਾਂ ਦੇ ਨਾਲ ਪੰਜਾਬੀ ਕਾਵਿ ਦੇ ਕੁਝ ਟੁਕੜੇ ਜੋੜ ਕੇ ਪੜ੍ਹੇ ਜਾਣ ਤਾਂ ਇਨ੍ਹਾਂ ਦੇ ਅਰਥ ਤੇ ਇਨ੍ਹਾਂ ਦਾ ਰਸ ਹੋਰ ਸਪੱਸ਼ਟ ਅਤੇ ਪ੍ਰਤੱਖ ਹੋ ਜਾਂਦਾ ਹੈ।

ਪਹਿਲਾ ਗੀਤ ਐਲਾਨਨਾਮਾ ਹੈ। ਇਸ ਵਿਚ ਉਹ ਕਿਰਤੀ ਲੋਕਾਂ ਦੀ ਬਹੁਲਤਾ ਅਤੇ ਬਹੁਗਿਣਤੀ ਨੂੰ ਦਰਜ ਕਰਦਾ ਹੈ ਅਤੇ ਹੈਰਾਨ ਹੁੰਦਾ ਹੈ ਕਿ ਕੀ ਅਸੀਂ ਵਾਕਈ ਇੰਨੇ ਹਾਂ? ਜੇ ਹਾਂ ਤਾਂ ਇਹ ਫਾਸ਼ੀਵਾਦੀ ਜ਼ੁਲਮ ਕਿਉਂ ਹੈ:

> ਇੱਥੇ ਸ਼ਹਿਰ ਦੇ ਛੋਟੇ ਹਿੱਸੇ ਵਿਚ,
> ਅਸੀਂ ਪੂਰੇ ਪੰਜ ਹਜ਼ਾਰ ਹਾਂ
> ਮੈਂ ਹੈਰਾਨ ਹਾਂ ਕਿ ਅਸੀਂ ਇੰਨੇ ਕਿਵੇਂ ਹਾਂ?

ਫਾਸ਼ੀਵਾਦ ਦੇ ਦਮਨਕਾਰੀ ਕਿਰਦਾਰ ਬਾਰੇ ਵਿਕਟਰ ਲਿਖਦਾ ਹੈ:

> ਫਾਸ਼ੀਵਾਦ ਦਾ ਚਿਹਰਾ ਕਿੰਨਾ ਘਾਤਕ ਹੈ...
> ਉਨ੍ਹਾਂ ਲਈ ਵਹਿੰਦਾ ਲਹੂ ਤਗਮਾ ਹੈ
> ਤੇ ਕਤਲ ਬਹਾਦਰੀ ਦਾ ਚਿੰਨ੍ਹ...।

ਫਾਸ਼ੀਵਾਦ ਦਾ ਇਹ ਚਿਹਰਾ ਭਾਰਤ ਵਿਚ ਵੀ ਸਪੱਸ਼ਟ ਨਜ਼ਰ ਆਉਂਦਾ ਹੈ। ਬੇਗੁਨਾਹ ਪਹਿਲੂ ਖਾਨ ਵਰਗੇ ਸ਼ਰੇਆਮ ਕੁੱਟ-ਕੁੱਟ ਕੇ ਮਾਰ ਦਿੱਤੇ ਜਾਂਦੇ ਹਨ ਅਤੇ ਸੰਘ ਪਰਿਵਾਰ ਮਗਰੋਂ ਕਾਤਲਾਂ ਦਾ ਸਨਮਾਨ ਕਰਦਾ ਹੈ ਅਤੇ ਉਨ੍ਹਾਂ ਨੂੰ ਬਹਾਦਰ ਅਤੇ ਸੱਚੇ 'ਹਿੰਦੂ' ਸਾਬਤ ਕਰਦਾ ਨਹੀਂ ਥੱਕਦਾ।

ਅੱਗੇ ਸਤਰਾਂ ਹਨ:

> ਜਦੋਂ ਲਾਜ਼ਮੀ ਹੀ ਮੈਨੂੰ ਦਹਿਸ਼ਤ ਖਿਲਾਫ਼ ਗਾਉਣਾ ਚਾਹੀਦਾ ਹੈ
> ਦਹਿਸ਼ਤ, ਜਿਸ ਵਿਚ ਮੈਂ ਜੀਅ ਰਿਹਾ ਹਾਂ
> ਦਹਿਸ਼ਤ, ਜਿਸ ਵਿਚ ਮੈਂ ਮਰ ਰਿਹਾ ਹਾਂ।

ਇਸ ਸਥਿਤੀ ਵਿਚ ਕਵੀ-ਕਲਾਕਾਰ ਅੱਗੇ ਹੀ ਅੱਗੇ ਵਧਦੇ ਰਹਿਣ ਦਾ ਸੱਦਾ ਦਿੰਦਾ ਹੈ:

> ਚਲਦੇ ਚਲੋ
> ਚਲਦੇ ਚਲੋ
> ਮੈਨੂੰ ਹੈ ਭਰੋਸਾ ਕਿ ਲੱਭ ਹੀ ਲਵਾਂਗਾ
> ਕੋਈ ਰਾਹ ਮੁਕਤੀ ਦਾ
> ਬੱਸ ਤੁਸੀਂ ਚੱਲਦੇ ਚਲੋ...

ਹਿੰਦੀ ਦੇ ਇੱਕ ਗੀਤ ਵਿਚ ਵੀ ਇਸੇ ਤਰ੍ਹਾਂ ਦੇ ਅਰਥ ਸਮੋਏ ਹੋਏ ਹਨ:

> ਦਿਲੋਂ ਮੇਂ ਘਾਵ ਲੇ ਕੇ ਭੀ ਚਲੇ ਚਲੋ
> ਚਲੋ ਕਿ ਸਾਥ ਸਾਥ ਚਲਨੇ ਕੀ ਜ਼ਰੂਰਤੇਂ
> ਚਲੋ ਕਿ ਕਹੀਂ ਖਤਮ ਨਾ ਹੋ ਜ਼ਿੰਦਗੀ ਕੀ ਹਸਰਤੇਂ...।

ਵਿਕਟਰ ਦਾ ਹੋਰ ਗੀਤ ਐਲਾਨਨਾਮਾ ਹੈ:


> ਮੇਰਾ ਗਿਟਾਰ ਅਮੀਰਾਂ ਲਈ ਨਹੀਂ ਹੈ
> ਨਹੀਂ ਅਜਿਹਾ ਕੁਝ ਵੀ ਨਹੀਂ।

ਇੱਕ ਹੋਰ ਗੀਤ ਹੈ:

> ਆਓ ਮਾਣੀਏਂ ਬਹਾਰਾਂ
> ਜਦ ਮੈਂ ਬਾਤ ਤੋਰਦਾ ਜ਼ਮੀਨਾਂ ਦੀ
> ਉਹ ਛਾਂ ਕਰਦੇ ਸੰਗੀਨਾਂ ਦੀ
> ਧਰਤ ਉੱਤੇ ਸੋਨਾ ਉਗਾਂਦੇ ਹੱਥ ਅਸਾਡੇ ਨੇ
> ਡਾਢੇ ਜੋ ਦੇਣ ਭੀਖ ਵਾਗਰਾਂ...
> ਮੈਂ ਜਦ ਗੀਤ ਗਾਉਂਦਾ ਹਾਂ ਬਹਾਰਾਂ ਦੇ
> ਹੌਲ ਪੈਂਦੇ ਨੇ ਸ਼ਾਹੂਕਾਰਾਂ ਦੇ....।

ਇਸ ਤਰ੍ਹਾਂ ਵਿਕਟਰ ਦੇ ਬਾਕੀ ਸਾਰੇ ਦੇ ਸਾਰੇ ਗੀਤ ਫਾਸ਼ੀ ਹਾਕਮਾਂ ਅਤੇ ਅਮਰੀਕਨ ਸਾਮਰਾਜੀਆਂ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ, ਇਨਾਂ ਵਿਰੁੱਧ ਜੂਝਦੇ ਦੇਸ਼ਭਗਤਾਂ ਦੇ ਸਿਦਕ ਤੇ ਸਿਰੜ ਨਾਲ ਭਰੇ ਪਏ ਹਨ।

ਅੱਜ ਭਾਰਤ ਦੇ ਕਿਰਤੀ, ਕਿਸਾਨ, ਮੱਧਵਰਗ, ਇਨਸਾਫ-ਪਸੰਦ ਅਤੇ ਜਮਹੂਰੀਅਤ ਪਸੰਦ ਲੋਕ ਸੰਘੀ ਫਾਸ਼ੀ ਹਮਲੇ ਦੇ ਕਸ਼ਟ ਭੋਗ ਰਹੇ ਹਨ ਅਤੇ ਇਸ ਦੇ ਵਿਰੁੱਧ ਇੱਕ ਸੰਘਰਸ਼ ਵੀ ਕਰ ਰਹੇ ਹਨ ਜਿਨ੍ਹਾਂ ਵਿਚੋਂ ਜੇਤੂ ਹੋ ਰਿਹਾ ਕਿਸਾਨ ਸੰਘਰਸ਼ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਅਜਿਹੇ ਸਮੇਂ ਫਾਸ਼ੀਵਾਦ ਦੇ ਵਿਰੁੱਧ ਇੱਕ ਬਹਾਦਰ ਯੋਧੇ ਦੀ ਘਾਲਣਾ, ਦੇਣ ਅਤੇ ਕੁਰਬਾਨੀ ਨੂੰ ਪੰਜਾਬੀ ਪਾਠਕਾਂ ਨਾਲ ਸਾਂਝਿਆਂ ਕਰਨਾ ਸ਼ਲਾਘਾਯੋਗ ਜਤਨ ਹੈ ਜੋ ਮਨਦੀਪ ਨੇ ਕੀਤਾ ਹੈ।








*ਮਨਦੀਪ ਦੀ ਲਿਖੀ ਕਿਤਾਬ ਦਾ ਮੁਖੜਾ ਅਤੇ ਪਿਛਲਾ ਪਾਸਾ; (ਐਨ ਸੱਜੇ) ਕਿਤਾਬ ਦਾ ਲਿਖਾਰੀ ਮਨਦੀਪ।*

***ਅਮਰੀਕਨ-ਸਾਮਰਾਜ ਨੇ ਆਪਣੇ ਪਿੱਠੂ ਫੌਜੀ ਅਫਸਰ ਪਿਨੋਚੇ ਨੂੰ ਬਣਾ ਕੇ ਚਿੱਲੀ ਵਿਚ ਫੌਜੀ ਰਾਜ-ਪਲਟਾ ਕਰ ਕੇ ਦੇਸ਼ ਉੱਪਰ ਫਾਸ਼ੀਵਾਦੀ ਫੌਜੀ ਡਿਕਟੇਟਰਸ਼ਿਪ ਸਥਾਪਤ ਕਰ ਦਿੱਤੀ। ਚੁਣੇ ਹੋਏ ਰਾਸ਼ਟਰਪਤੀ ਅਲੈਂਦੇ ਨੂੰ ਕਤਲ ਕਰ ਦਿੱਤਾ ਗਿਆ, ਸੰਸਾਰ ਪ੍ਰਸਿੱਧ ਚਿਲੀਅਨ ਕਵੀ ਪਾਬਲੋ ਨੈਰੂਦਾ ਦੀ ਰਹੱਸਮਈ ਮੌਤ ਹੋ ਗਈ। ਹਜ਼ਾਰਾਂ ਬੇਕਸੂਰੇ ਕੌਮਪ੍ਰਸਤ, ਦੇਸ਼ ਭਗਤ ਅਤੇ ਸਾਮਰਾਜ ਦੇ ਵਿਰੋਧੀ ਕਾਰਕੁਨਾਂ, ਕਲਾਕਾਰਾਂ ਨੂੰ ਸਟੇਡੀਅਮ ਅੰਦਰ ਹੁਬੜ ਕੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਵਿਕਟਰ ਜਾਰਾ ਨੂੰ ਅਤੇ ਅਨੇਕਾਂ ਹੋਰਨਾਂ ਦਾ ਕਤਲ ਕਰ ਦਿੱਤਾ ਗਿਆ। ਵਿਕਟਰ ਆਖਰੀ ਦਮ ਤੱਕ ਜ਼ਖ਼ਮੀ ਕੀਤੇ ਜਾਣ ਮਗਰੋਂ ਵੀ ਗਿਟਾਰ ਉੱਪਰ ਇਨਕਲਾਬੀ ਧੁਨਾਂ ਸਿਰਜਦਾ ਸਿਰਜਦਾ ਹੀ ਸ਼ਹੀਦ ਹੋਇਆ ਸੀ।... ਅੱਜ ਭਾਰਤ ਦੇ ਕਿਰਤੀ, ਕਿਸਾਨ, ਮੱਧਵਰਗ, ਇਨਸਾਫ-ਪਸੰਦ ਅਤੇ ਜਮਹੂਰੀਅਤ ਪਸੰਦ ਲੋਕ ਸੰਘੀ ਫਾਸ਼ੀ ਹਮਲੇ ਦੇ ਕਸ਼ਟ ਭੋਗ ਰਹੇ ਹਨ ਅਤੇ ਇਸ ਦੇ ਵਿਰੁੱਧ ਇੱਕ ਸੰਘਰਸ਼ ਵੀ ਕਰ ਰਹੇ ਹਨ ਜਿਨ੍ਹਾਂ ਵਿਚੋਂ ਜੇਤੂ ਹੋ ਰਿਹਾ ਕਿਸਾਨ ਸੰਘਰਸ਼ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਅਜਿਹੇ ਸਮੇਂ ਫਾਸ਼ੀਵਾਦ ਦੇ ਵਿਰੁੱਧ ਇੱਕ ਬਹਾਦਰ ਯੋਧੇ ਦੀ ਘਾਲਣਾ, ਦੇਣ ਅਤੇ ਕੁਰਬਾਨੀ ਨੂੰ ਪੰਜਾਬੀ ਪਾਠਕਾਂ ਨਾਲ ਸਾਂਝਿਆਂ ਕਰਨਾ ਸ਼ਲਾਘਾਯੋਗ ਜਤਨ ਹੈ ਜੋ ਮਨਦੀਪ ਨੇ ਕੀਤਾ ਹੈ।***

# ਗੁਰਪੁਰਬ ਮੌਕੇ ਫਰਿਜ਼ਨੋ ਦੇ ਬੇਘਰੇ ਲੋਕਾਂ ਨੂੰ ਛਕਾਇਆ ਪੀਜ਼ੇ ਦਾ ਲੰਗਰ

**ਫਰਿਜ਼ਨੋ:** ਗੁਰੂ ਨਾਨਕ ਪਾਤਸ਼ਾਹ ਦੇ ਗੁਰਪੁਰਬ ਮੌਕੇ ਦੁਨੀਆ ਪੱਧਰ 'ਤੇ ਵੱਡੇ ਸਮਾਗਮ ਕੀਤੇ ਗਏ। ਇਸੇ ਕੜੀ ਤਹਿਤ ਫਰਿਜ਼ਨੋ ਦੇ ਕੁਝ ਕੁ ਹਿੰਮਤੀ ਨੌਜਵਾਨਾਂ ਨੇ ਨਿਵੇਕਲੀ ਕੋਸ਼ਿਸ਼ ਕੀਤੀ, ਅਤੇ ਬੇਘਰੇ ਲੋਕਾਂ ਲਈ ਪੀਜ਼ੇ ਦੇ ਲੰਗਰ ਲਾ ਕੇ ਗੁਰਪੁਰਬ ਮਨਾਇਆ।

ਇਸ ਮੌਕੇ ਫਰਿਜ਼ਨੋ ਸ਼ਹਿਰ ਦੇ ਡਾਊਨਟਾਊਨ ਵਿਚ ਬਣੇ ਹੋਮਲੈੱਸ ਸੈਂਟਰ 'ਪਬਰੇਲੋ ਹਾਊਸ' ਵਿਚ ਨੌਜਵਾਨਾਂ ਨੇ ਪੀਜ਼ੇ ਦਾ ਲੰਗਰ ਅਤੁੱਟ ਵਰਤਾਇਆ। ਸੈਂਕੜੇ ਲੋਕਾਂ ਨੇ ਪੀਜ਼ੇ ਦੇ ਲੰਗਰ ਦਾ ਅਨੰਦ ਮਾਣਿਆ। ਇਸ ਮੌਕੇ ਗੁਰਪ੍ਰੀਤ ਸਿੰਘ ਤੂਰ ਅਤੇ ਸਾਥੀਆਂ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਵਲੋਂ ਚਲਾਇਆ ਵੀਹ ਰੁਪਏ ਦਾ ਲੰਗਰ ਅੱਜ ਪੂਰੀ ਦੁਨੀਆ ਵਿਚ ਵਰਤ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ 'ਤੇ ਪਹਿਰਾ ਦਿੰਦੇ ਹੋਏ ਕੋਸ਼ਿਸ਼ ਕਰ ਰਹੇ ਹਨ ਕਿ ਇਹ ਗੁਰੂ ਦਾ ਲੰਗਰ ਲੋੜਵੰਦ ਲੋਕਾਂ ਦੇ ਮੂੰਹ ਵਿਚ ਪਵੇ ਤੇ ਇਸੇ ਕਰਕੇ ਉਨ੍ਹਾਂ ਬੇਘਰੇ ਲੋਕਾਂ ਨੂੰ ਲੰਗਰ ਛਕਾਉਣ ਦਾ ਫੈਸਲਾ ਲਿਆ। ਇਸ ਮੌਕੇ ਲੋਕਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਫ਼ਲਸਫ਼ੇ ਤੋਂ ਵੀ ਜਾਣੂੰ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਉਹ ਹਰ ਸਾਲ ਗੁਰਪੁਰਬ 'ਤੇ ਲੰਗਰ ਜਾਰੀ ਰੱਖਣ ਦੀ ਕੋਸ਼ਿਸ਼ ਕਰਨਗੇ।

***-ਵੇਰਵੇ ਤੇ ਤਸਵੀਰਾਂ: ਨੀਟਾ ਮਾਛੀਕੇ/ਕੁਲਵੰਤ ਧਾਲੀਆਂ***






T B F
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision

$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com



Homeopathicvibes

Harminder Singh Gill

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996


FAX: 209.982.9997

# ਮਸਤ-ਮੌਲਾ ਫ਼ਨਕਾਰ ਅਫ਼ਜ਼ਲ ਸਾਹਿਰ

**ਕੈਨੇਡਾ ਵੱਸਦੀ ਲੇਖਕਾ ਹਰਕੀਰਤ ਕੌਰ ਚਹਿਲ ਨੇ ਲਹਿੰਦੇ ਪੰਜਾਬ ਦੇ ਸ਼ਾਇਰ ਅਫਜ਼ਲ ਸਾਹਿਰ ਦੇ ਫਨ ਅਤੇ ਮਿਜ਼ਾਜ ਬਾਰੇ ਕੁਝ ਅਹਿਮ ਅਤੇ ਦਿਲਚਸਪ ਗੱਲਾਂ ਆਪਣੇਟ ਇਸ ਲੇਖ ਵਿਚ ਕੀਤੀਆਂ ਹਨ।**








*ਅਫ਼ਜ਼ਲ ਸਾਹਿਰ ਅਤੇ ਉਸ ਦੀ ਕਿਤਾਬ 'ਨਾਲ ਸੱਜਣ ਦੇ ਰਹੀਏ' ਦੇ ਸ਼ਾਹਮੁਖੀ ਅਤੇ ਗੁਰਮੁਖੀ ਵਿਚ ਛਪੇ ਸੰਗ੍ਰਹਿ।*

ਕੁਝ ਕੁ ਸੁਖਨਵਰਾਂ ਦੇ ਨਾਮ ਲਈਏ ਤਾਂ ਅਫ਼ਜ਼ਲ ਸਾਹਿਰ ਦਾ ਨਾਂ ਵੀ ਸੁਨਹਿਰੀ ਰੰਗ ਦਾ ਝਲਕਾਰਾ ਮਾਰਦਾ ਦਿਖਾਈ ਦਿੰਦਾ ਹੈ ਜਿਸ ਦੇ ਪਿੱਛੇ ਉਸ ਦੀ ਮਾਂ-ਬੋਲੀ ਪੰਜਾਬੀ ਪ੍ਰਤੀ ਸ਼ਿੱਦਤ, ਜਨੂਨ, ਮੋਹ-ਮੁਹੱਬਤ ਅਤੇ ਸਿਦਕਾਂ ਭਰੀ ਵਰ੍ਹਿਆਂ ਬੱਧੀ ਕਮਾਈ ਹੈ। ਪੰਜਾਬੀ ਬੋਲੀ ਪ੍ਰਤੀ ਸਿਰਫ਼ ਉਸ ਦਾ ਪਿਆਰ ਹੀ ਅਵੱਲਾ ਨਹੀਂ ਬਲਕਿ ਪੰਜਾਬੀ ਬੋਲੀ ਵੀ ਉਸ ਉੱਤੇ ਹੱਦੋਂ ਵੱਧ ਮਿਹਰਬਾਨ ਹੈ; ਵਰਨਾ ਇਉਂ ਸ਼ਬਦੀ ਛਰਾਟਿਆਂ ਦੀ ਝੜੀ ਕੋਈ ਕਿਵੇਂ ਲਾ ਸਕਦਾ ਹੈ? ਪੰਜਾਬੀ ਬੋਲੀ ਨੇ ਜੋ ਮਾਣ ਅਤੇ ਰੁਤਬਾ ਉਸ ਨੂੰ ਬਖ਼ਸ਼ਿਆ ਹੈ, ਉਹ ਵਿਰਲਿਆਂ ਅਤੇ ਵਡਭਾਗਿਆਂ ਦੇ ਹਿੱਸੇ ਹੀ ਆਉਂਦਾ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਪੰਜਾਬੀ ਬੋਲੀ ਦੀ ਫੱਬਤ ਤਾਂ ਉਸ ਦੀ ਜ਼ਬਾਨੋਂ ਸੁਣਿਆ ਹੀ ਬਣਦੀ ਹੈ ਅਤੇ ਸੋਨੇ ਤੇ ਸੁਹਾਗਾ ਹੁੰਦਾ ਹੈ ਉਸ ਦਾ ਅੰਦਾਜ਼-ਏ-ਬਿਆਨ!

ਉਸ ਬਾਰੇ ਲਿਖਣ ਵੇਲੇ ਮੈਂ ਹਰਗਿਜ਼ ਦਾਅਵਾ ਨਹੀਂ ਕਰਦੀ ਕਿ ਮੈਂ ਉਸ ਨੂੰ ਮੁਕੰਮਲ ਤੌਰ 'ਤੇ ਜਾਣਦੀ ਹਾਂ ਕਿਉਂਕਿ ਹਰ ਬੰਦਾ ਤਾਂ ਉਮਰ ਭਰ ਖੁਦ ਨੂੰ ਹੀ ਲੱਭਣ ਲੱਗਿਆ ਰਹਿੰਦਾ ਹੈ,



**ਹਰਕੀਰਤ ਕੌਰ ਚਹਿਲ (ਕੈਨੇਡਾ)**
**ਫੋਨ: +1-604-799-7978**

ਫਿਰ ਵੀ ਬਥੇਰੇ ਸੁੰਨੇ ਤੇ ਅਣਗਾਹੇ ਕੋਨੇ ਰਹਿ ਹੀ ਜਾਂਦੇ ਹਨ। ਫਿਰ ਅਫ਼ਜ਼ਲ ਸਾਹਿਰ ਵਰਗੀ ਸ਼ਖਸੀਅਤ ਤਾਂ ਹੈ ਹੀ ਕੁਦਰਤ ਵਰਗੀ ਵਿਸ਼ਾਲ। ਸੋ ਮੇਰੀ ਇਹ ਲਿਖਤ, ਜਿੰਨਾ ਕੁ ਮੈਂ ਅਫ਼ਜ਼ਲ ਸਾਹਿਰ ਨੂੰ ਜਾਣ ਸਕੀ ਹਾਂ, 'ਤੇ ਆਧਾਰਿਤ ਹੈ।

ਮਨੁੱਖੀ ਮਨ ਹਰ ਪਲ ਹੀ ਹੋਰ ਹੁੰਦਾ ਹੈ; ਹਰ ਰਿਸ਼ਤੇ, ਸਥਾਨ ਅਤੇ ਪੜਾਅ ਉੱਤੇ ਉਸ ਦਾ ਨਵਾਂ ਨਿਵੇਕਲਾ ਰੰਗ ਉੱਭਰ ਕੇ ਆਉਂਦਾ ਹੈ ਜਿਸ ਦਾ ਕਈ ਵਾਰ ਉਸ ਨੂੰ ਖ਼ੁਦ ਵੀ ਇਲਮ ਨਹੀਂ ਹੁੰਦਾ। ਅਫ਼ਜ਼ਲ ਸਾਹਿਰ ਨਾਲ ਮੇਰੀ ਲਾਹੌਰ ਫੇਰੀ ਦੌਰਾਨ ਗਿਣਵੀਆਂ ਮੁਲਾਕਾਤਾਂ ਹੀ ਹੋਈਆਂ ਸਨ। ਪਹਿਲੇ ਤੁਆਰਫ਼ ਵੇਲੇ ਉਸ ਦਾ ਨਾਮ ਅਫ਼ਜ਼ਲ ਸਾਹਿਰ ਸੁਣਦਿਆਂ ਮਕਬੂਲ ਸ਼ਾਇਰ ਸਾਹਿਰ ਲੁਧਿਆਣਵੀ ਅਤੇ ਲੇਖਕਾ ਅੰਮ੍ਰਿਤਾ ਪ੍ਰੀਤਮ ਦਾ ਖਿਆਲ ਆਇਆ। ਮੈਂ ਸੋਚਿਆ ਕਿ ਇਹ ਨਾਮ ਤਾਂ ਹੁਣ ਇਸ ਬਹਾਨੇ ਯਾਦ ਰਹੇਗਾ ਪਰ ਅਫ਼ਜ਼ਲ ਦੇ ਮਿਲਾਪੜੇ ਸੁਭਾਅ, ਸਾਹਿਤਕ ਲਗਨ, ਹਾਜ਼ਰ ਜੁਆਬੀ ਅਤੇ ਵਿਲੱਖਣ ਅੰਦਾਜ਼ ਨੇ ਉਸ ਨੂੰ ਇਸ ਗੱਲ ਦਾ ਮੁਹਤਾਜ ਨਹੀਂ ਰਹਿਣ ਦਿੱਤਾ। ਅਫ਼ਜ਼ਲ ਸਾਹਿਰ ਦੀ ਆਪਣੀ ਹੈਸੀਅਤ ਅਤੇ ਪਛਾਣ ਹੈ ਜੋ ਮਿਲਣ ਵਾਲੇ 'ਤੇ ਆਪਣੀ ਮੋਹਰ ਆਪਣੇ ਦਮ 'ਤੇ ਲਾਉਂਦੀ ਹੈ। ਉਹ ਨਿਹਾਇਤ ਮਜ਼ਾਕੀਆ ਕਿਸਮ ਦਾ ਇਨਸਾਨ ਹੈ। ਇੰਨਾ ਜ਼ਬਰਦਸਤ ਮਜ਼ਾਹ-ਭਾਵ (ਸੈਂਸ ਆਫ ਹਿਊਮਰ) ਵੀ ਉਸ ਦੀ ਬੌਧਿਕ ਬੁਲੰਦੀ ਦੀ ਗਵਾਹੀ ਭਰਦਾ ਹੈ। ਕਿਸੇ ਵੀ ਮਹਿਫ਼ਲ ਵਿਚ ਵਿਚਰਦਿਆਂ ਉਸ ਦੀ ਮਖੌਲ ਕਰਨ ਵਾਲੀ ਕੰਪਾਸ ਦੀ ਸੂਈ ਨਿਰੰਤਰ 360 ਡਿਗਰੀ ਦੇ ਕੋਣ 'ਤੇ ਘੁੰਮਦੀ ਰਹਿੰਦੀ ਹੈ। ਇਸ ਗੱਲ ਦੀ ਤਾਂ ਉਹ ਆਪ ਇਹ ਕਹਿ ਕੇ ਹਾਮੀ ਭਰਦਾ ਹੈ, "ਜਦ ਮੈਂ ਮਜ਼ਾਕ ਕਰਨਾ ਵਾਂ ਤਾਂ ਕੋਈ ਕੱਚ ਨਹੀਂ ਛੱਡਦਾ। ਗੱਲ ਸਿਰੇ ਲਾ ਕੇ ਹਟਦਾ ਵਾਂ। ਕੋਈ ਸਮਾਂ ਤੇ ਸੀਮਾ ਨਹੀਂ ਵੇਖਦਾ, ਫੇਰ ਭਾਵੇਂ ਪਾਣੀ ਉਤਰਿਆਂ 'ਤੇ ਚੋਖਾ ਭੁਗਤਾਨ ਹੀ ਕਿਉਂ ਨਾ ਕਰਨਾ ਪਵੇ। ਗਲਤੀ ਮੰਨ ਛੇੜੀਂਦੀ ਏ ਜਨਾਬ ਪਰ ਇੱਕ ਵਾਰ ਤਾਂ ਮਨ ਦਾ ਰਾਂਝਾ ਰਾਜ਼ੀ ਕਰ ਹੀ ਲਈਦਾ ਏ।"

ਉਸ ਦੀ ਸੰਗਤ ਵਿਚ ਚੁਕੰਨੇ ਹੋ ਕੇ ਰਹਿਣਾ ਪੈਂਦਾ ਹੈ ਕਿਉਂਕਿ ਉਸ ਦੇ ਗੱਲਬਾਤ ਦੇ ਵਿਸ਼ਿਆਂ ਦੀ ਮਾਰ ਵੀ ਮਿਜ਼ਾਈਲ ਦੇ ਗੋਲ਼ੇ ਵਾਂਗ ਹੱਦਾਂ ਸਰਹੱਦਾਂ ਸਹਿਜੇ ਹੀ ਪਾਰ ਕਰ ਜਾਂਦੀ ਹੈ।

ਅਫ਼ਜ਼ਲ ਸਾਹਿਰ ਦਾ ਸੁਭਾਅ ਬੇਹੱਦ ਖ਼ੁਸ਼ਗਵਾਰ ਅਤੇ ਮਨ ਮੌਜੀਆਂ ਵਾਲਾ ਹੈ। ਉਸ ਵਿਚ ਹਰ ਪਲ ਜ਼ਿੰਦਗੀ ਧੜਕਦੀ ਹੈ, ਲੁੱਡੀਆਂ ਪਾਉਂਦੀ, ਢੋਲੇ ਮਾਹੀਏ ਗਾਉਂਦੀ ਸੁਣਦੀ ਹੈ। ਉਸ ਦਾ ਹਾਸਾ ਵੀ ਉਸ ਦੀ ਸਿਗਰਟ ਦੇ ਛੱਡੇ ਧੂੰਏਂ ਵਾਂਗ ਛੱਲੇ ਪਾਉਂਦਾ ਅੰਬਰੀਂ ਚੜ੍ਹ ਜਾਂਦਾ ਹੈ। ਉਸ ਦੇ ਮਨ ਦਾ ਪਾਰਾ ਮਾਪਣਾ ਤੋਲਣਾ ਹੋਵੇ ਤਾਂ ਉਸ ਦੀਆਂ ਲਿਖਤਾਂ ਦੇ ਰੂ-ਬ-ਰੂ ਹੋਣ ਦੀ ਲੋੜ ਹੈ। ਉਹ ਪੌੜੀ ਦੇ ਸਿਖ਼ਰਲੇ ਡੰਡੇ 'ਤੇ ਖੜ੍ਹਾ ਕੋਮਲ ਸੰਵੇਦਨਾ ਅਤੇ ਸਰਲ ਭਾਸ਼ਾ ਨਾਲ ਹੀ ਪਾਠਕ ਦੇ ਆਰ-ਪਾਰ ਲੰਘ ਜਾਂਦਾ ਹੈ। ਉਸ ਦੀ ਸ਼ਾਇਰੀ ਵਿਚ ਮਨੁੱਖੀ ਮਨ ਦੀ ਟਸ-ਟਸ ਕਰਦੀ ਵੇਦਨਾ, ਖੰਡਰ ਬਣੀਆਂ ਰੀਝਾਂ, ਔਰਤ ਦਾ ਮਨੋਵਿਗਿਆਨਿਕ ਪੱਖ ਅਤੇ ਕੁੱਲ ਲੋਕਾਈ ਦਾ ਦਰਦ ਸਮੋਇਆ ਹੁੰਦਾ ਹੈ। ਸੂਫੀਆਨਾ ਰੰਗਤ ਵਾਲੀਆਂ ਉਸ ਦੀਆਂ ਰਚਨਾਵਾਂ ਵਿਚੋਂ ਮੇਰੀਆਂ ਮਨਪਸੰਦ ਸਤਰਾਂ ਹਨ:

ਵਾਹ ਜੀ ਵਾਹ
ਕੀ ਬਣੀਆਂ
ਮਨ ਰੋਹੀ ਵਿਚ ਚਿਣਗਾਂ ਵੱਸੀਆਂ
ਲੋਕ ਸਮਝਦਾ ਕਣੀਆਂ
ਵਾਹ ਜੀ ਵਾਹ... ਕੀ ਬਣੀਆਂ
ਨਰਵਾਦੀ ਦੇ ਮਾਰੂ ਹੜ੍ਹ ਵਿਚ
ਰੁੜ੍ਹ-ਪੁੜ ਗਈਆਂ ਜਣੀਆਂ
ਵਾਹ ਜੀ ਵਾਹ... ਕੀ ਬਣੀਆਂ।

ਉਪਰੋਕਤ ਕਾਫ਼ੀ ਪੜ੍ਹਦਿਆਂ ਮੈਨੂੰ ਉਸ ਦੀ ਸੋਸ਼ਲ ਮੀਡੀਆ 'ਤੇ ਭੋਲੀ ਭਾਲੀ ਮਾਂ ਨਾਲ ਬੈਠੇ ਦੀ ਤਸਵੀਰ ਯਾਦ ਆ ਜਾਂਦੀ ਹੈ ਜਿਸ ਨੇ ਵੰਡਾਰੇ ਦੌਰਾਨ ਹੋਏ ਉਜਾੜੇ ਨੂੰ ਹਿੱਕ ਉੱਤੇ ਜਰਿਆ ਸੀ। ਅਫ਼ਜ਼ਲ ਸਾਹਿਰ ਮਾਂ ਨਾਲ ਬੈਠਾ ਇਉਂ ਲੱਗਦਾ ਜਿਵੇਂ ਉਹ ਉਸ ਦੀ ਸਹੇਲੀ ਹੋਵੇ, ਜਿਵੇਂ ਉਹ ਜਣਨੀ ਦਾ ਜਨਮ ਦੇਣ ਦਾ ਸ਼ੁਕਰਾਨਾ ਅਦਾ ਕਰਦਾ ਉਸ ਦੇ ਸੂਲਾਂ ਅਤੇ ਭੱਖੜੇ ਵਰਗੇ ਸੰਸੇ ਝੋਰੇ ਚੁਗਦਾ ਹੋਵੇ।

ਕਈ ਦੇਸ਼-ਵਿਦੇਸ਼ ਘੁੰਮਣ ਵਾਲਾ ਇਹ ਸ਼ਾਇਰ ਜਦ ਹਿੰਦੁਸਤਾਨ ਫੇਰੀ ਪਾਉਣ ਗਿਆ ਤਾਂ ਸਰਹੱਦ ਉੱਤੇ ਚਾਹੁਣ ਵਾਲਿਆਂ ਦਾ ਹਜੂਮ ਸੁਆਗਤ ਕਰਨ ਲਈ ਪਹੁੰਚਿਆ ਜਿਵੇਂ ਪਾਕਿਸਤਾਨ ਦਾ ਸ਼ਾਹਰੁਖ ਖਾਨ ਆਇਆ ਹੋਵੇ। ਮਹਿਮਾਨ ਨਿਵਾਜੀ ਦਾ ਵੱਲ ਉਸ ਨੂੰ ਵੀ ਕਮਾਲ ਦਾ ਹੈ। ਮੇਰੀ ਖਾਤਰ ਲੋਹੜੀ ਦੇ ਪ੍ਰੋਗਰਾਮ ਦਾ ਸ਼ਾਨਦਾਰ ਇੰਤਜ਼ਾਮ ਕੀਤਾ ਗਿਆ ਸੀ। ਉਸ ਰਾਤ ਮੈਨੂੰ, ਬਾਬਾ ਨਜਮੀ ਅਤੇ ਅਮਜਦ ਸਲੀਮ ਮਿਨਹਾਸ ਨੂੰ ਸ਼ਾਇਰਾ ਰਖਸ਼ੰਦਾ ਨਵੀਦ ਨੇ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਹੋਈ ਸੀ। ਖਾਣੇ ਤੋਂ ਬਾਅਦ ਅਸੀਂ ਲੋਹੜੀ ਦੇ ਪ੍ਰੋਗਰਾਮ 'ਤੇ ਪਹੁੰਚਣਾ ਸੀ। ਅਫ਼ਜ਼ਲ ਨੇ ਸਾਡਾ ਸੁਆਗਤ ਢੋਲ ਦੀ ਤਾਲ ਅਤੇ ਆਪਣੇ ਬੇਲੀਆਂ ਨਾਲ ਗੇਟ 'ਤੇ ਖੜ੍ਹ ਕੇ ਕੀਤਾ ਜੋ ਮੇਰੇ ਜ਼ਿਹਨ ਵਿਚ ਸਦੀਵੀ ਯਾਦ ਬਣ ਗਿਆ। ਉਹ ਜਿੱਥੇ ਵੀ ਹੁੰਦਾ ਹੈ, ਪੂਰਾ ਰੰਗ ਬੰਨ੍ਹ ਦਿੰਦਾ ਹੈ ਜਿਵੇਂ ਹਰ ਹੁਸੀਨ ਅਤੇ ਗ਼ਮਗੀਨ ਪਲਾਂ ਨੂੰ ਬੋਚਣ ਬਦਲਣ ਦੀ ਲਗਾਮ ਬੱਸ ਉਸ ਦੇ ਹੱਥ ਵਿਚ ਹੀ ਹੋਵੇ। ਉਸ ਰਾਤ ਵੀ ਉਹ ਸਾਰੇ ਪ੍ਰੋਗਰਾਮ ਦਾ ਸੰਚਾਲਨ ਆਪ ਕਰ ਰਿਹਾ ਸੀ। ਨਾਮੀ-ਗਰਾਮੀ ਕਲਾਕਾਰ ਵੀ ਉਸ ਦੀ ਰਹਿਨੁਮਾਈ, ਅਗਵਾਈ ਅਤੇ ਅਦਾਕਾਰੀ ਦਾ ਅਨੰਦ ਮਾਣ ਰਹੇ ਸਨ। ਕਦੇ ਦੁੱਲੇ ਭੱਟੀ ਦੇ ਗੀਤ ਗਾਉਂਦਾ, ਕਥਾਵਾਂ ਸੁਣਾਉਂਦਾ ਤੇ ਕਦੇ ਸਾਜ਼ਾਂ ਦੀ ਸਰਗਮ 'ਤੇ ਨੱਚਦਾ ਉਹ ਪੂਰੇ ਵਿਰਸੇ ਦੀ ਤਸਵੀਰ ਬਣੀ ਬੈਠਾ ਸੀ। ਉਸ ਦੀ ਊਰਜਾ ਸ਼ਕਤੀ ਇੰਨੀ ਕਮਾਲ ਦੀ ਹੈ ਕਿ ਉਹ ਰੋਹੀ ਬੀਆਬਾਨ ਵਿਚ ਵੀ ਮੇਲੇ ਲਾ ਦੇਣ ਦੀ ਸਮਰੱਥਾ ਰੱਖਦਾ ਹੈ। ਉਸ ਦੀ ਸ਼ਖਸੀਅਤ ਵਿਚ ਸਾਹਿਤ ਅਤੇ ਸੱਭਿਆਚਾਰ ਦਾ ਸੋਹਣਾ ਸੁਮੇਲ ਹੈ।

ਉਸ ਨੂੰ ਕੈਲੀਗਰਾਫੀ ਦਾ ਵੀ ਸ਼ੌਕ ਹੈ। ਇੱਕ ਸੰਗੀਤਕ ਮਹਿਫ਼ਲ ਮਾਣਦਿਆਂ ਉਸ ਨੇ ਸਾਹਮਣੇ ਵਾਲੇ ਟੇਬਲ ਤੋਂ ਪੈੱਨ ਅਤੇ ਕਾਗ਼ਜ਼ ਚੁੱਕ ਕੇ ਮੇਰਾ ਨਾਮ ਕਈ ਤਰ੍ਹਾਂ ਸ਼ਾਹਮੁਖੀ ਭਾਸ਼ਾ ਵਿਚ ਉੱਕਰਿਆ ਜੋ ਮੈਂ ਨਾ ਪੜ੍ਹ ਸਕਦੀ ਨੇ ਵੀ ਤੋਹਫ਼ਾ ਸਮਝ ਕੇ ਸਾਂਭ ਲਿਆ। ਆਪਣੇ ਲਿਖੇ ਦੋਹੇ ਵੀ ਉਸ ਨੇ ਰੰਗਾਂ ਅਤੇ ਕੈਲੀਗਰਾਫ਼ੀ ਨਾਲ ਇਉਂ ਸਜਾਏ, ਜਿਵੇਂ ਕੋਈ ਮਾਂ ਨਿਆਣੇ ਨੂੰ ਸ਼ਿੰਗਾਰ ਪੱਕੇ ਸਕੂਲ ਭੇਜਦੀ ਹੋਵੇ।

ਲਿਖਣ ਦੇ ਮਕਸਦ ਨਾਲ ਇੱਕ ਦਿਨ ਮੈਂ ਫੋਨ 'ਤੇ ਫੇਸਟਾਈਮ ਕਰਦਿਆਂ ਪੁੱਛਿਆ, "ਵੈਸੇ ਤਾਂ ਇਹ ਪਰਸਨਲ ਮਾਮਲਾ ਹੈ ਪਰ ਮੇਰੇ ਦੋਸਤ ਮੁਦੱਸਰ ਬਸ਼ੀਰ ਨੇ ਦੱਸਿਆ ਹੈ ਕਿ ਤੁਹਾਡੀ ਮਕਬੂਲੀਅਤ 'ਤੇ ਫ਼ਿਦਾ ਹੋਣ ਵਾਲਿਆਂ ਦੀ ਕਤਾਰ ਬੜੀ ਲੰਮੀ ਏ ਅਤੇ ਤੁਹਾਡਾ ਇਸ ਪ੍ਰੇਮ ਪਿਆਰ ਵਾਲੇ ਚੱਕਰ ਬਾਰੇ ਕੀ ਕਹਿਣਾ ਹੈ?"

ਚੁਟਕੀ ਮਾਰ ਕੇ ਸਿਗਰਟ ਤੋਂ ਰਾਖ ਝਾੜਦਾ ਉਹ ਬੋਲਿਆ, "ਹਾਏ ਮੈਂ ਮਰ ਜਾਂ... ਕੀ ਕਰਾਂ? ਕਮਬਖ਼ਤ ਜਿਸ ਨੂੰ ਵੀ ਮਿਲਦਾ ਵਾਂ, ਮੈਨੂੰ ਉਸੇ ਨਾਲ ਹੀ ਮੁਹੱਬਤ ਹੋ ਜਾਂਦੀ ਵੇ। ਤੂੰ ਸੱਚ ਨਹੀਂ ਮੰਨਣਾ ਹਰਕੀਰਤ, ਮੈਂ ਅੱਜ ਵੀ ਜਦ ਯਾਦ ਕਰਦਾਂ ਤਾਂ ਮੋਹ ਮੁਹੱਬਤ ਦੀਆਂ ਅਨੇਕਾਂ ਕਹਾਣੀਆ ਮੈਨੂੰ ਘੇਰ ਛੱਡਦੀਆਂ ਨੇ। ਕਿਸੇ ਗਲੀ 'ਚੋਂ ਮੈਂ ਹੱਸ ਕੇ ਨਿਕਲਦਾ, ਕਿਸੇ ਵਿਚੋਂ ਰੋ ਕੇ ਅਤੇ ਕਿਸੇ ਵਿਚੋਂ ਉਦਾਸ ਤੇ ਚੁੱਪ-ਚੁਪੀਤਾ। ਦੁਨੀਆ ਹੈ ਹੀ ਬੜੀ ਮੋਹ-ਖੋਰੀ। ਬੜੇ ਰੰਗਲੇ ਸੱਜਣ ਮਿਲੇ ਅੜੀਏ ਜਿਨ੍ਹਾਂ ਬੜਾ ਈ ਸੰਵਾਰਿਆਂ ਸਤਿਕਾਰਿਆ ਮੈਨੂੰ, ਤੇ ਕਈਆਂ ਨੂੰ ਮੈਂ ਵੀ ਮਾੜਾ ਮੋਟਾ...।"

ਕਹਿ ਕੇ ਉਸ ਨੇ ਡੂੰਘਾ ਹਉਕਾ ਇਉਂ ਲਿਆ ਜਿਵੇਂ ਉਹ ਧੁਰ ਅੰਦਰ ਵੱਸਦੀ ਦੁਨੀਆ ਵਿਚ ਉੱਤਰ ਗਿਆ ਹੋਵੇ। ਮੇਰਾ ਨਾਵਲ 'ਤੀਜੀ ਮੁਖ਼ਲੂਕ' ਪੜ੍ਹਨ ਤੋਂ ਬਾਅਦ ਉਹ ਦਿਲੋਂ ਤੀਜੀ ਧਿਰ ਦਾ ਹਮਦਰਦ ਬਣ ਬੈਠਾ ਹੈ। ਕਦੇ ਰੇਡੀਉ ਪ੍ਰੋਗਰਾਮ ਵਿਚ ਰੂ-ਬ-ਰੂ ਕਰਦਾ, ਕਦੇ ਉਨ੍ਹਾਂ ਦੀ ਮਾਲੀ ਮਦਦ ਕਰਦਾ ਤੇ ਕਦੇ ਮੋਹ ਮੁਹੱਬਤ ਵਾਲੇ ਬੋਲ ਬੋਲਦਾ ਸਕੂਨ ਦਿੰਦਾ। ਉਸ ਦੀ ਸੂਖਮ ਸੋਚ ਦੀ ਇਸ ਤੋਂ ਵੱਡੀ ਉਦਾਹਰਨ ਭਲਾ ਹੋਰ ਕੀ ਹੋ ਸਕਦੀ ਹੈ।

ਉਹ ਮੇਰੀ ਲਿਖਤ ਦਾ ਮਾਣ ਰੱਖਦਾ ਹੈ। ਮੇਰੇ ਲਫ਼ਜ਼ਾਂ ਨੂੰ ਇਸ ਤੋਂ ਵੱਡਾ ਤੋਹਫ਼ਾ ਕੀ ਹੋ ਸਕਦਾ ਹੈ? ਤੋਹਫ਼ੇ ਤੋਂ ਗੱਲ ਯਾਦ ਆਈ ਉਸ ਦੇ ਘਰ ਦੀ ਫੇਰੀ। ਸੋਹਣੀ ਮਲੂਕ ਸੁਬਕ ਜਿਹੀ ਮੁਟਿਆਰ ਸ਼ਿਫਾ ਉਸ ਦੀ ਜੀਵਨ ਸਾਥਣ ਹੈ। ਸੂਰਤ ਅਤੇ ਸੀਰਤ ਦੀ ਧਨੀ ਹੋਣ ਦੇ ਨਾਲ ਨਾਲ ਉਹ ਸੁਘੜ ਸਿਆਣੀ, ਸਕੈੱਚ ਬਣਾਉਣ ਵਾਲੀ ਆਰਟਿਸਟ ਅਤੇ ਅਧਿਆਪਕ ਵੀ ਹੈ। ਦੋਵੇਂ ਜੀਅ ਇੱਕ ਦੂਜੇ ਦੇ ਵਿਕਾਸ ਲਈ ਧਿਰ ਬਣੇ ਜਾਪਦੇ ਹਨ। ਕਲਾ, ਗਿਆਨ ਅਤੇ ਸਭਿਆਚਾਰ ਦਾ ਸੁਮੇਲ ਉਨ੍ਹਾਂ ਦੇ ਦੌਲਤਖ਼ਾਨੇ ਵਿਚ ਰੱਜਵਾਂ ਦੇਖਣ ਨੂੰ ਮਿਲਦਾ ਹੈ। ਮੇਰੇ ਤੁਰਨ ਵੇਲੇ ਅਫ਼ਜ਼ਲ ਨੇ ਪਤਨੀ ਸ਼ਿਫਾ ਨੂੰ ਇੱਕ ਲਿਫਾਫਾ ਮੈਨੂੰ ਦੇਣ ਲਈ ਫੜਾਇਆ ਜਿਸ ਵਿਚ ਦੁਪੱਟਾ ਸੀ। ਕਾਲੀ ਤਾਰਾਂ ਪਈ ਚੁੰਨੀ ਉੱਤੇ ਕਾਸ਼ਣੀ ਰੰਗ ਦੀ ਕਢਾਈ ਇਉਂ ਪਰੁੰਨੀ ਪਈ ਸੀ ਕਿ ਉਹ ਕਿਸੇ ਬਾਗ ਜਾਂ ਫੁਲਕਾਰੀ ਵਰਗੀ ਲੱਗ ਰਹੀ ਸੀ। ਤੋਹਫ਼ਾ ਤਾਂ ਖ਼ੈਰ ਤੋਹਫ਼ਾ ਹੀ ਹੁੰਦਾ ਹੈ। ਪਿਆਰ ਸਤਿਕਾਰ ਨਾਲ ਦਿੱਤੀ ਹਰ ਸ਼ੈਅ ਹੀ ਬੇਸ਼ਕੀਮਤੀ ਹੁੰਦੀ ਹੈ ਪਰ ਉਸ ਤੋਹਫ਼ੇ ਵੀ ਖ਼ੂਬਸੂਰਤੀ ਬੜਾ ਕੁਝ ਅਣਕਿਹਾ ਕਹਿ ਰਹੀ ਸੀ।

ਉਸ ਦੀ ਕਿਤਾਬ 'ਨਾਲ ਸੱਜਣ ਦੇ ਰਹੀਏ' ਦੋਹਾਂ ਪੰਜਾਬਾਂ ਵਿਚ ਛਪੀ ਅਤੇ ਪਰਵਾਨ ਹੋਈ ਹੈ। ਸੌ ਦੇ ਕਰੀਬ ਦੋਹੇ 'ਪ੍ਰੇਮ ਕਹੇ' ਟਾਈਟਲ ਅਧੀਨ ਛਪ ਰਹੀ ਹੈ। ਉਸ ਦਾ ਰੰਗ ਰੂਹਾਨੀਅਤ ਵਾਲਾ ਹੈ। ਅਫ਼ਜ਼ਲ ਸਾਹਿਰ ਜਿੱਥੇ ਅਵਾਜ਼ ਦੀ ਦੁਨੀਆ ਰਾਹੀਂ ਲੋਕਾਂ ਨੂੰ ਵੱਖ-ਵੱਖ ਵਿਸ਼ਿਆਂ ਨਾਲ ਜਾਣੂ ਕਰਾਉਣਾ ਆਪਣਾ ਫਰਜ਼ ਸਮਝਦਾ ਹੈ, ਉੱਥੇ ਹੀ ਉਸ ਦੀ ਕਲਮ ਕਟਾਰ ਦਾ ਕੰਮ ਵੀ ਕਰਦੀ ਹੈ। ਹਕੂਮਤਾਂ ਦੀ ਧੱਕੇਸ਼ਾਹੀ, ਕਾਰਪੋਰੇਟ ਸੈਕਟਰਾਂ ਦੀਆਂ ਤਿਕੜਮਬਾਜ਼ੀਆਂ ਅਤੇ ਸਮਾਜਿਕ ਕੁਰੀਤੀਆਂ ਬਾਰੇ ਉਹ ਸ਼ਰੇਆਮ ਆਵਾਜ਼ ਉਠਾਉਂਦਾ ਹੈ। ਫੇਰ ਉਹ ਮੋਮ ਵਾਂਗ ਪਿਘਲਦਾ ਨਹੀਂ ਬਲਕਿ ਹੀਰੇ ਵਾਂਗ ਕਠੋਰ ਹੋ ਜਾਂਦਾ ਹੈ।

ਬਤੌਰ ਰੇਡੀਉ ਪੇਸ਼ਕਾਰ ਅਤੇ ਸ਼ਾਇਰ ਉਸ ਦੀ ਮਕਬੂਲੀਅਤ ਗਲੋਬ ਦੁਆਲੇ ਬੈਠੇ ਤਕਰੀਬਨ ਸਾਰੇ ਪੰਜਾਬੀਆਂ ਤੱਕ ਅੱਪੜ ਚੁੱਕੀ ਹੈ। ਅੱਧੀ ਰਾਤ ਨੂੰ ਬੁਲੰਦ ਆਵਾਜ਼ ਅਤੇ ਅਲਬੇਲੇ ਅੰਦਾਜ਼ ਨਾਲ ਪੇਸ਼ ਕੀਤੇ 'ਮੌਜ ਮੇਲਾ' ਵਰਗੇ ਪ੍ਰੋਗਰਾਮਾਂ ਨੂੰ ਵੀ ਉਸ ਦੇ ਚਾਹੁਣ ਵਾਲੇ ਰੂਹ ਨਾਲ ਮਾਣਦੇ ਹਨ। ਅਲਗੋਜ਼ੇ, ਢੱਡ, ਸਾਰੰਗੀ ਤੇ ਤੂੰਬੀ ਵਰਗੇ ਸਾਜ਼ ਕਿਸੇ ਵਿਰਾਸਤੀ ਮੇਲੇ ਦੀ ਛਿੰਝ ਦਾ ਭੁਲੇਖਾ ਪਾਉਂਦੇ ਜਿਉਂ ਹੀ ਰੁਕਦੇ ਹਨ ਤਾਂ ਸਾਹਿਰ ਬੋਲਦਾ; ਕਦੇ ਬੁੱਲ੍ਹੇ ਸ਼ਾਹ ਤੇ ਕਦੇ ਸ਼ਾਹ ਹੁਸੈਨ ਨੂੰ ਯਾਦ ਕਰਦਾ ਆਖਿਰ ਕਹਿੰਦਾ ਹੈ, "ਲਉ ਜੀ ਹਾਜ਼ਰ ਏ ... ਤੁਹਾਡਾ ਹੋਸਟ, ਤੁਹਾਡਾ ਦੋਸਤ, ਤੁਹਾਡਾ ਮੇਲੀ, ਤੁਹਾਡਾ ਬੇਲੀ ਅਫ਼ਜ਼ਲ ਸਾਹਿਰ...।" ਫੇਰ ਕੀ, ਹਾਸੇ ਠਹਾਕੇ ਤੇ ਗੱਲਾਂ ਦੀ ਲੜੀ ਵਿਚ ਪਰੋਅ ਕੇ ਟੋਟਕੇ ਉਹ ਇਉਂ ਛੱਡਦਾ ਕਿ ਸਰੋਤੇ ਮੰਤਰ-ਮੁਗਦ ਹੋ ਜਾਂਦੇ ਹਨ।

ਅਫ਼ਜ਼ਲ ਦਾ ਸੰਗੀਤ ਨਾਲ ਵੀ ਗੂੜ੍ਹਾ ਰਿਸ਼ਤਾ ਹੈ। ਇੱਕ ਸੰਗੀਤਕ ਸ਼ਾਮ ਵਿਚ ਉਹ ਸੁਰਾਂ ਨੂੰ ਮਾਣਦਾ ਗੋਪੀਆਂ ਵਾਂਗ ਨੱਚਣ ਲੱਗਿਆ ਸੀ। ਉਸ ਦੇ ਅੰਦਰ ਹਰ ਪਲ ਨੂੰ ਮਾਨਣ ਅਤੇ ਜਿਊਣ ਦੀ ਤੀਬਰ ਇੱਛਾ ਨੇ ਹੀ ਉਸ ਨੂੰ ਬਹੁ-ਪੱਖੀ ਸ਼ਖਸੀਅਤ ਬਣਾਇਆ ਹੈ।

ਦੋਸਤੀ ਦੌਰਾਨ ਉਹ ਮਰਦਾਂ ਔਰਤਾਂ ਲਈ ਬਰਾਬਰ ਹੋ ਕੇ ਵਿਚਰਦਾ ਹੈ ਅਤੇ ਮੂਹਰਲੇ ਨੂੰ ਅਪਣੱਤ ਦਾ ਅਜਿਹਾ ਅਹਿਸਾਸ ਕਰਾਉਂਦਾ ਹੈ ਕਿ ਮੈਨੂੰ ਵੀ ਉਹ ਵਰ੍ਹਿਆਂ ਤੋਂ ਮੇਰੇ ਨਾਲ ਪੜ੍ਹਦੀ ਸਹੇਲੀ ਵਰਗਾ ਲੱਗਿਆ। ਇਹੀ ਉਸ ਦੀ ਮਕਬੂਲੀਅਤ ਦਾ ਕਾਰਨ ਹੈ। ਉਹ ਹਰ ਜਾਨਣ ਵਾਲੇ ਦਾ ਚਹੇਤਾ ਹੈ। ਆਪਣੀਆਂ ਲਿਖਤਾਂ ਵਿਚ ਵੀ ਉਹ ਔਰਤ ਦੀ ਸੰਵੇਦਨਾ ਨੂੰ ਅਹਿਮੀਅਤ ਦਿੰਦਾ ਔਰਤ ਬਣ ਕੇ ਜ਼ਿਆਦਾ ਲਿਖਦਾ ਹੈ। ਸਮੇਂ ਦੀ ਕਿੱਲਤ ਕਾਰਨ ਜਾਂ ਆਏ ਗਏ ਦੀ ਸੇਵਾ ਵਿਚ ਰੁੱਝਿਆ ਉਹ ਕਈ ਵਾਰ ਦੋਸਤਾਂ ਦੀ ਨਾਰਾਜ਼ਗੀ ਵੀ ਝੱਲਦਾ ਹੈ। ਕਈ ਵਾਰ ਮੇਰੇ ਵਰਗਿਆਂ ਨੂੰ ਲੱਗਦਾ ਕਿ ਸ਼ਾਇਦ ਉਸ ਨੂੰ ਕਿਤੇ ਰੁਤਬੇ ਦਾ ਗਰੂਰ ਹੀ ਨਾ ਹੋਵੇ ਪਰ ਅਗਲੀ ਮਿਲਣੀ ਵਿਚ ਹੀ ਉਹ ਹੱਥ ਜੋੜ, ਸਿਰ ਝੁਕਾ ਕੇ ਸਾਰੇ ਗਿਲੇ ਸ਼ਿਕਵੇ ਮਿਟਾ ਦਿੰਦਾ ਹੈ। ਸਾਦਗੀ, ਹਲੀਮੀ ਅਤੇ ਸਹਿਜਤਾ ਉਸ ਦੇ ਸੁਭਾਅ ਵਿਚ ਸ਼ਾਮਲ ਹਨ।

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਜਿੱਥੇ ਸਰਕਾਰਾਂ ਦਾ ਜ਼ੋਰ ਇੱਕ ਦੂਜੇ ਦੀ ਧਰਤੀ ਹਥਿਆਉਣ, ਅਸਲ੍ਹਾ ਅਤੇ ਹੋਰ ਕੌਮਾਂਤਰੀ ਵਪਾਰਕ ਨੀਤੀਆਂ 'ਤੇ ਆਧਾਰਿਤ ਹੈ, ਕਿੰਨਾ ਚੰਗਾ ਹੋਵੇ ਕਿ ਅਫ਼ਜ਼ਲ ਸਾਹਿਰ ਵਰਗੇ ਨਗੀਨੇ ਕਲਮਕਾਰ, ਕਲਾਕਾਰ, ਸ਼ਿਲਪਕਾਰ, ਪਹਿਲਵਾਨ ਅਤੇ ਖਿਡਾਰੀਆਂ ਉੱਤੇ ਸਰਕਾਰਾਂ ਨੂੰ ਮਾਣ ਕਰਨ ਦਾ ਅਤੇ ਸੰਭਾਲਣ ਦਾ ਸਲੀਕਾ ਆ ਜਾਵੇ।







*ਅਫ਼ਜ਼ਲ ਸਾਹਿਰ ਦੇ ਰੰਗ: ਖੱਬਿਓਂ- ਸਟੂਡੀਓ ਵਿਚ, ਮੁਸ਼ਾਇਰੇ ਵਿਚ ਅਤੇ ਮੇਲੇ ਵਿਚ।*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**
Call us before visiting new model homes to save big time.

## ਜਗਤ ਜਲੰਦੇ ਨੂੰ ਤਾਰਨ ਲਈ, ਵਹਿਮਾਂ-ਭਰਮਾਂ ’ਚੋਂ ਕੱਢ ਕੇ ਸੱਚ ਤੇ ਹੱਕ ਦਾ ਹੋਕਾ ਦੇ ਕੇ ਜਗਾਉਣ ਆਈ ਨਿਰੰਕਾਰੀ ਜੋਤ

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ

## 553ਵੇਂ ਪ੍ਰਕਾਸ਼ ਪੁਰਬ ਦੀ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਲੱਖ ਲੱਖ ਵਧਾਈ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner: 2018-2021

*Call for Listing Special 2022*

# Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com
for hot listings

# Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095


# ਇਕ ਨਾਵਲ ਦੇ ਬਹਾਨੇ ਜ਼ਿੰਦਗੀ ਦੀ ਬਾਤ

***ਸਾਰੀ ਉਮਰ ਇਤਿਹਾਸ ਪੜ੍ਹਾਉਂਦੇ ਰਹੇ ਪ੍ਰੋਫੈਸਰ ਸੁਭਾਸ਼ ਪਰਿਹਾਰ ਨੇ ਇਜ਼ਰਾਈਲ ਦੇ ਲਿਖਾਰੀ ਅਮੋਸ ਓਜ਼ ਦੇ ਨਾਵਲ 'ਜੂਡਾਸ' ਦੇ ਬਹਾਨੇ ਜ਼ਿੰਦਗੀ ਦੀ ਬਾਤ ਪਾਈ ਹੈ। ਹਿੰਸਾ ਕਿਸ ਤਰ੍ਹਾਂ ਹੱਸਦੇ-ਵੱਸਦੇ ਘਰ ਉਜਾੜ ਕੇ ਉਦਾਸੀ ਛਿੜਕ ਦਿੰਦੀ ਹੈ, ਇਸ ਦੀ ਕਹਾਣੀ ਇਸ ਨਾਵਲ ਦਾ ਹਾਸਲ ਹੈ। ਸੁਭਾਸ਼ ਪਰਿਹਾਰ ਨੇ ਇਸ ਨਾਵਲ ਦੀ ਕਹਾਣੀ ਪੰਜਾਬ ਵਿਚ ਚੱਲੀ ਅਤਿਵਾਦ ਦੀ ਹਨੇਰੀ ਨਾਲ ਜੋੜ ਕੇ ਸੁਣਾਈ ਹੈ।***

ਕਲਾ ਪਰਿਕਰਮਾ

ਪਹਿਲੀ ਵਾਰ 2014 ਵਿਚ ਮੂਲ ਹਿਬਰਿਊ ਭਾਸ਼ਾ ਵਿਚ ਛਪਿਆ ਲੇਖਕ ਅਮੋਸ ਓਜ਼ ਦਾ ਨਾਵਲ 'ਜੂਡਾਸ' ਦੋ ਸਾਲ ਮਗਰੋਂ ਨਿਕੋਲਸ ਡੀ ਲੈਂਗ ਦੇ ਅੰਗਰੇਜ਼ੀ ਅਨੁਵਾਦ ਰਾਹੀਂ ਪਾਠਕਾਂ ਦੇ ਵਿਸ਼ਾਲ ਘੇਰੇ ਵਿਚ ਪੁੱਜਾ। ਮੈਂ ਇਹ ਕੁਝ ਮਹੀਨੇ ਪਹਿਲੇ ਹੀ ਪੜ੍ਹਿਆ ਹੈ ਅਤੇ ਪੂਰਾ ਪੜ੍ਹਨ ਦੇ ਬਾਅਦ ਵੀ ਮੈਂ ਅਕਸਰ ਇਸ ਵਿਚਲੇ ਨਿਸ਼ਾਨ ਲਾਏ ਵਾਕ ਪੜ੍ਹਦਾ ਰਹਿੰਦਾ ਹਾਂ। ਮਨੁੱਖੀ ਸੁਭਾਅ ਅਤੇ ਰਿਸ਼ਤਿਆਂ ਦਾ ਜੋ ਵਿਸ਼ਲੇਸ਼ਣ ਇਹ ਲੇਖਕ ਕਰਦੇ ਹਨ, ਉਸ ਦੇ ਸਾਹਮਣੇ ਆਪਣਾ ਸਾਹਿਤ ਤਾਂ ਬਿਲਕੁਲ ਸਤਹੀ ਜਾਪਦਾ ਹੈ।

ਨਾਵਲ ਦੀ ਕਹਾਣੀ 1959 ਦੇ ਅੰਤ ਅਤੇ 1960 ਵਿਚ ਵਾਪਰਦੀ ਹੈ। ਇਹ ਤਿੰਨ ਕੁ ਪਾਤਰਾਂ ਦੁਆਲੇ ਘੁੰਮਦੀ ਹੈ। ਮੰਜੇ ਨਾਲ ਜੁੜਿਆ ਬਜ਼ੁਰਗ ਗਰਸ਼ਮ ਵਾਲਡ ਆਪਣੀ ਵਿਧਵਾ ਨੂੰਹ



**ਸੁਭਾਸ਼ ਪਰਿਹਾਰ**

ਅਤਾਲੀਆ ਨਾਲ ਰਹਿੰਦਾ ਹੈ; ਉਸ ਦਾ ਇਕਲੌਤਾ ਪੁੱਤਰ 1948 ਵਿਚ ਅਰਬ-ਇਜ਼ਰਾਈਲ-ਫ਼ਲੀਸਤੀਨੀ ਲੜਾਈ ਵਿਚ ਮਾਰਿਆ ਜਾਂਦਾ ਹੈ। ਅਕਸਰ ਚੁੱਪ ਰਹਿਣ ਵਾਲੀ ਉਸ ਦੀ ਨੂੰਹ ਅਤਾਲੀਆ ਨੇੜਲੀ ਯੇਰੂਸ਼ਲਮ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਸ਼ੈਮੂਅਲ ਨੂੰ ਇਸ ਸ਼ਰਤ 'ਤੇ ਘਰ ਰੱਖ ਲੈਂਦੀ ਹੈ ਕਿ ਉਹ ਰੋਜ਼ਾਨਾ ਸ਼ਾਮ 4-5 ਘੰਟੇ ਉਸ ਦੇ ਬਜ਼ੁਰਗ ਸਹੁਰੇ ਨਾਲ ਗੱਲਾਂ ਕਰਿਆ ਕਰੇਗਾ।

ਇੱਕ ਦਿਨ ਉਹ ਬਜ਼ੁਰਗ ਵਿਦਿਆਰਥੀ ਨੂੰ ਆਪਣੇ ਪੁੱਤਰ ਮੀਚਾ ਬਾਰੇ ਦੱਸਦਾ ਹੈ: "ਉਹ ਦਸ ਵਰ੍ਹਿਆਂ ਦੀ ਉਮਰ ਤੋਂ ਹੀ ਮੇਰਾ ਸਭ ਤੋਂ ਵਧੀਆ ਦੋਸਤ ਸੀ... ਅਸੀਂ ਘਮਟਿਆਂ ਬੱਧੀ ਗੱਲਾਂ ਕਰ ਸਕਦੇ ਸੀ... ਕਈ ਵਾਰ ਉਹ ਮੈਨੂੰ ਉੱਚ-ਗਣਿਤ, ਫੌਰਮਲ ਲੌਜਿਕ (ਵਰਗੇ ਨਵੇਂ ਵਿਸ਼ਿਆਂ) ਬਾਰੇ ਦੱਸਦਾ ਜਿਨ੍ਹਾਂ ਬਾਰੇ ਮੈਨੂੰ ਕੁਝ ਨਹੀਂ ਸੀ ਪਤਾ। ਕਈ ਵਾਰ ਉਹ ਮੇਰੇ 'ਤੇ ਹੱਸਦਾ ਕਿ ਮੈਂ ਪੁਰਾਤਨ ਗ੍ਰੰਥਾਂ ਅਤੇ ਇਤਿਹਾਸ ਦਾ ਅਧਿਆਪਕ ਸਾਂ ਤੇ ਮੈਨੂੰ 'ਡਾਇਨਾਸਰ' ਕਹਿੰਦਾ।"

"ਪੁੱਤਰ ਭਾਵੇਂ ਆਪਣੇ ਆਪ ਨੂੰ ਪੱਕਾ ਜ਼ੀਓਨਿਸਟ ਕਹਿੰਦਾ ਸੀ ਪਰ ਉਸ ਦਾ ਅਰਬਾਂ ਨਾਲ ਵੀ ਮੇਲਜੋਲ ਸੀ ਅਤੇ ਉਹ ਅਰਬਾਂ ਦੇ ਜ਼ੀਓਨਿਜ਼ਮ ਦੇ ਵਿਰੋਧ ਨੂੰ ਵੀ ਠੀਕ ਕਹਿੰਦਾ ਸੀ। ਇਸ ਕਾਰਨ ਕੁਝ ਯਹੂਦੀ ਲੋਕ ਉਸ ਨੂੰ ਗੱਦਾਰ ਵੀ ਕਹਿ ਦਿੰਦੇ ਸਨ।"

ਬਜ਼ੁਰਗ ਅੱਗੇ ਕਹਿੰਦਾ ਹੈ: "ਮੇਰਾ ਪੁੱਤ ਮੀਚਾ, ਮੇਰਾ ਇਕਲੌਤਾ ਪੁੱਤਰ ਮੀਚਾ, ਜੰਗ ਲੜਨ ਨਾ ਗਿਆ ਹੁੰਦਾ, ਜੇਕਰ ਮੈਂ, ਉਸ ਦਾ ਪਿਓ, ਇਸ ਲੜਾਈ ਨੂੰ 'ਧਰਮ ਯੁੱਧ' ਨਾ ਕਹਿੰਦਾ ਹੁੰਦਾ। ਮੈਂ ਉਸ ਨੂੰ ਛੋਟੀ ਉਮਰ ਤੋਂ ਹੀ ਇਜ਼ਰਾਇਲੀ ਸ਼ਹਿਰਾਂ ਦੇ ਰਾਤ ਵਾਲੇ ਸਪੈਸ਼ਲ ਸੁਰੱਖਿਆ ਦਸਤਿਆਂ ਅਤੇ ਯਹੂਦੀ ਪਿੰਡਾਂ ਦੇ ਰਾਖਿਆਂ ਦੀ ਬਹਾਦਰੀ ਦੀਆਂ ਅਤੇ ਹਿੰਮਤੀ ਪੁਰਾਤਨ ਹਿਬਰੂ ਯੋਧਿਆਂ ਦੇ ਦੁਬਾਰਾ ਜੰਮਣ ਦੀਆਂ ਕਹਾਣੀਆਂ ਸੁਣਾਉਂਦਾ। ਉਸ ਦੀ ਇਹ ਸੋਚ ਬਣਾਉਣ ਵਿਚ ਮੇਰਾ ਹੀ ਰੋਲ ਸੀ। ਸਿਰਫ਼ ਮੇਰਾ ਹੀ ਨਹੀਂ, ਸਾਡਾ ਸਾਰਿਆਂ ਦਾ ਹੀ ਸੀ।"


"ਮੈਂ ਜਾਣਦਾ ਹਾਂ ਕਿ ਲੋਕ ਆਮ ਤੌਰ 'ਤੇ 1948 ਦੀ ਲੜਾਈ ਵਿਚ ਮਾਰੇ ਗਏ ਬੰਦਿਆ ਬਾਰੇ ਕਹਿੰਦੇ ਹਨ ਕਿ ਉਨ੍ਹਾਂ ਦੀ ਮੌਤ ਅਜਾਈਂ ਨਹੀਂ ਸੀ ਗਈ ਕਿਉਂਕਿ ਯਹੂਦੀਆਂ ਲਈ ਨਵਾਂ ਮੁਲਕ ਜੋ ਬਣ ਗਿਆ ਸੀ ਪਰ ਮੇਰੇ ਵਿਚਾਰ ਅਨੁਸਾਰ, ਹਰ ਕੋਈ ਜੋ ਕਦੇ ਵੀ ਮਰਿਆ, ਨਾ ਸਿਰਫ਼ ਯੁੱਧ ਵਿਚ ਸਗੋਂ ਕਿਸੇ ਦੁਰਘਟਨਾ ਵਿਚ ਜਾਂ ਕਿਸੇ ਬਿਮਾਰੀ ਨਾਲ ਜਾਂ ਪੱਕੇ ਬੁਢਾਪੇ ਵਿਚ, ਬੇਅਰਥ ਮਰਿਆ ਸੀ।"

---


ਉਦੋਂ ਪੰਜਾਬ ਵਿਚ ਦਹਿਸ਼ਤਗਰਦੀ ਦੀ ਹਨੇਰੀ ਝੱਲ ਰਿਹਾ ਸੀ ਅਤੇ ਮੈਂ ਰੋਡੇ ਕਾਲਜ ਵਿਚ ਪੜ੍ਹਾਉਂਦਾ ਸੀ। ਇੱਕ ਦਿਨ ਇਕ ਦਹਿਸ਼ਤਗਰਦ (ਜਿਸ ਨੇ ਬੱਸ ਵਿਚੋਂ ਲਾਹ ਕੇ ਤੇਰਾਂ ਕਰਾੜ ਮਾਰੇ ਸੀ) ਪੁਲਿਸ ਹੱਥੋਂ ਝੂਠੇ/ਸੱਚੇ ਮੁਕਾਬਲੇ ਵਿਚ ਮਾਰਿਆ ਗਿਆ। ਸਾਡਾ ਇੱਕ ਅਧਿਆਪਕ ਉਸ ਨੂੰ ਕਾਲਜ ਵਿਚ ਮਿਲਣ ਆਏ ਸੱਜਣ ਕੋਲ ਉਸ ਦਹਿਸ਼ਤਗਰਦ ਦੀ ਬਹਾਦਰੀ ਦੇ ਕਾਰਨਾਮੇ ਵਧਾ-ਚੜ੍ਹਾ ਕੇ ਸੁਣਾਵੇ ਅਤੇ ਉਸ ਦੀ ਤੁਲਨਾ ਭਾਈ ਮਤੀ ਦਾਸ ਨਾਲ ਕਰੇ। ਚਾਰ ਕੁ ਦਿਨਾਂ ਮਗਰੋਂ ਉਸ ਅਧਿਆਪਕ ਦਾ ਆਪਣਾ ਮੁੰਡਾ ਘਰੋਂ ਭੱਜ ਕੇ ਦਹਿਸ਼ਤਗਰਦਾਂ ਵਿਚ ਜਾ ਰਲਿਆ ਤਾਂ ਉਹ ਅਧਿਆਪਕ ਰੋਣੋਂ ਨਾ ਹਟੇ। ਮੈਂ ਕਿਹਾ, "ਪ੍ਰੋਫੈਸਰ ਸਾਹਿਬ, ਕੋਈ ਗੱਲ ਨਹੀਂ; ਤੁਸੀਂ ਆਪਣੇ ਪੁੱਤਰ ਨੂੰ ਵੀ ਪੰਥ ਲਈ ਕੁਝ ਕਰਨ ਦਾ ਮੌਕਾ ਦਿਓ।" ਉਹ ਰੋਂਦਾ-ਰੋਂਦਾ ਕਹਿੰਦਾ: "ਨਹੀਂ ਸੁਭਾਸ਼ ਜੀ, ਅਸੀਂ ਤਾਂ ਉਸ ਨੂੰ ਕਨੇਡਾ ਹੀ ਭੇਜ ਦੇਣਾ ਸੀ।"

ਸੋ, ਭਾਈ ਬਹਾਦਰੀ, ਯੋਧੇਪੁਣੇ ਅਤੇ ਬਦਲਾ ਲੈਣ ਦੇ ਕਿੱਸੇ ਜੋ ਅਕਸਰ ਵਧਾ-ਚੜ੍ਹਾ ਕੇ ਸੁਣਾਏ ਜਾਂਦੇ ਹਨ, ਤੁਹਾਨੂੰ ਰੋਮਾਂਚਿਤ ਤਾਂ ਕਰਦੇ ਹਨ ਪਰ ਇਨ੍ਹਾਂ ਦੀ ਅਸਲੀਅਤ ਸਾਨੂੰ ਉਸ ਦਿਨ ਪਤਾ ਲਗਦੀ ਹੈ ਜਿਸ ਦਿਨ ਮੁਸੀਬਤ ਆਪਣੇ 'ਤੇ ਜਾਂ ਆਪਣੇ ਕਿਸੇ ਨੇੜਲੇ ਤੇ ਆ ਜਾਵੇ। ਬਕੌਲ ਸ਼ਾਇਰ ਗੁਰਤੇਜ ਕੋਹਾਰਵਾਲਾ:

ਅੱਗ ਅੰਨ੍ਹੀ ਹੈ, ਪਾਗਲ ਹੈ, ਮੂੰਹ-ਜ਼ੋਰ ਹੈ,
ਇਹ ਨਾ ਸੋਚੀਂ ਕਿ ਸੜਦਾ ਕੋਈ ਹੋਰ ਹੈ।
ਲਾਂਬੂ ਏਧਰ ਦੀ ਲੰਘੇ ਜਦੋਂ ਟਹਿਲਦੇ,
ਖੌਰੇ ਕਿਹੜੇ ਬਰੂਹਾਂ 'ਤੇ ਰੁਕ ਜਾਣਗੇ।




*ਇਜ਼ਰਾਇਲੀ ਲਿਖਾਰੀ ਅਮੋਸ ਓਜ਼*




*ਅਮੋਸ ਓਜ਼ ਦੇ ਨਾਵਲ ਦੇ ਅੰਗਰੇਜ਼ੀ ਅਨੁਵਾਦ 'ਜੂਡਾਸ' ਦਾ ਮੁਖੜਾ।*

## ਅਮੋਸ ਓਜ ਦੀ ਕਹਾਣੀ

*ਅਮੋਸ ਓਜ਼ (ਅਮੋਸ ਕਲੌਜ਼ਨਰ) ਦਾ ਜਨਮ 4 ਮਈ 1939 ਦਾ ਹੈ। ਉਸ ਨੇ ਪੱਤਰਕਾਰੀ ਕੀਤੀ; ਕਹਾਣੀਆਂ, ਨਾਵਲ, ਵਾਰਤਕ ਤੋਂ ਇਲਾਵਾ ਬੱਚਿਆਂ ਲਈ ਕਿਤਾਬਾਂ ਲਿਖੀਆਂ; ਨਾਲ-ਨਾਲ ਬੈੱਨ-ਗੁਰੀਅਨ ਯੂਨੀਵਰਸਿਟੀ ਵਿਚ ਹਿਬਰੂ ਸਾਹਿਤ ਦੀ ਪ੍ਰੋਫੈਸਰੀ ਕੀਤੀ। ਉਹ ਇਜ਼ਰਾਈਲ-ਫਲਸਤੀਨ ਮਾਮਲੇ ਵਿਚ ਦੋ-ਮੁਲਕੀ ਸਿਧਾਂਤ ਦੀ ਪੈਰਵੀ ਕਰਨ ਵਾਲੇ ਮੁੱਢਲੇ ਲਿਖਾਰੀਆਂ ਵਿਚੋਂ ਇਕ ਹੈ। ਉਸ ਦੇ ਨਾਵਲ 'ਜੂਡਾਸ' ਵਿਚ ਉਸ ਦੇ ਆਪਣੇ ਇਨ੍ਹਾਂ ਵਿਚਾਰਾਂ ਦੀ ਗੂੰਜ ਸੁਣਾਈ ਦਿੰਦੀ ਹੈ। ਉਸ ਨੇ ਫਲਸਤਾਨੀ ਇਲਾਕਿਆਂ ਵਿਚ ਇਜ਼ਰਾਇਲੀ ਉਸਾਰੀਆਂ ਦਾ ਸਦਾ ਵਿਰੋਧ ਕੀਤਾ ਅਤੇ ਫਲਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ (ਪੀ.ਐਲ.ਓ.) ਨਾਲ ਗੱਲਬਾਤ ਦੀ ਹਮਾਇਤ ਕੀਤੀ। ਉਸ ਦੀਆਂ ਰਚਨਾਵਾਂ ਸੰਸਾਰ ਦੀਆਂ 45 ਤੋਂ ਵੱਧ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ। 28 ਦਸੰਬਰ 2018 ਨੂੰ ਉਸ ਦੀ ਮੌਤ ਹੋ ਗਈ।*



# ਆਖ ਤਸਵੀਰਾਂ ਬੋਲਦੀਆਂ


***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਨਵੰਬਰ 2022 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-560



**ਢਿੱਡ ਤਾਂ ਕਹਿੰਦੇ ਸਭ ਨੂੰ ਲੱਗਿਆ ਬੰਦਾ ਹੋਵੇ ਜਾਂ ਨਾਰੀ,**
**ਕਰਨੀ ਪੈਂਦੀ ਭਾਰੀ ਮੁਸ਼ੱਕਤ ਚਾਹੇ ਢੋਹਣੀ ਪਵੇ ਸਵਾਰੀ।**
**ਬੱਚੇ ਨਿਆਣੇ ਬਿਮਾਰ ਹੈ ਖ਼ਾਵੰਦ ਪੱਲੇ ਪਈ ਖ਼ੁਆਰੀ,**
**ਪਰ ਜ਼ਿੰਦਗੀ ਦੀ ਮੁਸ਼ਕਿਲ ਅੱਗੇ ਨ ਇਸਨੇ ਹਿੰਮਤ ਹਾਰੀ।**

## ਕੈਪਸ਼ਨ ਮੁਕਾਬਲਾ-558



ਹਰ ਸ਼ਾਖ ਪੇ ਉੱਲੂ ਬੈਠਾ ਹੈ,
ਇੰਜ਼ਾਮ-ਏ-ਗੁਲਸਤਾਂ ਕਿਆ ਹੋਗਾ,
ਕੀੜਾ ਫਿਰਕਾਪ੍ਰਸਤੀ ਵਾਲ਼ਾ,
ਕਰ ਰਿਹਾ ਹੈ ਦੇਸ਼ ਦਾ ਚਿੱਤ ਘੋਗਾ।
ਨੇਤਾ ਬਣ ਬੈਠੇ ਸ਼ੇਖ ਚਿੱਲੀ,
ਜਿਸ 'ਤੇ ਬੈਠੇ ਕੱਟਦੇ ਉਹ ਡਾਹਲੀ,
ਉੱਲੂ ਬਣ ਪਰਜਾ ਕਰ ਰਹੀ,
ਵਾਹ-ਵਾਹ ਜੀ ਕਿਆ ਖੇਡ ਨਿਰਾਲੀ।
***-ਸੇਵਾ ਸਿੰਘ 'ਨੂਰਪੁਰੀ'***

---

ਹਨੇਰੀਆਂ ਰਾਤਾਂ ਦਾ ਮੈਂ ਸ਼ਿਕਾਰੀ।
ਉੱਲੂ ਕਿਉਂ ਕਹੇ ਮੈਨੂੰ ਦੁਨੀਆ ਸਾਰੀ।
ਆਪ ਉੱਲੂ ਦਾ ਪੱਠਾ ਬੰਦਾ।
ਬੇਈਮਾਨੀ ਹੈ ਇਸਦਾ ਧੰਦਾ।
ਪੈਸੇ ਖਾਤਰ ਵਿਕ ਜਾਂਦਾ ਹੈ,
ਮਾਰ ਜ਼ਮੀਰਾਂ, ਖਾਂਦਾ ਘਾਟਾ।
ਲੀਡਰਾਂ ਦੇ ਜੁਮਲੇ ਸੁਣ ਕੇ,
ਬਣਿਆਂ ਰਹੇ ਸਦਾ ਉੱਲੂ-ਬਾਟਾ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
***ਫੋਨ: 94176-49275***

---

ਉੱਲੂ ਕਹਿੰਦਾ ਹੇਕ ਲਾ ਕੇ ਉਲੂਓ ਵੇ!
ਸਾਡਾ ਵਿਚ ਉਜਾੜਾਂ ਦੇ ਰਹਿਣਾ।
ਧਿਆਨ ਮੁਦਰਾ ਵਿਚ ਅੱਖਾਂ ਕੀਤੀਆਂ ਬੰਦ,
ਸਿਆਸਤ ਵੋਟਾਂ ਦੀ
ਡੇਰੇ ਦਾ ਬਾਬਾ ਬਣ ਬਹਿਣਾ।
ਪਿਛਲੱਗ ਮੇਰੇ ਮੂਹੜ ਲੋਕ,
ਰਾਹ ਦੇ ਰੋੜਿਆਂ ਨੂੰ,
ਡੇਰੇ ਦੀਆਂ ਸੜਕਾਂ ਦੇ
ਕੱਚੇ ਡਿਵਾਈਡਰਾਂ ਵਿਚ
ਕਬਰਾਂ ਖੋਦ ਕੇ ਉਤੇ ਜੰਗਲ ਉਗਾ ਦੇਣਾ।
ਸਮੇਂ ਨਾਲ ਕੰਟਰੋਲ ਮੇਰਾ ਹੋ ਜਾਣਾ,
ਸਰਕਾਰਾਂ ਦਾ ਚੱਲਣਾ
ਹੱਥ ਸਾਡੇ 'ਚ ਰਹਿਣਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਉੱਲੂ ਦਾ ਪੱਠਾ,
ਉੱਲੂ ਸਿੱਧਾ ਕਰਨਾ ਅਰਥ ਡੂੰਘੇ
ਉੱਲੂ ਨੂੰ ਦੀਂਹਦਾ ਸਿਰਫ ਰਾਤ ਨੂੰ।
ਹਨੇਰਿਆਂ ਦੀ ਕਾਲਖ 'ਚੋਂ
ਝਾਕ ਰੌਸ਼ਨੀ ਦਾ ਸੁਨੇਹਾ ਦਿੰਦਾ
ਢਕੌਂਚੀਆਂ ਨੂੰ ਟੇਢੀ ਅੱਖੇ ਝਾਕ ਨਿਹਾਰਦਾ।
ਬਣਾ ਦਿੱਤਾ ਕਿ ਨਹੀਂ ਉੱਲੂ
ਬਣਦੇ ਸੀ ਚਪੜ੍ਹ ਚਲੰਗ
ਸਰਕਾਰਾਂ ਛੱਲ ਕਪਟ
ਕਰ ਵਾਇਦੇ ਮਿੰਨੇ ਮੀਸਣੇ
ਜਾਗਦਿਆਂ ਨੂੰ ਪਾ ਪਾਉਂਦੀ
ਉਲੂ ਸਿੱਧਾ ਕਰ ਜਾਂਦੇ।
***-ਦਰਸ਼ਨ ਪਾਲ ਦੋਸਾਂਝ।***

## ਸ਼ਹੀਦਖ਼ਾਨਾ

ਹਾਲਾਤਾਂ ਦੇ ਚੁੱਲ੍ਹੇ 'ਚ ਤੇਰੇ
ਨਾਮ ਦਾ ਬਾਲਣ ਬਾਲਾਂਗੇ
ਚਲਦਾ ਹੈ।
ਉੱਪਰ ਤਾਅ ਤਵੀ ਸਿਧਾਂਤਾਂ ਦੀ
ਗਰਜ਼ਾਂ ਦੀਆਂ ਦੁੱਪੜਾਂ ਲਾਹ ਲਾਂਗੇ
ਚੱਲਦਾ ਹੈ।
ਤਰਕ ਹੀ ਤਾਂ ਹੈ ਇਸ ਵਿਚ
ਛੇਕ ਇਕ ਦੋ ਹੋਰ ਸਹੀ,
ਕੁਝ ਵੀ ਹੈਂ ਤੂੰ ਮਰ ਤਾਂ ਸਹੀ
ਤੈਨੂੰ ਵੀ ਸ਼ਹੀਦ ਬਣਾਲਾਂਗੇ
ਚੱਲਦਾ ਹੈ।
ਜਦੋਂ ਤੋਂ ਇਤਿਹਾਸ ਦੀ ਗੱਡੀ
ਕੌਮ ਦੇ ਰਾਹ ਵਿਚ ਅੜ੍ਹੀ ਹੋਈ,
ਮੂਕ ਹੋ ਗਏ ਵਰਤਮਾਨ 'ਚ
ਸ਼ਹੀਦ-ਖ਼ਾਨਾ ਚਲਾਲਾਂਗੇ
ਚੱਲਦਾ ਹੈ।
***-ਡਾ. ਸੁਖਪਾਲ ਸੰਘੇੜਾ***

# 'ਦਿਨ ਸਾਗ ਦੇ ਆਏ'

ਵਿਅੰਗ

ਪਿੰਡੋਂ ਸਾਗ ਆਇਆ ਤਾਂ ਪਿੰਡ ਵੀ ਨਾਲ ਆ ਗਿਆ! ਮਾਂ ਦੀ ਮਮਤਾ, ਬਾਪ ਦੀ ਮਿਹਨਤ, ਮਿੱਟੀ ਦੀ ਮਹਿਕ, ਪੀਲਾ ਦੁਪੱਟਾ ਤਾਣੀ ਸਰ੍ਹੋਂ ਦੇ ਖੇਤ, ਸਾਰੀ ਦਿਹਾੜੀ ਗੋਹਟਿਆਂ ਉਪਰ ਚੜ੍ਹੀ ਤੌੜੀ ਵਿਚ ਨਿੰਮੇ ਨਿੰਮੇ ਸੇਕ 'ਤੇ ਸਾਗ ਦਾ ਰਿੱਝਣਾ, ਘੋਟਣਾ, ਇਕ ਵਿਸ਼ੇਸ਼ ਕਿਸਮ ਦੀ ਖੁਸ਼ਬੂ ਦਾ ਆਉਣਾ, ਮਾਂ ਦੁਆਰਾ ਮੱਖਣ ਦਾ ਡਲਾ ਪਾ ਕੇ ਸਾਗ ਅਤੇ ਮੱਕੀ ਦੀਆਂ ਰੋਟੀਆਂ ਪਰੋਸਣਾ!

ਕਿਹਾ ਜਾਂਦੈ ਕਿ 'ਦਾਨ ਪੁੰਨ ਇਸ਼ਨਾਨ ਲਈ ਮਾਘ ਹੈ ਮਹਾਨ' (ਉਤਮ) ਪਰ 'ਸਰੋਂ ਦਾ ਸਾਗ, ਇਸਤਰੀ ਨੂੰ ਸੁਹਾਗ, ਜੁੜਦਾ ਨਾਲ ਭਾਗ'! 'ਪੋਹ ਰਿੱਧਾ ਤੇ ਮਾਘ ਖਾਧਾ' ਵੀ ਕਿਹਾ ਜਾਂਦੈ। ਇਹ ਵੀ ਕਹਿੰਦੇ ਹਨ 'ਸਾਗ ਚਾਲੀ ਸਾਲ, ਪਾਲਕ ਸੌ ਸਾਲ'! ਪਰ ਇਹ ਅਖਾਣ ਦਾ ਉਮਰ ਨਾਲੋਂ ਸਿਹਤ ਨਾਲ ਵਧੇਰੇ ਸਬੰਧ ਹੋਣਾ ਚਾਹੀਦਾ ਸੀ। ਜਿੰਨਾ ਚਿਰ ਪਚਦੈ, ਸਾਗ ਖਾਧਾ ਜਾ ਸਕਦੈ। ਅਸੀਂ 72 ਸਾਲ ਦੀ ਉਮਰੇ ਵੀ ਸਾਗ ਪੂਰੇ ਆਨੰਦ ਨਾਲ ਛਕਦੇ ਹਾਂ (ਅਜੇ ਅਸੀਂ ਸੱਤਰੇ-ਬਹੱਤਰੇ ਨਹੀਂ)! ਸਗੋਂ ਪਾਲਕ ਵਿਚ ਸਰ੍ਹੋਂ ਨਾਲੋਂ ਵਧੇਰੇ ਆਇਰਨ ਹੋਣ ਕਾਰਨ ਯੂਰਿਕ ਏਸਿਡ ਵਾਲਿਆਂ ਨੂੰ ਇਸ ਨੂੰ ਘੱਟ ਖਾਣਾ ਚਾਹੀਦੈ।

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਭਾਵੇਂ ਡੱਬਾਬੰਦ ਸਾਗ ਸਾਰਾ ਸਾਲ ਹੀ ਮਿਲਦਾ ਰਹਿੰਦਾ ਹੈ ਪਰ ਸਾਗ ਅਸਲ ਵਿਚ ਸਿਆਲ ਦੀ ਗਿਜ਼ਾ ਹੈ। ਵੇਚ-ਵਟਕ ਪੱਖੋਂ ਬੀਜੀ ਗਈ ਸਰ੍ਹੋਂ ਦਾ ਸਾਗ ਸ਼ਹਿਰਾਂ ਵਿਚ ਤਾਂ ਸਤੰਬਰ ਮਹੀਨੇ ਵਿਚ ਹੀ ਮਿਲਣਾ ਸ਼ੁਰੂ ਹੋ ਜਾਂਦੈ ਪਰ ਮੌਸਮੀ ਮੇਵੇ ਦੀ ਗੱਲ ਹੀ ਕੁਝ ਹੋਰ ਹੈ। ਇਹੋ ਜਿਹੇ ਮੇਵੇ ਬਾਰੇ ਤਾਂ ਇਕ ਗੀਤ ਹੈ-'ਚੌਂਕੇ 'ਤੇ ਪਈਆਂ ਮੋਰਨੀਆਂ,\ ਤੌੜੀ 'ਚ ਰਿੱਝਦਾ ਸਾਗ ਹੋਵੇ'! ਇਕ ਹੋਰ ਗੀਤ ਵਿਚ 'ਗੰਦਲਾਂ ਦਾ ਸਾਗ ਭੱਠੀ ਬੇਬੇ ਨੇ ਬਣਾਇਆ ਹੋਵੇ' ਅਤੇ 'ਸਰ੍ਹੋਂ ਦੇ ਸਾਗ ਵਿਚ ਮੈਂ ਘਿਉ ਹੀ ਘਿਉ ਪਾਈ ਜਾਵਾਂ\ਮੱਕੀ ਦੀਆਂ ਰੋਟੀਆਂ ਨੂੰ ਬਿਨਾ ਗਿਣੇ ਖਾਈ ਜਾਵਾਂ' ਦੇ ਬੋਲ ਗੁਰਦਾਸ ਮਾਨ ਦੇ ਗਾਏ ਗੀਤ ਵਿਚ ਸੁਣਨ ਨੂੰ ਮਿਲਦੇ ਹਨ। ਇਕ ਥਾਂ 'ਫਸਲਾਂ ਦੇ ਟੱਪੇ' ਤਹਿਤ ਵੀ ਇਹ ਚਰਚਾ ਪੜ੍ਹੀ-'ਤੋਰੀਆ ਜਵਾਨ ਹੋ ਗਿਆ,\ਸਰ੍ਹੋਂ ਵੱਲ ਮਾਰੇ ਸੈਨਤਾਂ\ਮੁੱਛ ਫੁੱਟੀ ਤੋਂ ਸ਼ੈਤਾਨ ਹੋ ਗਿਆ'। ਗੀਤਾਂ ਅਤੇ ਟੱਪਿਆਂ ਤੋਂ ਸਾਗ ਹੁਣ ਗ਼ਜ਼ਲ ਵਿਚ ਵੀ ਆ ਗਿਐ, 'ਸਰ੍ਹੋਂ ਦਾ ਸਾਗ, ਮਖਣੀ ਨਾਲ, ਰੋਟੀ ਜੋ ਮਜ਼ਾ ਦਿੰਦੀ,\ਮਜ਼ਾ ਉਹ ਨਾਂ ਕਦੇ ਮਿਲਦਾ ਵਿਦੇਸ਼ੀ ਖਾਣਿਆਂ ਅੰਦਰ'(ਅਮਰ ਸੂਫੀ)।


ਤੌੜੀ ਵਿਚ ਰਿੰਨ੍ਹੇ ਸਾਗ ਦਾ ਕੋਈ ਮੁਕਾਬਲਾ ਹੀ ਨਹੀਂ। ਪਿੰਡ ਰਹਿੰਦਿਆਂ ਦੇਖਿਆ ਸੀ ਕਿ ਕਿਵੇਂ ਪਾਥੀਆਂ (ਗੋਹਟਿਆਂ) ਜਾਂ ਹੋਰ ਦੇਸੀ ਬਾਲਣ ਨਾਲ ਚੁੱਲ੍ਹੇ ਵਿਚ ਬਲਦੀ ਅੱਗ ਉਪਰ ਕੁਮਹਾਰ ਵੱਲੋਂ ਆਵੇ ਵਿਚ ਪਕਾਈ ਹੋਈ ਮਿੱਟੀ ਦੀ ਤੌੜੀ ਵਿਚ ਸਾਰਾ ਸਾਰਾ ਦਿਨ ਸਾਗ ਰਿੱਝਦਾ ਰਹਿੰਦਾ ਸੀ। ਖੇਤ 'ਚੋਂ ਸਰ੍ਹੋਂ ਤੋੜਨ, ਧੋਣ, ਪੱਤੇ ਛਾਂਗਣ, ਗੰਦਲਾਂ ਛਿੱਲਣ, ਚੀਰਨ, ਰਿੰਨ੍ਹਣ, ਘੋਟਣ, ਅੱਲਣ ਪਾਉਣ ਉਪਰੰਤ ਗੜ੍ਹਕਾ ਲਗਾਉਣ ਅਤੇ ਤੜਕਾ ਲੱਗੇ ਸਾਗ ਨੂੰ ਪਰੋਸਣ ਯੋਗ ਕਰਨ ਲਈ ਸਵਾਣੀਆਂ, ਮਾਂਵਾਂ-ਧੀਆਂ-ਭੈਣਾਂ ਦਾ ਸਾਰਾ ਦਿਨ ਹੀ ਖਪ ਜਾਂਦਾ ਸੀ। ਜੇ ਮੱਕੀ ਦੀ ਰੋਟੀ ਪਕਾਉਣ ਲਈ ਗੁਰ ਚਾਹੀਦੈ ਤਾਂ ਸਾਗ ਘੋਟਣ ਲਈ ਜਾਨ ਚਾਹੀਦੀ ਐ। ਸਾਗ ਘੋਟਣਾ ਕੋਈ ਝੋਨਾ ਲਾਉਣ ਲਈ ਕੱਦੂ ਕਰਨ ਤੋਂ ਘੱਟ ਨਹੀਂ। ਤਾਜ਼ੇ ਮੱਖਣ ਦਾ ਭੇਲਾ ਪਾ ਸਾਗ ਖਾਣ ਦਾ ਸਵਰਗੀ ਹੁਲਾਰਾ ਹੁੰਦੈ! ਤੇ ਨਾਲ ਚਾਟੀ ਦੀ ਲੱਸੀ, ਸੋਨੇ 'ਤੇ ਸੁਹਾਗਾ!

ਸਾਗ ਸਰ੍ਹੋਂ, ਬਾਥੂ, ਮੇਥੇ, ਪਾਲਕ ਆਦਿ ਮਿਲਾ ਕੇ ਬਣਦੈ। ਕਹਿੰਦੇ ਹਨ 'ਸਰ੍ਹੋਂ ਦਾ ਸਾਗ, ਬਣਾਵੇ ਭਾਗ\ਸਾਗ ਮੱਥੇ ਦੇ ਭਾਗ'! ਇਹ ਵੀ ਕਿਹਾ ਜਾਂਦੈ ਕਿ 'ਸਾਗ ਬੁੜ੍ਹੇ ਦਾ ਭਾਗ'। ਭਾਵ ਮਿਹਨਤੀ ਬਜ਼ੁਰਗ ਲਈ ਸਾਗ ਅੱਛੀ ਖੁਰਾਕ ਹੈ ਜੋ ਭਾਗਾਂ ਨਾਲ ਮਿਲਦੀ ਹੈ। ਖਾਣ ਨਾਲ ਬੁੜ੍ਹੇ ਦਾ ਪਾਲਾ ਉਤਰ ਜਾਂਦੈ। ਵੈਸੇ ਵੀ ਘੋਟ-ਘੋਟ ਕੇ ਮਲਾਈ ਵਰਗਾ ਕੀਤਾ ਸਾਗ ਬਜ਼ੁਰਗਾਂ ਲਈ ਖਾਣ ਨੂੰ ਵੀ ਸੌਖੈ। ਉਂਜ ਹੁੰਦਾ ਭਾਰਾ, ਵਡੇਰੀ ਉਮਰੇ ਜ਼ਰਾ ਸੰਭਲ ਕੇ ਖਾਣਾ ਬਣਦੈ।

ਪਰ ਇਹ ਵੀ ਅਖਾਣ ਹੈ ਕਿ 'ਮਾੜਿਆ ਤੇਰੇ ਮਾੜੇ ਭਾਗ, ਜਿਧਰ ਜਾਵੇਂ ਓਧਰ ਈ ਸਾਗ'। ਇਸ ਤੋਂ ਸਾਨੂੰ ਆਪਣੇ ਬਚਪਨ\ਲੜਕਪਨ ਦੇ ਉਹ ਦਿਨ ਚੇਤੇ ਆ ਗਏ ਜਦ ਹਫਤਾ ਹਫਤਾ ਭਰ ਸਾਗ ਦੀ ਤੌੜੀ ਚੁੱਲ੍ਹੇ ਉਪਰ ਚੜ੍ਹੀ ਹੀ ਰਹਿੰਦੀ ਸੀ ਅਤੇ ਅਸੀਂ ਆਪਣੀ ਮਾਂ ਅੱਗੇ ਤਰਲੇ ਕਰਿਆ ਕਰਦੇ ਸੀ ਕਿ 'ਬੀਬੀ, ਹੁਣ ਤਾਂ ਭਾਵੇਂ ਮਸਰਾਂ ਦੀ ਦਾਲ ਹੀ ਧਰ ਦਿਓ, ਪਰ ਸਾਗ ਤੋਂ ਖਹਿੜਾ ਛੁਡਾਓ'! (ਉਨ੍ਹੀਂ ਦਿਨੀਂ ਮਸਰਾਂ ਦੀ ਦਾਲ ਬੀਮਾਰਾਂ ਦਾਂ ਖਾਜਾ ਸਮਝੀ ਜਾਂਦੀ ਸੀ, ਅੱਜ ਕੱਲ੍ਹ ਵਾਂਗ ਇਹ 'ਵੀ.ਆਈ.ਪੀ.' ਦੇ ਰੁਤਬੇ ਵਾਲੀ ਦਾਲ ਨਹੀਂ ਸੀ ਹੁੰਦੀ, ਜਿਸ ਬਾਰੇ ਕਿਹਾ ਜਾਂਦੈ 'ਇਹ ਮੂੰਹ ਤੇ ਮਸਰਾਂ ਦੀ ਦਾਲ'!

ਪ੍ਰੋ. ਕਿਰਪਾਲ ਕਜ਼ਾਕ ਦੇ 'ਪੰਜਾਬੀ ਸਭਿਆਚਾਰ ਸ਼ਬਦਕੋਸ਼' ਅਨੁਸਾਰ 'ਸਾਗ (ਨ.ਪੁ.) ਸਰ੍ਹੋਂ, ਪਾਲਕ, ਚਿਲਾਈ ਆਦਿ ਪੱਤਰਾਂ ਦੀ ਰਿੰਨ੍ਹੀ ਸਬਜ਼ੀ' ਨੂੰ ਕਹਿੰਦੇ ਹਨ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਸਾਗ ਸੰਸਕ੍ਰਿਤ ਮੂਲ ਦੇ 'ਸ਼ਾਕ' ਸ਼ਬਦ ਤੋਂ ਉਤਪੰਨ ਹੋਇਆ ਜੋ ਸੰਗਯਾ ਹੈ ਤੇ ਜਿਸ ਦਾ ਅਰਥ ਹੈ ਸਬਜ਼ੀ, ਨਬਾਤ 2. ਸਰ੍ਹੋਂ. ਪਾਲਕ ਆਦਿ ਦੀ ਭਾਜੀ ('ਸਬਜ਼ ਭਾਜੀ ਤੇ ਸੁਕੀ ਮੜ, ਵਾਹ ਸ਼ਾਦੀ ਦਾ ਖਾਣਾ')। 'ਨਬਾਤ' ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਵਨਸਪਤਿ, ਸਾਗ, ਤਰਕਾਰੀ। 'ਸਾਕ' ਸ਼ਬਦ ਦਾ ਅਰਥ ਵੀ ਇਹੀ ਹੈ, ਭਾਵੇਂ ਇਸ ਦੇ ਹੋਰ ਵੀ ਅਰਥ ਹਨ। ਹੋਰ ਸਰੋਤਾਂ ਅਨੁਸਾਰ ਸਾਗ ਪੱਤਿਆਂ ਤੋਂ ਬਣਨ ਵਾਲਾ ਇਕ ਦੱਖਣ ਏਸ਼ਿਆਈ ਪਕਵਾਨ ਹੈ, ਜਿਸ ਨੂੰ ਮੱਕੀ ਦੀ ਰੋਟੀ (ਨਾਨ, ਚਾਵਲ) ਨਾਲ ਖਾਧਾ ਜਾਂਦੈ। ਇਹ ਸਿਆਲ ਦਾ ਤੋਹਫਾ ਹੈ, ਪੰਜਾਬੀਆਂ ਲਈ ਨਿਆਮਤ ਅਤੇ ਸਟੇਪਲ ਪੱਤੇਦਾਰ ਸਬਜ਼ੀ\ਖਾਣਾ ਹੈ।

ਸਰ੍ਹੋਂ ਨੂੰ ਸਰਸੋਂ, ਸਰਸਉ, ਸੁਰਸਪ, ਸਰਸ਼ਫ (ਫਾਰਸੀ) ਸ਼ਬਦਾਂ ਨਾਲ ਬਿਆਨਿਆ



ਗਿਆ ਹੈ ('ਕਾਚੀ ਸਰਸਉ ਪੇਲਿਕੈ'-ਸ.ਕਬੀਰ)। ਗੰਦਲ ਦਾ ਅਰਥ ਸੰਗਯਾ ਦੇ ਤੌਰ 'ਤੇ ਗੋਭ, ਲਗਰ ਕੀਤਾ ਗਿਆ ਹੈ-'ਫਰੀਦਾ ਏ ਵਿਸੁ ਗੰਦਲਾ\ਧਰੀਆਂ ਖੰਡਿ ਲਿਵਾੜਿ' (ਸ.ਫਰੀਦ)।

ਕਮਸਿਨ, ਮੁਲਾਇਮ ਕੱਚੀ ਕਲੀ ਨੂੰ ਗੰਦਲ ਵਰਗੀ ਕੁੜੀ ਕਹਿ ਕੇ ਸਰਾਹਿਆ ਜਾਂਦਾ ਹੈ। ਸੋਹਣੀ-ਸੁਨੱਖੀ ਨੂੰ 'ਸਰ੍ਹੋਂ ਦੇ ਫੁੱਲ ਵਰਗੀ' ਆਖ ਕੇ ਉਸ ਦੇ ਸੁਹੱਪਣ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ('ਵਾਜਾਂ ਮਾਰਦੀ ਸਰ੍ਹੋਂ ਦੇ ਫੁੱਲ ਵਰਗੀ,\ ਰੋਟੀ ਖਾ ਜਾ ਢੱਕਣਾ ਜਿਹਾ')

ਸਾਗ ਵਿਚ ਕੈਲੋਰੀ, ਫੈਟਸ, ਪੋਟਾਸ਼ੀਅਮ, ਕਾਰਬੋਹਾਈਡਰੇਟ, ਫਾਈਬਰ, ਆਇਰਨ, ਮੈਗਨੀਸ਼ੀਅਮ, ਕੈਲਸ਼ੀਅਮ, ਭਾਂਤ ਭਾਂਤ ਦੇ ਵਿਟਾਮਿਨ ਅਤੇ ਪ੍ਰੋਟੀਨ ਵਰਗੇ ਤੱਤ ਭਰਪੂਰ ਮਾਤਰਾ ਵਿਚ ਮੌਜੂਦ ਹੁੰਦੇ ਹਨ। ਸਾਡਾ ਇਕ ਡਾਕਟਰ ਦੋਸਤ ਦੱਸਦੈ ਕਿ ਸਾਗ ਖਾਣ ਨਾਲ ਪੇਟ ਸਾਫ ਰਹਿੰਦੈ ਪਰ ਇਸ ਦਾ ਵਧੇਰੇ ਸੇਵਨ ਯੂਰਿਕ ਏਸਿਡ ਅਤੇ ਜਲਨ ਵਧਾਉਂਦੇ।

ਸਾਗ ਵਿਚ ਅੱਲਣ ਪਾਏ ਜਾਣ ਦੇ ਵੀ ਕਈ ਕਾਰਨ ਹਨ। ਬਜ਼ੁਰਗ ਔਰਤਾਂ ਅਤੇ ਹੋਰ ਸਿਆਣੇ ਲੋਕ ਦੱਸਦੇ ਹਨ ਕਿ ਮੱਕੀ ਦੇ ਆਟੇ ਦਾ ਅੱਲਣ ਪਾਉਣ ਨਾਲ ਜਿੱਥੇ ਸਾਗ ਦੀ ਇਕਸਾਰਤਾ ਬਣਦੀ ਹੈ, ਓਥੇ ਇਹ ਹੋਰ ਸੁਆਦਲਾ ਹੋ ਜਾਂਦੈ। ਅੱਲਣ ਹਰੇ ਪੱਤਿਆਂ ਵਿਚੋਂ ਕਲੋਰੋਫਿਲ ਦਾ ਟੇਸਟ ਆਪਣੇ ਅੰਦਰ ਸਮੋਅ ਲੈਂਦੈ। ਅੱਲਣ ਸਾਗ ਵਿਚਲਾ ਪਾਣੀ ਸੁਕਾਉਣ ਅਤੇ ਇਸ ਨੂੰ ਮੁਲਾਇਮ ਬਣਾਉਣ ਲਈ ਵੀ ਪਾਇਆ ਜਾਂਦੈ। ਸਾਗ ਸੰਘਣਾ ਕਰਨ, ਇਸ ਵਿਚਲੀ ਕੌੜ ਮੁਕਾਉਣ, ਮਲਾਈਦਾਰ ਕਰਨ, ਪਾਣੀ ਸੋਖਣ, ਪਾਲਕ ਦੇ ਖਾਰੇਪਨ ਨੂੰ ਮਿਠਾਸ ਦੇ ਕੇ ਸੁਆਦਲਾ ਕਰਨ, ਗਾੜ੍ਹਾ ਅਤੇ ਮਿਠਾਸ ਵਧਾਉਣ ਲਈ ਅੱਲਣ ਪਾਇਆ ਜਾਂਦੈ।

ਅੱਲਣ ਮਕੀ ਜਾਂ ਬਾਜਰੇ ਦੇ ਆਟੇ ਜਾਂ ਵੇਸਣ ਦਾ ਹੀ ਪਾਉਣਾ ਚਾਹੀਦਾ ਹੈ, ਕਣਕ ਦੇ ਆਟੇ ਦਾ ਨਹੀਂ। ਕਣਕ ਦੇ ਆਟੇ ਨਾਲ ਸਾਗ ਜੁੜ ਜਾਂਦੈ। ਅੱਲਣ ਮਿਕਸ ਕਰਨ ਲਈ ਵੀ ਲੱਕੜ ਦੀ ਬਣੀ ਵਿਸ਼ੇਸ਼ ਕੜਛੀ\ਡੋਈ ਵਰਤੀ ਜਾਂਦੀ ਹੈ। ਫਿਰ ਸੇਕ 'ਤੇ ਰੱਖ ਕੇ ਗੜ੍ਹਕਾ ਲਗਾਇਆ ਜਾਂਦੈ ਭਾਵ ਪਾਏ ਗਏ ਅੱਲਣ ਨੂੰ ਪਕਾਇਆ ਜਾਂਦੈ।

ਸਾਗ ਤੋੜਨਾ ਤੇ ਚੀਰਨਾ ਇਕ ਕਲਾ ਹੈ। ਚੀਰਨ ਲਈ ਤਾਂ ਇਕ ਵਿਸ਼ੇਸ਼ ਦਾਤਰ ਵਰਤਿਆ ਜਾਂਦੈ ਜਿਸ ਦਾ ਮੁੱਠਾ ਪੈਰਾਂ ਹੇਠ ਦੱਬ ਕੇ ਮਹੀਨ ਮਹੀਨ ਚੀਰਾਈ ਕੀਤੀ ਜਾਂਦੀ ਹੈ।

ਰਾਇ ਸਰ੍ਹੋਂ ਦਾ ਸਾਗ ਜ਼ਿਆਦਾ ਸੁਆਦਲਾ ਅਤੇ ਗੁਣਕਾਰੀ ਸਮਝਿਆ ਜਾਂਦੈ। ਕਈ ਗੋਭੀ ਸਰ੍ਹੋਂ ਵੀ ਪਸੰਦ ਕਰਦੇ ਹਨ ਪਰ ਇਸ ਦੀ ਤਾਸੀਰ ਬਾਏ ਹੁੰਦੀ ਹੈ। ਸਾਗ ਵਿਚ ਲਸਣ, ਅਦਰਕ, ਹਰੀਆਂ ਮਿਰਚਾਂ ਅਤੇ ਨਮਕ\ਲੂਣ ਸੁਆਦ ਅਨੁਸਾਰ ਪਾਏ ਜਾਂਦੇ ਹਨ।

ਮਾਡਰਨ ਸਮਿਆਂ ਵਿਚ ਹੁਣ ਬਰੌਕਲੀ, ਪਨੀਰ ਅਤੇ ਮੀਟ ਆਦਿ ਪਾ ਕੇ ਵੀ ਸਾਗ ਬਣਇਆ ਜਾਂਦਾ ਹੈ। ਪਾਲਕ-ਪਨੀਰ ਅਤੇ ਪਾਲਕ-ਮੀਟ ਵੀ ਬਹੁਤ ਪ੍ਰਚੱਲਤ ਹਨ।

ਤੌੜੀਆਂ ਤਾਂ ਲੋਪ ਹੁੰਦੀਆਂ ਜਾ ਰਹੀਆਂ ਹਨ ਅਤੇ ਪ੍ਰੈਸ਼ਰ ਕੂਕਰਾਂ ਦੀ ਸਰਦਾਰੀ ਹੈ। ਕਈ ਜਣੀਆਂ ਤੌੜੀ ਦਾ ਝੱਸ ਪੂਰਾ ਕਰਨ ਲਈ ਹਿੰਡੋਲੀਅਮ ਦੇ ਮੋਟੇ ਥੱਲੇ ਵਾਲੇ ਪਤੀਲੇ ਦੀ ਵਰਤੋਂ ਵੀ ਕਰਦੀਆਂ ਹਨ।

ਨਵੰਬਰ ਦੇ ਅੱਗੇ ਵਧਣ ਅਤੇ ਦਸੰਬਰ ਦੇ ਆਉਣ ਨਾਲ ਸਾਗ ਦੀਆਂ ਲਹਿਰਾਂ-ਬਹਿਰਾਂ ਹੋ ਜਾਣਗੀਆਂ। ਭਰ ਸਿਆਲ ਨੂੰ ਸਾਗ ਦਾ ਆਪਣਾ ਹੀ ਫਲੇਵਰ ਹੁੰਦੈ!

ਭਾਵੇਂ ਗੈਰ ਪੰਜਾਬੀ ਵੀ ਸਾਗ ਦਾ ਆਨੰਦ ਲੈਂਦੇ ਹਨ ਪਰ ਸਾਗ ਅਤੇ ਮੱਕੀ ਦੀ ਰੋਟੀ ਪੰਜਾਬੀਆਂ ਨਾਲ ਹੀ ਜੁੜੀ ਹੋਈ ਹੈ। ਬੇਸ਼ੱਕ ਨਵੀਂ ਪੀੜ੍ਹੀ ਵਧੇਰੇ ਜੰਕ ਫੂਡ ਪਸੰਦ ਕਰਦੀ ਹੈ ਫਿਰ ਵੀ ਇਸ ਪੀੜ੍ਹੀ 'ਚੋਂ ਵੀ ਕਈ ਜਣੇ ਇਹ ਬਹਿਸ਼ਤੀ ਖੁਰਾਕ ਖਾਣਾ ਪਸੰਦ ਕਰਦੇ ਹਨ।

ਸਾਗ ਪੰਜਾਬੀਆਂ ਦੇ ਫੋਕਲੋਰ ਅਤੇ ਸਾਈਕੀ ਵਿਚ ਰਚਿਆ ਮਿਚਿਆ ਹੈ। ਪੰਜਾਬੀ ਲੋਕਧਾਰਾ ਵਿਚ ਦੋ ਬੋਲੀਆਂ ਬਹੁਤ ਹੀ ਪ੍ਰਚੱਲਤ ਹਨ,

"ਹੱਥ ਸੋਚ ਕੇ ਗੰਦਲ ਨੂੰ ਪਾਵੀਂ, ਨੀ ਕਿਹੜੀ ਏਂ ਤੂੰ ਸਾਗ ਤੋੜਦੀ?" ਅਤੇ "ਕਾਹਨੂੰ ਮਾਰਦੈਂ ਜੱਟਾ ਲਲਕਾਰੇ, ਕਿਹੜਾ ਤੇਰਾ ਸਾਗ ਤੋੜਿਆ"। ਦੋਨਾਂ ਵਿਚ ਸਾਗ ਦੀ ਮਹਿਮਾ ਦਾ ਵਰਣਨ ਹੈ। ਜਾਣੀ ਸਾਗ (ਸਰ੍ਹੋਂ) ਐਸੀ ਦਿਲਕਸ਼ ਸੌਗਾਤ ਹੈ ਕਿ ਬਦੋਬਦੀ ਕਿਸੇ ਸੁਆਣੀ/ਮੁਟਿਆਰ ਦਾ ਹੱਥ ਇਸ ਦੀਆਂ ਗੰਦਲਾਂ ਤੋੜਨ ਲਈ ਅਹੁਲਦੈ। ਅਤੇ ਇਹ ਇਸ ਕਦਰ ਕੀਮਤੀ ਸ਼ੈਅ ਵੀ ਹੈ ਕਿ ਇਸ ਦਾ ਮਾਲਕ ਇਸ ਦੇ ਤੋੜੇ ਜਾਣ 'ਤੇ ਲਲਕਾਰੇ ਮਾਰ ਸਕਦੈ ਅਤੇ ਤੋੜਨ ਵਾਲੀ ਨੂੰ ਚਿਤਾਵਨੀ ਦੇ ਸਕਦੈ ਕਿ ਉਹ ਗੰਦਲ ਨੂੰ ਹੱਥ ਪਾਉਣ ਤੋਂ ਪਹਿਲਾਂ ਆਪਣਾ ਪੜ੍ਹਿਆ ਵਿਚਾਰ ਲਵੇ। ਭਾਵੇਂ ਇਨ੍ਹਾਂ ਬੋਲੀਆ ਵਿਚ ਦੋ ਵੱਖ ਵੱਖ ਪ੍ਰਸਥਿਤੀਆਂ ਦਾ ਵਰਣਨ ਹੈ ਪਰ ਦੋਨਾਂ ਸੂਰਤਾਂ ਵਿਚ ਸਾਗ\ਸਰ੍ਹੋਂ ਸਾਂਝੀ ਸੌਗਾਤ ਹੈ।

ਪਰ 'ਨੀ ਕਿਹੜੀ ਏਂ ਤੂੰ ਸਾਗ ਤੋੜਦੀ' ਦੇ ਦਾਬੇ ਜਿਹੇ ਵਾਲੇ ਸਵਾਲ ਦਾ ਓਸੇ ਤੋੜ 'ਚ ਜਵਾਬ ਦੇਣ ਵਾਲੀ ਬੋਲੀ\ਸੁਆਣੀ ਵੀ ਹੁਣ ਤਿਆਰ ਬਰ ਤਿਆਰ ਹੈ,

"ਸਾਗ ਤੋੜਦੀ ਮੁਰੱਬਿਆਂ ਵਾਲੀ,
ਵੇ ਕਿਹੜਾ ਏਂ ਤੂੰ ਵਾਜਾਂ ਮਾਰਦਾ"?

# ਜ਼ਰੂਰਤ ਜਿੰਨਾ ਹੀ ਜਾਣਦੇ ਹਾਂ ਸਮਝਦੇ ਨਹੀਂ

ਆਪਣੀ ਲੋੜ ਨੂੰ ਮੁੱਖ ਰੱਖ ਕੇ ਅਸੀਂ ਇਕ ਦੂਸਰੇ ਨੂੰ ਸਿਰਫ ਆਪਣੀ ਜ਼ਰੂਰਤ ਜਿੰਨਾ ਹੀ ਜਾਣਦੇ ਹਾਂ, ਸਮਝਦੇ ਨਹੀਂ।

ਕਈ ਵਾਰ ਅਸੀਂ ਕਿਸੇ ਨੂੰ ਜਾਣੇ ਬਗੈਰ ਆਪਣੀ ਰਾਏ ਬਣਾ ਲੈਂਦੇ ਹਾਂ ਜਦ ਕਿ ਅਸਲੀਅਤ ਕੁਝ ਹੋਰ ਹੁੰਦੀ ਹੈ। ਕਿੰਨੇ ਕੁ ਲੋਕ ਜਾਣਦੇ ਹੁੰਦੇ ਹਨ ਕਿ ਅਸਲ 'ਚ ਤੁਸੀਂ ਕੌਣ ਹੋ?



ਦੇਵਿੰਦਰ ਕੌਰ ਧਾਲੀਵਾਲ
ਕੈਲੀਫੋਰਨੀਆ

ਬਹੁਤ ਵਾਰ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਕੰਮ-ਧੰਧੇ, ਕਾਰੋਬਾਰ ਜਾਂ ਕਿਸੇ ਦੇ ਕਿੰਨੇ ਸਟੋਰ ਹਨ ਜਾਂ ਫੈਕਟਰੀਆਂ ਹਨ ਜਾਂ ਉਸ ਔਰਤ ਦੇ ਚਾਰ ਮੁੰਡੇ ਹਨ ਜਾਂ ਕੋਈ ਡਾਕਟਰ ਹੈ ਜਾਂ ਕੋਈ ਵਿਧਵਾ ਹੈ ਜਾਂ ਤਲਾਕਸ਼ੁਦਾ ਹੈ ਦੇ ਆਧਾਰ 'ਤੇ ਇਕ ਦੂਸਰੇ ਨੂੰ ਜਾਣਦੇ ਹਾਂ।

ਇਹ ਸ਼ਖ਼ਸ ਅਸਲ ਵਿਚ ਕੌਣ ਹਨ? ਕੋਈ ਨਹੀਂ ਜਾਣਦਾ।

ਮੇਰੇ ਖਿਆਲ ਮੁਤਾਬਿਕ ਕਿਸੇ ਵੀ ਸ਼ਖ਼ਸੀਅਤ ਨੂੰ ਜਾਨਣ ਲਈ ਉਸ ਨਾਲ ਚੋਖਾ ਸਮਾਂ ਬਿਤਾਉਣਾ ਪਵੇਗਾ ਜੋ ਬਾਹਰਲੇ ਮੁਲਕਾਂ ਵਿਚ ਮੁਮਕਿਨ ਨਹੀਂ।

ਮਿਸਾਲ ਦੇ ਤੌਰ 'ਤੇ ਮੈਂ ਨਾ ਚਾਹੁੰਦੀ ਹੋਈ ਵੀ ਇਕ ਅਸਲੀ ਕਿੱਸਾ ਸਾਂਝਾ ਕਰ ਰਹੀ ਹਾਂ ਜੋ ਇਕ ਸਹੇਲੀ ਦੇ ਮੂੰਹੋਂ ਸੁਣਿਆ, ਤੇ ਸੁਣ ਕੇ ਮੈਨੂੰ ਬੜਾ ਦੁੱਖ ਹੋਇਆ ਕਿ ਦੋਸਤੀ ਦੀ ਥਾਂ ਦੁਸ਼ਮਣੀ ਨੇ ਲੈ ਲਈ।

ਜਦੋਂ ਰੀਨਾ ਦੇ ਘਰ ਮੰਜੂ ਪਹਿਲੀ ਵਾਰ ਆਈ ਤਾਂ ਉਹ ਪਿੰਕ ਨ ਸੇਵ ਸਟੋਰ ਜੋ ਪਹਿਲਾਂ ਹੁੰਦੇ ਸਨ, ਤੋਂ ਇਕ ਕੱਚ ਦੀ ਟਰੇਅ ਜੋ ਕਿ ਇਕ ਡਾਲਰ ਦੀ ਸੀ, ਤੋਹਫੇ ਦੇ ਤੌਰ 'ਤੇ ਰੀਨਾ ਲਈ ਲਿਆਈ, ਜਿਸਨੂੰ ਰੀਨਾ ਨੇ ਆਪਣੀ ਬੇਇੱਜ਼ਤੀ ਸਮਝਿਆ।

ਜਦੋਂ ਮੰਜੂ ਦੇ ਬੱਚਾ ਹੋਇਆ ਤਾਂ ਰੀਨਾ ਨੇ ਕੁੱਝ ਕੱਪੜੇ ਬੱਚੇ ਲਈ ਪਿੰਕ ਨ ਸੇਵ ਸਟੋਰ 'ਚੋਂ ਚੁੱਕੇ ਤੇ ਪੰਜਾਹ ਡਾਲਰ ਦਾ ਸਾਮਾਨ ਬੱਚੇ ਨੂੰ ਦੇ ਦਿੱਤਾ। ਰੀਨਾ ਦੱਸ ਰਹੀ ਸੀ ਕਿ ਉਸ ਤੋਂ ਬਾਅਦ ਮੰਜੂ ਰਾਹ ਗਲੀ ਦੁਆ ਸਲਾਮ ਤਾਂ ਕਰਦੀ ਹੈ ਪਰ ਇਕ ਦੂਸਰੇ ਦੇ ਘਰ ਆਉਣੀ ਜਾਣੀ ਬੰਦ ਹੋ ਗਈ।

ਇੱਥੋਂ ਤਕ ਕਿ ਮੰਜੂ ਨੇ ਰੀਨਾ ਨੂੰ ਆਪਣੇ ਸਾਰੇ ਸਾਂਝੇ ਦੋਸਤਾਂ 'ਚ ਬਦਨਾਮ ਕਰ ਦਿੱਤਾ ਕਿ ਰੀਨਾ ਮੇਰੇ ਬੱਚੇ ਲਈ ਘਟੀਆ ਕੱਪੜੇ ਲੈ ਕੇ ਆਈ। ਰੀਨਾ ਦਾ ਕਹਿਣਾ ਹੈ ਕਿ ਚੰਗਾ ਸੀ ਮੈਂ ਪੰਜਾਹ ਡਾਲਰ ਹੀ ਦੇ ਦਿੰਦੀ। ਰੀਨਾ ਇਹ ਵੀ ਕਹਿ ਰਹੀ ਹੈ ਕਿ ਮੰਜੂ ਤਾਂ ਮੇਰੇ ਘਰ ਇਕ ਡਾਲਰ ਦੀ ਟਰੇਅ ਦੇ ਕੇ ਗਈ ਹੈ ਜਦਕਿ ਮੈਂ ਬਦਲੇ ਵਿਚ ਪੰਜਾਹ ਲਗਾਏ ਜਦਕਿ ਮੇਰੇ ਘਰ ਤਾਂ ਕਦੀ ਕੋਈ ਦਿਨ ਤਿਉਹਾਰ ਨਹੀਂ ਮਨਾਇਆ ਗਿਆ ਜਿੱਥੇ ਮੰਜੂ ਨੇ ਕੁਝ ਦਿੱਤਾ ਹੋਵੇ ਤੇ ਮੈਂ ਉਸਦੀ ਦੇਣਦਾਰ ਹੋਵਾਂ।

ਰੀਨਾ ਤੇ ਮੰਜੂ ਵਾਲੀ ਗਾਥਾ ਬਹੁਤ ਲੋਕਾਂ ਦੀ ਦੋਸਤੀ 'ਚ ਵਿਚਰਦੀ ਹੈ। ਦੋਸਤੀ ਵਿਚ ਇਕ ਦੂਸਰੇ ਨੂੰ ਸਮਝਣ ਦੀ ਵਧੇਰੇ ਜ਼ਰੂਰਤ ਹੁੰਦੀ ਹੈ। ਵਧੀਆ ਹੈ ਰਿਸ਼ਤੇ ਦੀ ਦੋਸਤੀ 'ਚ ਪਹਿਚਾਣ ਵਧਾਈ ਜਾਵੇ। ਦੋਸਤੀ ਵਿਚ ਕਦੇ ਵੀ ਤਕੜੀ ਵਿਚ ਤੋਲ ਕੇ ਨਹੀਂ ਵਰਤਿਆ ਜਾਂਦਾ। ਹਰ ਇਨਸਾਨ ਪੈਸੇ ਪੱਖੋਂ ਬਰਾਬਰ ਨਹੀਂ ਹੁੰਦਾ। ਸਾਨੂੰ ਕ੍ਰਿਸ਼ਨ ਤੇ ਸੁਦਾਮੇ ਦੀ ਕਹਾਣੀ ਯਾਦ ਰੱਖਣੀ ਚਾਹੀਦੀ ਹੈ। ਕਦੇ ਕਿਸੇ ਸੁਣੀ ਸੁਣਾਈ ਗੱਲ 'ਤੇ ਯਕੀਨ ਨਾ ਕਰੋ। ਕਿਸੇ ਵੀ ਸੱਚੀ ਸੁੱਚੀ ਸ਼ਖ਼ਸੀਅਤ ਨੂੰ ਘਟੀਆ ਦਿਖਾਉਣਾ ਜਾਂ ਬਦਨਾਮ ਕਰਨਾ, ਉਸ ਸ਼ਖ਼ਸੀਅਤ ਲਈ ਹਾਨੀਕਾਰਕ ਹੋ ਸਕਦਾ ਹੈ।

ਮੇਰੇ ਆਪਣੇ ਵਿਚਾਰ ਅਨੁਸਾਰ ਮੰਜੂ ਤੇ ਰੀਨਾ ਦਾ ਰਿਸ਼ਤਾ ਜੇ ਤੋਹਫਿਆ ਤੋਂ ਉਤੇ ਉਠ ਕੇ ਇਕ ਰੂਹਾਨੀਅਤ ਦਾ ਹੁੰਦਾ ਤਾਂ ਕਿੰਨਾ ਚੰਗਾ ਹੁੰਦਾ। ਵਿਚਾਰਾਂ ਦੀ ਸਾਂਝ ਨਾਲ ਦੋਸਤੀ ਦੀਆਂ ਤੰਦਾਂ ਹੋਰ ਪੱਕੀਆਂ ਹੁੰਦੀਆਂ ਹਨ। ਇਥੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੋ ਦੋਸਤ ਤੁਸੀਂ ਚੁਣਦੇ ਹੋ, ਉਹ ਤੁਹਾਡੇ ਸਾਂਝੇ ਦੋਸਤਾਂ ਦੀ ਕੜੀ ਵਿਚੋਂ ਨਾ ਹੋਣ। ਨਹੀਂ ਤਾਂ ਤੁਸੀਂ ਸਾਂਝੇ ਦੋਸਤ ਵੀ ਗੁਆ ਬਹਿੰਦੇ ਹੋ।

ਰੀਨਾ ਤੇ ਮੰਜੂ ਚੰਗਾ ਸੀ ਦੋਸਤੀ ਦਾ ਰਿਸ਼ਤਾ ਮਜ਼ਬੂਤ ਬਣਾਉਣ ਲਈ ਬੈਠ ਕੇ ਗੱਲ ਕਰ ਲੈਂਦੀਆਂ ਤੇ ਮੰਜੂ ਹੋਰ ਸਾਂਝੇ ਦੋਸਤਾਂ ਨਾਲ ਇਸ ਵਿਸ਼ੇ 'ਤੇ ਗੱਲ ਨਾ ਕਰਦੀ। ਕਈ ਵਾਰ ਅਸੀਂ ਛੋਟੀਆਂ ਗੱਲਾਂ ਲਈ ਵੱਡੇ ਦੋਸਤ ਹਮੇਸ਼ਾਂ ਲਈ ਗੁਆ ਬਹਿੰਦੇ ਹਾਂ। ਕਈ ਵਾਰ ਅਸੀਂ ਆਪਣੇ ਪਰਿਵਾਰ ਵਿਚ ਸਾਲਾਂਬੱਧੀ ਇਕੱਠੇ ਰਹਿ ਕੇ ਜਾਣ ਨਹੀਂ ਸਕਦੇ ਜਿਵੇਂ, ਮਹਿਤਾ ਕਾਲੂ ਜੀ ਆਪਣੇ ਪੁੱਤਰ ਗੁਰੂ ਨਾਨਕ ਦੇਵ ਜੀ ਦੀ ਖਾਸੀਅਤ ਨੂੰ ਨਹੀਂ ਜਾਣ ਸਕੇ ਕਿ ਉਹ ਰੱਬ ਦਾ ਰੂਪ ਹੈ ਪਰ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਜੀ ਆਪਣੇ ਵੀਰ ਗੁਰੂ ਨਾਨਕ ਦੇਵ ਜੀ ਨੂੰ ਜਾਣਦੇ ਸਨ।

ਕਈ ਵਾਰ ਆਪਣੇ ਹੀ ਘਰਦੇ ਜੀਅ ਇਕ ਦੂਸਰੇ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ, ਪਰਵਾਹ ਨਹੀਂ ਕਰਦੇ। ਜਿੱਥੇ ਖਿਆਲਾਂ ਦੀ ਸਾਂਝ ਨਹੀਂ ਉਥੇ ਪਿਉ-ਪੁੱਤ ਤੇ ਮਾਂ-ਧੀ ਦੇ ਰਿਸ਼ਤੇ ਵਿਚ ਵੀ ਟਕਰਾਅ ਪੈਦਾ ਹੋ ਜਾਂਦਾ ਹੈ ਤੇ ਰਿਸ਼ਤੇ ਬਗਾਵਤ 'ਤੇ ਉਤਰ ਆਉਂਦੇ ਹਨ। ਵਿਚਾਰ ਵਟਾਂਦਰੇ ਨਾਲ ਹਰ ਮਸਲੇ ਦਾ ਹੱਲ ਲੱਭਿਆ ਜਾ ਸਕਦਾ ਹੈ। ਜੇ ਕੋਈ ਗਲਤੀ ਕਰਦਾ ਹੈ ਉਸਨੂੰ ਉਸ ਗਲਤੀ ਦਾ ਅਹਿਸਾਸ ਕਰਾਓ। ਕਈ ਵਾਰ ਗਲਤ ਫਹਿਮੀਆਂ ਘਰ ਬਰਬਾਦ ਕਰ ਦਿੰਦੀਆਂ ਹਨ। ਚੁੱਪ ਵੱਟੀ ਰੱਖਣਾ ਕਿਸੇ ਮਸਲੇ ਦਾ ਹੱਲ ਨਹੀਂ।

ਅੰਤ ਵਿਚ ਇਹ ਹੀ ਕਹਾਂਗੀ ਕਿ ਕਿਸੇ ਨੂੰ ਜਾਨਣ ਨਾਲੋਂ ਸਮਝਣਾ ਜ਼ਰੂਰੀ ਹੈ। ਸਮੇਂ ਦੀ ਘਾਟ ਕਾਰਨ ਜਾਂ ਆਪਣੀ ਲੋੜ ਨੂੰ ਮੁੱਖ ਰੱਖ ਕੇ ਅਸੀਂ ਸਿਰਫ, ਇਕ ਦੂਸਰੇ ਨੂੰ ਆਪਣੀ ਜ਼ਰੂਰਤ ਜਿੰਨਾ ਹੀ ਜਾਣਦੇ ਹਾਂ, ਸਮਝਦੇ ਨਹੀਂ।

# ਅਜਮੇਰ ਔਲਖ ! ਤੂੰ ਕਿਤੇ ਨਹੀਂ ਗਿਆ ! (2)

**ਅਜਮੇਰ ਔਲਖ ਨੇ ਆਪਣੇ ਨਾਟਕਾਂ ਵਿਚ ਛੋਟੀ ਕਿਸਾਨੀ ਦੀ ਬਾਤ ਨਿਆਰੇ ਢੰਗ ਨਾਲ ਪਾਈ ਹੈ। ਉਨ੍ਹਾਂ ਦੀਆਂ ਰਚਨਾਵਾਂ ਮਨੁੱਖੀ ਸਰੋਕਾਰਾਂ ਲਈ ਤਾਂਘਦੀਆਂ ਪਾਠਕਾਂ ਦੇ ਦਿਲਾਂ ਅੰਦਰ ਤਾਂਘ ਦੀਆਂ ਤਰਬਾਂ ਛੇੜਦੀਆਂ ਹਨ। ਉਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਸ਼ਬਦ ਚਿੱਤਰ ਵਿਚ ਆਪਣੇ ਮਿੱਤਰ ਅਜਮੇਰ ਔਲਖ ਦੀਆਂ ਇਨ੍ਹਾਂ ਤਾਂਘਾਂ ਨੂੰ ਬਹੁਤ ਰੀਝ ਤੇ ਨੀਝ ਨਾਲ ਫੜਿਆ ਹੈ ਅਤੇ ਉਸ ਸ਼ਖਸ ਨਾਲ ਮਿਲਾਇਆ ਹੈ ਜਿਸ ਦਾ ਦਿਲ ਸਦਾ ਅਵਾਮ ਲਈ ਧੜਕਦਾ ਰਿਹਾ ਹੈ। ਇਸ ਲੰਮੇ ਲੇਖ ਦੀ ਦੂਜੀ ਕਿਸ਼ਤ ਅਸੀਂ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ।**





ਅਜਮੇਰ ਔਲਖ ਆਪਣੀ ਪਤਨੀ ਮਨਜੀਤ ਕੌਰ ਨਾਲ ਅਤੇ (ਸੱਜ) ਮਨਜੀਤ ਕੌਰ।

### ਸਾਡਾ ਮੋ ਯਾਂ ਅਜਮੇਰ ਸਿੰਘ ਔਲਖ

ਬੰਦਾ ਆਪਣੇ ਹਾਲਾਤ ਅਤੇ ਇਤਿਹਾਸ ਦਾ ਬਣਾਇਆ ਬਣਦਾ ਹੈ। ਅਜਮੇਰ ਔਲਖ ਦੇ 'ਅਜਮੇਰ ਔਲਖ' ਬਣਨ ਵਿਚ ਉਹਦੇ ਪਰਿਵਾਰਕ ਜੀਵਨ, ਇਤਿਹਾਸ, ਸਮਕਾਲੀ ਹਾਲਾਤ, ਸੁਹਬਤ ਤੇ ਸੰਗਤ ਦਾ ਬਹੁਤ ਯੋਗਦਾਨ ਸੀ। ਸਭ ਤੋਂ ਪਹਿਲਾਂ ਉਹਦੀ ਮਾਂ ਦੀ ਗੱਲ ਹੀ ਕਰਦੇ ਹਾਂ। ਉਹਦੀ ਮਾਂ ਦੀ ਗੱਲ ਕਰਨ ਤੋਂ ਪਹਿਲਾਂ ਨੋਬੇਲ ਇਨਾਮ ਜੇਤੂ ਚੀਨੀ ਲੇਖਕ ਮੋ ਯਾਂ ਦੀ ਗੱਲ ਨਾ ਕਰ ਲਈਏ! ਦੋਵਾਂ ਮਾਵਾਂ ਨਾਲ 'ਕੁਝ ਇੱਕੋ ਜਿਹਾ' ਵਾਪਰਿਆ ਸੀ। ਦੋਵਾਂ ਪੁੱਤਰਾਂ ਨੇ ਆਪਣੀਆਂ ਮਾਵਾਂ ਨਾਲ ਵਾਪਰੇ ਦੁਖਾਂਤ ਦਾ ਬਦਲਾ ਲੈਣ ਲਈ ਕਲਮ ਅਤੇ ਕਲਾ ਦਾ ਆਸਰਾ ਲਿਆ।

ਚੀਨ ਵਿਚ ਵੀ ਗਰੀਬ ਬੰਦੇ ਅਕਸਰ ਕਣਕ ਦੇ ਅੱਧ-ਪੱਕੇ ਸਿੱਟੇ ਮਾਲਕ ਦੇ ਖੇਤ ਵਿਚੋਂ ਚੋਰੀ ਕਰਕੇ ਹੋਲ਼ਾਂ ਭੁੰਨ ਕੇ ਖਾ ਲੈਂਦੇ ਸਨ ਜਿਵੇਂ ਅਸੀਂ ਪੰਜਾਬ ਵਿਚ ਛੋਲਿਆਂ ਦੀਆਂ ਹੋਲ਼ਾਂ ਭੁੰਨ ਕੇ ਖਾਂਦੇ ਹਾਂ। ਇੱਕ ਦਿਨ ਚੋਰੀ ਹੋਲਾਂ ਭੁੰਨਣ ਵਾਲਿਆਂ ਨੂੰ ਚੌਕੀਦਾਰ ਨੇ ਵੇਖ ਲਿਆ।



**ਵਰਿਆਮ ਸਿੰਘ ਸੰਧੂ**
**ਫੋਨ: 747-535-1539**

ਉਹਨੇ ਨੇੜੇ ਆ ਕੇ ਲਲਕਾਰਾ ਮਾਰ ਕੇ ਹੋਲ਼ਾਂ ਖਾਣ ਲਈ ਜੁੜ ਬੈਠੇ ਲੋਕਾਂ ਨੂੰ ਗਾਲ੍ਹਾਂ ਕੱਢੀਆਂ। ਹੋਲ਼ਾਂ ਭੁੰਨਣ ਵਾਲਿਆਂ ਵਿਚ ਮੋ ਯਾਂ ਦੀ ਮਾਂ ਵੀ ਸੀ। ਚੌਕੀਦਾਰ ਨੂੰ ਦੇਖ ਕੇ ਬਾਕੀ ਸਭ ਭੱਜ ਗਏ ਪਰ ਮੋ ਯਾਂ ਦੀ ਮਾਂ ਦੇ ਪੈਰਾਂ ਵਿਚ ਨੁਕਸ ਸੀ। ਡੁੱਡੇ ਪੈਰਾਂ ਕਾਰਨ ਉਹ ਦੌੜ ਨਾ ਸਕੀ। ਹੱਟੇ-ਕੱਟੇ, ਉੱਚੇ-ਲੰਮੇ ਚੌਕੀਦਾਰ ਨੇ ਬਦਮਾਸ਼ੀ ਕਰਦਿਆਂ ਕਮਜ਼ੋਰ ਮਾਂ ਨੂੰ ਏਨੇ ਜ਼ੋਰ ਨਾਲ ਘਸੁੰਨ ਮਾਰਿਆ ਕਿ ਮਾਂ ਬੁੜ੍ਹਕ ਕੇ ਜ਼ਮੀਨ 'ਤੇ ਜਾ ਡਿੱਗੀ। ਉਹਦਾ ਬੁੱਲ੍ਹ ਪਾਟ ਗਿਆ ਤੇ ਉਸ ਵਿਚੋਂ ਖੂਨ ਦੀ ਤਤੀਰੀ ਵਗਣ ਲੱਗੀ। ਮੋ ਯਾਂ ਭੱਜ ਕੇ ਡਿੱਗੀ ਹੋਈ ਮਾਂ ਕੋਲ ਗਿਆ। ਮਾਂ ਦੀ ਬੇਵਸੀ ਅਤੇ ਉਹਦਾ ਲਾਚਾਰ ਮੂੰਹ ਵੇਖ ਕੇ ਉਹਨੂੰ ਬੜਾ ਦੁੱਖ ਲੱਗਾ। ਉਹ ਛੋਟਾ ਬਾਲ ਸੀ, ਮਾਸੂਮ ਤੇ ਬੇਵੱਸ। ਚੌਕੀਦਾਰ ਦਾ ਕੁਝ ਵੀ ਨਹੀਂ ਸੀ ਵਿਗਾੜ ਸਕਦਾ।

ਇਸ ਦੁਰਘਟਨਾ ਨੂੰ ਕਈ ਸਾਲ ਲੰਘ ਗਏ। ਹੁਣ ਮੋ ਯਾਂ ਜਵਾਨ ਹੋ ਚੁੱਕਾ ਸੀ। ਇੱਕ ਦਿਨ ਉਹ ਅਤੇ ਉਹਦੀ ਮਾਂ ਬਾਜ਼ਾਰ ਗਏ। ਓਥੇ ਉਹਨੂੰ ਇੱਕ ਬੁੱਢਾ ਜਿਹਾ ਬੰਦਾ ਦਿਸਿਆ। ਉਹਨੇ ਧਿਆਨ ਨਾਲ ਵੇਖਿਆ, ਇਹ ਤਾਂ ਓਹੋ ਚੌਕੀਦਾਰ ਸੀ ਜਿਸ ਨੇ ਉਹਦੀ ਮਾਂ ਨੂੰ ਘਸੁੰਨ ਮਾਰ ਕੇ ਉਹਦਾ ਮੂੰਹ ਜ਼ਖ਼ਮੀ ਕਰ ਦਿੱਤਾ ਸੀ। ਬੇਸ਼ੱਕ ਹੁਣ ਉਹ ਬੁੱਢਾ ਹੋ ਚੁੱਕਾ ਸੀ, ਉਹਦੇ ਵਾਲ ਵੀ ਸਫੈਦ ਹੋ ਗਏ ਸਨ ਪਰ ਉਹਨੂੰ ਪਛਾਨਣਾ ਮੁਸ਼ਕਿਲ ਨਹੀਂ ਸੀ। ਮੋ ਯਾਂ ਨੂੰ ਮਾਂ ਵਾਲੀ ਘਟਨਾ ਚੇਤੇ ਆਈ। ਉਹਨੂੰ ਗੁੱਸਾ ਚੜ੍ਹ ਗਿਆ। ਉਹ ਚੌਕੀਦਾਰ ਨੂੰ ਮਾਰਨ ਲਈ ਉਸ ਵਲ ਜਾਣ ਲੱਗਾ ਤਾਂ ਉਹਦੀ ਮਾਂ ਨੇ ਉਹਦਾ ਹੱਥ ਫੜ ਲਿਆ ਤੇ ਕਿਹਾ, "ਰਹਿਣ ਦੇ। ਇਹ ਉਹ ਆਦਮੀ ਨਹੀਂ ਪੁੱਤਰ ਜਿਸ ਨੇ ਮੇਰੇ ਥੱਪੜ ਮਾਰਿਆ ਸੀ। ਉਹ ਕੋਈ ਹੋਰ ਸੀ। ਹੁਣ ਮੈਂ ਵੀ ਤਾਂ ਕੋਈ ਹੋਰ ਆਂ।"

ਮਾਂ ਨੇ ਠੀਕ ਕਿਹਾ ਸੀ ਕਿ ਜਿਸ ਨੇ ਉਹਨੂੰ ਘਸੁੰਨ ਮਾਰਿਆ ਸੀ, 'ਉਹ ਕੋਈ ਹੋਰ ਸੀ।' ਕੌਣ ਸੀ 'ਉਹ ਕੋਈ ਹੋਰ?'

ਉਹ ਤਾਂ ਸਿਸਟਮ ਸੀ ਜਿਹੜਾ ਉਸ ਚੌਕੀਦਾਰ ਦੇ ਪਿੱਛੇ ਖਲੋਤਾ ਸੀ। ਸਮਾਂ ਪਾ ਕੇ ਮੋ ਯਾਂ ਨੂੰ ਇਹ ਗੱਲ ਸਮਝ ਆ ਗਈ। ਫਿਰ ਮੋ ਯਾਂ ਉਸ ਜ਼ਾਲਮ ਸਿਸਟਮ ਨੂੰ ਬਦਲਣ ਲਈ ਆਪਣੀਆਂ ਲਿਖਤਾਂ ਰਾਹੀਂ ਲੜਾਈ ਲੜਨ ਲੱਗਾ।

ਹੁਣ ਅਜਮੇਰ ਸਿੰਘ ਔਲਖ ਦੀ ਮਾਂ ਬਾਰੇ ਗੱਲ ਕਰਦੇ ਹਾਂ।

ਰਿਆਸਤੀ ਰਾਜ ਦੇ ਜਾਗੀਰਦਾਰੀ ਸਮਾਜ ਵਿਚ ਵਿਚ ਵੱਸਣ ਵਾਲਾ ਔਲਖ ਹੁਰਾਂ ਦਾ ਪਰਿਵਾਰ ਗਰੀਬ ਕਿਸਾਨ ਪਰਿਵਾਰ ਸੀ। ਸ਼ਾਇਦ ਉਹਨਾਂ ਦੀ ਆਰਥਿਕ ਹਾਲਤ ਵੀ ਓਹੋ ਜਿਹੀ ਸੀ ਜਿਹੋ ਜਿਹੀ ਆਰਥਿਕ ਹਾਲਤ ਮੋ ਯਾਂ ਦੇ ਪਰਿਵਾਰ ਦੀ ਸੀ। ਉਦੋਂ ਔਲਖ ਦੀ ਉਮਰ ਮੋ ਯਾਂ ਦੀ ਉਮਰ ਜਿੰਨੀ ਹੀ, ਸੱਤ-ਅੱਠ ਕੁ ਸਾਲ ਦੀ ਸੀ। ਉਸ ਸਮੇਂ ਦੇਸ ਨੂੰ ਤਾਂ ਆਜ਼ਾਦੀ ਮਿਲ ਗਈ ਸੀ ਪਰ ਉਹਨਾਂ ਦਾ ਪਿੰਡ ਅਜੇ ਜਾਗਰੀਦਾਰੀ ਦੇ ਜੂਲੇ ਹੇਠ ਹੀ ਸੀ। ਮੁਜ਼ਾਰੇ ਕਿਸਾਨ ਜਾਗੀਰਦਾਰਾਂ ਦੀ ਜ਼ਮੀਨ ਵਟਾਈ ਉਤੇ ਵਾਹੁੰਦੇ ਸਨ। ਜਦ ਖੇਤਾਂ ਵਿਚ ਕੰਮ ਕਰ ਕੇ ਕਿਸਾਨ ਮਰਦ ਤੇ ਇਸਤਰੀਆਂ ਸ਼ਾਮ ਨੂੰ ਵਾਪਿਸ ਘਰ ਆਉਂਦੇ ਸਨ ਤਾਂ ਪਿੰਡ ਦੀ ਸੱਥ ਵਿਚ ਜਾਗਰੀਦਾਰ ਦੇ ਕਰਿੰਦੇ ਉਹਨਾਂ ਦੀਆਂ ਹਰੇ ਦੀਆਂ ਭਰੀਆਂ ਤੇ ਭਾਂਡਿਆਂ-ਟੀਂਡਿਆਂ ਆਦਿ ਦੀ ਫਰੋਲਾ-ਫਰਾਲੀ ਕਰਿਆ ਕਰਦੇ ਸਨ। ਇਸ ਨੂੰ ਜਾਗੀਰਦਾਰੀ ਭਾਸ਼ਾ ਵਿਚ ਤਲਾਸ਼ੀ ਕਰਨਾ ਆਖਦੇ ਸਨ। ਤਲਾਸ਼ੀ ਇਸ ਲਈ ਕਿ ਕਿਤੇ ਕੋਈ ਖੇਤੋਂ ਕਿਸੇ ਨੇ ਚਰ੍ਹੀ ਦੀ ਭਰੀ ਜਾਂ ਪਤੀਲੇ, ਗੜਵੇ, ਘੜੇ ਆਦਿ ਵਿਚ ਕੋਈ ਚੀਜ਼ (ਕਪਾਹ ਦਾ ਰੁੱਗ, ਗੰਨੇ ਦੀ ਪੋਰੀ, ਛੱਲੀ, ਕੱਦੂ, ਤੋਰੀ ਆਦਿ) ਨਾ ਛੁਪਾ ਲਿਆਇਆ ਹੋਵੇ। ਜੇ ਕੋਈ ਅਜਿਹਾ ਕਰਦਾ ਫੜਿਆ ਜਾਂਦਾ ਤਾਂ ਉਸ ਦੀ ਪੂਰੀ ਲਾਹ-ਪਾਹ ਕੀਤੀ ਜਾਂਦੀ ਤੇ ਕਈ ਵਾਰ ਜੁਰਮਾਨੇ ਵਜੋਂ ਮੁਜ਼ਾਰੇ ਕਿਸਾਨ ਦੀ ਜਿਣਸ ਦੇ ਹਿੱਸੇ ਵਿਚੋਂ ਕਟੌਤੀ ਵੀ ਕਰ ਲਈ ਜਾਂਦੀ। ਔਲਖ ਵਰਗੇ ਪਿੰਡ ਦੇ ਜਵਾਕ ਦੂਰ ਖੜ੍ਹੇ ਇਹੋ-ਜਿਹੀਆਂ ਝਾਕੀਆਂ ਨਿੱਤ ਹੀ ਵੇਖਦੇ।

ਇੱਕ ਦਿਨ ਅਚਾਨਕ ਔਲਖ ਕੀ ਵੇਖਦਾ ਹੈ ਕਿ ਜਾਗੀਰਦਾਰ ਦਾ ਕਰਿੰਦਾ ਇੱਕ ਕਿਸਾਨ ਔਰਤ ਨੂੰ ਉੱਚੀ-ਉੱਚੀ ਕੁਝ ਬੁਰਾ-ਭਲਾ ਕਹਿੰਦਾ ਹੋਇਆ ਝਿੜਕਾਂ ਤੇ ਲਾਹਣਤਾਂ ਪਾ ਰਿਹਾ ਹੈ। ਔਰਤ ਵੀ ਕੁਝ ਬੋਲ ਰਹੀ ਹੈ ਪਰ ਬਹੁਤਾ ਉੱਚਾ ਨਹੀਂ। ਇਹ ਔਲਖ ਦੀ ਮਾਂ ਸੀ। ਕਰਿੰਦੇ ਅਤੇ ਮਾਂ ਦੁਆਲੇ ਭੀੜ ਜਿਹੀ ਇਕੱਠੀ ਹੋ ਜਾਂਦੀ ਹੈ। ਭੀੜ 'ਕੱਠੀ ਹੋਣ 'ਤੇ ਮਾਂ ਦੀ ਆਵਾਜ਼ ਪਹਿਲਾਂ ਨਾਲੋਂ ਕੁਝ ਹੋਰ ਵਧੇਰੇ ਕਰੜੀ ਤੇ ਗੁਸੈਲੀ ਹੋ ਜਾਂਦੀ ਹੈ। ਕਰਿੰਦੇ ਦੀਆਂ ਪਾਈਆਂ ਝਾੜਾਂ ਦਾ ਗੁੱਸੇ ਵਿਚ ਜਵਾਬ ਦਿੰਦੀ ਕਹਿ ਰਹੀ ਹੈ, "ਕੀ ਹੋ ਗਿਆ ਕੰਜਰਾ! ਜਾਏ-ਖਾਣੇ ਦੀ ਇੱਕ ਛੱਲੀ ਈ ਤਾਂ ਸੀ? ਤੜਕੇ ਘਰੋਂ ਤੁਰਨ ਵੇਲੇ ਜੁਆਕ ਨੇ ਕਹਿ'ਤਾ ਸੀ ਬਈ 'ਬੇਬੇ ਮੇਰਾ ਭੁੰਨੀ ਹੋਈ ਛੱਲੀ ਖਾਣ ਨੂੰ ਜੀਅ ਕਰਦੈ', ਤਾਂ ਲੈ ਆਈ ਸੀ ਖੇਤੋਂ। ਲੈ ਤੂੰ ਰੱਖ ਲੈ ਇਹ! ਭਰ ਦੇ ਆਵਦੇ ਸਰਦਾਰ ਦੇ ਕਾਕਿਆਂ ਦੇ ਢਿੱਡ! ਸਾਡੇ ਜੁਆਕ ਤਾਂ ਨੰਗੇ-ਭੁੱਖੇ ਵੀ ਕੱਟ ਲੈਣਗੇ ਕਿਵੇਂ ਨਾ ਕਿਵੇਂ!" ਤੇ ਇਹ ਕਹਿ ਕੇ ਮਾਂ ਭੀੜ ਵਿਚੋਂ ਬਾਹਰ ਨਿਕਲਦੀ ਘਰ ਵੱਲ ਤੁਰ ਪੈਂਦੀ ਹੈ।

### ਖ਼ਾਮੋਸ਼ ਰਹਿਣ ਵਾਲੀ ਮਾਂ ਨਾਟਕਾਂ ਵਿਚ ਬੋਲਣ ਲੱਗੀ

ਪਰਿਵਾਰਕ ਹਾਲਾਤ ਦਾ ਲੇਖਕ ਦੀ ਰਚਨਾ 'ਤੇ ਵੀ ਅਸਰ ਪੈਂਦਾ ਹੈ। ਬੇਸ਼ੱਕ ਮਾਂ ਸਦਾ ਧੀਮੀ ਆਵਾਜ਼ ਵਿਚ ਆਪਣਾ ਦੁੱਖ, ਗੁੱਸਾ ਜਾਂ ਨਾਰਾਜ਼ਗੀ ਜ਼ਾਹਿਰ ਕਰਦੀ ਸੀ ਪਰ ਮਾਂ ਦਾ 'ਚੁੱਪ-ਗੁੱਸਾ' ਬਚਪਨ ਤੋਂ ਹੀ ਔਲਖ ਅੰਦਰ, ਬੇਇਨਸਾਫ਼ੀ ਦੇ ਖ਼ਿਲਾਫ਼ ਰਿੱਝਣ ਲੱਗਾ ਸੀ। ਮਾਂ ਦਾ ਉਹ ਨਿੱਤ ਦਾ 'ਖ਼ਾਮੋਸ਼ ਗੁੱਸਾ' ਪਲਟਵੇਂ ਰੂਪ ਵਿਚ ਉਹਦੇ ਨਾਟਕਾਂ ਵਿਚ ਪੇਸ਼ ਹੋਣ ਵਾਲੀ ਮਾਂ ਦੇ ਮੂੰਹ ਚੜ੍ਹ ਕੇ ਬੋਲਦਾ ਸੁਣਾਈ ਦੇਣ ਲੱਗਾ। ਔਲਖ ਦੀ ਮਾਂ ਨੂੰ ਬਹੁਤਾ ਗੁੱਸਾ ਆਪਣੇ ਘਰਵਾਲੇ 'ਤੇ ਹੁੰਦਾ ਸੀ ਜਿਸ ਦੇ ਘਾਟੇ-ਵੰਦੇ ਫ਼ੈਸਲੇ ਤੇ ਸੌਦੇ ਪਰਿਵਾਰ ਲਈ ਸਦਾ ਨੁਕਸਾਨ-ਦੇਹ ਹੁੰਦੇ ਪਰ ਉਹ ਉਭਾਸਰ ਕੇ ਨਾ ਬੋਲ ਸਕਦੀ। 'ਬਗਾਨੇ ਬੋਹੜ ਦੀ ਛਾਂ' ਦੀ ਆਰਥਿਕ ਤੰਗੀਆਂ ਦੀ ਸਤਾਈ ਕਿਸਾਨ ਗੁਰਨਾਮੋ ਅਸਲ ਵਿਚ ਔਲਖ ਦੀ ਮਾਂ ਹੀ ਹੈ ਜਿਸ ਦੇ ਬੋਲ ਪਤੀ 'ਤੇ ਕੱਢੀ ਜਾਣ ਵਾਲੀ ਭੜਾਸ ਦਾ ਹੀ ਉਗਰ ਰੂਪ ਹਨ, "ਦੀਂਹਦਾ ਹੁੰਦਾ ਤਾਂ ਫੇਰ ਆਹ ਹਾਲ ਹੁੰਦਾ ਇਸ ਘਰ ਦਾ? ਇਸ ਜੱਟ ਦੇ ਕੁਚੱਜੇ ਕੰਮਾਂ ਨੇ ਅਸੀਂ ਤਾਂ ਖੁੰਘਲ ਕਰ ਕੇ ਰਖ 'ਤੇ!"

ਤੇ ਘਰ ਦੀ ਜ਼ਮੀਨ ਦੇ ਦੋ ਕਿੱਲੇ ਖੁਰਦ-ਬੁਰਦ ਕਰਨ ਦਾ ਉਸਨੂੰ ਮਿਹਣਾ ਮਾਰਦੀ ਅੱਗੇ ਆਖਦੀ ਹੈ: "ਚੰਗਾ, ਰਹਿੰਦੇ ਵੀ ਰੱਖਦੇ! ਕਸਰ ਨਾ ਛੱਡੀਂ! ਤੂੰ ਜੱਟਾ ਮੇਰੇ ਪੁੱਤਾਂ ਨੂੰ ਮੰਗਤਾ ਬਣਾ ਕੇ ਠੂਠਾ ਫੜਾਉਣੈਂ, ਫੜਾ-ਦੀਂ! ਤੇਰੇ ਚਾਅ ਨਾ ਦਿਲ ਵਿਚ ਰਹਿ ਜਾਣ ਕਿਤੇ!"

**ਮੁਜ਼ਾਰੇ ਕਿਸਾਨ ਜਾਗੀਰਦਾਰਾਂ ਦੀ ਜ਼ਮੀਨ ਵਟਾਈ ਉਤੇ ਵਾਹੁੰਦੇ ਸਨ। ਜਦ ਖੇਤਾਂ ਵਿਚ ਕੰਮ ਕਰ ਕੇ ਕਿਸਾਨ ਮਰਦ ਤੇ ਇਸਤਰੀਆਂ ਸ਼ਾਮ ਨੂੰ ਵਾਪਿਸ ਘਰ ਆਉਂਦੇ ਸਨ ਤਾਂ ਪਿੰਡ ਦੀ ਸੱਥ ਵਿਚ ਜਾਗਰੀਦਾਰ ਦੇ ਕਰਿੰਦੇ ਉਹਨਾਂ ਦੀਆਂ ਹਰੇ ਦੀਆਂ ਭਰੀਆਂ ਤੇ ਭਾਂਡਿਆਂ-ਟੀਂਡਿਆਂ ਆਦਿ ਦੀ ਫਰੋਲਾ-ਫਰਾਲੀ ਕਰਿਆ ਕਰਦੇ ਸਨ। ਇਸ ਨੂੰ ਜਾਗੀਰਦਾਰੀ ਭਾਸ਼ਾ ਵਿਚ ਤਲਾਸ਼ੀ ਕਰਨਾ ਆਖਦੇ ਸਨ। ਤਲਾਸ਼ੀ ਇਸ ਲਈ ਕਿ ਕਿਤੇ ਕੋਈ ਖੇਤੋਂ ਕਿਸੇ ਨੇ ਚਰ੍ਹੀ ਦੀ ਭਰੀ ਜਾਂ ਪਤੀਲੇ, ਗੜਵੇ, ਘੜੇ ਆਦਿ ਵਿਚ ਕੋਈ ਚੀਜ਼ (ਕਪਾਹ ਦਾ ਰੁੱਗ, ਗੰਨੇ ਦੀ ਪੋਰੀ, ਛੱਲੀ, ਕੱਦੂ, ਤੋਰੀ ਆਦਿ) ਨਾ ਛੁਪਾ ਲਿਆਇਆ ਹੋਵੇ। ਜੇ ਕੋਈ ਅਜਿਹਾ ਕਰਦਾ ਫੜਿਆ ਜਾਂਦਾ ਤਾਂ ਉਸ ਦੀ ਪੂਰੀ ਲਾਹ-ਪਾਹ ਕੀਤੀ ਜਾਂਦੀ ਤੇ ਕਈ ਵਾਰ ਜੁਰਮਾਨੇ ਵਜੋਂ ਮੁਜ਼ਾਰੇ ਕਿਸਾਨ ਦੀ ਜਿਣਸ ਦੇ ਹਿੱਸੇ ਵਿਚੋਂ ਕਟੌਤੀ ਵੀ ਕਰ ਲਈ ਜਾਂਦੀ।**

ਆਰਥਿਕ ਤੰਗੀਆਂ ਦੀਆਂ ਘੁੰਮਣ-ਘੇਰੀਆਂ ਵਿਚ ਪਈ, ਛੱਤ ਵੱਲ ਵਿੰਹਦੀ ਮਾਂ ਦੇ ਮੂੰਹੋਂ ਆਪ-ਮੁਹਾਰੇ ਹੀ ਨਿਕਲ ਜਾਂਦਾ, "ਪਤਾ ਨੀ ਬਦਲੇ ਲੈਣਾ ਰੱਬ ਕਿੱਦੇਂ ਸਾਡੇ ਵੱਲ ਸਵੱਲੀ ਅੱਖ ਨਾਲ ਝਾਕੂ? ਦਿਨ-ਬ-ਦਿਨ ਹੇਠਾਂ-ਈ-ਹੇਠਾਂ ਖਿੱਚੀਂ ਤੁਰਿਆਂ ਜਾਂਦੈ!"

ਮਾਂ ਅੰਦਰ ਖਿਝ ਤੇ ਗੁੱਸਾ ਤਾਂ ਜ਼ਰੂਰ ਸੀ ਪਰ ਇਹ ਕਦੀ ਕਦੀ ਖਾਸ ਹਾਲਤਾਂ ਵਿਚ ਖਾਸ ਬੰਦਿਆਂ 'ਤੇ ਹੀ ਨਿਕਲਦਾ। ਇੱਕ ਵਾਰ ਪਿੰਡ ਦਾ ਸੇਠ ਜੇਠੂ ਰਾਮ ਜਦ ਸਾਡੇ ਘਰ ਆਪਣੇ ਪੈਸੇ ਵਸੂਲਣ ਆਇਆ ਤਾਂ ਮਾਂ ਉਸ ਦੇ ਵਧੇ ਢਿੱਡ ਉਤੇ ਵਿਅੰਗ ਕਰਦੀ ਹੋਈ ਕਹਿਣ ਲੱਗੀ, "ਬਸ ਕਰ ਵੇ ਜੇਠੂ ਰਾਮਾ! ਬਥੇਰਾ ਪੀ ਲਿਆ ਤੂੰ ਜੱਟਾਂ ਦਾ ਖੂਨ! ਆਵਦੀ ਗੋਗੜ 'ਤੇ ਵੀ ਕੁਸ਼ ਤਰਸ ਕਰ! ਹੋਰ ਨਾ ਫਟ ਕੇ ਕਿਤੇ ਸਾਡੇ ਵਿਹੜੇ ਵਿਚੇ ਲਹੂ ਦਾ ਛੱਪੜ ਲਾ-ਦੇਂ!" ਚਲਾਕ ਸੇਠ ਗੁੱਸਾ ਕਰਨ ਦੀ ਥਾਂ ਆਪਣੀ ਸੇਠਾਂ ਵਾਲੀ ਬੇਸ਼ਰਮੀ ਭਰੀ 'ਹੀਂ ਹੀਂ ਹੀਂ' ਕਰਨ ਲੱਗ ਪਿਆ ਪਰ ਜਦੋਂ ਉਹ ਘਰੋਂ ਬਾਹਰ ਹੋਇਆ ਤਾਂ ਮਾਂ ਨੇ ਉਹ ਡਾਇਲਾਗ ਬੋਲਿਆ ਜਿਹੜਾ ਮੈਂ ਆਪਣੇ ਨਾਟਕ 'ਬਗਾਨੇ ਬੋਹੜ ਦੀ ਛਾਂ' ਵਿਚ ਸੇਠ ਜੇਠੂ ਰਾਮ ਨੂੰ ਕਾਂਸ਼ੀ ਰਾਮ ਦੇ ਰੂਪ ਵਿਚ ਚਿਤਰਦਿਆਂ ਉਸ ਬਾਰੇ ਅੱਕੀ ਤੇ ਖਿਝੀ ਗੁਰਨਾਮੋ ਦੇ ਮੂੰਹ ਵਿਚ ਇਸ ਤਰ੍ਹਾਂ ਪਾਇਆ ਹੈ: "ਸਾਡਾ ਤਾਂ ਸਾਰੀ ਉਮਰ ਇਸ ਟੁੱਟ-ਪੈਣੇ ਕਾਂਸ਼ੀ ਨੇ ਈ ਨੀ ਖਹਿੜਾ ਛੱਡਿਆ! ਮਰੇ-ਪੁੱਤਾਂ ਵਾਲਾ ਕੰਧਾਂ ਖਾ ਗਿਆ ਘਰ ਦੀਆਂ!"

ਮਾਂ ਅੰਦਰ ਆਰਥਿਕ ਲੁੱਟ-ਖਸੁੱਟ ਵਿਰੁਧ ਗੁੱਸਾ ਤੇ ਖਿਝ ਤਾਂ ਬਹੁਤ ਸੀ ਪਰ ਚੇਤਨਤਾ ਦੀ ਘਾਟ ਸਦਕਾ ਇਹ ਖਿਝ ਤੇ ਗੁੱਸਾ ਉਲਟਾ ਉਸ ਦੀ ਦੇਹ ਨੂੰ ਹੀ ਘੁਣ ਬਣ ਕੇ ਖਾਈ ਜਾ ਰਿਹਾ ਸੀ। ਸਵਰਗਵਾਸੀ ਕਾਮਰੇਡ ਹਾਕਮ ਸਿੰਘ ਸਮਾਉਂ ਜਿਹੜਾ ਪੰਜਾਬ ਵਿਚਲੀ ਨਕਸਲੀ ਲਹਿਰ ਦਾ ਚਰਚਿਤ ਨੇਤਾ ਸੀ, ਔਲਖ ਦਾ ਸਕੂਲ ਵੇਲੇ ਦਾ ਦੋਸਤ ਸੀ। ਚਾਹਲ ਗੋਤ ਦਾ ਹੋਣ ਕਾਰਨ ਉਹ ਉਹਦੀ ਮਾਂ ਨੂੰ ਭੂਆ ਕਹਿ ਕੇ ਬੁਲਾਉਂਦਾ ਹੁੰਦਾ ਸੀ। ਉਹਨਾਂ ਦੇ ਘਰ ਨਾਲ ਔਲਖ ਹੁਰਾਂ ਦੇ ਘਰ ਦਾ ਰਿਸ਼ਤੇਦਾਰੀ ਵਰਗਾ ਵਰਤ-ਵਰਤਾਰਾ ਸੀ। ਨਕਸਲੀ ਲਹਿਰ ਵੇਲੇ ਆਪਣੇ ਅੰਡਰ-ਗਰਾਊਂਡ ਵੇਲੇ ਉਹ ਕਦੇ-ਕਦੇ ਮਾਂ ਨੂੰ ਵੀ ਮਿਲਣ ਆ ਜਾਂਦਾ ਸੀ। ਮਾਂ ਉਸ ਨੂੰ ਘਰ ਆਏ ਨੂੰ ਇਸ ਤਰ੍ਹਾਂ ਸਵਾਲ ਕਰਦੀ ਜਿਵੇਂ ਉਸ ਨੂੰ ਨਕਸਲੀਆਂ ਵੱਲੋਂ ਲਿਆਉਣ ਵਾਲੇ ਇਨਕਲਾਬ ਦੇ ਛੇਤੀ ਨਾ ਆਉਣ ਉਤੇ ਬਹੁਤ ਗੁੱਸਾ ਹੋਵੇ। ਇੱਕ ਵਾਰ ਉਸ ਨੇ ਹਾਕਮ ਨੂੰ ਪੁਛਿਆ, "ਵੇ ਹਾਕਮਾ! ਥੋਡਾ ਇਹ ਐਨਕਲਾਬ-ਜਿਆ ਕਦ-ਕੁ ਆਊ? ਕਿ ਐਵੇਂ ਈ ਝੋਲਿਆਂ ਵਿਚ ਡ.ਲੇ ਜਿਹੇ ਪਾਈਂ ਫਿਰਦੇ ਓਂ?" ਡਲੇ ਉਹ ਝੋਲਿਆਂ ਵਿਚ ਪਾਏ ਬੰਬ ਨੂੰ ਆਖਦੀ ਸੀ।

ਇੱਕ ਵਾਰ ਔਲਖ ਵਾਸਤੇ ਸਕੂਲ ਦੀ ਫ਼ੀਸ ਤਾਰਨ ਵਾਸਤੇ ਮਾਂ ਪਿੰਡ ਸੀ ਸ਼ਾਹਣੀ ਕੋਲੋਂ ਦਸ ਰੁਪਏ ਉਧਾਰ ਲੈ ਕੇ ਆਈ। ਸ਼ਾਹਣੀ ਨੇ ਪੈਸੇ ਤਾਂ ਦੇ ਦਿੱਤੇ ਪਰ ਪਿਛਲਾ ਉਧਾਰ ਨਾ ਮੋੜਨ ਕਰ ਕੇ ਸ਼ਰਮਿੰਦਾ ਵੀ ਕੀਤਾ। ਘਰ ਵੜਦੀ ਮਾਂ ਦੀ 'ਬੁੜ-ਬੁੜ' ਸੁਣ ਕੇ ਔਲਖ ਦੇ ਬਾਲ-ਮਨ 'ਤੇ ਬੜੀ ਸੱਟ ਵੱਜੀ, ਉਹ ਸੋਚਣ ਲੱਗਾ, "ਅਸੀਂ ਇਤਨੇ ਗਰੀਬ ਕਿਉਂ ਹਾਂ? ਸਾਡੇ ਘਰ ਮੈਨੂੰ ਪੜ੍ਹਾਉਣ ਲਈ ਪੈਸੇ ਕਿਉਂ ਨਹੀਂ। ਮਾਂ ਦੀ ਇਹ ਬੁੜ-ਬੁੜ ਮੈਂ ਆਪਣੇ ਲਘੂ ਨਾਟਕ 'ਤ੍ਰੇੜਾਂ' ਵਿਚ ਹੂ-ਬ-ਹੂ ਪਾਈ ਹੈ।"

ਅਜਮੇਰ ਔਲਖ ਦੀ ਮਾਂ ਉਹਦੇ ਅਨੇਕਾਂ ਔਰਤ-ਪਾਤਰਾਂ ਦੇ ਪਿਛੋਕੜ ਵਿਚ ਖਲੋਤੀ ਤੇ ਬੋਲਦੀ ਨਜ਼ਰ ਆਉਂਦੀ ਹੈ। ਮਾਂ ਵੀ ਇਨਕਲਾਬੀ ਤਬਦੀਲੀ ਚਾਹੁੰਦੀ ਸੀ ਤੇ ਔਲਖ ਅੰਦਰ ਵੀ ਲਗਾਤਾਰ ਬੋਲਦੀ ਰਹਿੰਦੀ ਸੀ। ਔਲਖ ਨੇ ਨਾਟਕਾਂ ਵਿਚਲੀ 'ਮਾਂ' ਦੇ ਰੋਹ ਨੂੰ ਕਲਾਤਮਕ ਸ਼ਕਲ ਵਿਚ ਢਾਲ਼ ਕੇ ਦਰਸ਼ਕਾਂ ਅੰਦਰ ਚੇਤਨਤਾ ਦੀ ਜਾਗ ਲਾ ਦਿੱਤੀ ਸੀ। ਆਪਣੀ ਮਾਂ ਦੀ ਇਨਕਲਾਬ ਲਈ ਤਾਂਘ ਨੂੰ ਸਰਬ-ਵਿਆਪਕ ਬਣਾ ਦਿੱਤਾ ਸੀ। ਉਹ ਆਪਣੇ ਨਾਟਕਾਂ ਵਿਚ ਆਪਣੀ ਮਾਂ ਦੇ ਦੁੱਖ, ਤੰਗੀ ਤੇ ਰੋਹ ਦਾ ਹੀ ਨਕਾਸ ਕਰ ਰਿਹਾ ਸੀ।

ਔਲਖ ਨੇ ਠੀਕ ਕਿਹਾ ਸੀ: ਅੱਜ ਵੀ ਕਿੰਨੀਆਂ ਅਜਿਹੀਆਂ ਮਾਵਾਂ ਨੇ ਜੋ ਤੰਗੀਆਂ ਭੋਗਦੀਆਂ ਕਿਸੇ ਇਨਕਲਾਬ ਨੂੰ ਉਡੀਕ ਰਹੀਆਂ ਨੇ। ਕਦੋਂ ਆਊ ਉਹ ਇਨਕਲਾਬ ਜਦੋਂ ਸਾਡੀਆਂ ਮਾਵਾਂ ਇਸ ਦੁੱਖ ਤੋਂ ਮੁਕਤ ਹੋਣਗੀਆਂ?

### ਜੰਗੀਰ ਨੇ ਬੁਖ਼ਾਰ ਨੂੰ ਤੇ ਔਲਖ ਨੇ ਕੈਂਸਰ ਨੂੰ 'ਵਾਹਣੀਂ ਪਾਈ ਰੱਖਿਆ'

ਏਥੇ ਹੀ ਮੈਨੂੰ ਅਜਮੇਰ ਔਲਖ ਦੀ ਭੂਆ ਦਾ ਪੁੱਤ ਜੰਗੀਰ ਚੇਤੇ ਆ ਰਿਹਾ ਹੈ ਜਿਹੜਾ ਹਾਲਾਤ ਦੀ ਵਿਡੰਬਨਾ ਕਾਰਨ ਔਲਖ ਹੁਰਾਂ ਕੋਲ ਹੀ 'ਘਰ ਦਾ ਜੀਅ' ਬਣ ਕੇ ਸਾਰੀ ਉਮਰ ਉਹਨਾਂ ਦੇ ਘਰ ਹੀ ਰਿਹਾ। ਉਹਨਾਂ ਦੇ ਘਰ ਤੇ ਖੇਤਾਂ ਨੂੰ 'ਆਪਣਾ' ਸਮਝ ਕੇ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ। ਉਹਦੇ ਬਾਰੇ ਔਲਖ ਲਿਖਦਾ ਹੈ- 'ਸਿਰ ਦਰਦ, ਨਿੱਕੇ-ਮੋਟੇ ਬੁਖ਼ਾਰ ਆਦਿ ਨੂੰ ਤਾਂ ਉਹ ਬਿਮਾਰੀ ਹੀ ਨਹੀਂ ਸੀ ਸਮਝਦਾ। ਜੇ ਕਦੇ ਇਸ ਤਰ੍ਹਾਂ ਦੀ ਕੋਈ ਮਰਜ਼ ਉਸ ਨੂੰ ਹੋ ਵੀ ਜਾਣੀ ਤਾਂ ਇਸ ਨੂੰ ਠੀਕ ਕਰਨ ਦੇ ਉਸ ਕੋਲ ਆਪਣੇ ਹੀ ਢੰਗ-ਤਰੀਕੇ ਸਨ। ਇੱਕ ਵਾਰ ਦੀ ਗੱਲ ਹੈ ਕਿ ਹਾੜ੍ਹ ਦੀ ਰੁੱਤੇ ਉਹ ਖੇਤ ਵਿਚ ਹਲ ਵਾਹ ਰਿਹਾ ਸੀ। ਮੈਂ ਲਾਗੇ ਹੀ ਡੰਗਰ ਚਾਰ ਰਿਹਾ ਸੀ। ਉਸ ਨੂੰ ਬਹੁਤ ਤੇਜ਼ ਬੁਖਾਰ ਚੜ੍ਹ ਆਇਆ। ਖਾਸਾ ਚਿਰ ਤਾਂ ਉਸ ਨੇ ਇਸ ਨੂੰ ਗੌਲਿਆ ਹੀ ਨਾ ਪਰ ਜਦੋਂ ਬੁਖ਼ਾਰ ਬਹੁਤਾ ਹੀ ਉੱਤੋਂ ਦੀ ਪੈਣ ਲੱਗਾ ਤਾਂ ਉਹ ਮੈਨੂੰ ਕੋਲ ਬੁਲਾ ਕੇ ਕਹਿਣ ਲੱਗਾ, 'ਓਇ 'ਜਮੇਰ, ਮੇਰੇ ਨਾਲ ਤਾਂ ਤਾਪ ਨੇ ਲੈ ਲਿਆ ਪੰਗਾ! ਤੂੰ ਐਇੰ ਕਰ, ਆਹ ਬਲਦ ਤਾਂ ਰਲਾ ਲੈ ਆਪਣੇ ਦੂਜੇ ਪਸ਼ੂਆਂ ਵਿਚ, ਮੈਂ ਚਾੜ੍ਹਦੈਂ ਇਸ ਵੱਡੇ ਪਹਿਲਵਾਨ ਨੂੰ ਰਗੜਾ!' ਕਹਿ ਕੇ ਉਸ ਨੇ ਬਲਦਾਂ ਦੇ ਗਲੋਂ ਪੰਜਾਲੀ ਲਾਹ ਕੇ ਮੇਰੇ ਮੂਹਰੇ ਲਾ ਦਿੱਤੇ ਤੇ ਆਪ ਡਲਿਆਂ ਉੱਤੇ ਲਿਟ-ਲਿਟ ਇਧਰ-ਉਧਰ ਪਾਸੇ ਮਾਰਨ ਲੱਗਾ। ਡਲ਼ਿਆਂ ਉੱਤੇ ਇਸ ਤਰ੍ਹਾਂ ਜ਼ੋਰ ਲਾ-ਲਾ ਪਾਸੇ ਮਾਰ ਰਿਹਾ ਸੀ ਜਿਵੇਂ ਕਿਸੇ ਤਗੜੇ ਪਹਿਲਵਾਨ ਨਾਲ ਸ਼ਰਤ ਲਾ ਕੇ ਘੋਲ ਕਰ ਰਿਹਾ ਹੋਵੇ। ਤੇ ਸੱਚਮੁੱਚ ਘੰਟੇ-ਡੇਢ ਘੰਟੇ ਬਾਅਦ ਉਸ ਨੇ ਬੁਖ਼ਾਰ ਨੂੰ ਰਗੜਾ ਚਾੜ੍ਹ ਕੇ ਉਸ ਉਤੇ ਫ਼ਤਹਿ ਹਾਸਲ ਕਰ ਲਈ ਸੀ।'

ਜੇ ਔਲਖ ਨੇ ਵੀ ਕਈ ਸਾਲ ਕੈਂਸਰ ਨੂੰ ਵੀ 'ਵਾਹਣੀ ਪਾਈ' ਰੱਖਿਆ ਤਾਂ ਸ਼ਾਇਦ ਕਿਧਰੇ ਜੰਗੀਰ ਵੱਲੋਂ 'ਤਾਪ ਨੂੰ ਰਗੜਾ ਚਾੜ੍ਹਨ' ਵਾਲਾ ਬਿਰਤਾਂਤ ਵੀ ਉਹਦੀ ਚੇਤਨਾ ਵਿਚ ਪ੍ਰੇਰਕ ਬਣ ਕੇ ਰਮ-ਵਸ ਗਿਆ ਸੀ।

ਇੰਜ ਬੰਦੇ ਦੇ ਜੀਵਨ ਵਿਚ ਵਾਪਰੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਉਹਦੀ ਸੋਚ ਅਤੇ ਚੇਤਨਾ ਵਿਚ ਸਦੀਵੀ ਵਾਸਾ ਕਰ ਲੈਂਦੀਆਂ ਨੇ ਸਮਾਂ ਆਉਣ 'ਤੇ ਪ੍ਰੇਰਨਾ ਅਤੇ ਉਤਸ਼ਾਹੀ ਹੁਲਾਰਾ ਬਣ ਕੇ ਉਹਦੇ ਜੀਵਨ ਵਿਚ ਵੱਡਾ ਰੋਲ ਅਦਾ ਕਰ ਜਾਂਦੀਆਂ ਹਨ।

ਅਜਮੇਰ ਔਲਖ ਦੇ ਨਾਟਕ ਅਸਲ ਵਿਚ ਉਹਦੇ ਹੱਡੀ ਹੰਢਾਏ ਦੁੱਖਾਂ-ਸੁੱਖਾਂ, ਤੰਗੀਆਂ-ਤੁਰਸ਼ੀਆਂ ਤੇ ਜੱਦੋ-ਜਹਿਦ ਦੀ ਦਾਸਤਾਨ ਹੀ ਤਾਂ

*(ਬਾਕੀ ਅਗਲੇ ਸਫੇ 'ਤੇ)*

ਹਨ। ਉਹਨੇ ਆਪਣੇ ਨਿੱਜੀ ਦੁੱਖ ਅਤੇ ਸੰਘਰਸ਼ ਨੂੰ ਜਨਤਾ ਦੇ ਦੁੱਖ ਅਤੇ ਸੰਘਰਸ਼ ਨਾਲ ਜੋੜ ਲਿਆ। ਉਹਦੀਆਂ ਲਿਖਤਾਂ ਵਿਚ ਨਿਰਸੰਦੇਹ ਉਹਦੀ ਆਪਣੀ ਪੀੜ ਹੁੰਗਦੀ ਹੈ ਪਰ ਇਹਨਾਂ ਲਿਖਤਾਂ ਦੀ ਵਿਸ਼ੇਸ਼ਤਾ ਸੀ ਕਿ ਇਹ ਲੋਕਾਂ ਨੂੰ ਆਪਣੀ ਪੀੜ ਵੀ ਲੱਗਦੀ ਸੀ।

ਔਲਖ ਨੇ ਠੀਕ ਹੀ ਤਾਂ ਲਿਖਿਆ ਸੀ:
ਨਹੀਂ ਦੋਸਤੋ!
ਮੈਂ ਤਾਂ ਆਪਣੇ ਨਾਟਕਾਂ ਵਿਚ
ਆਪਣੇ ਹੀ ਘਰ ਦੀਆਂ ਗੱਲਾਂ ਕੀਤੀਆਂ ਨੇ
ਮਾਂ ਨਾਲ ਹੀ ਮੱਚ ਗਏ
ਉਹਦੇ ਸੁਫਨਿਆਂ ਦੀ ਗੱਲ ਕੀਤੀ ਐ
ਬਾਪੂ ਦੇ ਕਰਜ਼ਿਆਂ ਦੀ ਗੱਲ ਕੀਤੀ ਐ
ਜ਼ਮੀਨੋਂ ਬੇਜ਼ਮੀਨ ਹੋਏ
ਆਪਣੇ ਭਾਈਆਂ ਦੀ ਗੱਲ ਕੀਤੀ ਐ।

## ਤੈਨੂੰ ਤਾਪ ਚੜ੍ਹੇ, ਮੈਂ ਹੂੰਗਾਂ- ਮਨਜੀਤ ਕੌਰ ਔਲਖ

ਵੱਖ-ਵੱਖ ਸ਼ਬਦਾਂ ਵਿਚ ਇਹ ਉਕਤੀ ਅਕਸਰ ਦੁਹਰਾਈ ਜਾਂਦੀ ਹੈ, "ਇੱਕ ਕਾਮਯਾਬ ਮਰਦ ਦੇ ਪਿੱਛੇ ਇੱਕ ਔਰਤ ਦਾ ਹੱਥ ਹੁੰਦਾ ਹੈ।"

ਅਜਮੇਰ ਸਿੰਘ ਔਲਖ ਅਤੇ ਮਨਜੀਤ ਕੌਰ ਔਲਖ ਬਾਰੇ ਗੱਲ ਕਰਦਿਆਂ ਮੈਂ ਇਸ ਕਥਨ ਨੂੰ ਥੋੜਾ ਕੁ ਬਦਲ ਕੇ ਕਹਿਣਾ ਚਾਹੁੰਦਾ ਹਾਂ, "ਅਜਮੇਰ ਸਿੰਘ ਔਲਖ ਦੀ ਕਾਮਯਾਬੀ ਦਾ ਕਾਰਨ ਇਹ ਨਹੀਂ ਕਿ ਉਹਦੇ 'ਪਿੱਛੇ' ਮਨਜੀਤ ਕੌਰ ਔਲਖ ਸੀ ਸਗੋਂ ਉਹਦੀ ਕਾਮਯਾਬੀ ਦਾ ਰਾਜ਼ ਇਹ ਸੀ ਕਿ ਮਨਜੀਤ ਕੌਰ ਔਲਖ ਸਦਾ ਉਹਦੇ 'ਨਾਲ-ਨਾਲ' ਸੀ। ਦੋਵਾਂ ਦੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਤੋਂ ਲੈ ਕੇ ਮਨਜੀਤ ਕੌਰ ਹਰ ਦੁਖ-ਸੁਖ ਵੇਲੇ, ਹਰ ਅਭੀ-ਨਭੀ ਵੇਲੇ ਅਜਮੇਰ ਸਿੰਘ ਔਲਖ ਦੇ ਨਾਲ ਖਲੋਤੀ ਰਹੀ। ਚਟਾਨ ਵਾਂਗ ਡਟ ਕੇ। ਨਾ ਆਪ ਡੋਲੀ, ਨਾ ਉਹਨੂੰ ਡੋਲਣ ਦਿੱਤਾ। ਮਨਜੀਤ ਕੌਰ ਔਲਖ ਨੇ ਅਜਮੇਰ ਸਿੰਘ ਔਲਖ ਦੇ ਜੀਵਨ ਮਿਸ਼ਨ ਨੂੰ ਆਪਣੇ ਜੀਵਨ ਦਾ ਮਿਸ਼ਨ ਬਣਾ ਲਿਆ। ਉਹਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਲੱਗੀ। ਨਾਟਕ ਤੇ ਰੰਗਮੰਚ ਔਲਖ ਦਾ ਇਸ਼ਕ ਸੀ। ਮਨਜੀਤ ਕੌਰ ਵੀ ਓਸੇ ਇਸ਼ਕ ਵਿਚ ਰੰਗੀ ਗਈ। ਉਹਨੇ ਕਲਾਕਾਰ ਬਣ ਕੇ ਨਾਟਕਾਂ ਵਿਚ ਆਪ ਹੀ ਹਿੱਸਾ ਲੈਣਾ ਸ਼ੁਰੂ ਨਹੀਂ ਸੀ ਕੀਤਾ ਸਗੋਂ ਉਸ ਤੋਂ ਪ੍ਰੇਰਨਾ ਤੇ ਹੌਸਲਾ ਲੈ ਕੇ ਉਹਨਾਂ ਦੀਆਂ ਧੀਆਂ ਵੀ ਰੰਗ-ਮੰਚ ਨਾਲ ਜੁੜ ਗਈਆਂ।

ਨਾਟਕਾਂ ਵਿਚ ਕੰਮ ਕਰਨ ਲਈ ਸਦਾ ਔਰਤ ਕਲਾਕਾਰਾਂ ਦੀ ਥੋੜ ਰਹੀ ਹੈ। ਇਹੋ ਕਾਰਨ ਹੈ ਕਿ ਸਾਡੇ ਕੁਝ ਨਾਮਵਰ ਨਾਟਕਕਾਰਾਂ ਦੀਆਂ ਪਤਨੀਆਂ ਨੇ ਇਸ ਘਾਟ ਨੂੰ ਪੂਰਾ ਕਰਨ ਲਈ ਆਪਣੇ ਜੀਵਨ ਸਾਥੀਆਂ ਦੇ ਨਾਟਕਾਂ ਵਿਚ ਔਰਤ ਕਲਾਕਾਰਾਂ ਵਜੋਂ ਹਿੱਸਾ ਲਿਆ। ਪਹਿਲਿਆਂ ਵਿਚ ਡਾ. ਹਰਚਰਨ ਸਿੰਘ ਦੀ ਪਤਨੀ, ਫੇਰ ਗੁਰਸ਼ਰਨ ਸਿੰਘ-ਕੈਲਾਸ਼ ਕੌਰ, ਹਰਪਾਲ ਟਿਵਾਣਾ-ਨੀਨਾ ਟਿਵਾਣਾ, ਦਵਿੰਦਰ ਦਮਨ-ਜਸਵੰਤ ਦਮਨ, ਜਸਪਾਲ ਢਿਲੋਂ-ਇੰਦਰਜੀਤ ਢਿਲੋਂ ਅਜਿਹੀਆਂ ਕਈ ਜੋੜੀਆਂ ਹਨ ਜਿਨ੍ਹਾਂ ਨੇ ਆਪਣੇ ਪਤੀਆਂ ਦਾ ਸਾਥ ਦਿੱਤਾ। ਇਹਨਾਂ ਵਿਚੋਂ ਗੁਰਸ਼ਰਨ ਸਿੰਘ, ਉਹਦੀ ਪਤਨੀ ਕੈਲਾਸ਼ ਕੌਰ ਤੇ ਉਹਦੀਆਂ ਧੀਆਂ ਵਾਂਗ ਹੀ ਅਜਮੇਰ ਸਿੰਘ ਔਲਖ, ਮਨਜੀਤ ਕੌਰ ਔਲਖ, ਸੁਪਨਦੀਪ ਕੌਰ ਚਾਹਲ (ਔਲਖ), ਸੁਹਜਦੀਪ ਤੇ ਅਜਮੀਤ ਕੌਰ ਸਮੇਤ ਪੂਰਾ ਔਲਖ ਪਰਿਵਾਰ ਹੀ ਰੰਗਮੰਚ ਨਾਲ ਜੁੜ ਗਿਆ। ਜਦੋਂ ਗੁਰਸ਼ਰਨ ਸਿੰਘ ਨੇ ਪਿੰਡਾਂ ਵਿਚ ਜਾ ਕੇ ਨਾਟਕ ਖੇਡਣੇ ਸ਼ੁਰੂ ਕੀਤੇ ਤਾਂ ਗੁਰਸ਼ਰਨ ਸਿੰਘ ਦਾ ਪਰਿਵਾਰ ਕੁਝ ਮਜਬੂਰੀਆਂ ਕਾਰਨ ਪੇਂਡੂ ਰੰਗਮੰਚ ਨੂੰ ਲਗਾਤਾਰ ਸਮਰਪਿਤ ਰਹਿਣ ਵਿਚ ਸਫ਼ਲ ਨਾ ਹੋ ਸਕਿਆ ਪਰ ਇਹ ਅਜਮੇਰ ਔਲਖ ਦਾ ਪਰਿਵਾਰ ਹੀ ਹੈ ਜਿਸ ਨੇ ਸਾਰੀ ਉਮਰ ਰੰਗਮੰਚ ਨੂੰ ਸਮਰਪਿਤ ਕਰ ਦਿੱਤੀ। ਰੰਗਮੰਚ ਹੀ ਉਹਨਾਂ ਦਾ 'ਓੜ੍ਹਨਾ-ਵਿਛੌਣਾ' ਹੋ ਗਿਆ। ਇਹ ਸਭ ਕੁਝ ਕਦੀ ਵੀ ਸੰਭਵ ਨਹੀਂ ਸੀ ਹੋ ਸਕਨਾ ਜੇ ਮਨਜੀਤ ਕੌਰ ਔਲਖ, ਅਜਮੇਰ ਸਿੰਘ ਔਲਖ ਦੇ ਮੋਢੇ ਨਾਲ ਮੋਢਾ ਜੋੜ ਕੇ ਨਾ ਖਲੋਂਦੀ।

ਅੱਜ ਵੀ ਉਹ ਅਜਮੇਰ ਸਿੰਘ ਔਲਖ ਦੀ ਲਾਈ ਨਵੀਂ 'ਨਾਟਕੀ-ਪੌਧ' ਨੂੰ ਹੱਲਾਸ਼ੇਰੀ, ਪਿਆਰ ਅਤੇ ਉਤਸ਼ਾਹ ਦਾ ਪਾਣੀ ਦੇ ਰਹੀ ਹੈ। ਗੋਰਕੀ ਦੀ 'ਮਾਂ' ਵਾਂਗ ਉਹ ਗੁਰਸ਼ਰਨ ਸਿੰਘ ਅਤੇ ਅਜਮੇਰ ਔਲਖ ਦੇ ਰਾਹ 'ਤੇ ਤੁਰਨ ਵਾਲੀਆਂ ਨਾਟਕ ਟੋਲੀਆਂ ਦੀ 'ਮਾਂ' ਬਣ ਕੇ ਉਹਨਾਂ ਦੇ ਨਾਲ ਖਲੋਤੀ ਨਜ਼ਰ ਆਉਂਦੀ ਹੈ। ਉਹਨੇ ਅਜਮੇਰ ਸਿੰਘ ਔਲਖ ਵੱਲੋਂ ਜਗਾਈ ਮਸ਼ਾਲ ਬੁਝਣ ਨਹੀਂ ਦਿੱਤੀ।


ਔਲਖ ਨੂੰ ਭਾਵੇਂ ਜੇਲ੍ਹ ਜਾਣਾ ਪਿਆ, ਭਾਵੇਂ ਆਰਥਿਕ ਤੰਗੀਆਂ ਸਹਿਣ ਕਰਨੀਆਂ ਪਈਆਂ ਤੇ ਭਾਵੇਂ ਔਲਖ ਦੇ ਜੀਵਨ ਦੇ ਪਿਛਲੇਰੇ ਸੰਕਟ ਭਰੇ ਦਸ ਸਾਲ ਹੋਣ, ਜਿਵੇਂ ਮਨਜੀਤ ਕੌਰ ਉਹਦੇ ਦੁੱਖਾਂ-ਦਰਦਾਂ ਦੀ ਢਾਲ ਬਣ ਕੇ ਉਹਦੇ ਨਾਲ ਹੀ ਨਹੀਂ ਸਗੋਂ ਉਹਦੇ 'ਅੱਗੇ' ਹੋ ਕੇ ਖਲੋਤੀ, ਇਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਕੈਂਸਰ ਵਰਗੀ ਭਿਆਨਕ ਤੇ ਜਾਨ-ਲੇਵਾ ਬਿਮਾਰੀ ਨਾਲ ਬਿਮਾਰ ਬੰਦਾ ਹੀ ਹਰ ਪਲ ਨਹੀਂ ਮਰਦਾ ਸਗੋਂ ਉਹਦੀ ਦੇਖ-ਭਾਲ ਕਰਨ ਵਾਲੇ ਜੀਅ ਵੀ ਹਰ ਪਲ ਨਾਲ-ਨਾਲ ਮਰਦੇ ਹਨ। ਲਗਭਗ ਪੂਰੇ ਦਸ ਸਾਲ ਬਿਮਾਰੀ ਦੀ ਹਾਲਤ ਵਿਚ ਪਏ ਔਲਖ ਨੂੰ ਸਾਂਭਣਾ-ਸੰਭਾਲਣਾ, ਉਹਦੇ ਇਲਾਜ ਲਈ ਹਸਪਤਾਲਾਂ ਦੇ ਚੱਕਰ ਲਾਉਣੇ, ਸਮੇਂ ਸਿਰ ਦਵਾਈਆਂ ਦੇਣੀਆਂ, ਜਦ ਉਹ ਮੰਜੇ ਤੋਂ ਉੱਠਣ ਜੋਗਾ ਨਾ ਰਿਹਾ ਤਾਂ ਉਹਦੇ ਥੱਕ ਗਏ ਪਾਸੇ ਨੂੰ ਨਿਸ਼ਚਿਤ ਸਮੇਂ ਬਾਅਦ ਵਾਰ-ਵਾਰ ਬਦਲਣਾ, ਮਿਜ਼ਾਜ-ਪੁਰਸ਼ੀ ਲਈ ਆਏ-ਗਏ ਦੀ ਸੇਵਾ-ਪਾਣੀ ਦੀ ਕਰਨਾ ਪਰ ਇਹ ਸਭ ਕੁਝ ਕਰਦਿਆਂ ਕਦੀ ਅੱਕਣਾ-ਥੱਕਣਾ ਨਾ, ਕੋਈ ਸ਼ਿਕਵਾ-ਸ਼ਿਕਾਇਤ ਨਾ ਕਰਨੀ ਸਗੋਂ ਹਾਲਾਤ ਦੇ ਹੱਲੇ ਨੂੰ ਦਿਲ-ਜਿਗਰ ਦੇ ਪੂਰੇ ਤਾਣ ਨਾਲ ਠੱਲ੍ਹੀ ਰੱਖਣਾ- ਇਹ ਸਭ ਮਨਜੀਤ ਔਲਖ ਦੀ ਅਲੋਕਾਰੀ ਸ਼ਖ਼ਸੀਅਤ ਦੀ ਕਰਾਮਾਤ ਹੀ ਸੀ।

ਦੋਵਾਂ ਜੀਆਂ ਨੇ ਇਸ ਭਿਆਨਕ ਦੌਰ ਵਿਚ ਜਿਵੇਂ ਇਸ ਅਸਹਿ ਦੁੱਖ ਦਾ ਮੁਕਾਬਲਾ ਕੀਤਾ, ਇਸ ਬਾਰੇ ਵੱਡੇ ਭਰਾ ਗੁਰਬਚਨ ਸਿੰਘ ਨੇ ਜੋ ਬਿਆਨ ਕੀਤਾ ਹੈ, ਉਸ ਨਾਲੋਂ ਵਧੀਆ ਬਿਆਨ ਕਰ ਸਕਣਾ ਮੇਰੇ ਵੱਸ ਦਾ ਵਿਚ ਨਹੀਂ। ਭੁੱਲਰ ਅਨੁਸਾਰ, "ਉਹਨੇ (ਔਲਖ ਨੇ) ਡਾਕਟਰਾਂ ਨਾਲ ਸਲਾਹ-ਮਸ਼ਵਰਾ ਕਰਨਾ, ਟੈਸਟਾਂ ਤੇ ਰਿਪੋਰਟਾਂ ਬਾਰੇ ਜਾਣਕਾਰੀ ਲੈਣੀ, ਵੇਲੇ-ਸਿਰ ਦਵਾਈਆਂ ਦੇਣੀਆਂ, ਹਾਲ-ਚਾਲ ਪੁੱਛਣ ਵਾਲਿਆਂ ਨਾਲ ਗੱਲ ਕਰਨੀ ਤੇ ਮੁੱਖ ਗੱਲ, ਰੋਗ ਦੀ ਪੀੜ ਨੂੰ ਜ਼ਾਹਿਰ ਕਰੇ ਬਿਨਾ ਬਰਦਾਸ਼ਤ ਕਰਨਾ ਮਨਜੀਤ ਦੇ ਹਿੱਸੇ ਕਰ ਦਿੱਤੇ। ਆਪ ਉਹਨੇ ਕੈਂਸਰ ਨੂੰ ਮਾਮੂਲੀ ਸਿਰ ਦਰਦ ਜਾਂ ਕਣਸ ਦੇ ਬਰਾਬਰ ਦਾ ਦਰਜਾ ਦੇ ਕੇ ਦੂਰ ਪਰੇ ਖੜ੍ਹਾ ਕੀਤਾ ਤੇ ਆਪਣੇ ਅਸਲ ਰੂਪ ਵਿਚ ਆ ਗਿਆ। ਉਹ ਮੇਰੇ ਨਾਲ ਸਾਹਿਤਕਾਰਾਂ ਬਾਰੇ ਜੱਕੜ ਮਾਰਦਾ ਤੇ ਇਥੋਂ ਜਾ ਕੇ ਕਿਹੜੀ ਤਾਰੀਖ਼ ਨੂੰ ਕਿਹੜੇ ਪਿੰਡ ਕਿਹੜਾ ਨਾਟਕ ਖੇਡਣ ਜਾਣਾ ਹੈ, ਇਹ ਵਿਉਂਤਾਂ ਦਸਦਾ। ਉਹ ਨਵੇਂ ਲਿਖਣੇ ਸੋਚੇ ਨਾਟਕ ਦੀ ਰੂਪ-ਰੇਖਾ ਵੀ ਸਾਂਝੀ ਕਰਦਾ। ਹਸਪਤਾਲੋਂ ਘਰ ਪਰਤੇ ਨੂੰ ਮੈਂ ਪੁੱਛਣਾ, "ਕਿਉਂ ਬਈ, ਕੀ ਕਹਿੰਦੇ ਨੇ ਤੇਰੇ ਡਾਕਟਰ?" ਉਹਨੇ ਹੱਸ ਕੇ ਕਹਿਣਾ, "ਇਹ ਗੱਲਾਂ ਮਨਜੀਤ ਨੂੰ ਪੁੱਛੋ, ਮੈਂ ਤਾਂ ਥੋੜੇ ਸਾਹਮਣੇ ਅਹਿ ਟੱਲੀ ਵਰਗਾ ਖੜ੍ਹਾ ਹਾਂ!"

ਭੁੱਲਰ ਨੇ ਅੱਗੇ ਲਿਖਿਆ: 'ਜੇ ਅਜਮੇਰ ਦਾ ਕੈਂਸਰ ਵਰਗੇ ਚੰਦਰੇ ਰੋਗ ਨੂੰ ਆਪਣੇ ਮਨ ਉੱਤੇ ਕਾਬੂ ਨਾ ਹੋਣ ਦੇਣਾ ਬੇਮਿਸਾਲ ਹੈ, ਮਨਜੀਤ ਦਾ ਭੁਰਦੇ ਮਨ ਨਾਲ ਆਪਾ ਸਾਬਤ ਰਖਦਿਆਂ ਉਹਦੇ ਰੋਗ ਦੇ ਇਲਾਜ ਸੰਬੰਧੀ ਕਿਸੇ ਵੀ ਥਕੇਵੇਂ ਜਾਂ ਅਕੇਵੇਂ ਤੋਂ ਬਿਨਾ ਪੂਰੇ ਇੱਕ ਦਹਾਕੇ ਦਾ ਸਿਦਕ-ਸਿਰੜ ਵੀ ਲਾਸਾਨੀ ਹੈ। ਇਹ ਰੋਗੀ ਵਜੋਂ ਅਜਮੇਰ ਦੀਆਂ ਬੇਪਰਵਾਹੀਆਂ ਤੇ ਸੰਭਾਲੂ ਵਜੋਂ ਮਨਜੀਤ ਦੀਆਂ ਪਰਵਾਹਾਂ ਦੇ ਸੁਮੇਲ ਦਾ ਹੀ ਨਤੀਜਾ ਹੈ ਕਿ ਦੋ-ਢਾਈ ਸਾਲਾਂ ਦਾ ਮੁੱਢਲਾ ਅਨੁਮਾਨ ਪੂਰੇ ਇੱਕ ਦਹਾਕੇ ਵਿਚ ਬਦਲ ਗਿਆ।'

ਅਜਮੇਰ ਔਲਖ ਨੂੰ ਯਾਦ ਕਰਦਿਆਂ ਮਨਜੀਤ ਔਲਖ ਦੀ ਭਗਤੀ, ਸਾਧਨਾ, ਪ੍ਰਤੀਬੱਧਤਾ ਤੇ ਕੁਰਬਾਨੀ ਨੂੰ ਨਮਸਕਾਰ ਕੀਤੇ ਬਿਨਾ ਔਲਖ ਬਾਰੇ ਲਿਖੀ ਕੋਈ ਵੀ ਰਚਨਾ ਨਾ-ਮੁਕੰਮਲ ਹੈ।

## ਲੋਕਾਂ ਨੇ 'ਆਪਣੀ' ਧੀ ਦੀ ਮੌਤ ਦਾ ਦੁੱਖ ਕਿਵੇਂ ਮਨਾਇਆ!



ਆਪਣੀ ਲਾਇਬ੍ਰੇਰੀ ਵਿਚ ਅਜਮੇਰ ਸਿੰਘ ਔਲਖ

ਕੁਝ ਸਾਲ ਪਹਿਲਾਂ ਔਲਖ ਦੀ ਪਿਆਰੀ ਧੀ ਸੁਹਜਦੀਪ ਦੀ ਅਣਕਿਆਸੀ ਸਦੀਵੀ ਅਲਵਿਦਾਈ ਸਭ ਨੂੰ ਹਿਲਾ ਕੇ ਰੱਖ ਗਈ। ਜਦੋਂ ਇਹ ਖ਼ਬਰ ਲੋਕਾਂ ਤੱਕ ਪੁੱਜੀ, ਮੈਂ ਉਸ ਵੇਲੇ ਘਨੌਰ ਦੇ ਕਾਲਜ ਵਿਚ ਵਿਦਿਆਰਥੀਆਂ ਨੂੰ ਕਹਿ ਰਿਹਾ ਸਾਂ ਕਿ ਦੁੱਖ ਤੋਂ ਡਰਨਾ ਨਹੀਂ, ਦੁੱਖ ਨਾਲ ਲੜਨਾ ਹੈ। ਦੁੱਖ ਦੀ ਹਿੱਕ 'ਤੇ ਪੈਰ ਰੱਖ ਕੇ ਅੱਗੇ ਲੰਘ ਜਾਣਾ ਹੈ। ਦੁੱਖਾਂ ਤੋਂ ਡਰ ਕੇ ਮਰਨ ਦਾ ਨਹੀਂ ਸੋਚਣਾ ਪਰ ਜਦੋਂ ਮੈਨੂੰ ਸੁਹਜ ਦੀ ਅਜਿਹੀ ਦਰਦਨਾਕ ਮੌਤ ਦਾ ਪਤਾ ਲੱਗਾ ਤਾਂ ਮੇਰੇ ਕਲੇਜੇ ਦਾ ਰੁੱਗ ਭਰਿਆ ਗਿਆ ਤੇ ਸਹਿਵਨ ਹੀ ਮੇਰੇ ਅੰਦਰੋਂ ਆਵਾਜ਼ ਉੱਠੀ, 'ਵਰਿਆਮ ਸਿਹਾਂ! ਜੇ ਅਜਮੇਰ ਔਲਖ ਦੀ ਧੀ ਜਿਸ ਦੀ ਪਰਵਰਿਸ਼ ਹੀ ਸੰਘਰਸ਼ਾਂ ਵਿਚ ਹੋਈ, ਜਿਹਨੇ ਜ਼ਿੰਦਗੀ ਦੇ ਜੰਗ-ਯੁੱਧ ਲੜਨ ਵਾਲੇ ਸੂਰਮੇ ਮਾਂ-ਬਾਪ ਨਾਲ ਸਾਰੀ ਜ਼ਿੰਦਗੀ ਜੀਵਿਆ, ਵਿਚਰਿਆ ਤੇ ਸਿੱਖਿਆ ਹੈ, ਜੇ ਉਹ ਵੀ ਇਹ ਕੁਝ ਕਰ ਸਕਦੀ ਹੈ ਤਾਂ ਫੇਰ ਕਿਸੇ ਦਿਨ ਤੂੰ ਵੀ ਅਜਿਹਾ ਕਰ ਸਕਦਾ ਏਂ!' ਪਰ ਇਸੇ ਵੇਲੇ ਜਿਵੇਂ ਅਜਮੇਰ ਔਲਖ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਿਹਾ ਹੋਵੇ, "ਇਹ ਤਾਂ ਕਮਲੀ ਕੁੜੀ ਪਤਾ ਨਹੀਂ ਕਿਉਂ ਇੰਵ ਕਰ ਗਈ, ਇਹਨੂੰ ਤਾਂ ਮੈਂ ਸਦਾ ਲੜਨ ਦੀ ਜਾਚ ਦੱਸੀ ਸੀ। ਮੈਂ ਆਪ ਸਾਰੀ ਜ਼ਿੰਦਗੀ ਦੁੱਖਾਂ ਨਾਲ ਲੜਿਆਂ, ਭੁੱਖਾਂ ਨਾਲ ਲੜਿਆਂ, ਬੇਇਨਸਾਫ਼ੀ ਖ਼ਿਲਾਫ਼ ਲੜਿਆਂ। ਉਹਨੇ ਤਾਂ ਮੇਰਾ ਇਹ ਸੰਘਰਸ਼ ਅੱਖੀਂ ਵੇਖਿਆ ਵੀ ਤੇ ਤਨ-ਮਨ 'ਤੇ ਹੰਢਾਇਆ ਵੀ ਸੀ। ਉਹਨੇ ਇਹ ਵੀ ਵੇਖਿਆ ਕਿ ਦਸ ਸਾਲ ਕਿਵੇਂ ਮੈਂ ਮੌਤ ਦੀ ਧੌਣ ਮਰੋੜ ਕੇ ਉਹਦਾ ਮੂੰਹ ਦੂਜੇ ਪਾਸੇ ਮੋੜੀ ਰੱਖਿਆ ਤੇ ਜ਼ਿੰਦਗੀ ਨਾਲ ਪ੍ਰੀਤ ਨਿਭਾਈ। ਪਤਾ ਨਹੀਂ ਉਹ ਇਹ ਸਾਰਾ ਕੁਝ ਕਿਵੇਂ ਭੁੱਲ ਗਈ! ਪਰ ਤੂੰ ਤਾਂ ਸਿਆਣਾ-ਬਿਆਣਾ ਏਂ। ਹੁਣ ਆਪਣੀ ਧੀ ਦੀ ਮੌਤ ਤੋਂ ਘਬਰਾ ਕੇ ਜੇ ਤੂੰ ਵੀ ਇੰਵ ਹੀ ਸੋਚਣ ਲੱਗ ਪਿਉਂ ਤਾਂ ਮੇਰਾ ਸੁਨੇਹਾ ਮੇਰੇ ਆਪਣਿਆਂ ਨੂੰ ਕੌਣ ਦੇਵੇਗਾ?"

ਆਪਣੇ ਮਨ ਦੀ ਇਹ ਸੰਵੇਦਨਾ ਮੈਂ ਬਠਿੰਡੇ ਵਿਚ ਹੋਏ ਸੁਹਜ ਦੇ ਭੋਗ ਤੇ ਅੰਤਿਮ ਅਰਦਾਸ ਮੌਕੇ ਹਜ਼ਾਰਾਂ ਦੀ ਭੀੜ ਵਿਚ ਉਮਡ ਆਏ ਔਲਖ ਪਰਿਵਾਰ ਦੇ ਦਰਦੀਆਂ ਦੇ ਹਜੂਮ ਨੂੰ ਮੁਖ਼ਾਤਬ ਹੁੰਦਿਆਂ ਆਖੇ ਸਨ।

ਅਜਮੇਰ ਔਲਖ ਦੇ ਸੰਘਰਸ਼ ਅਤੇ ਸੁਹਜ ਦੀ ਮੌਤ ਨੇ ਸਾਡੇ ਸਾਹਮਣੇ ਜ਼ਿੰਦਗੀ ਨੂੰ ਵੇਖਣ ਦੇ ਦੋ ਨਜ਼ਰੀਏ ਆਮੋ-ਸਾਹਮਣੇ ਰੱਖ ਦਿੱਤੇ। ਇੱਕ ਹੈ, ਅਜਮੇਰ ਔਲਖ ਦਾ ਹਰ ਦੁੱਖ-ਭੁੱਖ ਤੇ ਬੇਇਨਸਾਫ਼ੀ ਖ਼ਿਲਾਫ਼ ਨਿਰੰਤਰ ਸੰਘਰਸ਼ ਕਰਨਾ, ਮੌਤ ਦੀ ਥਾਂ ਜ਼ਿੰਦਗੀ ਵੱਲ ਮੂੰਹ ਕਰ ਕੇ ਤੁਰਦੇ ਤੇ ਲੜਦੇ ਰਹਿਣਾ; ਤੇ ਦੂਜਾ ਹੈ, ਦੁੱਖ-ਤਕਲੀਫ਼ ਤੋਂ ਘਬਰਾ ਕੇ ਜ਼ਿੰਦਗੀ ਤੋਂ ਮੂੰਹ ਮੋੜ ਲੈਣਾ। ਇਸ ਮੌਤ ਨੇ ਸਾਨੂੰ ਸੁਚੇਤ ਕੀਤਾ ਕਿ ਸਾਰੀ ਉਮਰ ਜੂਝਣ ਵਾਲੇ ਔਲਖ ਪਰਿਵਾਰ ਦੀ ਧੀ ਵੀ ਜੇ ਜ਼ਿੰਦਗੀ ਤੋਂ ਇੰਵ ਮੁੱਖ ਮੋੜ ਜਾਂਦੀ ਹੈ ਤਾਂ ਅਸੀਂ ਇਸ ਸਿਸਟਮ ਦੇ ਰਹੱਸ ਨੂੰ, ਇਹਦੀਆਂ ਪੇਚੀਦਗੀਆਂ ਤੇ ਗੁੰਝਲਾਂ ਨੂੰ ਲੱਭੀਏ, ਸਮਝੀਏ ਤੇ ਇਸ ਚੱਕਰਵਿਊਹੀ ਤਾਣੇ-ਬਾਣੇ ਨੂੰ ਕੱਟਣ ਦੀਆਂ ਬਰੀਕ ਤੋਂ ਬਰੀਕ ਤੇ ਸੂਖ਼ਮ ਤੋਂ ਸੂਖ਼ਮ ਜੁਗਤਾਂ ਵੀ ਤਲਾਸ਼ ਕਰੀਏ। ਗੱਲ ਉਤਸ਼ਾਹੀ ਹੁਲਾਰੇ ਤੇ ਹੁੰਗਾਰੇ ਨਾਲ ਹੀ ਖ਼ਤਮ ਨਹੀਂ ਹੋਣੀ। ਇਸ ਨਾਲ ਸਾਡੀ ਸਮਝ ਤੇ ਸੰਵੇਦਨਾ ਦਾ ਜੁੜੇ ਹੋਣਾ ਵੀ ਲਾਜ਼ਮੀ ਹੈ।

ਬੇਸ਼ੱਕ ਸਾਨੂੰ ਲੱਗੇ ਕਿ ਅਸੀਂ ਥੋੜ੍ਹੇ ਹਾਂ, ਅਸੀਂ ਇਕੱਲੇ ਹਾਂ ਪਰ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਜੇ ਸਾਡੀ ਜ਼ਮੀਰ ਜਗਦੀ ਤੇ ਜਾਗਦੀ ਹੈ, ਜੇ ਸਾਡੇ ਅੰਦਰ ਸੰਵੇਦਨਾ ਦਾ ਕੋਈ ਕਿਣਕਾ ਵੀ ਬਾਕੀ ਹੈ ਤਾਂ ਅਸੀਂ ਆਪਣੀ ਲੜਾਈ ਜਾਰੀ ਰੱਖਣੀ ਹੋਵੇਗੀ। ਸ਼ਾਇਦ ਏਸੇ ਨੂੰ ਔਲਖ 'ਨਿੱਕੇ ਸੂਰਜਾਂ ਦੀ ਲੜਾਈ' ਆਖਦਾ ਸੀ। ਜਦੋਂ ਵੀ ਕੋਈ ਹਾਲਾਤ ਤੋਂ ਤੰਗ ਹੋ ਕੇ ਖ਼ੁਦਕੁਸ਼ੀ ਕਰਨ ਦੀ ਸੋਚਦਾ ਹੋਵੇਗਾ, ਚੁਪਕੇ ਜਿਹੇ ਅਜਮੇਰ ਔਲਖ ਉਹਦੇ ਮੋਢੇ 'ਤੇ ਹੱਥ ਰੱਖ ਕੇ ਉਹਦਾ ਮੂੰਹ ਆਪਣੇ ਵੱਲ ਕਰ ਕੇ ਆਖਦਾ ਹੋਵੇਗਾ, "ਦੁੱਖ ਤੋਂ ਡਰਨਾ ਨਹੀਂ, ਦੁੱਖ ਨਾਲ ਲੜਨਾ ਹੈ। ਦੁੱਖ ਦੀ ਹਿੱਕ ਤੇ ਪੈਰ ਰੱਖ ਕੇ ਅੱਗੇ ਲੰਘ ਜਾਣਾ ਹੈ। ਦੁੱਖਾਂ ਤੋਂ ਡਰ ਕੇ ਮਰਨ ਦਾ ਨਹੀਂ ਸੋਚਣਾ।"

ਸੁਹਜਦੀਪ ਦੀ ਅਜਿਹੀ ਦੁਖਦਾਈ ਮੌਤ ਨੇ ਅਜਮੇਰ ਔਲਖ ਦੀ ਅਜ਼ਮਤ ਦਾ ਇੱਕ ਹੋਰ ਬੜਾ ਹੀ ਮਹੱਤਵਪੂਰਨ ਪੱਖ ਸਾਡੇ ਸਾਹਮਣੇ ਲੈ ਆਂਦਾ। ਜਵਾਨ ਧੀ ਦੀ ਅਜਿਹੀ ਰਹੱਸਮਈ ਮੌਤ ਹੋ ਜਾਣ 'ਤੇ, ਭਾਵੇਂ ਕੋਈ ਵੀ ਹੋਵੇ, ਭਾਵੇਂ ਕੇਡਾ ਹੀ ਵੱਡਾ ਕਿਉਂ ਨਾ ਹੋਵੇ, ਲੋਕ ਖੰਭਾਂ ਨੂੰ ਡਾਰਾਂ ਲਾ ਛੱਡਦੇ ਨੇ। ਖ਼ੁਦਕੁਸ਼ੀ ਦੇ ਚੰਗੇ-ਮੰਦੇ ਕਾਰਨਾਂ ਬਾਰੇ ਮੂੰਹੋਂ-ਮੂੰਹ, ਕਾਲਪਨਿਕ ਜਾਂ ਸੱਚੀ-ਝੂਠੀ ਚਰਚਾ ਕਰਦੇ ਰਹਿੰਦੇ ਹਨ ਪਰ ਇਹ ਅਜਮੇਰ ਸਿੰਘ ਔਲਖ ਦੀ ਸ਼ਖ਼ਸੀਅਤ ਦੀ ਵਡਿਆਈ ਹੀ ਸੀ ਕਿ ਸੁਹਜਦੀਪ ਦੀ ਮੌਤ ਬਾਰੇ ਕੋਈ ਵੀ ਚੰਗੀ-ਮੰਦੀ ਕਨਸੋਅ ਨਾ ਉਦੋਂ ਅਤੇ ਨਾ ਹੀ ਕਦੀ ਬਾਅਦ ਵਿਚ, ਕਿਸੇ ਦੇ ਕੰਨੀਂ ਨਹੀਂ ਪਈ। ਸਭ ਨੂੰ ਲੱਗਾ, ਜਿਵੇਂ ਇਹ ਉਹਨਾਂ ਦੀ ਆਪਣੀ ਧੀ ਦੀ ਮੌਤ ਹੋਈ ਹੋਵੇ। ਭਲਾ ਆਪਣੀਆਂ ਧੀਆਂ ਦੇ ਪਰਦੇ ਕੌਣ ਫ਼ੋਲਦਾ ਹੈ! ਲੋਕਾਂ ਦਾ ਅਜਿਹਾ ਅਜਿਹਾ ਹਾਂ-ਮੁਖ ਰਵੱਈਆ ਅਜਮੇਰ ਔਲਖ ਦੇ ਮਿਸਾਲੀ ਕਿਰਦਾਰ ਅੱਗੇ ਸਿਰ ਝੁਕਾਉਣ ਵਰਗਾ ਕਾਰਜ ਹੀ ਸੀ।

## ਮੇਰੀਆਂ ਕਹਾਣੀਆਂ ਤੇ ਔਲਖ ਦੀ ਨਾਟਕੀ ਪ੍ਰਤਿਭਾ ਸੁਮੇਲ

ਜਿਵੇਂ ਮੈਂ ਜ਼ਿਕਰ ਕੀਤਾ ਹੈ ਕਿ ਸਾਡਾ ਜੀਵਨ ਵੀ ਤੇ ਵਿਚਾਰਧਾਰਕ ਕਰੂਰਾ ਬਹੁਤ ਹੱਦ ਤੱਕ ਮਿਲਦਾ ਸੀ। ਏਸੇ ਲਈ ਅਸੀਂ ਇੱਕ ਦੂਜੇ ਦੀਆਂ ਲਿਖਤਾਂ ਨੂੰ ਪਸੰਦ ਵੀ ਕਰਦੇ ਸਾਂ ਤੇ ਉਹਨਾਂ ਪ੍ਰਤੀ ਉਤਸ਼ਾਹੀ ਹੁੰਗਾਰਾ ਵੀ ਭਰਦੇ ਸਾਂ। ਜਦੋਂ ਉਹਦਾ ਨਾਟਕ 'ਬਗਾਨੇ ਬੋਹੜ ਦੀ ਛਾਂ' ਦੂਰਦਰਸ਼ਨ ਤੋਂ ਵਿਖਾਇਆ ਜਾਣਾ ਸੀ ਤਾਂ ਉਹਨੇ ਮੈਨੂੰ ਲਿਖਿਆ ਕਿ ਮਾਨਸੇ ਤੱਕ ਤਾਂ ਦੂਰਦਰਸ਼ਨ ਦੀ ਪੇਸ਼ਕਾਰੀ ਸ਼ਾਇਦ ਸਾਫ਼ ਦਿਖਾਈ ਨਾ ਦੇ ਸਕੇ। ਇਸ ਲਈ ਤੂੰ ਨਾਟਕ ਨੂੰ ਜ਼ਰੂਰ ਵੇਖੀਂ ਤੇ ਦੱਸੀਂ ਵੀ ਕਿ ਕਿਵੇਂ ਲੱਗਾ। ਤੂੰ ਵੇਖ ਲਵੇਂਗਾ ਤਾਂ ਮੈਨੂੰ ਲੱਗੂ ਕਿ ਮੈਂ ਵੀ ਵੇਖ ਲਿਆ। ਜਦ ਉਹਨੇ ਆਪਣਾ ਨਾਟਕ 'ਨਿੱਕੇ ਸੂਰਜਾਂ ਦੀ ਲੜਾਈ' ਲਿਖਿਆ ਤਾਂ ਮੈਨੂੰ ਹੁਕਮ ਕੀਤਾ ਕਿ ਇਹਦਾ ਮੁੱਖਬੰਧ ਤੈਨੂੰ ਹੀ ਲਿਖਣਾ ਪੈਣਾ; ਤੇ ਮੈਂ ਲਿਖਿਆ ਵੀ। ਮੇਰੀ ਕਹਾਣੀ 'ਆਪਣਾ ਆਪਣਾ ਹਿੱਸਾ' ਦਾ ਨਾਟਕੀ ਰੁਪਾਂਤਰਣ ਔਲਖ ਨੇ ਆਪ ਤਾਂ ਸੌ-ਡੇਢ-ਸੌ ਵਾਰ ਸਟੇਜਾਂ 'ਤੇ ਪੇਸ਼ ਕੀਤਾ ਹੀ, ਉਹਦੀ ਇਹੋ ਸਕ੍ਰਿਪਟ ਨੂੰ ਲੈ ਕੇ ਏਨੀ ਕੁ ਵਾਰ ਹੋਰ ਨਾਟਕ ਮੰਡਲੀਆਂ ਨੇ ਇਸ ਨਾਟਕ ਨੂੰ ਸਟੇਜਾਂ 'ਤੇ ਪੇਸ਼ ਕੀਤਾ ਤੇ ਅਜੇ ਵੀ ਲਗਾਤਾਰ ਕਰੀ ਜਾ ਰਹੇ ਹਨ।

1986 ਵਿਚ ਮੇਰੀ ਬਹੁ-ਚਰਚਿਤ ਕਹਾਣੀ 'ਭੱਜੀਆਂ ਬਾਹੀਂ' ਛਪੀ ਤਾਂ ਅਗਲੇ ਕਈ ਮਹੀਨੇ ਉਸ ਬਾਰੇ ਚਰਚਾ ਚੱਲਦੀ ਰਹੀ। ਬਹੁਤ ਸਾਰੇ ਲੇਖਕਾਂ, ਆਲੋਚਕਾਂ ਤੇ ਪਾਠਕਾਂ ਨੇ ਇਸ ਕਹਾਣੀ ਬਾਰੇ ਲੇਖ ਲਿਖੇ ਪਰ ਕਹਾਣੀ ਪੜ੍ਹਨ ਤੋਂ ਬਾਅਦ ਅਜਮੇਰ ਔਲਖ ਨੇ ਮੈਨੂੰ ਜਿਹੜੀ ਚਿੱਠੀ ਲਿਖੀ ਉਹਦੇ ਬਾਰੇ ਇਹ ਲੋਕ-ਬੋਲੀ ਐਨ ਢੁਕਦੀ ਹੈ- 'ਦੂਜਾ ਮੋੜ ਕੇ ਜੇਬ ਵਿਚ ਪਾ ਲੈ, ਇੱਕੋ ਤੇਰਾ ਲੱਖ ਵਰਗਾ!'

ਉਹਨੇ ਲਿਖਿਆ: 'ਮੈਂ ਆਲੋਚਕ ਨਹੀਂ ਪਰ ਪਤਾ ਨਹੀਂ ਲੱਗ ਰਿਹਾ ਕਹਾਣੀ ਦੀ ਸਿਫ਼ਤ ਕਿਵੇਂ ਕਰਾਂ? ਚੱਜ ਨਾਲ ਇਹ ਵੀ ਨਹੀਂ ਪਤਾ ਕਿ ਕਹਾਣੀ ਵਿਚਲੀ ਕਿਹੜੀ 'ਸ਼ੈਅ' ਨੇ ਏਨਾ ਬੇਚੈਨ ਕੀਤਾ ਹੈ। ਬੱਸ ਅਹਿਸਾਸ ਹੀ ਦੱਸ ਰਿਹੈ ਕਿ ਕਹਾਣੀ ਅੰਦਰ ਕੋਈ ਛੁਪੀ 'ਸ਼ਕਤੀ' ਹੈ ਜੋ ਦਿਲ ਅਤੇ ਦਿਮਾਗ਼ ਨੂੰ ਝੰਜੋੜੇ ਮਾਰ ਰਹੀ ਹੈ। ਬੱਸ ਇਹੋ ਕਹਿ ਕੇ ਗੱਲ ਖ਼ਤਮ ਕਰਦਾ ਹਾਂ, 'ਜੇ ਕੋਈ ਕਮਿਊਨਿਸਟ ਲੀਡਰ ਇਸੇ ਵਿਸ਼ੇ ਉੱਤੇ ਦੋ ਸੌ ਭਾਸ਼ਣ ਦੇਵੇ ਜਾਂ ਕੋਈ ਬੁੱਧੀਮਾਨ ਸੌ ਆਰਟੀਕਲ ਲਿਖੇ ਤਾਂ ਵੀ ਉਹ ਕੁਝ ਮਹਿਸੂਸ ਨਹੀਂ ਕਰਵਾ ਸਕਦੇ, ਜੋ ਇਕੱਲੀ ਤੇਰੀ ਇਸ ਕਹਾਣੀ ਨੇ ਕਰਵਾ ਦਿੱਤਾ ਹੈ।' ਯਾਰ ਕਾਫ਼ੀ ਦੇਰ ਪਿਛੋਂ ਬੋਲਦਾ ਏਂ ਪਰ ਬੋਲਦੈਂ ਤਾਂ ਵੱਟ ਕੱਢ ਦਿੰਨੈਂ।' ਬਹੁਤ ਬਹੁਤ ਵਧਾਈ! - ਅਜਮੇਰ ਸਿੰਘ ਔਲਖ'

ਫੇਰ ਉਹਨੇ ਇਸ ਕਹਾਣੀ ਨੂੰ ਆਧਾਰ ਬਣਾ ਕੇ ਮੁਕੰਮਲ ਨਾਟਕੀ ਸਕ੍ਰਿਪਟ ਤਿਆਰ ਕੀਤੀ। ਉਸ ਸਕ੍ਰਿਪਟ ਨੂੰ ਉਹਨੇ 'ਭੱਜੀਆਂ ਬਾਹਾਂ' ਦੇ ਸਿਰਲੇਖ ਹੇਠ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਵੀ ਕਰਵਾਇਆ। ਇਹ ਨਾਟਕ ਵੀ ਉਹਨੇ ਪੰਜਾਬ ਅਤੇ ਪੰਜਾਬੋਂ ਬਾਹਰ ਸੌ ਤੋਂ ਵੱਧ ਵਾਰ ਖੇਡਿਆ। ਮੈਂ ਇਹ ਨਾਟਕ ਮੁਹਾਲੀ, ਦਸੂਹੇ, ਪੱਟੀ ਤੇ ਜਲੰਧਰ ਵਿਚ ਵੇਖਿਆ। ਇਹ ਉਹਦੀ ਹਿੰਮਤ ਹੀ ਸੀ ਕਿ ਏਨੀ 'ਵਿਵਾਦ-ਗ੍ਰਸਤ' ਕਹਾਣੀ ਨੂੰ ਖੇਡਣ ਦਾ ਜੇਰਾ ਕੀਤਾ। ਕਹਾਣੀ ਛਪਣ ਤੋਂ ਬਾਅਦ ਜੋ ਚਰਚਾ ਛਿੜੀ, ਉਸ ਵਿਚ ਕੋਈ ਆਖੇ, 'ਇਹ ਅਤਿਵਾਦੀਆਂ ਦੇ ਹੱਕ ਵਿਚ ਲਿਖੀ ਗਈ ਹੈ', ਕੋਈ ਆਖੇ, 'ਇਹ ਅਤਿਵਾਦੀਆਂ ਦੇ ਖ਼ਿਲਾਫ਼ ਹੈ', ਕੋਈ ਆਖੇ, 'ਇਹ ਕਮਿਊਨਿਸਟਾਂ ਦੇ ਖ਼ਿਲਾਫ਼ ਹੈ', ਕੋਈ ਆਖੇ, 'ਇਹ ਮਾਰਕਸਵਾਦੀ ਨਜ਼ਰੀਏ ਤੋਂ ਹਾਲਾਤ ਦੀ ਆਲੋਚਨਾਤਮਕ ਬਿਰਤਾਂਤਕਾਰੀ ਹੈ।'

ਪੰਜਾਬੀ ਗਲਪਕਾਰ ਨਿੰਦਰ ਗਿੱਲ ਨੇ ਮੈਨੂੰ ਦੱਸਿਆ ਸੀ ਕਿ ਉਹਨੇ ਆਪਣੇ ਪਿੰਡ ਦੇ ਜਾਣਕਾਰ ਖਾੜਕੂ ਮੁੰਡੇ ਨੂੰ ਕਹਾਣੀ ਪੜ੍ਹਨ ਨੂੰ ਦੇ ਕੇ ਕਿਹਾ, "'ਭੱਜੀਆਂ ਬਾਹੀਂ' ਬਾਰੇ ਲੋਕ ਕਹਿੰਦੇ ਨੇ ਕਿ ਇਹ ਖਾੜਕੂਆਂ ਦੇ ਹੱਕ ਵਿਚ ਲਿਖੀ ਗਈ ਹੈ", ਤਾਂ ਕਹਾਣੀ ਪੜ੍ਹਨ ਤੋਂ ਬਾਅਦ ਉਹਨੇ ਵੱਡੀ ਸਾਰੀ ਗਾਲ੍ਹ ਕੱਢ ਕੇ ਕਿਹਾ ਸੀ, "ਕਿਹੜਾ ਭੈਣ... ਕਹਿੰਦਾ ਕਿ ਇਹ ਸਾਡੇ ਹੱਕ ਵਿਚ ਲਿਖੀ ਗਈ ਹੈ।"

ਸੋ, ਜਦੋਂ ਕਹਾਣੀ ਬਾਰੇ ਇਸ ਤਰ੍ਹਾਂ ਦੀ ਚਰਚਾ ਚੱਲ ਰਹੀ ਹੋਵੇ ਤਾਂ ਇਹਨੂੰ ਸਟੇਜ 'ਤੇ ਪੇਸ਼ ਕਰਨਾ ਸੂਰਮਗਤੀ ਹੀ ਤਾਂ ਸੀ। ਉਹ ਘਟਨਾ ਵੀ ਚੇਤੇ ਆਉਂਦੀ ਹੈ ਜਦੋਂ ਅਜਮੇਰ ਔਲਖ ਵੱਲੋਂ 1989 ਵਿਚ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ 'ਭੱਜੀਆਂ ਬਾਹੀਂ' 'ਤੇ ਆਧਾਰਿਤ ਨਾਟਕ ਖੇਡਿਆ ਜਾਣਾ ਸੀ ਤਾਂ ਦੋ ਕੁ ਪ੍ਰੋਫ਼ੈਸਰਾਂ ਵੱਲੋਂ ਕੰਨ 'ਚ ਵੱਜੀ ਫੂਕ ਨਾਲ ਫੂਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਿਦਿਆਰਥੀ ਸਾਨੂੰ ਆ ਕੇ ਕਹਿਣ ਲੱਗੇ ਕਿ ਉਹਨਾਂ ਨੂੰ ਦੱਸਿਆ ਗਿਆ ਹੈ; ਇਹ ਨਾਟਕ 'ਪੰਥ' ਦੇ ਖ਼ਿਲਾਫ਼ ਹੈ! ਅਸੀਂ ਵੀ ਤਾਂ ਉਹਨਾਂ ਦੇ ਅਧਿਆਪਕ ਹੀ ਸਾਂ। ਉਹਨਾਂ ਨੂੰ ਸਾਡਾ ਵੀ ਲਿਹਾਜ ਸੀ। ਅਸੀਂ ਸਮਝਾਇਆ ਕਿ ਨਾਟਕ ਕਿਸੇ ਇਕੱਲੀ ਧਿਰ ਦੇ ਖ਼ਿਲਾਫ਼ ਨਹੀਂ ਸਗੋਂ ਉਸ ਸਮੁੱਚੇ ਜਟਿਲ ਤਾਣੇ-ਬਾਣੇ ਦੇ ਖ਼ਿਲਾਫ਼ ਹੈ ਜਿਸ ਦੇ ਜਕੜ-ਜੰਜਾਲ ਵਿਚ ਫਸਿਆ ਪੰਜਾਬ ਅੱਜ ਤੜਫ ਰਿਹਾ ਹੈ! ਸਟੇਜ ਉੱਤੇ ਵੀ, ਪ੍ਰੋਫੈਸਰ ਨਿਰੰਜਨ ਸਿੰਘ ਢੇਸੀ ਤੇ ਮੈਂ ਨਾਟਕ ਤੋਂ ਪਹਿਲਾਂ ਨਾਟਕ ਵਿਚ ਪੇਸ਼ ਕੀਤੇ ਜਾਣ ਵਾਲੇ ਪੰਜਾਬ ਸੰਕਟ ਦੇ ਜਟਿਲ ਪਹਿਲੂਆਂ ਦੀ ਜਾਣਕਾਰੀ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਸੁਣਾ ਕੇ ਸਮੁੱਚਾ ਮਾਹੌਲ ਨਾਟਕ ਵੇਖਣ ਲਈ ਤਿਆਰ ਕਰ ਲਿਆ। ਅੱਗੇ ਸ਼ੁਰੂ ਹੋਈ ਅਜਮੇਰ ਔਲਖ ਦੀ ਕਲਾਕਾਰੀ। ਨਾਟਕ ਦੀ ਖਿੱਚ ਨੇ ਸਭ ਦਰਸ਼ਕਾਂ ਨੂੰ ਕਹਾਣੀ ਨਾਲ ਜੋੜ ਲਿਆ। ਦਰਸ਼ਕ ਪਾਤਰਾਂ ਨਾਲ ਹੱਸਦੇ, ਉਹਨਾਂ ਦੇ ਦੁੱਖ ਵਿਚ ਉਹਨਾਂ ਦੀਆਂ ਅੱਖਾਂ ਵਿਚੋਂ ਅੱਥਰੂ ਸਿੰਮਦੇ। ਉਹ ਵਾਰ-ਵਾਰ ਤਾੜੀਆਂ ਮਾਰਦੇ। ਅਜਮੇਰ ਔਲਖ ਦੀ ਪੇਸ਼ਕਾਰੀ ਨੇ ਸਭ ਨੂੰ ਲੱਗਣ ਲਾ ਦਿੱਤਾ ਕਿ ਸਟੇਜ ਉੱਤੇ ਵਾਪਰ ਰਹੀ ਇਹ ਕਹਾਣੀ ਤਾਂ ਉਹਨਾਂ ਦੀ ਆਪਣੀ ਕਹਾਣੀ ਹੈ। ਤੜਫ ਰਹੇ ਪੰਜਾਬ ਦੀ ਕਹਾਣੀ ਹੈ। ਇਸ ਤੜਫਣੀ ਨੂੰ ਮੰਚ ਉੱਤੇ ਪਾਤਰਾਂ ਦੀ ਮਦਦ ਨਾਲ ਦਰਸ਼ਕਾਂ ਦੇ ਦਿਲਾਂ ਵਿਚ ਮੱਚਣ ਲਾ ਦੇਣਾ, ਔਲਖ ਦੀ ਕਲਾ ਦਾ ਕਮਾਲ ਹੀ ਸੀ। ਏਸੇ ਨੂੰ ਕਲਾ ਦੇ ਜਾਦੂ ਦਾ ਸਿਰ ਚੜ੍ਹ ਕੇ ਬੋਲਣਾ ਕਿਹਾ ਜਾਂਦਾ ਹੈ। **(ਚੱਲਦਾ)**

*1986 ਵਿਚ ਮੇਰੀ ਬਹੁ-ਚਰਚਿਤ ਕਹਾਣੀ 'ਭੱਜੀਆਂ ਬਾਹੀਂ' ਛਪੀ ਤਾਂ ਅਗਲੇ ਕਈ ਮਹੀਨੇ ਉਸ ਬਾਰੇ ਚਰਚਾ ਚੱਲਦੀ ਰਹੀ। ਬਹੁਤ ਸਾਰੇ ਲੇਖਕਾਂ, ਆਲੋਚਕਾਂ ਤੇ ਪਾਠਕਾਂ ਨੇ ਇਸ ਕਹਾਣੀ ਬਾਰੇ ਲੇਖ ਲਿਖੇ ਪਰ ਕਹਾਣੀ ਪੜ੍ਹਨ ਤੋਂ ਬਾਅਦ ਅਜਮੇਰ ਔਲਖ ਨੇ ਮੈਨੂੰ ਜਿਹੜੀ ਚਿੱਠੀ ਲਿਖੀ ਉਹਦੇ ਬਾਰੇ ਇਹ ਲੋਕ-ਬੋਲੀ ਐਨ ਢੁਕਦੀ ਹੈ- 'ਦੂਜਾ ਮੋੜ ਕੇ ਜੇਬ ਵਿਚ ਪਾ ਲੈ, ਇੱਕੋ ਤੇਰਾ ਲੱਖ ਵਰਗਾ!' ... ਅਜਮੇਰ ਔਲਖ ਦੀ ਪੇਸ਼ਕਾਰੀ ਨੇ ਸਭ ਨੂੰ ਲੱਗਣ ਲਾ ਦਿੱਤਾ ਕਿ ਸਟੇਜ ਉੱਤੇ ਵਾਪਰ ਰਹੀ ਇਹ ਕਹਾਣੀ ਤਾਂ ਉਹਨਾਂ ਦੀ ਆਪਣੀ ਕਹਾਣੀ ਹੈ।*

# ਵਾਹਿਗੁਰੂ ਗੁਰਮੰਤ੍ਰ ਹੈ

***ਤਾਂਤ੍ਰਿਕ-ਮਤ ਵਿਚ ਜਿਸ ਜੰਤਰ-ਮੰਤਰ-ਤੰਤਰ ਦਾ ਵਿਧਾਨ ਹੈ, ਇਹ ਗੁਰਮਤਿ ਵਿਚ ਵਰਤੇ ਜਾਂਦੇ ਸ਼ਬਦਾਂ 'ਮੂਲ ਮੰਤਰ' ਅਤੇ 'ਗੁਰਮੰਤਰ' ਵਿਚਲੇ 'ਮੰਤਰ' ਸ਼ਬਦ ਨਾਲ ਕਿਸੇ ਪੱਖੋਂ ਵੀ ਮੇਲ ਨਹੀਂ ਖਾਂਦਾ ਹੈ। ਇਸ ਲੇਖ ਵਿਚ ਲੇਖਕ ਸੁਖਦੇਵ ਸਿੰਘ ਸ਼ਾਂਤ ਨੇ ਗੁਰਮਤਿ ਵਿਚਲੇ ਗੁਰਮੰਤਰ ਦੇ ਅਰਥ ਦਰਸਾਏ ਹਨ, ਜਿਸ ਅਨੁਸਾਰ ਅਕਾਲ ਪੁਰਖ ਪਰਮਾਤਮਾ ਦਾ ਨਾਮ ਹੀ 'ਗੁਰਮੰਤਰ' ਹੈ।***




ਤਾਂਤ੍ਰਿਕ-ਮਤ ਵਿਚ ਜੰਤਰ-ਮੰਤਰ-ਤੰਤਰ ਦਾ ਵਿਧਾਨ ਹੈ। ਕੋਈ ਵਿਸ਼ੇਸ਼ ਅੱਖਰ, ਸ਼ਬਦ ਜਾਂ ਵਾਕ ਕਿਸੇ ਮਨੋਰਥ-ਸਿੱਧੀ ਲਈ ਲਿਖ ਕੇ ਦੇਣ ਨੂੰ 'ਜੰਤਰ' ਆਖਦੇ ਹਨ। 'ਤਵੀਤ' ਇਸ ਦੀ ਇਕ ਉਦਾਹਰਨ ਹੈ। ਕਿਸੇ ਖਾਸ ਦੇਵੀ-ਦੇਵਤੇ ਦੀ ਉਸਤਤ ਕਰਨ ਲਈ ਜਾਂ ਕੋਈ ਖਾਸ ਸਿੱਧੀ ਪ੍ਰਾਪਤ ਕਰਨ ਲਈ ਪੜ੍ਹੇ ਜਾਣ ਵਾਲੇ ਗੁਪਤ ਸ਼ਬਦ ਜਾਂ ਵਾਕ ਨੂੰ 'ਮੰਤਰ' ਆਖਿਆ ਜਾਂਦਾ ਹੈ। ਕੋਈ ਵਿਸ਼ੇਸ਼ ਸਮੱਗਰੀ ਜਿਵੇਂ ਹਲਦੀ, ਸੰਧੂਰ, ਨਿੰਬੂ, ਹਰੀ ਮਿਰਚ, ਨਾਰੀਅਲ ਆਦਿ ਲੈ ਕੇ ਤ੍ਰਾਂਤਿਕ ਵੱਲੋਂ ਦੱਸੀ ਗਈ ਵਿਧੀ ਅਨੁਸਾਰ ਕਿਸੇ ਸੁਆਰਥ ਜਾਂ ਇੱਛਾ ਨੂੰ ਸਿਰੇ ਚਾੜ੍ਹਨ ਖ਼ਾਤਰ ਜਾਦੂ-ਟੂਣਾ ਕਰਨ ਨੂੰ 'ਤੰਤਰ' ਕਿਹਾ ਜਾਂਦਾ ਹੈ। ਅਜਿਹੇ ਟੂਣੇ ਨੂੰ ਕਿਸੇ ਸਮੱਸਿਆ ਦੇ ਹੱਲ ਵਾਸਤੇ ਕੀਤਾ ਗਿਆ ਉਪਾਅ ਜਾਂ ਉਪਾਉ ਵੀ ਆਖ ਦਿੰਦੇ ਹਨ।

ਗੁਰਮਤਿ ਵਿਚ ਵਰਤੇ ਜਾਂਦੇ ਸ਼ਬਦਾਂ 'ਮੂਲ ਮੰਤਰ' ਅਤੇ 'ਗੁਰਮੰਤਰ' ਵਿਚਲੇ 'ਮੰਤਰ' ਸ਼ਬਦ ਦਾ ਭਾਵ ਉੱਪਰ ਦੱਸੇ ਗਏ ਤਾਂਤ੍ਰਿਕ-ਮਤ ਦੇ ਅਰਥਾਂ ਨਾਲ ਕਿਸੇ ਪੱਖੋਂ ਵੀ ਮੇਲ ਨਹੀਂ ਖਾਂਦਾ। ਗੁਰਬਾਣੀ ਅਨੁਸਾਰ 'ਗੁਰਮੰਤਰ' ਸਤਿਗੁਰੂ ਪਾਸੋਂ ਮਿਲਿਆ ਹੋਇਆ 'ਮੰਤਰ' ਹੁੰਦਾ ਹੈ। ਇਸ ਦੀਆਂ ਤਿੰਨੇ ਵਿਸ਼ੇਸ਼ਤਾਈਆਂ ਤਾਂਤ੍ਰਿਕ-ਮਤ ਦੀ ਪਰਿਭਾਸ਼ਾ ਨਾਲੋਂ ਬਿਲਕੁਲ ਵੱਖਰੀਆਂ ਅਤੇ ਭਿੰਨ ਹਨ। ਇਹ ਹਨ:

1. ਗੁਰਮੰਤਰ ਕਿਸੇ ਦੇਵੀ-ਦੇਵਤੇ ਦੀ ਸਿਫ਼ਤ ਕਰਨ ਦੀ

**ਸੁਖਦੇਵ ਸਿੰਘ ਸ਼ਾਂਤ**
**ਫੋਨ: 001-317-406-0002**

ਥਾਂ 'ਤੇ ਦੇਵੀ-ਦੇਵਤਿਆਂ ਨੂੰ ਪੈਦਾ ਕਰਨ ਵਾਲੀ ਸਰਬ-ਸਮਰੱਥ ਅਤੇ ਇੱਕੋ-ਇਕ ਪਰਮ-ਸ਼ਕਤੀ ਪਰਮਾਤਮਾ ਦੀ ਉਸਤਤ ਕਰਨ ਲਈ ਹੁੰਦਾ ਹੈ।

2. ਗੁਰਮੰਤਰ ਦਾ ਮਨੋਰਥ ਕਿਸੇ ਸਿੱਧੀ ਦੀ ਪ੍ਰਾਪਤੀ ਕਰਨਾ ਨਹੀਂ ਹੁੰਦਾ ਕਿਉਂਕਿ 'ਜਪੁ ਜੀ' ਵਿਚ 'ਰਿਧਿ ਸਿਧਿ ਅਵਰਾ ਸਾਦ' ਦਾ ਉਪਦੇਸ਼ ਹੈ। ਗੁਰਮਤਿ ਅਨੁਸਾਰ ਗੁਰਮੰਤਰ ਦਾ ਅਸਲ ਮਨੋਰਥ ਪਰਮਾਤਮਾ ਦੀ ਸਿਫਤ-ਸਲਾਹ ਕਰ ਕੇ ਅਤੇ ਉਸ ਨੂੰ ਹਿਰਦੇ ਤੋਂ ਯਾਦ ਕਰ ਕੇ ਉਸ ਨਾਲ ਇੱਕਮਿੱਕ ਹੋਣਾ ਹੈ।

3. ਗੁਰਮੰਤਰ ਕੋਈ ਗੁਪਤ ਸ਼ਬਦ ਜਾਂ ਗੁਪਤ ਵਾਕ ਨਹੀਂ ਜਿਸ ਨੂੰ ਹੋਰਨਾਂ ਤੋਂ ਲੁਕਾਇਆ ਜਾਵੇ। ਸਗੋਂ ਗੁਰਬਾਣੀ ਤਾਂ ਗੁਰਮੰਤਰ ਨੂੰ ਆਪ ਜਪਣ ਅਤੇ ਦੂਜਿਆਂ ਨੂੰ ਜਪਾਉਣ ਦੀ ਵੀ ਸਿੱਖਿਆ ਦਿੰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਪਵਿੱਤਰ ਫੁਰਮਾਨ ਡੰਕੇ ਦੀ ਚੋਟ ਨਾਲ ਦੱਸ ਰਿਹਾ ਹੈ ਕਿ ਸਤਿਗੁਰੂ ਨੇ ਪਰਮਾਤਮਾ ਦੇ ਗੁਪਤ ਸਮਝੇ ਜਾਂਦੇ ਨਾਮ ਨੂੰ ਜੱਗ-ਜ਼ਾਹਰ ਕਰ ਦਿੱਤਾ ਹੈ:

ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮ ਪਰਗਾਝਾ॥ (ਜੈਤਸਰੀ ਮਹਲਾ ੪, ੬੯੭)

ਕਿਉਂਕਿ ਗੁਰਮਤਿ ਵਿਚ 'ਗੁਰਮੰਤਰ' ਕੇਵਲ ਅਤੇ ਕੇਵਲ ਅਕਾਲਪੁਰਖ ਨੂੰ ਹੀ ਸਮਰਪਿਤ ਹੈ, ਇਸ ਲਈ ਇਹ ਕਹਿਣਾ ਬਣਦਾ ਹੈ ਕਿ ਅਕਾਲਪੁਰਖ ਦਾ ਨਾਮ ਗੁਰਮਤਿ ਅਨੁਸਾਰ ਗੁਰਮੰਤਰ ਹੈ। ਇਸ ਸੰਬੰਧ ਵਿਚ ਗੁਰਬਾਣੀ ਦੇ ਪਵਿੱਤਰ ਫ਼ਰਮਾਨ ਹਨ:

* ਹਰਿ ਕਾ ਨਾਮੁ ਦੀਓ ਗੁਰਿਮੰਤ੍ਰੁ॥ ਮਿਟੇ ਵਿਸੂਰੇ ਉਤਰੀ ਚਿੰਤ॥ (ਗਉੜੀ ਮਹਲਾ ੫, ੧੯੦)

* ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ॥ ਇਹ ਆਸਰ ਪੂਰਨ ਭਏ ਕਾਮ॥ (ਗਉੜੀ ਮਹਲਾ ੫, ੧੯੬)

* ਮੰਤ੍ਰੰ ਰਾਮ ਰਾਮ ਨਾਮੰ ਧ੍ਯ੍ਯਾਨੰ ਸਰਬਤ੍ਰ ਪੂਰਨਹ॥ (ਸਲੋਕ ਸਹਸਕ੍ਰਿਤੀ ਮਹਲਾ ੫, ੧੩੫੭)

* ਦੂਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ॥

* ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ॥ (ਸਿਰੀ ਰਾਗੁ ਮਹਲਾ ੫, ੫੧)

ਉਪਰੋਕਤ ਫ਼ਰਮਾਨ ਸਪੱਸ਼ਟ ਦਰਸਾ ਰਹੇ ਹਨ ਕਿ ਪਰਮਾਤਮਾ ਦਾ ਨਾਮ ਹੀ 'ਗੁਰਮੰਤਰ' ਹੈ। ਇਹ 'ਗੁਰਮੰਤਰ' ਸਾਨੂੰ ਸਤਿਗੁਰੂ ਜੀ ਤੋਂ ਪ੍ਰਾਪਤ ਹੋਇਆ ਹੈ। ਇਹੀ ਨਾਮ ਰੂਪੀ ਗੁਰਮੰਤਰ ਸਾਡਾ ਆਸਰਾ ਹੈ। ਸਾਡੇ ਸਾਰਿਆਂ ਦੇ ਦੁੱਖਾਂ-ਕਲੇਸ਼ਾਂ ਦਾ ਹੱਲ ਇਹੀ ਪਰਮਾਤਮਾ ਦਾ ਨਾਮ ਰੂਪੀ ਗੁਰਮੰਤਰ ਹੈ। ਇਸ ਲਈ ਸਾਨੂੰ ਕਿਸੇ ਹੋਰ ਵਿਧੀ ਵਾਲੇ ਮੰਤਰ ਜਾਂ ਉਪਾਉ ਦੀ ਜ਼ਰੂਰਤ ਨਹੀਂ। ਨਾ ਹੀ ਸਾਨੂੰ ਕਿਸੇ ਜੰਤਰ ਅਤੇ ਤੰਤਰ ਦੇ ਚੱਕਰ ਵਿਚ ਪੈ ਕੇ ਤਵੀਤਾਂ, ਜਾਦੂ-ਟੂਣੇ, ਪੁੱਛਾਂ ਅਤੇ ਉਪਾਵਾਂ ਦੀ ਲੋੜ ਹੈ। ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਨਾਮ ਦੀ ਪ੍ਰਾਪਤੀ ਅੱਗੇ ਤੁੱਛ ਹੈ ਕਿਉਂਕਿ ਰਿੱਧੀਆਂ-ਸਿੱਧੀਆਂ ਦੀ ਲਾਲਸਾ ਮਨੁੱਖ ਨੂੰ ਪਰਮਾਤਮਾ ਤੋਂ ਤੋੜਦੀ ਹੈ। ਵਿਕਾਰ ਅਜਿਹੇ ਮਨੁੱਖ 'ਤੇ ਆਪਣੇ-ਆਪ ਹੀ ਹਾਵੀ ਹੋ ਜਾਂਦੇ ਹਨ। ਗੁਰਬਾਣੀ ਵਿਚ ਤ੍ਰਾਂਤਿਕਾਂ ਵੱਲੋਂ ਅਪਨਾਏ ਜਾਂਦੇ ਜੰਤਰ-ਮੰਤਰ-ਤੰਤਰ ਨੂੰ ਸਵੀਕਾਰ ਨਹੀਂ ਕੀਤਾ ਗਿਆ। ਇਸ ਸੰਬੰਧ ਵਿਚ ਸੁਚੇਤ ਰਹਿਣ ਲਈ ਸਾਨੂੰ ਗੁਰਬਾਣੀ ਦੇ ਹੇਠ ਲਿਖੇ ਫੁਰਮਾਨ ਧਿਆਨ ਵਿਚ ਰੱਖਣੇ ਚਾਹੀਦੇ ਹਨ:

* ਮਨਮੁਖਿ ਭਰਮਿ ਭਵੈ ਬੇਬਾਣਿ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ॥

ਸਬਦੁ ਨ ਚੀਨੈ ਲਵੈ ਕੁਬਾਣਿ॥ (ਰਾਮਕਲੀ ਮਹਲਾ ੧ ਸਿਧ ਗੋਸਟਿ, ੯੪੧)

* ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥ (ਸੂਹੀ ਮਹਲਾ ੧, ੭੬੬)

* ਕਹਿ ਕਬੀਰ ਜਾ ਕਾ ਨਹੀ ਅੰਤੁ॥ ਤਿਸ ਕੇ ਆਗੇ ਤੰਤੁ ਨ ਮੰਤੁ॥ (ਰਾਮਕਲੀ ਕਬੀਰ ਜੀ, ੯੭੧)

* ਅਵਰੁ ਨ ਅਉਖਧੁ ਤੰਤ ਨ ਮੰਤਾ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ॥ (ਆਸਾ ਮਹਲਾ ੧, ੪੧੬)

* ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥

ਤੰਤੁ ਮੰਤੁ ਨ ਜੋਹਈ ਤਿਤੁ ਚਾਖੁ ਨ ਲਾਗੈ॥੧॥ ਰਹਾਉ॥ (ਬਿਲਾਵਲੁ ਮਹਲਾ ੫, ੮੧੭-੮੧੮)

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥ (ਸਲੋਕ ਮ: ੩, ਵਡਹੰਸ ਕੀ ਵਾਰ ਮਹਲਾ ੪, ੫੯੩)

* ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ॥

(ਸਲੋਕ ਮ: ੩, ਗੂਜਰੀ ਕੀ ਵਾਰ ਮਹਲਾ ੩, ੫੧੧)

ਗੁਰਬਾਣੀ ਦੇ ਉਪਰੋਕਤ ਪਵਿੱਤਰ ਫ਼ਰਮਾਨ ਸਾਨੂੰ ਸਮਝਾ ਰਹੇ ਹਨ ਕਿ ਜੀਵਨ ਦੇ ਸਾਰੇ ਸੁਖ-ਦੁੱਖ ਪਰਮਾਤਮਾ ਦੇ ਹੁਕਮ ਵਿਚ ਹੀ ਹਨ। ਹੋਰ ਕਿਸੇ ਦੀ ਇਹ ਸਮਰੱਥਾ ਨਹੀਂ ਕਿ ਉਹ ਜੰਤਰ-ਮੰਤਰ-ਤੰਤਰ ਰਾਹੀਂ ਕਿਸੇ ਨੂੰ ਸੁਖ-ਦੁਖ ਦੇ ਸਕੇ ਜਾਂ ਕਿਸੇ ਦੇ ਦੁੱਖ ਦੂਰ ਕਰ ਸਕੇ। ਕੋਈ ਸਰਾਪ ਜਾਂ ਕਿਸੇ ਦੀ ਭੈੜੀ ਨਜ਼ਰ ਪਰਮਾਤਮਾ ਦਾ ਨਾਮ ਜਪਣ ਵਾਲੇ ਵਿਅਕਤੀ ਸਾਹਵੇਂ ਕੋਈ ਅਰਥ ਨਹੀਂ ਰੱਖਦੇ। ਸਾਰੇ ਧਾਗੇ-ਤਵੀਤ, ਜਾਦੂ-ਟੂਣੇ ਜਾਂ ਉਪਾਅ ਉਸ ਦੀਆਂ ਨਜ਼ਰਾਂ ਵਿਚ ਵਿਅਰਥ ਅਤੇ ਬੇਅਸਰ ਹਨ ਕਿਉਂਕਿ ਉਸ ਕੋਲ ਪਰਮਾਤਮਾ ਦੇ ਨਾਮ ਰੂਪੀ ਪ੍ਰਕਾਸ਼ ਦਾ ਗਿਆਨ ਹੁੰਦਾ ਹੈ। ਨਾਮ-ਸਿਮਰਨ ਵਿਚ ਮਸਤ ਅਜਿਹਾ ਮਨੁੱਖ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਨੂੰ ਵੀ ਫ਼ਜ਼ੂਲ ਅਤੇ ਤੁੱਛ ਸਮਝਦਾ ਹੈ। ਗੁਰਮਤਿ ਅਨੁਸਾਰੀ ਜੀਵਨ ਜੀਣ ਵਾਲਾ ਗੁਰਮੁਖ ਵਿਅਕਤੀ ਮੂਲ-ਮੰਤਰ, ਗੁਰਮੰਤਰ ਅਤੇ ਗੁਰਬਾਣੀ ਨਾਲ ਆਪਣੀ ਜ਼ਿੰਦਗੀ ਜੋੜ ਲੈਂਦਾ ਹੈ ਅਤੇ ਫਿਰ ਉਸ ਨੂੰ ਜੰਤਰ-ਮੰਤਰ-ਤੰਤਰ ਵਰਗੀਆਂ ਥੋਥੀਆਂ ਗੱਲਾਂ ਦੇ ਨੇੜੇ-ਤੇੜੇ ਖੜ੍ਹਨਾ ਵੀ ਠੀਕ ਨਹੀਂ ਲੱਗਦਾ। ਬਿਬੇਕ-ਬੁੱਧੀ ਦਾ ਚਾਨਣਾ ਉਸ ਦੇ ਜੀਵਨ ਵਿਚੋਂ ਅਗਿਆਨਤਾ, ਵਹਿਮ, ਭਰਮ, ਦੁਬਿਧਾ ਅਤੇ ਪੰਜੇ ਵਿਕਾਰਾਂ ਦੇ ਹਨੇਰੇ ਨੂੰ ਦੂਰ ਨਸਾ ਦਿੰਦਾ ਹੈ। ਉਸ ਦਾ ਮਨ ਪਰਉਪਕਾਰੀ ਅਤੇ ਨਿਰਮਲ ਹੋ ਜਾਂਦਾ ਹੈ।

ਗੁਰਮਤਿ ਵਿਚ ਗੁਰਮੰਤਰ (ਗੁਰਮੰਤ੍ਰ) 'ਵਾਹਿਗੁਰੂ' ਸ਼ਬਦ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਹ ਸ਼ਬਦ 'ਵਾਹਗੁਰੂ' ਕਰ ਕੇ ਵੀ ਆਇਆ। ਇਸ ਪਾਵਨ ਗ੍ਰੰਥ ਦੇ ਪਹਿਲੇ ਲਿਖਾਰੀ, ਇਸ ਪਵਿੱਤਰ ਗ੍ਰੰਥ ਦੇ ਪਹਿਲੇ ਵਿਆਖਿਆਕਾਰ ਅਤੇ ਖ਼ੁਦ ਗੁਰਬਾਣੀ ਦੀ ਕੁੰਜੀ-ਸਮਾਨ ਕਾਵਿ-ਰਚਨਾ ਕਰਨ ਵਾਲੇ ਗੁਰਸਿੱਖ ਬ੍ਰਹਮ-ਗਿਆਨੀ ਵਿਦਵਾਨ ਭਾਈ ਗੁਰਦਾਸ ਜੀ ਗੁਰਮਤਿ ਦੇ ਗੁਰਮੰਤਰ ਬਾਰੇ ਲਿਖਦੇ ਹਨ:

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥ (ਵਾਰ ੧੩, ਪਉੜੀ ੨)

ਇਤਿਹਾਸਿਕ ਪੱਖ ਤੋਂ ਸੰਕੇਤ ਹੋਏ ਆਪ ਜੀ ਦੱਸਦੇ ਹਨ ਕਿ 'ਵਾਹਿਗੁਰੂ' ਗੁਰਮੰਤਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਸਿੱਖਾਂ ਨੂੰ ਦਿੱਤਾ ਜਦੋਂ ਗੁਰੂ ਜੀ ਨੇ ਉੱਥੇ ਧਰਮਸਾਲ ਬੰਨ੍ਹੀ ਅਤੇ ਸਤਿਸੰਗਤ ਦੇ ਰੂਪ ਵਿਚ ਸਚਖੰਡ ਦੀ ਸਥਾਪਨਾ ਕੀਤੀ। ਭਾਈ ਸਾਹਿਬ ਲਿਖਦੇ ਹਨ:

ਧਰਮਸਾਲ ਕਰਤਾਰਪੁਰ ਸਾਧਸੰਗਤ ਸਚ ਖੰਡੁ ਵਸਾਇਆ॥

ਵਾਹਿਗੁਰੂ ਗੁਰ ਸਬਦ ਸੁਣਾਇਆ॥ (ਵਾਰ ੨੪, ਪਉੜੀ ੧)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਲੌਕਿਕ ਰਚਨਾ 'ਜਪੁ ਜੀ' ਦੀ ਸੰਪੂਰਨਤਾ ਬਾਰੇ ਸਲੋਕ ਦੀ ਵਿਆਖਿਆ ਕਰਦੇ ਹੋਏ ਭਾਈ ਗੁਰਦਾਸ ਜੀ ਇਕ ਪਉੜੀ ਦੀ ਰਚਨਾ ਕਰਦੇ ਹਨ। ਇਸ ਪਉੜੀ ਦੀ ਅਰੰਭਲੀ ਪੰਕਤੀ ਵਿਚ ਹੀ 'ਵਾਹਗੁਰੂ' ਸ਼ਬਦ ਸੁਣਾਉਣ ਦੀ ਗੱਲ ਕਰਦੇ ਹਨ:

ਪਾਉਣ ਗੁਰੂ ਗੁਰਸਬਦੁ ਹੈ ਵਾਹਗੁਰੂ ਗੁਰ ਸਬਦੁ ਸੁਣਾਇਆ। (ਵਾਰ ੬, ਪਉੜੀ ੫)

ਇਸੇ ਪ੍ਰਕਾਰ ਇਕ ਹੋਰ ਥਾਂ ਭਾਈ ਸਾਹਿਬ ਨੇ ਸਤਿਗੁਰੂ ਜੀ ਵੱਲੋਂ ਦਇਆਲ ਹੋ ਕੇ ਸੱਚਾ ਮੰਤਰ 'ਵਾਹਿਗੁਰੂ' ਸੁਣਾਉਣ ਦੀ ਗੱਲ ਵੀ ਕਹੀ ਹੈ :

ਸਤਿਗੁਰੁ ਪੁਰਖ ਦਇਆਲ ਹੋਇ ਵਾਹਿਗੁਰੂ ਸੁ ਮੰਤ੍ਰ ਸੁਣਾਇਆ॥ (ਵਾਰ ੧੧, ਪਉੜੀ ੧੧)

ਭਾਈ ਗੁਰਦਾਸ ਜੀ ਜਦੋਂ 'ਵਾਹਿਗੁਰੂ' ਜਾਂ 'ਵਾਹਗੁਰੂ' ਸ਼ਬਦ ਨੂੰ 'ਗੁਰਮੰਤਰ' ਕਹਿੰਦੇ ਹਨ ਤਾਂ ਉਨ੍ਹਾਂ ਦੇ ਸਾਮ੍ਹਣੇ ਇਸ ਦਾ ਬਾਕਾਇਦਾ ਤੌਰ 'ਤੇ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਹੈ। ਇਸ ਤੋਂ ਇਲਾਵਾ ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਚਾਰ ਗੁਰੂ ਸਾਹਿਬਾਨ ਦੀ ਸੰਗਤ ਨਿੱਜੀ ਤੌਰ 'ਤੇ ਮਾਣੀ ਹੈ। ਨਿਰਸੰਦੇਹ ਆਪ ਜੀ ਨੇ ਗੁਰਮੰਤਰ 'ਵਾਹਿਗੁਰੂ' ਦੇ ਜਾਪ ਦਾ ਅਭਿਆਸ ਵੀ ਬਹੁਤ ਕੀਤਾ ਤਾਂ ਹੀ ਉਹ ਗੁਰਬਾਣੀ ਦੀਆਂ ਅਗਾਧ-ਬੋਧ ਸਚਾਈਆਂ ਦੀ ਵਿਆਖਿਆ ਏਨੇ ਗਹਿਰ-ਗੰਭੀਰ ਰੂਪ ਵਿਚ ਕਰ ਸਕੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਨੂੰ ਖ਼ੁਦ ਹੀ 'ਬਾਣੀ ਮੰਤ੍ਰ ਮਹਾਪੁਰਖਨ ਕੀ' ਕਿਹਾ ਹੈ। ਆਪ ਜੀ ਫੁਰਮਾਉਂਦੇ ਹਨ :

ਬਾਣੀ ਮੰਤ੍ਰ ਮਹਾਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥

ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥ (ਸਾਰਗ ਮਹਲਾ ੫, ੧੨੦੮)

ਮੂਲ ਮੰਤਰ, ਗੁਰਮੰਤਰ ਅਤੇ ਨਿਰੰਕਾਰ ਸਭ ਗੁਰਬਾਣੀ ਤੋਂ ਹੀ ਪ੍ਰਾਪਤ ਹੁੰਦੇ ਹਨ ਕਿਉਂਕਿ ਇਹ ਬਾਣੀ ਹੈ ਹੀ 'ਖਸਮ ਕੀ ਬਾਣੀ'। ਅਸਲ ਵਿਚ ਮੂਲ ਮੰਤਰ, ਗੁਰਮੰਤਰ ਅਤੇ ਨਿਰੰਕਾਰ ਆਪੋ ਵਿਚ ਅਭੇਦ ਹਨ ਅਤੇ ਇਹ ਇਕ ਹੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦਾ ਧੁਰਾ ਵੀ ਇਕ ਹੀ ਹੈ ਅਤੇ ਉਹ ਹੈ ੴ (ਇਕ ਓਅੰਕਾਰ)।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵਾਹ, ਵਾਹਿ, ਵਾਹੁ, ਗੁਰ, ਗੁਰੁ, ਗੁਰੂ, ਵਾਹਗੁਰੂ ਅਤੇ ਵਾਹਿਗੁਰੂ ਸ਼ਬਦ ਗੁਰਮੰਤਰ ਦੇ ਸੰਬੰਧ ਵਿਚ ਆਏ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰੁਮਤ ਮਾਰਤੰਡ' ਦੇ ਭਾਗ ਦੂਜਾ ਵਿਚ 'ਵਾਹਗੁਰੂ' ਇੰਦਰਾਜ ਤਹਿਤ ਠੀਕ ਲਿਖਦੇ ਹਨ: ''ਗੁਰੂ ਗ੍ਰੰਥ ਸਾਹਿਬ ਵਿਚ ਜੁਦੇ-ਜੁਦੇ ਸ਼ਬਦਾਂ ਵਿਚ ਇਸ ਦਾ ਰੂਪ ਹੈ- ਵਾਹੁ, ਗੁਰ, ਗੁਰੁ, ਇਕੱਠਾ ਸਰੂਪ ਹੈ, ਵਾਹਗੁਰੂ ਅਤੇ ਵਾਹਿਗੁਰੂ।'' ਚਾਹੇ ਵਾਹਗੁਰੂ ਜਾਂ ਵਾਹਿਗੁਰੂ ਕਿਹਾ ਗਿਆ ਹੈ ਅਤੇ ਚਾਹੇ ਸੰਖੇਪ ਰੂਪਾਂ ਵਿਚ ਵਾਹ, ਵਾਹੁ, ਵਾਹਿ, ਗੁਰ, ਗੁਰੁ ਅਤੇ ਗੁਰੂ ਕਿਹਾ ਗਿਆ ਹੈ ਭਾਵ ਇਕ ਹੀ ਹੈ। ਗੁਰਬਾਣੀ ਵਿਚ ਚਾਹੇ ਸ਼ਬਦ 'ਨਾਮ' ਹੋਵੇ ਜਾਂ 'ਸਤਿਨਾਮ' ਹੋਵੇ ਅਤੇ ਜਾਂ ਫਿਰ 'ਹਰਿਨਾਮ' ਭਾਵ ਇੱਕੋ ਹੀ ਹੈ; ਇੱਕੋ-ਇਕ ਪਰਮਾਤਮਾ ਦਾ ਨਾਮ। ਇੱਥੇ ਇਹ ਵੀ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਗੁਰਮੰਤਰ ਨਾਲ ਸੰਬੰਧਤ ਇਹ ਸਾਰੇ ਰੂਪ ਇੱਕੋ ਜੋਤਿ ਦਾ ਹੀ ਜਾਪ ਹਨ। ਨਿਰੰਕਾਰ ਪਰਮਾਤਮਾ ਦਾ ਹੀ ਰੂਪ ਹਨ ਗੁਰੂ ਅਤੇ ਗੁਰਬਾਣੀ। ਇਨ੍ਹਾਂ ਵਿਚ ਰੰਚਕ-ਮਾਤਰ ਵੀ ਅੰਤਰ ਜਾਂ ਭੇਦ ਨਹੀਂ ਹੈ। ਗੁਰਮਤਿ ਦਾ ਇਹ ਇੱਕਰੂਪਤਾ ਦਾ ਸਿਧਾਂਤ ਹੇਠ ਲਿਖੇ ਗੁਰਬਾਣੀ ਦੇ ਪਵਿੱਤਰ ਕਥਨ ਸਮਝਾ ਰਹੇ ਹਨ:

* ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥ (ਭੈਰਉ ਮਹਲਾ ੫, ੧੧੪੨)

* ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ (ਆਸਾ ਮਹਲਾ ੪, ੪੪੨)

* ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਨਟ ਮਹਲਾ ੪, ੯੮੨)

* ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥

ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥

(ਸਲੋਕ ਮ: ੩, ਗੂਜਰੀ ਕੀ ਵਾਰ ਮਹਲਾ ੩, ੫੧੫)

ਇਸ ਲਈ ਜਦੋਂ ਸਵਈਏ ਉਚਾਰਦੇ ਸਮੇਂ ਭੱਟ ਸਾਹਿਬਾਨ ਆਪਣੀ ਬਾਣੀ ਵਿਚ 'ਵਾਹੁ ਵਾਹੁ', 'ਗੁਰੂ ਗੁਰੂ' ਅਤੇ 'ਵਾਹਿਗੁਰੂ' ਕਹਿ ਕੇ ਸਿਫ਼ਤ-ਸਲਾਹ ਕਰਦੇ ਹਨ ਤਾਂ ਉਹ ਭਾਵੇਂ ਪਰਮਾਤਮਾ ਲਈ ਸਿਫ਼ਤ ਦੇ ਸ਼ਬਦ ਵਰਤਦੇ ਹਨ, ਭਾਵੇਂ ਸਤਿਗੁਰੂ ਲਈ, ਭਾਵੇਂ ਗੁਰੂ ਸਾਹਿਬਾਨ ਭਾਵ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪ ਅਤੇ ਮਹਲਾ ੫ ਲਈ ਅਤੇ ਭਾਵੇਂ ਗੁਰਬਾਣੀ ਲਈ; ਸਿਫ਼ਤ-ਸਲਾਹ ਦੀ ਭਾਵਨਾ ਵਿਚ ਇੱਕੋ ਹੀ ਜੋਤਿ ਹੈ ਅਤੇ ਉਹ ਹੈ ਇੱਕੋ-ਇਕ ਪਰਮਾਤਮਾ ਦੀ ਜੋਤਿ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਉਚਾਰੀ ਗਈ ਬਾਣੀ ਵਿਚ ਵੀ 'ਵਾਹੁ ਵਾਹੁ' ਪਰਮਾਤਮਾ, ਗੁਰੂ ਅਤੇ ਗੁਰਬਾਣੀ ਦੀ ਕੀਤੀ ਹੋਈ ਹੈ। ਉੱਥੇ ਵੀ ਇਹ 'ਵਾਹੁ ਵਾਹੁ' ਅਸਲ ਵਿਚ ਇੱਕੋ-ਇਕ ਜੋਤਿ ਭਾਵ ਨਿਰੰਕਾਰ ਦੀ ਜੋਤਿ ਦੀ ਹੀ ਕੀਤੀ ਗਈ ਹੈ ਕਿਉਂਕਿ ਇਹੀ ਜੋਤਿ ਗੁਰੂ ਅਤੇ ਗੁਰਬਾਣੀ ਦੀ ਜੋਤਿ ਹੈ। ਹੁਣ ਅਸੀਂ ਗੁਰਮੰਤਰ 'ਵਾਹਿਗੁਰੂ' ਅਤੇ ਇਸ ਨਾਲ ਸੰਬੰਧਿਤ ਸੰਖੇਪ ਵਿਚ ਆਏ ਰੂਪਾਂ ਜਾਂ ਸ਼ਬਦਾਂ 'ਵਾਹੁ' ਅਤੇ 'ਗੁਰੂ' ਨਾਲ ਸੰਬੰਧਿਤ ਗੁਰਬਾਣੀ ਦੇ ਪਵਿੱਤਰ ਕਥਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਦੇਖਾਂਗੇ ਜਿਨ੍ਹਾਂ ਦੇ ਆਧਾਰ 'ਤੇ ਹੀ ਭਾਈ ਗੁਰਦਾਸ ਜੀ ਨੇ 'ਵਾਹਿਗੁਰੂ ਗੁਰਮੰਤ੍ਰ ਹੈ' ਆਖਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ:

* ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ॥

(ਗਉੜੀ ਮਹਲਾ ੧, ੨੨੬)

* ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ॥

ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ॥

ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ॥ ੬॥

(ਗਉੜੀ ਮਹਲਾ ੧, ੨੨੬)

ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ:

* ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ॥

ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ॥

ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ॥

(ਸਲੋਕ ਮ: ੩, ਗੂਜਰੀ ਕੀ ਵਾਰ ਮਹਲਾ ੩, ੫੧੫)

* ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ॥

ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ॥ (ਮਲਾਰ ਮਹਲਾ ੩, ੧੨੭੬)

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ:

* ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ॥

(ਵਡਹੰਸ ਕੀ ਵਾਰ ਮਹਲਾ ੪, ਪਉੜੀ ੧, ੫੯੫-੫੯੬)

* ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ॥

ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ॥

ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥

ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ॥

(ਸਲੋਕ ਮਹਲਾ ੪, ਸਲੋਕ ਵਾਰਾਂ ਤੇ ਵਧੀਕ, ੧੪੨੧)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ:

* ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥ (ਆਸਾ ਮਹਲਾ ੫, ੩੭੬)

* ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥ (ਰਾਗ ਗੂਜਰੀ ਵਾਰ ਮਹਲਾ ੫, ਪਉੜੀ ੧੬, ੫੨੨)

ਭਗਤ ਕਬੀਰ ਜੀ ਦੀ ਬਾਣੀ ਵਿਚੋਂ:

ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ॥ ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ॥ ੧॥ ਰਹਾਉ॥ (ਆਸਾ ਕਬੀਰ ਜੀ, ੪੭੮-੪੭੯)

ਭੱਟ ਸਾਹਿਬਾਨ ਦੀ ਬਾਣੀ ਵਿਚੋਂ:

* ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯ੍ਯਾਇਯਉ॥ (ਸਵਈਏ ਮਹਲੇ ਚਉਥੇ ਕੇ ੪, ਭੱਟ ਬਲਯ੍ਯ ਜੀ, ੧੪੦੫)

* ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ (ਸਵਈਏ ਮਹਲੇ ਚਉਥੇ ਕੇ ੪, ਭੱਟ ਗਯੰਦ ਜੀ, ੧੪੦੩)

* ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ॥ (ਸਵਈਏ ਮਹਲੇ ਚਉਥੇ ਕੇ ੪, ਭੱਟ ਨਲਯ੍ਯ ਜੀ, ੧੪੦੦)

ਉਪਰੋਕਤ ਪਵਿੱਤਰ ਪੰਕਤੀਆਂ ਵਿਚੋਂ ਕੁਝ ਪੰਕਤੀਆਂ ਨੂੰ ਭੱਟ ਸਾਹਿਬਾਨ ਨੇ ਇਕ ਤੋਂ ਵੱਧ ਵਾਰ ਸਵਈਆਂ ਵਿਚ ਦੁਹਰਾਇਆ ਵੀ ਹੋਇਆ ਹੈ। ਸ੍ਰੀ ਗੁਰੂ ਅਮਰਦਾਸ ਜੀ ਬਾਰੇ ਭੱਟ ਬਲਯ੍ਯ ਜੀ ਵੱਲੋਂ ਇਕ ਬੜੀ ਇਤਿਹਾਸਿਕ ਮਹੱਤਵ ਵਾਲੀ ਸਚਾਈ ਦੱਸੀ ਗਈ ਹੈ ਕਿ ਗੁਰੂ ਜੀ ਨੇ 'ਵਾਹੁ ਵਾਹੁ' ਕਰ ਕੇ

***(ਬਾਕੀ ਅਗਲੇ ਸਫੇ 'ਤੇ)***

# ਅਜੋਕੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਪ੍ਰਸੰਗਕਿਤਾ

ਸਿੱਖ ਧਰਮ ਦੇ ਬਾਨੀ ਅਤੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਵਿਚ ਇੱਕ ਅਜਿਹੇ ਅਵਤਾਰ ਹੋਏ ਹਨ, ਜਿਨ੍ਹਾਂ ਦੀਆਂ ਸਿੱਖਿਆਵਾਂ ਅਤੇ ਵਿਚਾਰ ਅਜੋਕੇ ਸਮੇਂ ਵਿਚ ਵੀ ਪ੍ਰਸੰਗਿਕ ਹਨ। ਗੁਰੂ ਸਾਹਿਬ ਦਾ ਜਨਮ ਅੰਧ-ਵਿਸ਼ਵਾਸ ਅਤੇ ਫੋਟਕ ਕਰਮ-ਕਾਂਡਾਂ ਦੇ ਹਨੇਰੇ ਵਿਚ ਫਸੀ ਮਨੁੱਖਤਾ ਲਈ ਪ੍ਰਕਾਸ਼ ਦੇ ਵਾਂਗ ਸੀ। ਉਨ੍ਹਾਂ ਨੇ ਇਕ ਅਜਿਹਾ ਸਿਧਾਂਤ ਦਿੱਤਾ, ਜਿਸਦਾ ਉਦੇਸ਼ ਸਰਵ ਵਿਆਪੀ ਇਨਕਲਾਬ ਲਿਆ ਕੇ ਸੰਪੂਰਨ ਮਨੁੱਖ ਜਾਤੀ ਵਿਚ ਆਪਸੀ ਤਾਲਮੇਲ ਬਣਾਉਣਾ ਸੀ। ਗੁਰੂ ਨਾਨਕ ਦੇਵ ਜੀ ਨੇ ਸੱਚ, ਨੇਕੀ, ਸੇਵਾ ਅਤੇ ਸਿਮਰਨ 'ਤੇ ਅਧਾਰਤ 'ਗੁਰਮਤਿ ਵਿਚਾਰਧਾਰਾ' ਨੂੰ ਅਪਨਾਇਆ, ਤਾਂ ਜੋ ਲੋਕ ਝੂਠ-ਫਰੇਬ ਦੇ ਜੀਵਨ ਨੂੰ ਸਮਝ ਸਕਣ ਅਤੇ ਸੱਚ ਦੇ ਮਾਰਗ ਦੇ ਪਾਂਧੀ ਬਣ ਸਕਣ। ਗੁਰਮਤਿ ਵਿਚਾਰਧਾਰਾ ਦਾ ਆਧਾਰ ਤਿੰਨ-ਸੂਤਰੀ ਸੁਨਹਿਰੀ ਸਿਧਾਂਤ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਭਾਵ 'ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰੋ, ਪਰਮਾਤਮਾ ਦਾ ਨਾਮ ਜਪੋ ਤੇ ਇਸਨੂੰ ਹਮੇਸ਼ਾ ਯਾਦ ਰੱਖੋ ਅਤੇ ਲੋੜਵੰਦਾਂ ਨਾਲ ਵੰਡ ਕੇ ਖਾਓ' ਉਤੇ ਅਧਾਰਤ ਹੈ।




**ਡਾ. ਸੰਦੀਪ ਸਿੰਘ ਮੁੰਡੇ**
**ਫੋਨ: 94136-52646**


ਬਚਪਨ ਵਿਚ ਗੁਰੂ ਨਾਨਕ ਦੇਵ ਜੀ ਇਕ ਅਸਾਧਾਰਨ ਅਤੇ ਗੰਭੀਰ ਸੁਭਾਅ ਦੇ ਬਾਲਕ ਸਨ। ਉਨ੍ਹਾਂ ਨੇ ਬਚਪਨ ਤੋਂ ਹੀ ਮਾਨਵਤਾ ਦੀ ਗੱਲ ਕਰਨੀ ਸ਼ੁਰੂ ਕੀਤੀ। ਹਿੰਦੀ, ਗਣਿਤ, ਸੰਸਕ੍ਰਿਤ ਅਤੇ ਫਾਰਸੀ ਦਾ ਗਿਆਨ ਪੰਡਿਤ ਗੋਪਾਲ, ਪੰਡਿਤ ਬ੍ਰਜਨਾਥ ਅਤੇ ਰੁਕਨਦੀਨ ਤੋਂ ਪ੍ਰਾਪਤ ਕੀਤਾ। ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਦੇ ਕਾਰਨਾਂ ਅਤੇ ਉਦੇਸ਼ਾਂ ਨੂੰ ਸਮਝਦਿਆਂ ਅਹਿਸਾਸ ਹੋਇਆ ਕਿ ਅਜੋਕੀ ਵਿੱਦਿਆ ਮਨੁੱਖਤਾ ਲਈ ਲਾਭਕਾਰੀ ਨਹੀਂ ਹੈ, ਕਿਉਂਕਿ ਮਨੁੱਖਤਾ ਦਾ ਵਿਕਾਸ ਸਿਰਫ ਕਿਤਾਬੀ ਗਿਆਨ ਨਾਲ ਹੀ ਸੰਭਵ ਨਹੀਂ ਹੈ, ਇਸ ਲਈ ਉਨ੍ਹਾਂ ਨੇ ਸੰਸਾਰ ਨੂੰ ਸੇਧ ਦੇਣ ਲਈ ਇੱਕ ਗਲੋਬਲ ਅਤੇ ਨਵੀਂ ਇਨਕਲਾਬੀ ਵਿਚਾਰਧਾਰਾ ਪੇਸ਼ ਕੀਤੀ। ਜਦੋਂ ਗੁਰੂ ਜੀ 9 ਸਾਲਾਂ ਦੇ ਸਨ ਤਾਂ ਪਰਿਵਾਰ ਨੇ ਜਨੇਊ ਪਹਿਨਾਉਣ ਦੀ ਰਸਮ ਲਈ ਪੰਡਿਤ ਹਰਦਿਆਲ ਨੂੰ ਬੁਲਾਇਆ। ਪਰ ਜਦੋਂ ਪੰਡਿਤ ਨੇ ਧਰਮ ਗ੍ਰੰਥਾਂ ਦੀ ਰੀਤੀ ਅਨੁਸਾਰ ਗੁਰੂ ਜੀ ਨੂੰ ਜਨੇਊ ਪਹਿਨਾਉਣਾ ਚਾਹਿਆ, ਤਾਂ ਉਨ੍ਹਾਂ ਇਨਕਾਰ ਕਰਦਿਆਂ ਕਿਹਾ ਕਿ ਮਨੁੱਖ ਨੂੰ ਧਾਗੇ ਦੇ ਜਨੇਊ ਪਹਿਨਣ ਦਾ ਕੋਈ ਲਾਭ ਨਹੀਂ ਹੈ, ਇਸਦੀ ਬਜਾਏ ਮਨੁੱਖ ਨੂੰ ਪਰਮਾਤਮਾ ਨਾਲ ਪਿਆਰ ਅਤੇ ਸਦਾਚਾਰਕ ਗੁਣ-ਨੇਕੀ, ਦਇਆ, ਸੰਤੋਖ ਅਤੇ ਚੰਗੇ ਕਿਰਦਾਰ ਆਦਿ ਦਾ ਧਾਰਨੀ ਹੋਣਾ ਚਾਹੀਦਾ ਹੈ।

ਕਿਰਤ ਨੂੰ ਮਹੱਤਵ ਦਿੰਦੇ ਹੋਏ ਉਨ੍ਹਾਂ ਇਸਨੂੰ ਹਰ ਮਨੁੱਖ ਦੇ ਜੀਵਨ ਲਈ ਮਹੱਤਵਪੂਰਨ ਮੰਨਿਆ। ਗੁਰੂ ਜੀ ਨੇ ਖੁਦ ਆਪਣੀ ਜ਼ਿੰਦਗੀ ਵਿਚ ਮੱਝਾਂ ਚਰਾਉਣ, ਵਪਾਰ ਕਰਨ ਅਤੇ ਖੇਤੀ ਕਰਨ ਦਾ ਕੰਮ ਕੀਤਾ। ਗੁਰੂ ਜੀ ਨੇ ਸੁਲਤਾਨਪੁਰ ਲੋਧੀ ਵਿਚ ਨਵਾਬ ਦੌਲਤ ਖਾਨ ਦੇ ਮੋਦੀ ਖਾਨੇ ਵਿਚ ਨੌਕਰੀ ਵੀ ਕੀਤੀ। ਉਹ ਗ੍ਰਿਹਸਥ ਜੀਵਨ ਨੂੰ ਮਹਾਨ ਮੰਨਦੇ ਸਨ ਅਤੇ ਉਨ੍ਹਾਂ ਨੇ ਖੁਦ ਗ੍ਰਿਹਸਥ ਜੀਵਨ ਨੂੰ ਧਾਰਨ ਕੀਤਾ। ਗੁਰੂ ਜੀ ਦਾ ਵਿਆਹ ਬਟਾਲਾ ਨਿਵਾਸੀ ਮੂਲਚੰਦ ਜੀ ਦੀ ਧੀ ਬੀਬੀ ਸੁਲੱਖਣੀ ਜੀ ਨਾਲ ਹੋਇਆ, ਜਿਸ ਦੀ ਕੁਖੋਂ ਦੋ ਪੁੱਤਰ-ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ ਪੈਦਾ ਹੋਏ।

ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਸਮਾਨਤਾ ਦਾ ਸਿਧਾਂਤ 'ਨਾ ਕੋਈ ਹਿੰਦੂ ਨਾ ਮੁਸਲਮਾਨ' ਪੇਸ਼ ਕੀਤਾ ਅਤੇ ਇਸ ਦੇ ਅਰਥ ਦੱਸਦੇ ਹੋਏ ਕਿਹਾ ਕਿ ਸਾਰੇ ਧਰਮ ਬਰਾਬਰ ਹਨ, ਹਿੰਦੂ ਅਤੇ ਮੁਸਲਮਾਨ ਵਿਚ ਕੋਈ ਅੰਤਰ ਨਹੀਂ ਹੁੰਦਾ। ਸਾਰੇ ਧਰਮਾਂ ਦੇ ਲੋਕਾਂ ਦੇ ਦਿਲਾਂ ਅੰਦਰ ਪਰਮਾਤਮਾ ਦਾ ਨਿਵਾਸ ਹੈ। ਪਰ ਅੱਜ ਦੋਵੇਂ ਹਿੰਦੂ ਅਤੇ ਮੁਸਲਮਾਨ ਆਪਣੇ-ਆਪਣੇ ਧਰਮਾਂ ਦੇ ਮੂਲ ਸਿਧਾਂਤਾਂ ਨੂੰ ਭੁੱਲ ਗਏ ਹਨ ਅਤੇ ਬੇਲੋੜੇ ਰੀਤੀ ਰਿਵਾਜਾਂ ਅਤੇ ਵਹਿਮਾਂ-ਭਰਮਾਂ ਨੂੰ ਵਧਾ ਰਹੇ ਹਨ। ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਸਾਰੇ ਮਨੁੱਖ/ਜੀਵ ਇੱਕ ਪਰਮ ਪਿਤਾ ਪਰਮਾਤਮਾ ਦੀ ਸੰਤਾਨ ਹਨ ਅਤੇ ਹਰ ਮਨੁੱਖ/ਜੀਵ ਦੇ ਅੰਦਰ ਪਰਮਾਤਮਾ ਦੀ ਜੋਤ ਮੌਜੂਦ ਹੈ। ਇਸ ਲਈ ਸਾਰੇ ਮਨੁੱਖਾਂ ਨੂੰ, ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤੀ ਦੇ ਹੋਣ, ਪਿਆਰ ਕਰਨਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿਚ ਅਸਮਾਨਤਾ ਅਤੇ ਛੂਤ-ਛਾਤ ਦਾ ਬੋਲਬਾਲਾ ਸੀ। ਭਾਰਤੀ ਸਮਾਜ ਵਿਚ ਔਰਤਾਂ ਦੀ ਸਥਿਤੀ ਬਹੁਤ ਮਾੜੀ ਸੀ। ਜਗਜਣਨੀ ਔਰਤ ਨੂੰ ਸਭ ਤੋਂ ਨੀਵਾਂ ਭਾਵ ਪੈਰ ਦੀ ਜੁੱਤੀ ਸਮਝ ਕੇ ਨਫ਼ਰਤ ਕੀਤੀ ਜਾਂਦੀ ਸੀ। ਪਰ ਗੁਰੂ ਜੀ ਨੇ ਔਰਤ ਨੂੰ ਸਤਿਕਾਰਯੋਗ ਸਥਾਨ ਦਿੱਤਾ ਅਤੇ ਕਿਹਾ ਕਿ ਔਰਤ ਤੋਂ ਬਿਨਾ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਔਰਤ ਇੰਨੀ ਮਹਾਨ ਹੈ ਕਿ ਉਹ ਆਪਣੀ ਕੁੱਖ ਤੋਂ ਰਾਜਿਆਂ ਨੂੰ ਵੀ ਜਨਮ ਦਿੰਦੀ ਹੈ। ਆਦਮੀ ਅਤੇ ਔਰਤ ਦੋਵੇਂ ਹੀ ਪਰਮਾਤਮਾ ਦੀ ਦਾਤ ਹਨ, ਸੋ ਉਨ੍ਹਾਂ ਵਿਚ ਕੋਈ ਅਸਮਾਨਤਾ ਨਹੀਂ ਹੋ ਸਕਦੀ। ਇਸ ਲਈ ਔਰਤਾਂ ਨੂੰ ਵੀ ਸਮਾਜ ਵਿਚ ਮਰਦਾਂ ਦੇ ਬਰਾਬਰ ਅਧਿਕਾਰ ਮਿਲਣੇ ਚਾਹੀਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਲੋਕਾਂ ਦੀ ਦੁਰਦਸ਼ਾ ਨੂੰ ਦੇਖਦੇ ਹੋਏ, ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਣ ਲਈ ਚਾਰ ਉਦਾਸੀਆਂ ਕੀਤੀਆਂ। ਉਨ੍ਹਾਂ ਨੇ ਚਾਰਾਂ ਦਿਸ਼ਾਵਾਂ ਦਾ ਭ੍ਰਮਣ ਕਰਦੇ ਹੋਏ ਸਮਾਜ ਵਿਚ ਫੈਲੇ ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ ਅਤੇ ਲੋਕਾਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਇਸ ਦੌਰਾਨ ਜਦੋਂ ਗੁਰੂ ਨਾਨਕ ਦੇਵ ਜੀ ਜਗਨਨਾਥਪੁਰੀ ਪਹੁੰਚੇ ਤਾਂ ਉਥੇ ਮੰਦਰ ਵਿਚ ਆਰਤੀ ਕਰ ਰਹੇ ਪੰਡਿਤਾਂ ਨੂੰ ਸਮਝਾਇਆ ਕਿ ਪਰਮਾਤਮਾ ਸਰਵ ਵਿਆਪਕ ਹੈ, ਸਾਰੇ ਜੀਵਾਂ ਵਿਚ ਇਕ ਹੀ ਪਰਮਾਤਮਾ ਦੀ ਜੋਤ ਹੈ ਅਤੇ ਸਾਰੀ ਪ੍ਰਕ੍ਰਿਤੀ ਉਸ ਦੀ ਹੀ ਆਰਤੀ ਕਰ ਰਹੀ ਹੈ, ਇਸ ਲਈ ਆਪ ਦੁਆਰਾ ਆਰਤੀ ਕਰਨਾ ਵਿਅਰਥ ਹੈ। ਸਰਵ ਸ਼ਕਤੀਮਾਨ ਪਰਮ ਪਿਤਾ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਉਸ ਦੀ ਸਿਫਤ-ਸਲਾਹ ਕਰਨਾ ਹੀ ਪਰਮਾਤਮਾ ਦੀ ਸੱਚੀ ਆਰਤੀ ਹੈ।



ਗੁਰੂ ਜੀ ਨੇ ਧਰਮ ਆਧਾਰਤ ਪਾਖੰਡਾਂ, ਵਹਿਮਾਂ-ਭਰਮਾਂ ਅਤੇ ਫਜ਼ੂਲ ਦੀਆਂ ਰੀਤਾਂ ਦੀ ਨਿਖੇਧੀ ਕਰਦਿਆਂ ਧਰਮ ਦੇ ਅਸਲ ਸਿਧਾਂਤਾਂ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਮੂਰਤੀ ਪੂਜਾ ਕਰਨਾ, ਤੀਰਥ ਸਥਾਨਾਂ ਦੀ ਯਾਤਰਾ ਕਰਨਾ, ਘਰ-ਬਾਰ ਨੂੰ ਛੱਡ ਕੇ ਜੰਗਲ ਵਿਚ ਜਾ ਕੇ ਤਪੱਸਿਆ ਕਰਨੀ, ਵਰਤ ਰੱਖਣੇ, ਸੂਰਜ ਨੂੰ ਪਾਣੀ ਦੇਣਾ ਆਦਿ ਸਭ ਵਿਅਰਥ ਕਰਮ ਕਾਂਡ ਹਨ। ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਕਿਸੇ ਅਡੰਬਰ ਜਾਂ ਰੀਤੀ-ਰਿਵਾਜ ਦੀ ਜ਼ਰੂਰਤ ਨਹੀਂ ਹੈ। ਮਨੁੱਖ ਆਪਣੇ ਮਨ ਨੂੰ ਜਿੱਤ ਕੇ ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ। ਗੁਰੂ ਜੀ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਕੋਈ ਵਿਤਕਰਾ ਨਹੀਂ ਕੀਤਾ, ਆਪਣੀ ਉਦਾਸੀ ਦੌਰਾਨ ਉਨ੍ਹਾਂ ਨੇ ਹਿੰਦੂਆਂ ਦੇ ਪ੍ਰਸਿੱਧ ਤੀਰਥ ਸਥਾਨਾਂ ਦੇ ਨਾਲ ਨਾਲ ਮੁਸਲਮਾਨਾਂ ਦੇ ਪਵਿੱਤਰ ਸਥਾਨ ਮੱਕਾ, ਮਦੀਨਾ, ਬਗਦਾਦ ਆਦਿ ਦਾ ਦੌਰਾ ਵੀ ਕੀਤਾ ਅਤੇ ਸਾਰਿਆਂ ਨੂੰ ਸੱਚਾਈ ਦਾ ਗਿਆਨ ਦਿੱਤਾ। ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਬਾਬਾ ਨਾਨਕ ਅਤੇ ਨਾਨਕ ਸ਼ਾਹ ਫਕੀਰ ਵੀ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਨੈਤਿਕਤਾ ਦੇ ਸਿਧਾਂਤਾਂ ਦੀ ਪਾਲਣਾ ਕਰਨ ਅਤੇ ਸਮਾਜ ਦੀ ਸੇਵਾ ਕਰਨ ਦਾ ਉਪਦੇਸ਼ ਦਿਤਾ। ਉਨ੍ਹਾਂ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਆਦਮੀ ਨੂੰ ਸਰਲ, ਸਾਦਾ ਅਤੇ ਪਵਿੱਤਰ ਜੀਵਨ ਜਿਊਣਾ ਚਾਹੀਦਾ ਹੈ। ਮਨੁੱਖੀ ਸੁਭਾਅ ਵਿਚ ਦੂਸਰਿਆਂ ਪ੍ਰਤੀ ਪਿਆਰ, ਨਿਮਰਤਾ, ਮੁਆਫ਼ੀ, ਦਯਾ, ਲੋੜਵੰਦਾਂ ਪ੍ਰਤੀ ਸਹਿਯੋਗ ਦੀ ਭਾਵਨਾ ਆਦਿ ਨੈਤਿਕ ਗੁਣ ਹੋਣੇ ਚਾਹੀਦੇ ਹਨ। ਉਨ੍ਹਾਂ ਲੋਕਾਂ ਨੂੰ ਚੰਗੇ ਕੰਮ ਕਰਨ ਤੇ ਕਿਸੇ ਨਾਲ ਧੋਖਾ-ਧੜੀ ਨਾ ਕਰਨ ਲਈ ਪ੍ਰੇਰਿਆ ਅਤੇ ਹੱਕ ਹਲਾਲ ਭਾਵ ਇਮਾਨਦਾਰੀ ਨਾਲ ਕਮਾਈ ਕਰਨ 'ਤੇ ਜ਼ੋਰ ਦਿੱਤਾ।

ਗੁਰੂ ਜੀ ਅਨੁਸਾਰ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਪੰਜ ਅਵਸਥਾਵਾਂ-ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚਖੰਡ ਵਿਚੋਂ ਲੰਘਣਾ ਪੈਂਦਾ ਹੈ। ਧਰਮ ਖੰਡ ਵਿਚ ਮਨੁੱਖ ਆਪਣੇ ਕਰਤੱਵਾਂ ਪ੍ਰਤੀ ਸੁਚੇਤ ਹੁੰਦਾ ਹੈ। ਗਿਆਨ ਖੰਡ ਵਿਚ ਵਿਅਕਤੀ ਨੂੰ ਗਿਆਨ ਦੀ ਰੋਸ਼ਨੀ ਹੁੰਦੀ ਹੈ, ਜੋ ਉਸਦੇ ਮਨ ਵਿਚੋਂ ਸਾਰੇ ਵਹਿਮਾਂ-ਭਰਮਾਂ ਨੂੰ ਦੂਰ ਕਰਦੀ ਹੈ। ਸਰਮ ਖੰਡ ਵਿਚ ਮਨੁੱਖ ਅੰਦਰ ਬੁੱਧੀ ਦਾ ਵਿਕਾਸ ਹੁੰਦਾ ਹੈ ਅਤੇ ਇਸ ਵਿਚ ਦੈਵੀ ਗੁਣ ਆ ਜਾਂਦੇ ਹਨ। ਕਰਮ ਖੰਡ ਅਧੀਨ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ। ਅੰਤਿਮ ਸੱਚਖੰਡ ਦੀ ਅਵਸਥਾ ਪ੍ਰਾਪਤ ਕਰਨ 'ਤੇ ਮਨੁੱਖ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣ ਕੇ ਪਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸੰਗਤ ਅਤੇ ਪੰਗਤ ਦੀ ਪ੍ਰਥਾ ਦੀ ਸ਼ੁਰੂਆਤ ਕੀਤੀ। ਇਸ ਪ੍ਰਥਾ ਦੇ ਅਧੀਨ ਸਾਰੀਆਂ ਜਾਤੀਆਂ ਅਤੇ ਧਰਮਾਂ ਦੇ ਲੋਕ ਬਿਨਾਂ ਕਿਸੇ ਉਚ-ਨੀਚ ਦੇ ਵਿਤਕਰੇ ਦੇ ਇੱਕ ਕਤਾਰ ਵਿਚ ਬੈਠ ਜਾਂਦੇ ਹਨ ਅਤੇ ਇੱਕ ਹੀ ਰਸੋਈ ਵਿਚ ਤਿਆਰ ਕੀਤੇ ਲੰਗਰ ਨੂੰ ਇਕੱਠੇ ਹੀ ਛਕਦੇ ਹਨ। ਇਸ ਪ੍ਰਥਾ ਨੇ ਲੋਕਾਂ ਵਿਚ ਏਕਤਾ, ਸਮਾਨਤਾ, ਭਾਈਚਾਰੇ ਅਤੇ ਸਮਾਜ ਸੇਵਾ ਦੀ ਭਾਵਨਾ ਵਿਚ ਵਾਧਾ ਕੀਤਾ। ਗੁਰੂ ਜੀ ਨੇ ਮਨੁੱਖ ਨੂੰ ਪਰਮਾਤਮਾ ਦੇ ਨਾਮ ਸਿਮਰਨ ਦਾ ਸੰਦੇਸ਼ ਵੀ ਦਿੱਤਾ ਹੈ। ਪਰਮਾਤਮਾ ਦੇ ਨਾਮ ਸਿਮਰਨ ਨਾਲ ਮਨੁੱਖ ਦੇ ਮਨ ਵਿਚੋਂ ਵਿਕਾਰਾਂ ਅਤੇ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ। ਮਨੁੱਖ ਦੇ ਜੀਵਨ ਵਿਚੋਂ ਦੁੱਖਾਂ ਅਤੇ ਕਸ਼ਟਾਂ ਦਾ ਨਾਸ ਹੋ ਜਾਂਦਾ ਹੈ ਅਤੇ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਗੁਰੂ ਜੀ ਨੇ ਨਾਮ ਦੇ ਮਾਰਗ 'ਤੇ ਚਲਦਿਆਂ ਉਤਸ਼ਾਹ ਭਰਿਆ, ਸੁੱਚਾ-ਸੁੱਚਾ ਅਤੇ ਸਰਬੱਤ ਦੇ ਭਲੇ ਵਾਲਾ ਜੀਵਨ ਜਿਊਣ ਦਾ ਸੰਦੇਸ਼ ਦਿੱਤਾ।

ਗੁਰੂ ਜੀ ਨੇ ਸਮਾਜ ਦੇ ਆਰਥਿਕ, ਸੱਭਿਆਚਾਰਕ, ਸਿਆਸੀ, ਭਾਸ਼ਾਈ ਅਤੇ ਧਾਰਮਿਕ ਪਹਿਲੂਆਂ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਅਤੇ ਗੱਲਬਾਤ ਦੇ ਜ਼ਰੀਏ ਆਪਣੇ ਵਿਚਾਰਾਂ ਨੂੰ ਲੋਕਾਂ ਸਾਹਮਣੇ ਰੱਖਿਆ। ਗੁਰੂ ਜੀ ਦੁਆਰਾ ਰਚੀ ਗੁਰਬਾਣੀ ਵਿਚ ਉਨ੍ਹਾਂ ਦੀ ਵਿਚਾਰਧਾਰਾ ਅੰਕਿਤ ਹੈ, ਜੋ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਰਵਾਇਤਾਂ ਵਜੋਂ ਮਨੁੱਖੀ ਅਧਿਕਾਰਾਂ ਨੂੰ ਉੱਤਮ ਬਣਾਉਣ ਲਈ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਗੁਰੂ ਜੀ ਦੁਆਰਾ ਰਚਿਤ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਵਿਚ 'ਮਹਲਾ ਪਹਲਾ' ਸਿਰਲੇਖ ਹੇਠ ਦਰਜ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਗਿਆਨ ਮਨੁੱਖਤਾ ਦੇ ਭਲੇ ਲਈ ਮਹੱਤਵਪੂਰਨ ਅਤੇ ਮੁੱਲਵਾਨ ਹਨ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿਚ ਗੁਰੂ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਅਪਨਾਉਣ ਦੀ ਲੋੜ ਹੈ ਤਾਂ ਜੋ ਵਿਸ਼ਵ ਵਿਚ ਮਨੁੱਖਤਾ ਦਾ ਕਲਿਆਣ ਹੋ ਸਕੇ। ਅਸੀਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਪਵਿੱਤਰ ਬਾਣੀ ਤੋਂ ਸੇਧ ਲੈ ਕੇ ਅਤੇ ਸਮੂਹਿਕ ਤੌਰ 'ਤੇ ਮਾਨਵਤਾ ਦੀ ਭਲਾਈ ਲਈ ਕੰਮ ਕਰ ਕੇ ਆਪਣੇ ਜੀਵਨ ਨੂੰ ਖੁਸ਼ਹਾਲ ਬਣਾ ਸਕਦੇ ਹਾਂ। ਆਓ, ਗੁਰੂ ਸਾਹਿਬ ਦੇ 553ਵੇਂ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਮਾਣਦੇ ਹੋਏ ਗੁਰੂ ਜੀ ਦੀਆਂ ਸਿੱਖਿਆਵਾਂ, ਉਪਦੇਸ਼ ਅਤੇ ਪਾਵਨ ਬਚਨਾਂ ਤੋਂ ਸੇਧ ਲੈ ਕੇ ਦੁਨੀਆ ਭਰ ਵਿਚ ਸ਼ਾਂਤੀ, ਭਾਈਚਾਰਾ ਅਤੇ ਸਦਭਾਵਨਾ ਫੈਲਾਉਣ ਦਾ ਯਤਨ ਕਰੀਏ।

## ਵਾਹਿਗੁਰੂ ਗੁਰਮੰਤ੍ਰ ਹੈ

*(ਪਿਛਲੇ ਸਫੇ ਦਾ ਬਾਕੀ )*

ਅਤੇ 'ਵਾਹੁ ਵਾਹੁ' ਧਿਆ ਕੇ ਕਰਤਾਰ ਨੂੰ ਆਪਣੇ ਵੱਸ ਵਿਚ ਕਰ ਲਿਆ ਸੀ। ਇਹ ਹੈ ਨਾਮ-ਸਿਮਰਨ ਅਤੇ ਨਾਮ ਨੂੰ ਜਪਣ ਦੀ ਵਡਿਆਈ। ਸਪੱਸ਼ਟ ਰੂਪ ਵਿਚ 'ਗੁਰੂ ਗੁਰੂ', 'ਵਾਹੁ ਵਾਹੁ' ਅਤੇ 'ਵਾਹਿ' ਸੰਖੇਪ ਰੂਪਾਂ ਦੇ ਨਾਲ-ਨਾਲ ਗੁਰਮੰਤਰ ਦਾ ਪੂਰਾ ਸਰੂਪ 'ਵਾਹਗੁਰੂ' ਜਾਂ ਵਾਹਿਗੁਰੂ' ਵੀ ਭੱਟ ਸਾਹਿਬਾਨ ਦੀ ਬਾਣੀ ਵਿਚ ਵਾਰ-ਵਾਰ ਆਇਆ ਹੈ। ਇਹ ਭਾਈ ਗੁਰਦਾਸ ਜੀ ਦੇ ਕਥਨ 'ਵਾਹਿਗੁਰੂ ਗੁਰਮੰਤ੍ਰ ਹੈ' 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਲੱਗੀ ਹੋਈ ਪੱਕੀ ਮੋਹਰ ਹੈ। ਉਪਰੋਕਤ ਫ਼ੁਰਮਾਨ ਇਹ ਵੀ ਸਿੱਧ ਕਰਦੇ ਹਨ ਕਿ ਜਿੱਥੇ ਭੱਟ ਸਾਹਿਬਾਨ ਨੇ ਗੁਰੂ ਸਾਹਿਬਾਨ ਦੀ ਉਸਤਤ ਵਿਚ 'ਵਾਹ ਵਾਹ' ਅਤੇ 'ਗੁਰੂ ਗੁਰੂ' ਕੀਤੀ ਹੋਈ ਹੈ ਉੱਥੇ ਹੀ ਪਰਮਾਤਮਾ ਨੂੰ ਵੀ 'ਵਾਹਿਗੁਰੂ' ਕਹਿ ਕੇ ਸੰਬੋਧਨ ਕੀਤਾ ਹੈ। ਭੱਟ ਸਾਹਿਬਾਨ ਜਾਣਦੇ ਹਨ ਕਿ ਪਰਮਾਤਮਾ ਅਤੇ ਸਤਿਗੁਰੂ ਵਿਚ ਕੋਈ ਅੰਤਰ ਨਹੀਂ। ਸਤਿਗੁਰੂ ਦੀ ਉਸਤਤ ਪਰਮਾਤਮਾ ਦੀ ਉਸਤਤ ਹੈ ਅਤੇ ਪਰਮਾਤਮਾ ਦੀ ਉਸਤਤ ਸਤਿਗੁਰੂ ਦੀ ਉਸਤਤ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਵਿੱਤਰ ਫੁਰਮਾਨ ਹੈ:

ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥ (ਆਸਾ ਮਹਲਾ ੫, ੩੭੬)

ਜੇਕਰ 'ਗੁਰ ਵਾਹੁ' ਨੂੰ ਅਨਵੈ ਕਰਕੇ ਵਿਚਾਰੀਏ ਤਾਂ ਇਹ 'ਵਾਹੁਗੁਰ' ਬਣ ਜਾਂਦਾ ਹੈ।

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕ ੫੧੪ 'ਤੇ 'ਵਾਹੁ' ਸ਼ਬਦ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਹੈ : 'ਵਾਹੁ' ਵਾਹਿਗੁਰੂ ਸ਼ਬਦ ਦਾ ਸੰਖੇਪ ਹੈ, ਭਾਵ ਕਰਤਾਰ ਦਾ ਪ੍ਰੇਮ ਨਾਲ ਜਸ ਕਰਨਾ, ਸਿਫਤ, ਸਿਮਰਨ।

ਸ਼ਬਦ 'ਵਾਹੁ' ਅਦਭੁਤ ਰਸ ਅਤੇ ਵਿਸਮਾਦ ਦੀ ਅਵਸਥਾ ਦੀ ਨਿਸ਼ਾਨੀ ਹੈ। ਪਰਮਾਤਮਾ ਦੀ ਰਚੀ ਕੁਦਰਤ ਅਸਚਰਜ ਅਤੇ ਅਦਭੁਤ ਰਚਨਾ ਹੈ। ਇਸ ਨੂੰ ਦੇਖ ਕੇ ਅਨੁਭਵੀ ਗੁਰਮੁਖ ਵਿਅਕਤੀਆਂ ਦੇ ਮੂੰਹੋਂ ਆਪ-ਮੁਹਾਰੇ ਹੀ 'ਵਾਹ-ਵਾਹ' ਨਿਕਲ ਜਾਂਦਾ ਹੈ। ਉਹ ਇਸ ਅਦਭੁਤ ਰਚਨਾ ਦੇ ਰਚਨਹਾਰ ਦੀ ਯਾਦ ਵਿਚ ਆਪ-ਮੁਹਾਰੇ ਜੁੜ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਇਲਾਵਾ ਸਾਨੂੰ 'ਵਾਹਿਗੁਰੂ' ਗੁਰਮੰਤਰ ਬਾਰੇ ਭਾਈ ਗੁਰਦਾਸ ਜੀ (ਦੂਜੇ), ਭਾਈ ਨੰਦ ਲਾਲ ਜੀ, ਭਾਈ ਪ੍ਰਹਿਲਾਦ ਸਿੰਘ ਜੀ ਅਤੇ ਭਾਈ ਦੇਸਾ ਸਿੰਘ ਜੀ ਦੇ ਕਥਨਾਂ ਅਤੇ ਰਹਿਤਨਾਮਿਆਂ ਤੋਂ ਵੀ ਠੋਸ ਗਵਾਹੀ ਪ੍ਰਾਪਤ ਹੁੰਦੀ ਹੈ। ਇਹ ਕਥਨ ਹੇਠਾਂ ਦਰਜ ਹਨ:

1\. ਹਰਿ ਵਾਹਿਗੁਰੂ ਮੰਤਰ ਅਗੰਮ ਜਗ ਤਾਰਨਹਾਰਾ।
ਜੋ ਸਿਮਰਹਿ ਨਰ ਪ੍ਰੇਮ ਸਿਉ ਪਹੁੰਚੈ ਦਰਬਾਰਾ।
(ਭਾਈ ਗੁਰਦਾਸ ਜੀ (ਦੂਜੇ) ਵਾਰ ਇਕਤਾਲੀਵੀਂ)

2\. ਗੁਰਸਿਖ ਰਹਿਤ ਸੁਨਹੁ ਮੇਰੇ ਮੀਤ। ਉਠਿ ਪ੍ਰਭਾਤ ਕਰੇ ਹਿਤ ਚੀਤ।
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰਿ ਇਸਨਾਨ ਪੜ੍ਹੇ ਜਪੁ ਜਾਪੁ। (ਰਹਿਤਨਾਮਾ ਭਾਈ ਨੰਦ ਲਾਲ ਜੀ)

3\. ਸਤਿ ਅਕਾਲ ਸ੍ਰੀ ਵਾਹਿਗੁਰੂ ਧਰਮ ਬੀਜ ਯਹ ਮੰਤ੍ਰ।
ਸਰਬ ਜਾਪ ਕਉ ਜਾਪੁ ਇਹ ਕਹਿਹ ਆਦਿ ਅਰੁ ਅੰਤ। ੩੭। (ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

4\. ਵਾਹਗੁਰੂ ਨਿਤ ਬਚਨ ਉਚਾਰੇ। ਵਾਹਿਗੁਰੂ ਕੋ ਹਿਰਦੈ ਧਾਰੇ।
ਆਗੈ ਆਵਤ ਸਿੰਘ ਜੋ ਪਾਵੈ। ਵਾਹਗੁਰੂ ਕੀ ਫਤਹਿ ਬੁਲਾਵੈ। ੧੦।
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਹੁਣ ਤੱਕ ਵਿਚਾਰੇ ਗਏ ਅਤੇ ਦਰਸਾਏ ਗਏ ਸਾਰੇ ਪ੍ਰਮਾਣਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰਮਤਿ ਅਨੁਸਾਰ ਗੁਰਮੰਤਰ 'ਵਾਹਿਗੁਰੂ' ਨਾਮ ਹੈ। ਇਸ ਦਾ ਜਾਪ ਰਸਨਾ ਨਾਲ ਵੀ ਕਰਨਾ ਹੈ ਅਤੇ ਇਸ ਨੂੰ ਹਿਰਦੇ ਨਾਲ ਵੀ ਧਿਆਉਣਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਸਮੇਂ ਨਾਲ ਸੰਬੰਧਿਤ ਪਵਿੱਤਰ ਕਥਨ ਬੜੇ ਠੋਸ ਪ੍ਰਮਾਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਨ੍ਹਾਂ ਸਾਰੇ ਪ੍ਰਮਾਣਾਂ ਦਾ ਪ੍ਰਮਾਣ ਹੈ। ਇਸੇ ਕਰਕੇ ਹੀ 'ਸਿੱਖ ਰਹਿਤ ਮਰਯਾਦਾ' ਵਿਚ ਗੁਰਮੰਤਰ 'ਵਾਹਿਗੁਰੂ' ਦੇ ਸੰਬੰਧ ਵਿਚ ਇਹ ਸ਼ਬਦ ਅੰਕਿਤ ਕੀਤੇ ਗਏ ਹਨ : (ਞ) ਉਪ੍ਰੰਤ ਪੰਜੇ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਨਾਉਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਾਉਣ। (ਸਿੱਖ ਰਹਿਤ ਮਰਯਾਦਾ, ਪੰਥਕ ਰਹਿਣੀ, ੨. ਅੰਮ੍ਰਿਤ ਸੰਸਕਾਰ)।

'ਸਿੱਖ ਰਹਿਤ ਮਰਯਾਦਾ' ਵਿਚ ਇਹ ਵੀ ਲਿਖਿਆ ਹੋਇਆ ਹੈ: ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ। (ਸਿੱਖ ਰਹਿਤ ਮਰਯਾਦਾ, ਸ਼ਖ਼ਸੀ ਰਹਿਣੀ, ੧. ਨਾਮ ਬਾਣੀ ਦਾ ਅਭਿਆਸ)। 'ਸਿੱਖ ਰਹਿਤ ਮਰਯਾਦਾ' ਅਨੁਸਾਰ 'ਨਾਮ ਬਾਣੀ ਦਾ ਅਭਿਆਸ' ਵਿਚ ਗੁਰਮੰਤਰ 'ਵਾਹਿਗੁਰੂ' ਦਾ ਜਾਪ ਅਤੇ ਨਿਤਨੇਮ ਦੀਆਂ ਬਾਣੀਆਂ ਦਾ ਰੋਜ਼ਾਨਾ ਪਾਠ ਦੋਵੇਂ ਹੀ ਸ਼ਾਮਲ ਹਨ। ਇਸ ਲਈ ਗੁਰਸਿੱਖ ਲਈ ਇਹ ਦੋਵੇਂ ਹੀ ਜ਼ਰੂਰੀ ਹਨ ਅਤੇ ਉਸ ਦੇ ਨਿੱਤਨੇਮ ਦਾ ਅਟੁੱਟ ਅੰਗ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਜਾਪੁ ਸਾਹਿਬ' ਵਿਚ ਪਰਮਾਤਮਾ ਦੇ ਅਨੇਕਾਂ ਨਾਮ ਦਰਜ ਹਨ। ਇਨ੍ਹਾਂ ਸਾਰਿਆਂ ਦਾ ਅੰਤਰੀਵੀ ਭਾਵ ਕੇਵਲ ਇਕ ਪਰਮਾਤਮਾ ਹੈ। ਹੋਰ ਧਰਮਾਂ ਨੂੰ ਮੰਨਣ ਵਾਲੇ ਉਹ ਵਿਅਕਤੀ ਜਿਹੜੇ ਇੱਕੋ-ਇਕ ਪਰਮਾਤਮਾ ਨੂੰ ਭਾਵੇਂ ਕਿਸੇ ਵੀ ਨਾਮ ਨਾਲ ਜਪਦੇ ਅਤੇ ਸਿਮਰਦੇ ਹਨ, ਸਾਡੇ ਲਈ ਧੰਨਤਾ ਅਤੇ ਸਤਿਕਾਰ ਦੇ ਯੋਗ ਹਨ।


ਹਵਾਲਾ ਪੁਸਤਕਾਂ ਦੀ ਸੂਚੀ:

1\. ਗੁਰਮਤ ਮਾਰਤੰਡ (ਭਾਗ ਦੂਜਾ), ਭਾਈ ਕਾਨ੍ਹ ਸਿੰਘ ਜੀ ਨਾਭਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਜਨਵਰੀ 2014

2\. ਭਾਈ ਨੰਦ ਲਾਲ ਗ੍ਰੰਥਾਵਲੀ (ਸੰਪਾਦਕ ਡਾ. ਗੰਡਾ ਸਿੰਘ ਜੀ), ਮਲਾਕਾ, ਮਲੇਸ਼ੀਆ, 1968

3\. ਰਹਿਤਨਾਮੇ (ਸੰਪਾਦਕ ਪਿਆਰਾ ਸਿੰਘ ਪਦਮ ਜੀ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010

4\. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਗਸਤ 2016

5\. ਸਿੱਖ ਰਹਿਤ ਮਰਯਾਦਾ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ।

6\. ਵਾਰਾਂ ਭਾਈ ਗੁਰਦਾਸ ਜੀ।


ਕਹਾਣੀ

# ਚਾਚਾ ! ਲੈ ਫੜ ਚਾਹ ਪੀ ਲੈ

***ਪੰਜਾਬ ਨੇ ਲੰਮਾ ਸਮਾਂ ਖਾੜਕੂਵਾਦ ਦੀ ਪੀੜ ਹੰਢਾਈ ਹੈ, ਜਿਸ ਦੌਰਾਨ ਸੈਂਕੜਿਆਂ ਦੀ ਗਿਣਤੀ ਵਿਚ ਨੌਜਵਾਨਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ। ਪਰਮਜੀਤ ਸਿੰਘ 'ਰੋਡੇ' ਨੇ ਇਸ ਕਹਾਣੀ ਵਿਚ ਪੁਲੀਸ ਤੇ ਖਾੜਕੂਆਂ ਹੱਥੋਂ ਮਾਰੇ ਗਏ ਕਈ ਬੇਦੋਸ਼ਿਆਂ ਦੇ ਆਪਣਿਆਂ ਦੀ ਪੀੜ ਨੂੰ ਬਿਆਨ ਕੀਤਾ ਹੈ, ਜਿਨ੍ਹਾਂ ਦੇ ਪੱਲੇ ਆਪਣਿਆਂ ਦੀਆਂ ਯਾਦਾਂ ਤੋਂ ਬਿਨਾਂ ਕੁਝ ਨਹੀਂ ਪਿਆ।***

ਪੰਜਾਬ, ਸਿੱਖ ਖਾੜਕੂਪੁਣੇ ਦਾ ਦੌਰ ਹੰਢਾ ਰਿਹਾ ਸੀ। ਹਰ ਰੋਜ਼ ਨਵੀਆਂ ਤੋਂ ਨਵੀਆਂ ਖ਼ਬਰਾਂ: ਬੱਸਾਂ 'ਚੋ ਲਾਹ ਕੇ ਹਿੰਦੂਆਂ ਨੂੰ ਮਾਰਨ ਦੀਆਂ ਖ਼ਬਰਾਂ, ਪੁਲਿਸ ਵਲੋਂ ਸਿੱਖ ਨੌਜਵਾਨਾਂ ਦੇ ਬਣਾਏ ਝੂਠੇ ਮੁਕਾਬਲਿਆਂ ਦੀਆਂ ਖ਼ਬਰਾਂ, ਮੋਟਰਾਂ 'ਤੇ ਸੁੱਤੇ ਪਏ 'ਭਈਆਂ' ਨੂੰ ਮਾਰਨ ਦੀਆਂ ਖ਼ਬਰਾਂ, ਪੁਲਿਸ ਵਲੋਂ ਖਾੜਕੂਆਂ ਦੇ ਪਰਿਵਾਰਾਂ 'ਤੇ ਜ਼ੁਲਮ-ਢਾਹੁਣ ਅਤੇ ਜ਼ਲੀਲ ਕਰਨ ਦੀਆਂ ਖ਼ਬਰਾਂ, ਖਾੜਕੂਆਂ ਵਲੋਂ ਪੁਲਿਸ ਮੁਲਾਜ਼ਮਾਂ ਦੇ ਕਤਲਾਂ ਦੀਆਂ ਖ਼ਬਰਾਂ, ਖਾੜਕੂ ਗਰੁੱਪਾਂ ਵਲੋਂ ਇੱਕ-ਦੂਜੇ ਦੇ ਬੰਦੇ ਮਾਰਨ ਦੀਆਂ ਖ਼ਬਰਾਂ, ਸਤਲੁਜ-ਬਿਆਸ 'ਚ ਤਰਦੀਆਂ ਲਾਸ਼ਾਂ ਦੀਆਂ ਖਬਰਾਂ, ਬੱਸ ਖ਼ਬਰਾਂ ਈ ਖ਼ਬਰਾਂ!

ਲੋਕ ਦਿਨ ਛਿਪਦਿਆਂ ਈ ਬੂਹੇ ਭੇੜ ਲੈਂਦੇ। ਮਾਵਾਂ ਪੁੱਤਾਂ ਨੂੰ ਰਾਤ ਸਮੇਂ ਬਾਹਰ ਜਾਣ ਤੋਂ ਰੋਕਦੀਆਂ। ਰਾਤ ਨੂੰ ਭਾਵੇਂ ਗੁਆਂਢ 'ਚ ਗੋਲੀ ਚੱਲੇ, ਲੋਕ ਕੋਠੇ 'ਤੇ ਚੜ੍ਹ ਕੇ ਆਪੋ-ਆਪਣਾ ਹਿਸਾਬ-ਕਿਤਾਬ ਲਾ ਕੇ ਫਿਰ ਸੌਂ



**ਪਰਮਜੀਤ 'ਰੋਡੇ'**
**ਫੋਨ: 737 274 2370**

ਜਾਂਦੇ। ਪ੍ਰੀਤਮ ਨੂੰ ਕਦੇ ਡਰ ਨਹੀਂ ਸੀ ਲੱਗਾ ਸ਼ਾਇਦ ਇਸ ਕਰਕੇ ਕਿ ਖਾੜਕੂ ਲਹਿਰ ਨਾਲ ਜੁੜੇ ਉਸਦੇ ਪਿੰਡ ਦੇ ਬਹੁਤੇ ਨੌਜਵਾਨ ਉਸਦੀ ਵੀ ਇੱਜ਼ਤ ਕਰਦੇ ਸਨ, ਸ਼ਾਇਦ ਇਸ ਕਰਕੇ ਵੀ ਕਿ ਇਹ ਖਾੜਕੂ, ਪਹਿਲਾਂ 'ਨੌਜਵਾਨ ਭਾਰਤ ਸਭਾ' ਦੇ ਮੈਂਬਰ ਰਹਿ ਚੁੱਕੇ ਸਨ ਅਤੇ ਪ੍ਰੀਤਮ ਇਸ 'ਸਭਾ' ਦਾ ਇਲਾਕਾ ਪੱਧਰ ਦਾ ਆਗੂ ਸੀ। ਪ੍ਰੀਤਮ ਦਾ ਪਿੰਡ 'ਚ ਕਿਸੇ ਨਾਲ ਵੈਰ-ਵਿਰੋਧ ਵੀ ਤਾਂ ਨਹੀਂ ਸੀ।

ਇਕ ਦਿਨ ਪ੍ਰੀਤਮ ਅਤੇ ਉਸਦੀ ਬੀਬੀ (ਮਾਤਾ) ਚਾਹ ਪੀ ਰਹੇ ਸਨ ਤਾਂ ਗੋਲੀ ਚਲਣ ਦੀ ਅਵਾਜ਼ ਆਈ।

'ਆਹ ਤਾਂ ਗੋਲੀ ਦੀ ਅਵਾਜ਼ ਐ!' ਪ੍ਰੀਤਮ ਨੇ ਬੀਬੀ ਨੂੰ ਕਿਹਾ। 'ਮੈਨੂੰ ਲਗਦੈ ਗਵਾਂਢੀਆਂ ਨੇ ਟਰਾਲੀ ਦਾ ਡਾਲਾ ਬੰਦ ਕੀਤੈ, ਉਸੇ ਦੀ ਆਵਾਜ਼ ਐ।' ਬੀਬੀ ਬੋਲੀ। ਇਕ ਗੋਲੀ ਹੋਰ ਚੱਲੀ! ਇਹ ਆਵਾਜ਼ ਪ੍ਰੀਤਮ ਕੇ ਘਰ ਦੇ ਪਿਛਵਾੜਿਓਂ ਆਈ ਸੀ। ਉਹ ਮੰਜੇ ਤੋਂ ਉਠਿਆ ਤਾਂ ਦੇਖਿਆ ਵੱਡਾ ਭਰਾ ਸੁਰਜੀਤ ਘਰ ਦੀਆਂ ਪੌੜੀਆਂ ਚੜ੍ਹ ਰਿਹਾ ਹੈ। 'ਤੂੰ ਐਧਰ ਨਾ ਆਵੀਂ, ਪਹਿਲਾਂ ਮੈਨੂੰ ਦੇਖਣ ਦੇ!' ਸੁਰਜੀਤ ਨੇ ਪ੍ਰੀਤਮ ਨੂੰ ਕਿਹਾ। ਦੋ ਮਿੰਟ ਬਾਅਦ ਸੁਰਜੀਤ ਪੌੜੀਆਂ ਤੋਂ ਹੇਠਾਂ ਉਤਰਿਆ ਅਤੇ ਕਹਿਣ ਲੱਗਾ, 'ਇਕ ਸਿੰਘ ਹੱਥ 'ਚ ਬੰਦੂਕ ਫੜੀ ਮਹਾਜਨਾਂ ਦੇ ਕੋਠੇ 'ਤੇ ਖੜ੍ਹਾ ਐ, ਲਗਦੈ ਜਾਂ ਤਾਂ ਕੋਈ ਮਹਾਜਨ ਮਾਰਤਾ ਜਾਂ ਫਿਰ 'ਜਬਲੂ' ਡਾਕਟਰ!' ਇੰਨੇ ਨੂੰ ਜੀਤੇ ਮਹਾਜਨ ਦਾ ਪਰਿਵਾਰ ਕੰਧ ਟੱਪ ਕੇ ਪ੍ਰੀਤਮ ਦੇ ਘਰ ਆ ਗਿਆ। 'ਕੀ ਹੋ ਗਿਆ? ਗੋਲੀ ਕਿੱਥੇ ਚੱਲੀ ਐ?' ਪ੍ਰੀਤਮ ਨੇ ਜੀਤੇ ਮਹਾਜਨ ਤੋਂ ਪੁੱਛਿਆ। 'ਉਨ੍ਹਾਂ ਨੇ ਪਹਿਲਾਂ ਜਬਲੂ ਡਾਕਟਰ ਮਾਰਤਾ ਫਿਰ ਸਾਡੇ ਘਰ ਵੱਲ ਆਏ ਤਾਂ ਮੈਂ ਡੋਰ ਨੂੰ ਅੰਦਰੋਂ ਕੁੰਡੀ ਲਾ ਲਈ।' ਜੀਤੇ ਨੇ ਪ੍ਰੀਤਮ ਨੂੰ ਦੱਸਿਆ।

ਸੁਰਜੀਤ ਨੂੰ ਜਦ ਪਤਾ ਲੱਗਾ ਕਿ ਜੀਤੇ ਮਹਾਜਨ ਦਾ ਪਰਿਵਾਰ ਕੰਧ ਟੱਪ ਕੇ ਪ੍ਰੀਤਮ ਦੇ ਘਰ ਆ ਗਿਆ ਹੈ ਤਾਂ ਉਸਨੇ ਪ੍ਰੀਤਮ ਨੂੰ ਅਵਾਜ਼ ਮਾਰੀ, 'ਉਏ ਪ੍ਰੀਤਮਾਂ ਇੱਕ ਮਿੰਟ ਗੱਲ ਤਾਂ ਸੁਣੀ!' ਜਦ ਪ੍ਰੀਤਮ ਲਾਗੇ ਗਿਆ ਤਾਂ ਸੁਰਜੀਤ ਨੇ ਡੱਬ 'ਚੋਂ ਪਸਤੌਲ ਕੱਢਿਆ ਤੇ ਬੋਲਿਆ, 'ਲੈ ਫੜ ਤੇਰੇ ਕੰਮ ਆਊਗਾ!' ਪ੍ਰੀਤਮ ਨੇ ਪਸਤੌਲ ਫੜ ਕੇ ਡੱਬ 'ਚ ਤੁੰਨਿਆਂ ਤੇ ਘਰੋਂ ਬਾਹਰ ਨਿਕਲ ਗਿਆ। ਗਲੀ 'ਚ ਜਾ ਕੇ ਪ੍ਰੀਤਮ ਨੇ ਦੇਖਿਆ ਕਿ ਨੀਲੀ ਪੱਗ ਵਾਲਾ ਇੱਕ ਸਿੰਘ, ਹੱਥ 'ਚ ਬੰਦੂਕ ਫੜੀ ਜੀਤੇ ਮਹਾਜਨ ਦੇ ਘਰ ਅੱਗੇ ਟਹਿਲ ਰਿਹਾ ਹੈ। ਪ੍ਰੀਤਮ ਨੇ ਜ਼ਰਾ ਸਿਰ ਘੁਮਾਇਆ ਤਾਂ ਦੇਖਿਆ ਅਮਰੀਕਾ ਤੋਂ ਆਇਆ ਉਸਦਾ ਦੋਸਤ 'ਪਰਛੂ' ਸਾਈਕਲ ਭਜਾਈ ਉਹਦੇ ਵੱਲ ਆ ਰਿਹਾ ਹੈ। 'ਉਏ ਪਰਛੂ ਤੈਨੂੰ ਗੋਲੀਆਂ ਚੱਲਣ ਦੀ ਅਵਾਜ਼ ਨਹੀਂ ਸੁਣੀ? ਔਹ ਸਾਹਮਣੇ ਦੇਖ ਕੌਣ ਖੜਾ ਹੈ!' ਪਰਛੂ ਨੇ ਸਿੰਘ ਦੇਖਿਆ ਤਾਂ ਓਨੀਂ ਹੀ ਤੇਜ਼ੀ ਨਾਲ ਸਾਈਕਲ ਪਿਛਾਂਹ ਵੱਲ ਭਜਾ ਲਿਆ ਜਿੰਨੀ ਤੇਜ਼ੀ ਨਾਲ ਉਹ ਇਧਰ ਆਇਆ ਸੀ। ਜਦ ਪ੍ਰੀਤਮ ਨੇ ਦੁਬਾਰਾ ਸਿੰਘ ਵੱਲ ਦੇਖਿਆ ਤਾਂ ਉੱਥੇ ਇੱਕ ਨਹੀਂ ਤਿੰਨ ਸਿੰਘ ਖੜੇ ਸਨ। ਪ੍ਰੀਤਮ ਨੇ ਥੋੜਾ ਹੋਰ ਨੇੜੇ ਹੋ ਕੇ ਦੇਖਿਆ ਤਾਂ ਤਿੰਨਾਂ 'ਚੋਂ ਇੱਕ ਨੂੰ ਪਛਾਣ ਲਿਆ। ਉਹ ਇਸੇ ਪਿੰਡ ਦਾ ਖਾੜਕੂ ਮਨਜੀਤ ਸੀ। ਪੰਜ 'ਕੁ ਮਿੰਟ ਹੋਰ ਰੁਕਣ ਤੋਂ ਬਾਅਦ ਖਾੜਕੂ ਉੱਥੋਂ ਖਿਸਕ ਗਏ।

ਘੰਟੇ 'ਕੁ ਬਾਅਦ ਪਿੰਡ ਦੇ ਗੁਰਦਵਾਰੇ 'ਤੋਂ ਅਨਾਊਂਸਮੈਂਟ ਹੋਈ ਕਿ ਪੁਲਿਸ ਨੇ ਧਰਮਸ਼ਾਲਾ 'ਚ ਲੋਕਾਂ ਦਾ ਇਕੱਠ ਸੱਦਿਆ ਹੈ। ਜਦੋਂ ਪ੍ਰੀਤਮ ਧਰਮਸ਼ਾਲਾ ਵੱਲ ਜਾ ਰਿਹਾ ਸੀ ਤਾਂ ਰਸਤੇ 'ਚ ਉਸਨੂੰ ਉਸਦਾ ਦੋਸਤ ਪੰਡਤ 'ਜੁਗਨੂੰ' ਮਿਲਿਆ। ਜੁਗਨੂੰ ਨੇ ਦੱਸਿਆ, 'ਡਾਕਟਰ 'ਜਬਲੂ' ਨੂੰ ਮਾਰ ਕੇ ਖਾੜਕੂ ਸਾਡੇ ਖੇਤ ਕੋਲ ਦੀ ਲੰਘ ਰਹੇ ਸਨ ਤਾਂ ਅੱਗੋਂ ਪੁਲਿਸ ਦੀ ਜੀਪ ਆ ਗਈ। ਜਦੋਂ ਖਾੜਕੂਆਂ ਨੇ ਜੀਪ 'ਚ ਬੈਠੀ ਪੁਲਿਸ ਦੇਖੀ ਤਾਂ ਸਾਈਕਲ ਉੱਥੇ ਈ ਸੁਟ ਕੇ ਖੇਤਾਂ ਵੱਲ ਦੌੜ ਗਏ ਪਰ ਪੁਲਿਸ ਉਦੋਂ ਤੱਕ ਖੜੀ ਦੇਖਦੀ ਰਹੀ ਜਦ ਤੱਕ ਉਹ ਅੱਖੋਂ ਓਹਲੇ ਨਹੀਂ ਹੋ ਗਏ!' ਧਰਮਸ਼ਾਲਾ ਪਹੁੰਚ ਕੇ ਪ੍ਰੀਤਮ ਨੇ ਦੇਖਿਆ ਕਿ ਇੱਕ ਹੌਲਦਾਰ ਤੇ ਤਿੰਨ ਸਿਪਾਹੀ ਕੁਰਸੀਆਂ 'ਤੇ ਬੈਠੇ ਸਨ ਅਤੇ ਪੰਜਾਹ-ਸੱਠ ਆਦਮੀ ਉਨ੍ਹਾਂ ਦੇ ਆਲੇ-ਦੁਆਲੇ ਖੜੇ ਹਨ। ਹੌਲਦਾਰ ਕੁਰਸੀ ਤੋਂ ਉੱਠਿਆ ਅਤੇ ਲੋਕਾਂ ਨੂੰ ਸੰਬੋਧਤ ਹੋ ਕੇ ਕਹਿਣ ਲੱਗਾ, 'ਅੱਜ ਸ਼ਰੀਫ ਆਦਮੀ ਦੇ



ਕਤਲ 'ਤੇ ਸਾਨੂੰ ਦੁਖ ਹੋਇਆ ਹੈ। ਅੱਤਵਾਦੀਆਂ ਦੇ ਮੁਕਾਬਲੇ ਲਈ ਹਰ ਵਕਤ ਤਿਆਰ ਰਹੋ ਅਤੇ ਜਦੋਂ ਵੀ ਕੋਈ ਸ਼ੱਕੀ ਬੰਦਾ ਪਿੰਡ 'ਚ ਦਿਸੇ ਪੁਲਿਸ ਨੂੰ ਤੁਰੰਤ ਇਤਲਾਹ ਦੇਵੋ!' ਹੌਲਦਾਰ ਦੀ ਗੱਲ ਸੁਣ ਕੇ ਪ੍ਰੀਤਮ ਬੋਲਿਆ, 'ਸਾਹਿਬ ਜੀ ਲੋਕ ਕਹਿੰਦੇ ਅੱਜ ਰਸਤੇ 'ਚ ਥੋਨੂੰ ਖਾੜਕੂ ਟੱਕਰ ਗਏ ਸੀ ਪਰ ਤੁਸੀਂ ਉਨਾਂ ਦਾ ਪਿੱਛਾ ਨਹੀਂ ਕੀਤਾ!' 'ਤੁਹਾਨੂੰ ਪਤਾ ਨਹੀਂ ਸੀ ਕਿ ਉਹ ਬੰਦਾ ਮਾਰ ਕੇ ਚੱਲੇ ਐ! ਉਨ੍ਹਾਂ ਦੇ ਹੱਥਾਂ 'ਚ ਰਾਈਫਲਾਂ ਸਨ ਫਿਰ ਪੁਲਿਸ ਨੂੰ ਕਿਓਂ ਨਹੀਂ ਲੱਗਿਆ ਕਿ ਉਹ ਸ਼ੱਕੀ ਬੰਦੇ ਹਨ?' ਲੋਕ ਇਕਦਮ ਹੱਸੇ ਫਿਰ ਚੁੱਪ ਪਸਰ ਗਈ। 'ਸਾਨੂੰ ਪੂਰਾ ਹਿਸਾਬ-ਕਿਤਾਬ ਨਹੀਂ ਲੱਗਾ ਨਹੀਂ ਤਾਂ ਉਹ ਬਚ ਕੇ ਨਹੀਂ ਸੀ ਜਾ ਸਕਦੇ!' ਛਿਥਾ ਪੈਂਦਿਆਂ ਹੌਲਦਾਰ ਨੇ ਜਵਾਬ ਦਿੱਤਾ। ਲੋਕ ਮੁਸਕੜੀਏਂ ਹੱਸੇ। 'ਥੋਨੂੰ ਡਰਨ ਦੀ ਲੋੜ ਨਹੀਂ, ਪੁਲਿਸ ਤੁਹਾਡੀ ਸੁਰੱਖਿਆ ਲਈ ਹਰ ਵਕਤ ਤਿਆਰ ਹੈ। ਬੱਸ ਅਸੀਂ ਤਾਂ ਇੰਨਾ ਹੀ ਕਹਿਣਾ ਸੀ!' ਜਦੋਂ ਈ ਹੌਲਦਾਰ ਨੇ ਗੱਲ ਖਤਮ ਕੀਤੀ ਲੋਕ ਘਰੋ-ਘਰੀਂ ਚਲੇ ਗਏ।

ਪ੍ਰੀਤਮ ਘਰੋਂ ਖੇਤ ਵੱਲ ਜਾ ਰਿਹਾ ਸੀ ਕਿ ਰਸਤੇ 'ਚ ਉਸਦਾ ਹਰੀਜਨ ਦੋਸਤ 'ਜਿੰਦਰ' ਮਿਲਿਆ ਅਤੇ ਕਹਿਣ ਲੱਗਾ, 'ਮੈਨੂੰ ਕੱਲ੍ਹ ਮਨਜੀਤ ਖਾੜਕੂ ਮਿਲਿਆ ਅਤੇ ਗੱਲੀਂ-ਗੱਲੀਂ ਇਹ ਵੀ ਦੱਸ ਗਿਆ ਕਿ ਜਬਲੂ ਡਾਕਟਰ ਨੂੰ ਉਨ੍ਹਾਂ ਮਾਰਿਆ ਹੈ!' 'ਹੋਰ ਕੀ ਬੋਲਿਆ?' ਪ੍ਰੀਤਮ ਨੇ ਪੁੱਛਿਆ। 'ਉਹ ਕਹਿੰਦਾ ਅਸੀਂ ਦੇਖ ਲਿਆ ਸੀ ਕਿ ਮਹਾਜਨਾਂ ਦਾ ਪਰਿਵਾਰ ਕੰਧ ਟੱਪ ਕੇ ਪ੍ਰੀਤਮ ਦੇ ਘਰ ਚਲਾ ਗਿਆ ਹੈ ਪਰ ਉਨ੍ਹਾਂ 'ਚ ਮੋਹਨ ਮਹਾਜਨ ਨਹੀਂ ਸੀ ਜੀਨੂੰ ਅਸੀਂ ਮਾਰਨਾਂ ਚਾਹੁੰਦੇ ਸੀ।' ਜਿੰਦਰ ਨੇ ਗੰਭੀਰ ਹੋ ਕੇ ਦੱਸਿਆ। 'ਫਿਰ ਤੂੰ ਕੀ ਕਿਹਾ?' ਪ੍ਰੀਤਮ ਨੇ ਪੁੱਛਿਆ। 'ਮੈਂ ਉਸ ਤੋਂ ਪੁੱਛਿਆ ਕਿ ਜੇ ਉਨ੍ਹਾਂ 'ਚ ਮੋਹਨ ਵੀ ਹੁੰਦਾ ਤਾਂ ਕੀ ਤੁਸੀਂ ਉਸਦਾ ਪਿੱਛਾ ਵੀ ਕਰਦੇ? ਉਹ ਕਹਿੰਦਾ ਹਾਂ!' 'ਫਿਰ ਤੂੰ ਵੀ ਕੁੱਛ ਕਿਹਾ ਹੋਊ?' 'ਮੈਂ ਕਿਹਾ ਥੋਨੂੰ ਪਤੈ ਕਿ ਪ੍ਰੀਤਮ ਹੋਰੀਂ ਵੀ ਹਥਿਆਰ ਰੱਖਦੇ ਐ! ਫਿਰ ਥੋਡਾ ਕੀ ਬਣਦਾ? ਤਾਂ ਮਨਜੀਤ ਕਹਿੰਦਾ 'ਦੇਖੀ ਜਾਂਦੀ'। 'ਇਹ ਗੱਲ ਸੁਣ ਕੇ ਪ੍ਰੀਤਮ ਵੀ ਚਿੰਤਤ ਹੋ ਗਿਆ।

ਪ੍ਰੀਤਮ ਦੀ ਆਦਤ ਸੀ ਕਿ ਸ਼ਾਮ ਨੂੰ ਰੋਟੀ ਖਾਣ ਤੋਂ ਬਾਅਦ ਉਹ ਪਿੰਡ 'ਚ ਕਿਸੇ ਦੋਸਤ ਨੂੰ ਮਿਲਣ ਚਲਾ ਜਾਂਦਾ। ਅਜਿਹੀ ਹੀ ਇੱਕ ਰਾਤ ਸੀ ਕਿ ਉਹ ਇਕ ਦੋਸਤ ਨੂੰ ਮਿਲ ਕੇ ਘਰ ਆ ਰਿਹਾ ਸੀ ਤਾਂ ਗਲੀ 'ਚ ਖੜੇ ਇੱਕ ਗੱਡੇ ਹੇਠਾਂ ਉਸਨੂੰ ਕੋਈ ਹਿਲਜੁਲ ਦਿਸੀ। ਜਦ ਉਹ ਹੋਰ ਨਜ਼ਦੀਕ ਹੋਇਆ ਤਾਂ ਉਸਨੂੰ ਸਾਫ-ਸਾਫ ਦਿਸਿਆ ਕਿ ਦੋ ਆਦਮੀ ਛੁਪੇ ਬੈਠੇ ਹਨ। ਪ੍ਰੀਤਮ ਨੂੰ ਘਰ ਪਹੁੰਚਿਆਂ ਮਸਾਂ ਅੱਧਾ ਘੰਟਾ ਹੋਇਆ ਹੋਊ ਕਿ ਗੋਲੀ ਚੱਲੀ! ਦੋ-ਮਿੰਟ ਦੀ ਚੁੱਪ ਤੋਂ ਬਾਅਦ ਔਰਤਾਂ ਦੀਆਂ ਚੀਕਾਂ ਸੁਣਾਈ ਦਿਤੀਆਂ। ਖਾੜਕੂਆਂ ਨੇ ਗਿਆਨੀ ਕਿਸ਼ਨ ਸਿੰਘ ਮਾਰ ਦਿੱਤਾ ਸੀ। ਪ੍ਰੀਤਮ ਸਮਝ ਗਿਆ ਕਿ ਗੱਡੇ ਹੇਠ ਛੁਪੇ ਖਾੜਕੂ ਈ ਸਨ, ਕਿਉਂਕਿ ਗੱਡਾ ਗਿਆਨੀ ਕਿਸ਼ਨ ਸਿੰਘ ਦੇ ਘਰ ਤੋਂ ਸਿਰਫ ਪੰਦਰਾਂ 'ਕੁ ਗਜ ਦੀ ਦੂਰੀ 'ਤੇ ਸੀ।

ਹਫਤੇ 'ਕੁ ਬਾਅਦ ਸ਼ਹਿਰ ਨੂੰ ਜਾਣ ਲੱਗਿਆਂ ਪ੍ਰੀਤਮ ਰਸਤੇ 'ਚ ਅਪਣੇ ਦੋਸਤ 'ਭਿੰਦੇ' ਦੇ ਘਰ ਰੁਕ ਗਿਆ ਤਾਂ ਉਸਨੂੰ ਦੇਖ ਕੇ ਭਿੰਦਾ ਬੋਲਿਆ, 'ਆਜਾ ਪ੍ਰੀਤਮਾਂ ਚੰਗਾ ਹੋਇਆ ਤੂੰ ਆਪ ਹੀ ਆ ਗਿਆ, ਮੈਂ ਤੇਰੇ ਕੋਲ ਆਉਣ ਬਾਰੇ ਈ ਸੋਚ ਰਿਹਾ ਸੀ।' 'ਸੁੱਖ ਤਾਂ ਹੈ?' 'ਕੱਲ ਬਾਪੂ ਨਿਰੰਜਨ ਕੇ ਘਰ ਸੁੱਤਾ ਸੀ ਅਤੇ ਉਨ੍ਹਾਂ ਦੇ ਮੁੰਡੇ ਕੋਲ ਦੋ ਖਾੜਕੂ ਵੀ ਆਏ ਹੋਏ ਸਨ!' ਇੰਨਾਂ ਕਹਿ ਕੇ ਭਿੰਦਾ ਕੁੱਛ ਸੋਚਣ ਲੱਗ ਪਿਆ। 'ਕੋਈ ਖਾਸ ਗੱਲ?' ਪ੍ਰੀਤਮ ਨੇ ਗੰਭੀਰ ਹੋ ਕੇ ਪੁੱਛਿਆ। 'ਉਹ ਆਪਣੇ 'ਮਿੰਦੀ' ਨੂੰ ਮਾਰਨ ਦੀ ਸਕੀਮ ਬਣਾ ਰਹੇ ਸਨ। ਕਹਿੰਦੇ ਮਿੰਦੀ ਖਾਲਿਸਤਾਨ ਦੇ ਖ਼ਿਲਾਫ ਪ੍ਰਚਾਰ ਕਰਦਾ ਐ!' 'ਪ੍ਰਚਾਰ ਤਾਂ ਆਪਾਂ ਸਾਰੇ ਈ ਕਰਦੇ ਆਂ!' ਏਨਾਂ ਕਹਿ ਕੇ ਪ੍ਰੀਤਮ ਚੱਕਵੇਂ-ਪੈਰੀਂ ਮਿੰਦੀ ਦੀ ਦੁਕਾਨ ਵੱਲ ਹੋ ਤੁਰਿਆ। ਮਿੰਦੀ ਜੱਟਾਂ ਦਾ ਮੁੰਡਾ ਐ ਜਿਹੜਾ ਪਿੰਡ 'ਚ ਕਰਿਆਨੇ ਦੀ ਦੁਕਾਨ ਕਰਦਾ ਹੈ। ਉਹ ਥੋੜਾ ਮੂੰਹ-ਫੱਟ ਹੈ ਪਰ ਠੀਕ ਨੂੰ ਠੀਕ ਅਤੇ ਗਲਤ ਨੂੰ ਗਲਤ ਕਹਿਣਾ ਉਸਦੇ ਸੁਭਾਅ ਦਾ ਹਿੱਸਾ ਹੈ। ਦੁਕਾਨ 'ਤੇ ਪਹੁੰਚ ਕੇ ਪ੍ਰੀਤਮ ਨੇ ਮਿੰਦੀ ਨੂੰ ਸਾਰੀ ਗੱਲ ਦੱਸੀ ਤਾਂ ਮਿੰਦੀ ਬੋਲਿਆ, 'ਆਹ ਲੱਗਾ ਦੁਕਾਨ ਨੂੰ ਜਿੰਦਾ ਅਤੇ ਦੁਕਾਨ ਸਦਾ ਲਈ ਬੰਦ।'

ਪ੍ਰੀਤਮ ਕੋਲ ਕੁੱਝ ਪੁਰਾਣੇ ਤੇ ਕੰਡਮ ਹਥਿਆਰ ਸਨ ਜਿਨ੍ਹਾਂ ਬਾਰੇ ਉਸਦੇ ਮਜ਼ਦੂਰ ਦੋਸਤ ਜਿੰਦਰ ਨੂੰ ਵੀ ਪਤਾ ਸੀ। ਇੱਕ ਦਿਨ ਜਿੰਦਰ ਨੇ ਇਹ ਗੱਲ ਅਪਣੇ ਮਿਸਤਰੀ-ਦੋਸਤ 'ਸ਼ਰਨ' ਨਾਲ ਸਾਂਝੀ ਕੀਤੀ ਤਾਂ ਸ਼ਰਨ ਨੇ ਉਸਨੂੰ ਦੱਸਿਆ, 'ਸਾਡਾ ਇਕ ਰਿਸ਼ਤੇਦਾਰ ਰਾਜਸਥਾਨ ਤੋਂ ਚੱਲ ਕੇ ਆਪਣੇ ਨਾਲ ਦੇ ਪਿੰਡ ਟੁੰਡਵਾਲ ਰਹਿਣ ਲੱਗ ਪਿਆ ਹੈ। ਰਾਜਸਥਾਨ 'ਚ ਉਸਦੀ ਹਥਿਆਰ ਠੀਕ ਕਰਨ ਦੀ ਦੁਕਾਨ ਹੋਇਆ ਕਰਦੀ ਸੀ, ਤੂੰ ਉਸਨੂੰ ਮਿਲ ਉਹ ਤੇਰਾ ਕੰਮ ਕਰ ਸਕਦਾ ਹੈ।' ਜਿੰਦਰ ਨੇ ਸ਼ਰਨ ਤੋਂ ਐਡਰੈਸ ਲਿਆ ਤੇ ਸਿੱਧਾ ਓਸ ਮਿਸਤਰੀ ਕੋਲ ਚਲਾ ਗਿਆ। ਮਿਸਤਰੀ ਨੇ ਹਥਿਆਰ ਚਲਦੇ ਤਾਂ ਕਰ ਦਿੱਤੇ ਪਰ ਉਹ ਉਨ੍ਹਾਂ ਦਾ ਆਟੋਮੈਟਿਕ ਸਿਸਟਮ ਠੀਕ ਨਾ ਕਰ ਸਕਿਆ।

ਕੁੱਝ ਦਿਨ ਬਾਅਦ ਪੁਲਿਸ ਦਾ ਛਾਪਾ ਪਿਆ, ਹਥਿਆਰ ਠੀਕ ਕਰਨ ਵਾਲਾ ਮਿਸਤਰੀ ਪੁਲਿਸ ਦਾ ਮੁਖਬਰ ਨਿਕਲਿਆ।

ਪੁਲਿਸ ਪਹਿਲਾਂ ਸ਼ਰਨ ਮਿਸਤਰੀ ਦੇ ਘਰ ਗਈ, ਸ਼ਰਨ ਪੁਲਿਸ ਨੂੰ ਜਿੰਦਰ ਦੇ ਘਰ ਲੈ ਗਿਆ ਅਤੇ ਜਿੰਦਰ ਅੱਗੇ ਪ੍ਰੀਤਮ ਦੇ ਘਰ। ਪ੍ਰੀਤਮ ਬਾਈਚਾਂਸ ਘਰ ਨਹੀਂ ਸੀ ਇਸ ਲਈ ਪੁਲਿਸ ਨੇ ਵੱਡੇ ਭਰਾ ਸੁਰਜੀਤ ਨੂੰ ਹਿਰਾਸਤ 'ਚ ਲੈ ਲਿਆ। ਸੁਰਜੀਤ ਅਤੇ ਜਿੰਦਰ ਨੂੰ ਥਾਣੇ ਲਿਜਾਣ ਤੋਂ ਬਾਅਦ, ਪੁਲਿਸ ਪ੍ਰੀਤਮ ਦੇ ਜੀਜੇ ਅਤੇ ਸਾਲੇ ਨੂੰ ਵੀ ਫੜ ਲਿਆਈ।

ਪ੍ਰੀਤਮ ਨੇ ਦੋਸਤਾਂ ਨਾਲ ਸਲਾਹ ਕੀਤੀ ਕਿ ਕੀ ਕੀਤਾ ਜਾਵੇ। ਸਭ ਦੀ ਰਾਏ ਸੀ ਕਿ ਪੁਲਿਸ ਦੇ ਪੇਸ਼ ਹੋਣ ਤੋਂ ਸਿਵਾ ਉਸ ਕੋਲ ਹੋਰ ਕੋਈ ਚਾਰਾ ਨਹੀਂ। ਇੱਕ ਦੋਸਤ ਨੇ ਪਹਿਲ ਕਰ ਕੇ ਇਕ ਈਮਾਨਦਾਰ ਤੇ ਸਾਊ ਜਾਣੇ ਜਾਂਦੇ ਕਮਿਊਨਿਸਟ ਪਾਰਟੀ ਦੇ ਐਮ ਐਲ ਏ. ਤੱਕ ਪਹੁੰਚ ਕੀਤੀ। ਪਿੰਡ ਦੀ ਪੰਚਾਇਤ ਨੇ ਆਪਣੇ ਤੌਰ 'ਤੇ ਪਹਿਲਾਂ ਈ ਕਹਿ ਦਿੱਤਾ ਸੀ ਕਿ ਪ੍ਰੀਤਮ ਕਾਮਰੇਡ ਕਿਸਮ ਦਾ ਬੰਦਾ ਐ, ਸਿੱਖ ਖਾੜਕੂਆਂ ਨਾਲ ਉਸਦਾ ਕੋਈ ਸਬੰਧ ਨਹੀਂ ਹੋ ਸਕਦਾ, ਜੇ ਉਸਦੇ ਕੋਲ ਹਥਿਆਰ ਹਨ ਵੀ ਤਾਂ ਉਹ ਆਪਾ-ਸੁਰੱਖਿਆ ਵਾਸਤੇ ਈ ਹੋਣਗੇ। ਐਮ ਐਲ ਏ ਪ੍ਰੀਤਮ ਨੂੰ ਹਥਿਆਰਾਂ ਸਮੇਤ ਥਾਣੇ ਲੈ ਗਿਆ। ਥੋੜੀ ਪੁੱਛ ਗਿੱਛ ਤੋਂ ਬਾਅਦ ਥਾਣੇਦਾਰ ਨੇ ਹੌਲਦਾਰ ਨੂੰ ਕਿਹਾ ਕਿ ਉਹ ਪ੍ਰੀਤਮ ਨੂੰ ਹਵਾਲਾਤ 'ਚ ਬੰਦ ਕਰ ਦੇਵੇ ਅਤੇ ਇਸਦੇ ਇਵਜ਼ 'ਚ ਫੜੇ ਬਾਕੀ ਬੰਦਿਆਂ ਨੂੰ ਛੱਡ ਦੇਵੇ। ਇਹ ਉਹੀ ਹੌਲਦਾਰ ਸੀ, ਜਿਸਨੂੰ ਪ੍ਰੀਤਮ ਨੇ ਲੋਕਾਂ ਦੇ ਇਕੱਠ 'ਚ ਸਵਾਲ ਕੀਤੇ ਸਨ।

ਜਦੋਂ ਤੁਸੀਂ ਨਵਾਂ ਬਾਘਾ ਥਾਣੇ 'ਚ ਦਾਖਲ ਹੁੰਦੇ ਹੋ ਤਾਂ ਮੂੱਢ 'ਚ ਦੋ ਬੈਰਕਾਂ ਹਨ; ਇੱਕ ਖੱਬੇ ਪਾਸੇ ਅਤੇ ਇੱਕ ਸੱਜੇ, ਜਿਨ੍ਹਾਂ ਨੂੰ ਹਵਾਲਾਤ ਵੀ ਕਿਹਾ ਜਾਂਦਾ ਹੈ। ਦੋਨਾਂ ਬੈਰਕਾਂ ਨੂੰ ਲੋਹੇ ਦੇ ਸਰੀਆਂ ਤੋਂ ਬਣੇ ਗੇਟ ਲੱਗੇ ਹੋਏ ਹਨ ਅਤੇ ਉਨ੍ਹਾਂ ਉਪਰ ਦੀ ਪਰਦੇ ਵੀ ਲਟਕਾਏ ਹੋਏ ਹਨ ਤਾਂ ਕਿ ਬਾਹਰੋਂ ਕੋਈ ਦੇਖ ਨਾਂ ਸਕੇ ਕਿ ਅੰਦਰ ਕੌਣ-ਕੌਣ ਬੈਠਾ ਹੈ। ਜਦੋਂ ਹੌਲਦਾਰ ਨੇ ਖੱਬੇ ਪਾਸੇ ਵਾਲੀ ਬੈਰਕ ਦਾ ਦਰਵਾਜ਼ਾ ਖੋਲ੍ਹ ਕੇ ਪ੍ਰੀਤਮ ਨੂੰ ਅੰਦਰ ਧੱਕਿਆ ਤਾਂ ਉਸ ਦੇਖਿਆ ਕਿ ਅੰਦਰ ਤਿੰਨ ਆਦਮੀ ਨੀਵੀਂ ਪਾਈ ਬੈਠੇ ਹਨ। ਤਿੰਨਾਂ 'ਚੋਂ ਇਕ ਨੇ ਨਜ਼ਰਾਂ ਮਿਲਾ ਕੇ ਪ੍ਰੀਤਮ ਤੋਂ ਪੁੱਛਿਆ, 'ਕੀ ਹਾਲ ਐ ਬਾਈ?' ਇਹ ਕਹਿ ਕੇ ਉਸਨੇ ਆਪਣੇ ਹੇਠ ਵਿਛੀ ਦਰੀ ਪ੍ਰੀਤਮ ਨੂੰ ਬੈਠਣ ਲਈ ਦੇ ਦਿੱਤੀ। ਗੱਲਬਾਤ ਤੋਂ ਬਾਅਦ ਪ੍ਰੀਤਮ ਨੂੰ ਪਤਾ ਲੱਗਾ ਕਿ ਬਾਕੀ ਤਿੰਨਾਂ 'ਚੋਂ ਇਕ, ਹਥਿਆਰਾਂ ਦੀ ਖਰੀਦੋ-ਫਰੋਖਤ ਦੇ ਦੋਸ਼ ਹੇਠ, ਦੂਜਾ ਪੋਸਤ ਵੇਚਣ ਅਤੇ ਤੀਜਾ ਚੋਰੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੋਇਆ ਹੈ। ਖਾੜਕੂ ਲਹਿਰ ਨਾਲ ਸਬੰਧਤ ਅਤੇ ਹੋਰ ਗੰਭੀਰ ਦੋਸ਼ਾਂ ਅਧੀਨ ਲਿਆਂਦੇ ਬੰਦੇ ਦੂਸਰੀ ਹਵਾਲਾਤ 'ਚ ਬੰਦ ਸਨ।

'ਮੈਂ ਤੈਨੂੰ ਪਹਿਲਾਂ ਵੀ ਕਿਧਰੇ ਦੇਖਿਆ ਹੈ!' ਪ੍ਰੀਤਮ ਨੇ ਹਥਿਆਰ ਵੇਚਣ ਦੇ ਦੋਸ਼ ਹੇਠ ਲਿਆਂਦੇ ਵਿਅਕਤੀ ਨੂੰ ਕਿਹਾ।

'ਜ਼ਰੂਰ ਦੇਖਿਆ ਹੋਵੇਗਾ, ਮੇਰਾ ਨਾਮ ਜਸਬੀਰ ਐ ਅਤੇ ਮੈਂ ਥੋਡੇ ਪਿੰਡ ਦੀ ਪੰਡਤਾਂ ਦੀ ਕੁੜੀ 'ਗੋਛੀ' ਨਾਲ ਲਵ-ਮੈਰਿਜ ਕਰਾਈ ਸੀ!' ਉਸਨੇ ਜਵਾਬ ਦਿੱਤਾ। 'ਸਮਝ ਗਿਆ, ਮੈਨੂੰ ਤਾਂ ਇਹ ਵੀ ਪਤਾ ਲੱਗਾ ਸੀ ਕਿ ਥੋਡੀ ਲਵ-ਮੈਰਿਜ ਅਤੇ 'ਗੋਛੀ' ਦੀ ਜ਼ਿੰਦਗੀ ਦਾ ਅੰਤ ਬਹੁਤ ਮਾੜਾ ਹੋਇਆ!' ਪ੍ਰੀਤਮ ਨੇ ਅਫਸੋਸਨਾਕ ਲਹਿਜ਼ੇ 'ਚ ਕਿਹਾ। ਇੰਨੇ ਨੂੰ ਇਕ ਅਜੀਬ ਕਿਸਮ ਦੀ ਅਵਾਜ਼ ਸੁਣਾਈ ਦਿੱਤੀ ਜਿਵੇਂ ਕਿਸੇ ਪਸ਼ੂ ਦਾ ਅੜਾਟ ਪੈ ਰਿਹਾ ਹੋਵੇ। 'ਆਹ ਤਾਂ ਕਿਸੇ ਨਵੇਂ ਬੰਦੇ ਦੇ ਘੋਟਾ ਲੱਗ ਰਿਹਾ ਹੈ! ਸੋਹਣੇ ਦੇ ਸਾਲੇ ਦੀ ਅਵਾਜ਼ ਤਾਂ ਏਦੂੰ ਵੱਖਰੀ ਐ!' ਚੋਰੀ ਕਰਨ ਦੇ ਦੋਸ਼ੀ ਨੇ ਕਿਹਾ। 'ਇਹ 'ਸੋਹਣਾ' ਕੌਣ ਐ?' ਪ੍ਰੀਤਮ ਨੇ ਪੁੱਛਿਆ। 'ਮੋਗਾ ਲਾਗਿਓਂ ਕਿਸੇ ਪਿੰਡ ਦਾ ਹਰੀਜਨ ਖਾੜਕੂ ਐ, ਉਸਦੀ ਘਰਵਾਲੀ ਤੇ ਸਾਲਾ ਕਈ ਦਿਨਾਂ ਤੋਂ ਇਸ ਥਾਣੇ 'ਚ ਬੰਦ ਹਨ।' ਪੋਸਤ ਵੇਚਣ ਦੇ ਦੋਸ਼ੀ ਨੇ ਦੱਸਿਆ। 'ਕੰਜਰਾਂ ਨੂੰ ਤਿੰਨ ਦਿਨ ਹੋਗੇ ਘੋਟੇ ਲਾਉਂਦਿਆਂ ਨੂੰ, ਜੇ ਉਸਨੂੰ ਕੁੱਛ ਪਤਾ ਹੁੰਦਾ ਤਾਂ ਹੁਣ ਤੱਕ ਦੱਸ ਨਾ ਦਿੰਦਾ!' ਜਸਬੀਰ ਬੋਲਿਆ। 'ਇਕ ਦਿਨ 'ਸੋਹਣੇ' ਦੀ ਘਰ ਵਾਲੀ ਵੀ ਚੀਕਾਂ ਮਾਰਦੀ ਸੀ, ਪਤਾ ਨਹੀਂ ਉਸਨੂੰ ਕੁੱਟਦੇ ਸੀ ਜਾਂ ਡਰਾਉਂਦੇ ਸੀ।' ਚੋਰੀ ਕਰਨ ਦੇ ਦੋਸ਼ੀ ਨੇ ਦੱਸਿਆ।

ਹਵਾਲਾਤ ਦਾ ਬੂਹਾ ਖੜਕਿਆ ਤਾਂ ਸਭ ਨੇ ਨੀਵੀਂ ਪਾ ਲਈ।

ਕਿਸੇ ਵਲੋਂ ਧੱਕਾ ਦੇਣ 'ਤੇ ਨਿਹੰਗ-ਸਿੰਘੀ ਬਾਣੇ 'ਚ ਇਕ ਬਾਈ-ਤੇਈ ਸਾਲ ਦਾ ਜਵਾਨ ਪ੍ਰੀਤਮ ਹੋਰਾਂ ਦੇ ਮੂਹਰੇ ਆਣ ਡਿੱਗਿਆ। ਪ੍ਰੀਤਮ ਉੱਠਿਆ ਅਤੇ ਆਪਣੇ ਹੇਠਲੀ ਦਰੀ 'ਤੇ ਇਸ ਨਵੇਂ ਆਏ 'ਮਹਿਮਾਣ' ਨੂੰ ਲਿਟਾ ਦਿੱਤਾ। ਇਹ ਉਹੀ ਨੌਜਵਾਨ ਸੀ ਜਿਸਦੇ 'ਅੜਾਟ' ਪੈਣ ਦੀ ਅਜੀਬ ਆਵਾਜ਼ ਸਭ ਨੇ ਸੁਣੀ ਸੀ। ਫਿਰ ਜਸਬੀਰ ਉੱਠਿਆ ਅਤੇ ਰੋਸ਼ਨਦਾਨ 'ਚ ਛੁਪਾ ਕੇ ਰੱਖੀ ਆਇਓਡੈਕਸ ਦੀ ਡੱਬੀ ਚੁੱਕ ਲਿਆਇਆ। ਪ੍ਰੀਤਮ ਅਤੇ ਜਸਬੀਰ ਨੇ ਆਇਓਡੈਕਸ ਮਲ ਕੇ ਸਿੰਘ ਦੇ ਗੋਡਿਆਂ ਦੀ ਮਾਲਸ਼ ਕਰਨੀ ਸ਼ੁਰੂ ਕਰ ਦਿੱਤੀ। ਅਚਾਨਕ 'ਚਾਚਾ' 'ਚਾਚਾ' ਦੀ ਅਵਾਜ਼ ਸੁਣ ਕੇ ਪ੍ਰੀਤਮ ਉਧਰ ਨੂੰ ਝਾਕਿਆ ਜਿਧਰੋਂ ਇਹ ਆਵਾਜ਼ ਆਈ ਸੀ। ਉਸਨੇ ਦੇਖਿਆ ਕਿ ਉਸਦੇ ਪਿੰਡ ਦਾ ਇਕ ਮੁੰਡਾ, ਵਿਹੜੇ ਵਾਲੇ ਪਾਸਿਓਂ ਖਿੜਕੀ ਥਾਈਂ ਝਾਕ ਰਿਹਾ ਹੈ। ਪ੍ਰੀਤਮ ਉੱਠਕੇ ਨੇੜ ਗਿਆ ਤਾਂ ਉਹ ਬੋਲਿਆ, 'ਚਾਚਾ! ਲੈ ਫੜ ਚਾਹ ਪੀ ਲੈ!' ਚਾਹ ਫੜਾ ਕੇ ਜਦ ਉਹ ਵਾਪਿਸ ਮੁੜਿਆ ਤਾਂ ਪ੍ਰੀਤਮ ਨੇ ਪਿਛੋਂ ਦੇਖਿਆ ਕਿ ਉਹ ਲੰਗੜਾ ਕੇ ਅਤੇ ਲੱਤਾਂ ਚੌੜੀਆਂ ਕਰ ਕੇ ਤੁਰ ਰਿਹਾ ਹੈ। ਪ੍ਰੀਤਮ ਸਮਝ ਗਿਆ ਕਿ ਮੁੰਡਾ ਪੁਲਿਸ ਦੀ ਕੁੱਟ ਅਤੇ ਤਸ਼ੱਦਦ ਦਾ ਭੰਨਿਆ ਹੋਇਆ ਹੈ। 'ਲੈ ਫੜ ਚਾਹ ਪੀ ਤੇ ਤਕੜਾ ਹੋ' ਪ੍ਰੀਤਮ ਨੇ ਚਾਹ ਦਾ ਕੱਪ ਅੱਗੇ ਸਿੰਘ ਨੂੰ ਫੜਾਉਂਦਿਆਂ ਕਿਹਾ। ਜਦ ਸਿੰਘ ਨੇ ਚਾਹ ਪੀ ਲਈ ਤਾਂ ਪ੍ਰੀਤਮ ਨੇ ਪੁੱਛਿਆ, 'ਸਿੰਘਾ ਇਹ ਜ਼ਾਲਮ ਤੈਨੂੰ ਕਾਹਦੇ 'ਚ ਫੜ ਲਿਆਏ?' ਮੈਨੂੰ ਕਹਿੰਦੇ ਤੂੰ ਬੰਦਾ ਮਾਰਿਐ!' ਸਿੰਘ ਨੇ ਦੱਸਿਆ। 'ਤੂੰ ਬੰਦਾ ਕਾਹਤੋਂ ਮਾਰਤਾ?' ਪ੍ਰੀਤਮ ਨੇ ਵੈਸੇ ਈ ਪੁੱਛਿਆ। 'ਮਾਰੂੰਗਾ, ਸਾਰਿਆਂ ਨੂੰ ਮਾਰੂੰਗਾ!' ਸਿੰਘ ਨੂੰ ਗੁੱਸਾ ਚੜ੍ਹ ਗਿਆ। 'ਤੂੰ ਬੰਦੇ ਮਾਰਨ ਵਾਲਾ ਤਾਂ ਨੀਂ ਲੱਗਦਾ!' ਪ੍ਰੀਤਮ ਨੇ ਗੰਭੀਰ ਹੋ ਕੇ ਪੁੱਛਿਆ। 'ਮੈਂ ਕਦੋਂ ਮਾਰਿਐ! ਇਹੀ ਭੈਣ...ਕਹਿੰਦੇ ਐ!' ਸਿੰਘ ਅਜੇ ਵੀ ਗੁੱਸੇ 'ਚ ਸੀ।

ਪ੍ਰੀਤਮ ਹੋਰੀਂ ਸਮਝ ਗਏ ਕਿ ਸਿੰਘ ਸਿਧਰਾ, ਥੋੜਾ ਦਿਮਾਗੀ ਅਤੇ ਸੱਚਾ-ਸੁੱਚਾ ਬੰਦਾ ਹੈ। ਬਾਅਦ 'ਚ ਜਿਸ ਸਚਾਈ ਦਾ ਪਤਾ ਲੱਗਾ ਉਹ ਇਹ ਸੀ ਕਿ ਸਿੰਘ ਮਕਾਨ ਉਸਾਰੀ ਦਾ ਕੰਮ ਜਾਣਦਾ ਸੀ। ਉਸ ਦਿਨ ਇਹ ਹੋਇਆ ਕਿ ਨਵਾਂ ਬਾਘਾ ਥਾਣੇ ਤੋਂ ਡੇਢ ਕਿਲੋਮੀਟਰ ਦੂਰ ਪਿੰਡ ਆਲਮਪੁਰਾ 'ਚ ਇਕ ਮਕਾਨ ਦੀ ਉਸਾਰੀ ਹੋ ਰਹੀ ਸੀ ਜਿੱਥੇ ਸਿੰਘ ਸਹਾਇਕ ਮਿਸਤਰੀ ਵਜੋਂ ਕੰਮ ਕਰ ਰਿਹਾ ਸੀ। ਬਾਈਚਾਂਸ ਸਿੱਖ ਖਾੜਕੂਆਂ ਨੇ ਉਸ ਘਰ ਦੇ ਐਨ ਸਾਹਮਣੇ ਇਕ ਬੰਦਾ ਮਾਰ ਦਿੱਤਾ। ਖਾੜਕੂ ਤਾਂ ਬੰਦਾ ਮਾਰ ਕੇ ਦੌੜ ਗਏ ਪਰ ਪੁਲਿਸ ਨੇ ਨਿਹੰਗ-ਸਿੰਘਾਂ ਵਾਲਾ ਹੁਲੀਆ ਦੇਖ ਵਿਚਾਰੇ ਇਸ ਮਿਸਤਰੀ ਨੂੰ ਫੜ ਕੇ ਥਾਣੇ ਲੈ ਆਂਦਾ।

ਅਗਲੇ ਦਿਨ ਸੁਭਾ ਨੌਂ 'ਕੁ ਵਜੇ ਇਕ ਸਿਪਾਹੀ ਜਸਬੀਰ ਨੂੰ ਬੁਲਾ ਕੇ ਲੈ ਗਿਆ। 'ਅੱਜ ਫਿਰ ਘੋਟਾ ਲਾਉਣਾ ਹੋਊ!' ਚੋਰੀ ਦੇ ਜੁਰਮ 'ਚ ਫੜ ਕੇ ਲਿਆਂਦਾ ਨੌਜਵਾਨ ਬੋਲਿਆ। 'ਕੀ ਜਸਬੀਰ ਦੇ ਪਹਿਲਾਂ ਵੀ ਘੋਟਾ ਲੱਗਿਆ ਸੀ?' ਪ੍ਰੀਤਮ ਨੇ ਪੁੱਛਿਆ। 'ਦੋ ਵਾਰ!'

ਪੋਸਤ ਵੇਚਣ ਦੇ ਦੋਸ਼ੀ ਨੇ ਦੱਸਿਆ। ਚੱਲ ਰਹੀ ਗੱਲ-ਬਾਤ ਦੌਰਾਨ ਜਸਬੀਰ ਵੀ ਵਾਪਿਸ ਆ ਗਿਆ। 'ਆ ਗਿਆ? ਅਸੀਂ ਤਾਂ ਡਰ ਈ ਗਏ ਸੀ!' ਪ੍ਰੀਤਮ ਨੇ ਸ਼ੰਸਾ ਜ਼ਾਹਰ ਕੀਤਾ। 'ਅੱਜ ਪੱਕਾ ਈ ਜੁੱਬ ਵੱਢ 'ਤਾ!' ਜਸਬੀਰ ਨੇ ਆਪਾ-ਤਸੱਲੀ ਲੈਂਦਿਆਂ ਕਿਹਾ। ਕਿਹੜਾ ਜੁੱਬ? ਉਹ ਕਿਵੇਂ?' ਪ੍ਰੀਤਮ ਨੇ ਜਾਣਨਾ ਚਾਹਿਆ। 'ਪਰਸੋਂ ਜਦੋਂ ਮੇਰੇ ਘੋਟਾ ਲਾਇਆ ਤਾਂ ਇਹ ਮੈਥੋਂ ਵੀਹ ਹਜ਼ਾਰ ਮੰਗਦੇ ਸੀ! ਮੈਂ ਕਿਹਾ ਪੈਸੇ ਤਾਂ ਮੇਰੇ ਕੋਲ ਹੈ ਨਹੀਂ, ਜ਼ਮੀਨ ਗਹਿਣੇ ਕਰ ਕੇ ਦੇ ਦੇਵਾਂਗਾ! ਫਿਰ ਅੱਜ ਕੀ ਹੋਇਆ ਕਿ ਪੁਲਿਸ ਆਪ ਈ ਮੇਰੀ ਜ਼ਮੀਨ ਦਾ ਗਾਹਕ ਲੱਭ ਲਿਆਈ! ਮੈਂ ਹੁਣ ਜ਼ਮੀਨ ਦੇ ਪੇਪਰਾਂ 'ਤੇ ਹੀ ਘੁੱਗੀ ਮਾਰ ਕੇ ਆਇਆ ਹਾਂ!' ਜਸਬੀਰ ਨੇ ਭੇਦ ਦੀ ਗੱਲ ਦੱਸੀ।

ਪ੍ਰੀਤਮ 'ਤੇ ਕੇਸ ਬਣਾ ਕੇ ਉਸਨੂੰ ਕੋਰਟ 'ਚ ਪੇਸ਼ ਕੀਤਾ ਗਿਆ, ਕੋਰਟ ਨੇ ਉਸਨੂੰ ਜੇਲ੍ਹ

***(ਬਾਕੀ ਅਗਲੇ ਸਫੇ 'ਤੇ)***

# ਟੋਰਾਂਟੋ ਵਿਚ ਲੇਖਕ ਇਸ਼ਤਿਆਕ ਅਹਿਮਦ ਨਾਲ ਰੂਬਰੂ

ਕੁਝ ਦਿਨ ਪਹਿਲਾਂ 'ਪੰਜਾਬੀ ਥਿੰਕਰ ਰਿਫਾਰਮ' ਦੇ ਉਦਮ ਸਦਕਾ ਬਟਵਾਰੇ ਬਾਰੇ ਚਰਚਿਤ ਪੁਸਤਕ 'ਲਹੂ-ਲੁਹਾਣ, ਵੰਡਿਆ, ਵੱਢਿਆ-ਟੁਕਿਆ ਪੰਜਾਬ' ਦੇ ਲੇਖਕ, ਇਸ਼ਤਿਆਕ ਅਹਿਮਦ ਨਾਲ ਸਾਹਿਤ ਪ੍ਰੇਮੀ ਯਾਦਵਿੰਦਰ ਤੂਰ ਦੇ ਟੋਰਾਂਟੋ ਦੇ ਈਟੋ ਬੀਕੋ ਸਥਿਤ 'ਤੂਰ ਲਾਅ ਆਫਿਸ' ਵਿਖੇ ਰੂਬਰੂ ਪ੍ਰੋਗਰਾਮ ਹੋਇਆ। ਸ੍ਰੀ ਇਸ਼ਤਿਆਕ ਅਹਿਮਦ ਬੋਸਟਨ ਰਹਿੰਦੇ ਆਪਣੇ ਮਿੱਤਰ 'ਫਾਈਵ ਰਿਵਰ

**ਗੁਰਦੇਵ ਚੌਹਾਨ**

ਫਰੈਂਡਸ਼ਿਪ' ਫੋਰਮ ਦੇ ਸੰਚਾਲਕ ਡਾ. ਚੰਦਰ ਸ਼ਰਮਾ ਦੇ ਸੱਦੇ 'ਤੇ ਸਵੀਡਨ ਤੋਂ ਅਮਰੀਕਾ/ਕੈਨੇਡਾ ਦੀ ਯਾਤਰਾ 'ਤੇ ਆਏ ਹੋਏ ਸਨ।

ਇਸ਼ਤਿਆਕ ਅਹਿਮਦ ਸਵੀਡਨ ਦੀ ਸਟੌਕਹੋਮ ਯੂਨੀਵਰਸਿਟੀ ਵਿਚ ਰਾਜਨੀਤੀ ਵਿਗਿਆਨ ਦੇ ਬਹੁਤ ਵਰ੍ਹੇ ਅਧਿਆਪਕ ਰਹੇ ਹਨ ਅਤੇ ਹੁਣ ਸਿੰਘਾਪੁਰ ਨੈਸ਼ਨਲ ਯੂਨੀਵਰਸਿਟੀ ਵਿਚ ਦੱਖਣੀ ਏਸ਼ੀਆਈ ਅਧਿਐਨ ਵਿਭਾਗ ਨਾਲ ਜੁੜੇ ਹੋਏ ਹਨ। ਉਹ ਜਿੰਨੀ ਸੁਹਣੀ ਅੰਗਰੇਜ਼ੀ ਬੋਲਦੇ ਹਨ, ਉਨੀ ਹੀ ਸੁਹਣੀ ਪੰਜਾਬੀ ਅਤੇ ਹਿੰਦੀ। ਅਜਕਲ ਤੁਸੀਂ ਬਹੁਤ ਸਾਰੇ ਚੈਨਲਾਂ ਤੇ ਯੂਟਿਊਬ 'ਤੇ ਉਸ ਨਾਲ ਹੋ ਰਹੀਆਂ ਮੁਲਾਕਾਤਾਂ ਤੇ ਵਾਰਤਾਲਾਪ ਦੇਖ ਸਕਦੇ ਹੋ। ਉਹ ਬੜੇ ਸੂਝਵਾਨ ਚਿੰਤਕ ਹਨ ਅਤੇ ਵਖੋ ਵੱਖਰੇ ਸਮਾਜਾਂ ਅਤੇ ਦੇਸ਼ਾਂ ਵਿਚਕਾਰ ਆਤਮਕ, ਵਿਗਿਆਨਕ, ਟੈਕਨਾਲੋਜੀਕਲ, ਵਿਓਪਾਰਕ ਸੰਪਰਕ, ਮਿਤਰਤਾਨਾ ਅਤੇ ਰਾਜਨੀਤਕ ਸਾਂਝ ਅਤੇ ਸਹਿਯੋਗ ਦੇ ਮੁਦੱਈ ਹਨ। ਉਹ ਸੰਸਾਰ ਵਿਚ ਅਮਨ, ਸਹਿਵਾਸ, ਅਹਿੰਸਾ ਅਤੇ ਧਰਮ ਨਿਰਪੇਖਤਾ ਦੇ ਅਸਲ ਮਾਅਨਿਆਂ ਵਿਚ ਪੁਜਾਰੀ ਅਤੇ ਆਸ਼ਾਵਾਨ ਹਨ ਅਤੇ ਇਸ ਬੰਨੇ ਲਗਾਤਾਰ ਕਾਰਜਸ਼ੀਲ ਹਨ।

ਭਾਰਤ-ਪਾਕ ਵੰਡ ਵੇਲੇ ਉਹ ਲਾਹੌਰ ਵਿਚ ਆਪਣੇ ਮਾਂ ਬਾਪ ਨਾਲ ਰਹਿੰਦੇ ਸਨ ਅਤੇ ਉਸ ਸਮੇਂ ਕੁਝ ਮਹੀਨਿਆਂ ਦੇ ਹੀ ਸਨ। ਆਪਣੀ ਜਵਾਨੀ ਦਾ ਜ਼ਿਆਦਾ ਸਮਾਂ ਉਹ ਲਾਹੌਰ ਹੀ ਰਹੇ, ਇਸ ਕਰਕੇ ਅਣਵੰਡੇ ਪੰਜਾਬ ਦੇ ਲਾਹੌਰ ਸ਼ਹਿਰ ਦੀਆਂ ਯਾਦਾਂ ਨਾਲ ਉਨ੍ਹਾਂ ਦੀ ਭਾਵੁਕ ਸਾਂਝ ਹੈ। ਭਾਰਤ-ਪਾਕਿਸਤਾਨ ਵੰਡ ਦੀਆਂ ਮਾਂ-ਬਾਪ, ਆਂਢ-ਗੁਆਂਢ ਅਤੇ ਬਹੁਤ ਸਾਰੇ ਮੌਕਾ ਗਵਾਹਾਂ ਤੋਂ ਸਿੱਖਾਂ ਅਤੇ ਮੁਸਲਮਾਨਾਂ ਦੀਆਂ ਦਰਦਨਾਕ ਮੌਤਾਂ, ਤਰਾਸਦੀਆਂ ਅਤੇ ਔਰਤਾਂ ਨਾਲ ਸਮੂਹਿਕ ਬਲਾਤਕਾਰਾਂ ਦੀਆਂ ਦਰਦ ਭਰੀਆਂ ਕਹਾਣੀਆਂ ਨੇ ਲੇਖਕ ਨੂੰ ਇਸ ਸਾਰੇ ਵਰਤਾਰੇ ਦੀ ਜੜ੍ਹ ਤਕ ਜਾਣ ਲਈ ਪ੍ਰੇਰਿਆ ਜਿਸ ਦਾ ਸਿੱਟਾ ਇਹ ਵਡ-ਆਕਾਰੀ ਪੁਸਤਕ ਹੈ।

ਇਸ਼ਤਿਹਾਕ ਅਹਿਮਦ ਦਾ ਕਹਿਣਾ ਹੈ ਕਿ ਜਿੱਥੇ ਇਕ ਬੰਨੇ ਇਸ ਘਿਨੌਣੀ ਕਤਲੇਆਮ ਅਤੇ ਔਰਤਾਂ ਦੀ ਬੇਪਤੀ ਅਤੇ ਲੁੱਟ ਖਸੁੱਟ ਦੇ ਕਿੱਸੇ ਹਨ ਉਥੇ ਇਸ ਵਹਿਸ਼ਤੀ ਵਾਤਾਵਰਣ ਦੇ ਬਾਵਜੂਦ ਜਾਨ ਮਾਲ ਦੀ ਪ੍ਰਵਾਹ ਨਾ ਕਰਦੇ ਹੋਏ ਕਈ ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦਾ ਦੂਸਰੇ ਫਿਰਕਿਆਂ ਦੇ ਲੋਕਾਂ ਦੀ ਹਿਫਾਜ਼ਤ ਕਰਨ ਦੇ ਕਿੱਸਿਆਂ ਦੀਆਂ ਵੀ ਚਸ਼ਮਦੀਦ ਗਵਾਹੀਆਂ ਦੀ ਘਾਟ ਨਹੀਂ ਹੈ। ਇਸ ਮਾਨਵੀ ਨੈਤਿਕਤਾ ਦੇ ਅਸਰਾਂ ਹੇਠ ਹੀ ਲੇਖਕ ਨੇ ਅਣਵੰਡੇ ਲਾਹੌਰ ਅਤੇ ਪਹਿਲਾਂ ਦੇ ਸੰਯੁਕਤ ਪੰਜਾਬ ਦੀ ਵੰਡ ਪਿੱਛੇ ਰਹੇ ਕਾਰਣਾਂ, ਅਤੇ ਇਸ ਵਰਤਾਰੇ ਦੀ ਇਤਿਹਾਸਕਤਾ ਦੀ ਖੋਜਬੀਣ ਅਰੰਭੀ ਜਿਹੜੀ 1990 ਤੋਂ ਸ਼ੁਰੂ ਹੋ ਕੇ ਇਸ ਸਦੀ ਦੇ ਪਹਿਲੇ ਦਹਾਕੇ ਤੀਕ ਜਾਰੀ ਰਹੀ। ਅੰਗਰੇਜ਼ੀ ਵਿਚ ਲਿਖੀ ਇਹ ਪੁਸਤਕ 2011 ਵਿਚ ਪ੍ਰਕਾਸ਼ਿਤ ਹੋਈ,



ਜਿਸ ਦਾ ਕੰਵਲ ਧਾਲੀਵਾਲ ਅਤੇ ਸੁਖਵੰਤ ਹੁੰਦਲ ਦਾ ਢੁਕਵਾਂ ਪਰ ਠੇਠ ਪੰਜਾਬੀ ਅਨੁਵਾਦ ਔਟਮ ਆਰਟ ਵਲੋਂ 2020 ਵਿਚ ਪ੍ਰਕਾਸ਼ਿਤ ਹੋਇਆ ਹੈ।

ਇਸ ਸਮਾਗਮ ਵਿਚ ਸੰਯੁਕਤ ਪੰਜਾਬੀ ਸਭਿਆਚਾਰ ਨਾਲ ਪਿਆਰ ਕਰਨ ਵਾਲੇ ਪੰਜਾਬੀ ਥਿੰਕਰਜ਼ ਫੋਰਮ ਦੇ ਮੈਂਬਰਾਂ ਸਮੇਤ ਪੰਜਾਹ ਤੋਂ ਵੀ ਵੱਧ ਭਾਰਤੀ ਅਤੇ ਕੁਝ ਪੱਛਮੀ ਪੰਜਾਬ ਦੇ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ। ਡਾ. ਇਸ਼ਤਿਆਕ ਅਹਿਮਦ ਨੇ ਦੱਸਿਆ ਕਿ ਡਾਕਟਰ ਸੁੱਚਾ ਸਿੰਘ ਅਤੇ ਗੁਰਦਿਆਲ ਬੱਲ ਨਾਲ ਫੋਨ 'ਤੇ ਪਹਿਲਾਂ ਵੀ ਗੱਲਬਾਤ ਕਰ ਚੁੱਕੇ ਹਨ।

ਸਮਾਗਮ ਦਾ ਸੰਚਾਲਨ ਪੱਤਰਕਾਰ ਅਤੇ ਕਵੀ ਸ਼ਮੀਲ ਨੇ ਕੀਤਾ। ਸ਼ੁਰੂ ਵਿਚ ਉਘੇ ਅਰਥ-ਵਿਗਿਆਨੀ ਡਾ. ਸੁੱਚਾ ਸਿੰਘ ਗਿੱਲ ਨੇ ਇਸ ਪੁਸਤਕ ਦੀਆਂ ਮਹੱਤਵਪੂਰਣ ਖੋਜਾਂ, ਦ੍ਰਿਸ਼ਟੀਆਂ, ਮੁੱਦਿਆਂ ਅਤੇ ਇਸ ਵਿਚ ਉਠਾਏ ਨੁਕਤਿਆਂ ਅਤੇ ਸੁਝਾਵਾਂ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਇਹ ਸਪਸ਼ਟ ਹੋ ਗਿਆ ਹੈ ਕਿ ਧਰਮ ਅਧਾਰਤ ਰਾਸ਼ਟਰ ਕਿਵੇਂ ਲੋਕਰਾਜੀ ਸੰਸਥਾਵਾਂ ਦੀ ਖੜੋਤ, ਕੱਟੜਤਾ, ਫਾਸ਼ੀਵਾਦ, ਆਰਥਕ ਮੰਦਵਾੜੇ, ਆਰਥਕ ਅਸਮਾਨਤਾ ਦੇ ਅਕਸਰ ਸ਼ਿਕਾਰ ਹੋ ਜਾਂਦੇ ਹਨ, ਜਿਵੇਂ ਕਿ ਭਾਰਤ ਦੇ ਮੁਕਾਬਲੇ ਪਾਕਿਸਤਾਨ ਵਿਚ ਹੋਇਆ ਹੈ। ਉਨ੍ਹਾਂ ਕਿਹਾ, ਇਸ਼ਤਿਹਾਕ ਅਹਿਮਦ ਇਸ ਪੁਸਤਕ ਅਤੇ ਹੋਰ ਲਿਖਤਾਂ ਰਾਹੀਂ ਪੰਜਾਬ ਬਟਵਾਰੇ ਬਾਰੇ ਪ੍ਰਚਲਤ ਬਹੁਤ ਸਾਰੀਆਂ ਗਲਤ ਧਾਰਨਾਵਾਂ ਦਾ ਪਰਦਾਫਾਸ਼ ਹੀ ਨਹੀਂ ਕਰਦੇ ਸਗੋਂ ਦੋਹਾਂ ਮੁਲਕਾਂ ਵਿਚਕਾਰ ਧਰਮ-ਨਿਰਪੇਖਤਾ ਅਧਾਰਤ ਆਪਸੀ ਏਕਤਾ, ਮਿਲਵਰਤਣ ਅਤੇ ਵਿਓਪਾਰਕ ਸਾਂਝ ਦਾ ਸੁਨੇਹਾ ਵੀ ਦਿੰਦੇ ਹਨ।

ਇਸ ਮੌਕੇ ਇਸ਼ਤਿਹਾਕ ਨੇ ਦੱਸਿਆ ਕਿ ਉਨ੍ਹਾਂ ਇਸ ਪੁਸਤਕ ਵਿਚ ਸੈਂਕੜੇ ਮੌਕਾ ਗਵਾਹਾਂ ਦੀ ਜ਼ੁਬਾਨੀ ਉਨ੍ਹਾਂ ਨਾਲ ਬੀਤੀਆਂ ਜਾਂ ਉਨ੍ਹਾਂ ਦੀਆਂ ਅੱਖੀਂ ਡਿੱਠੀਆਂ ਉਪਰਲੇ ਤੱਥਾਂ ਨੂੰ ਉਜਾਗਰ ਕਰਦੀਆਂ ਘਟਨਾਵਾਂ ਦਾ ਵਿਵਰਣ ਬਗ਼ੈਰ ਕਿਸੇ ਲਾਗ ਲਪੇਟ ਦੇ ਕੀਤਾ ਹੈ।

ਸ਼ੁਰੂ ਵਿਚ ਉਨ੍ਹਾਂ ਵੰਡ ਦੀਆਂ ਮੁੱਖ ਘਟਨਾਵਾਂ ਦਾ ਵਿਵਰਣ ਅਤੇ ਵੰਡ ਦੇ ਬੀਜ ਨਾਮਕ ਲੇਖ ਵਿਚ 1900 ਤੋਂ 1940 ਤੀਕ ਮੁਸਲਿਮ ਪੰਜਾਬ ਅਤੇ ਹਿੰਦੂ ਸਿੱਖ ਪੰਜਾਬ ਬਾਰੇ ਇਥੋਂ ਦੇ ਲੀਡਰਾਂ ਵਿਚ ਇਸ ਮੰਗ ਨੂੰ ਲੈ ਕੇ ਹੋਈਆਂ ਗਤੀਵਿਧੀਆਂ ਦਾ ਲੇਖਾ-ਜੋਖਾ ਕਰਕੇ ਇਹ ਤੱਥ ਸਾਹਮਣੇ ਲਿਆਂਦਾ ਕਿ ਕਿਸ ਤਰ੍ਹਾਂ ਪੰਜਾਬ ਦੀ ਵੰਡ ਦੇ ਬੀਜ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਬੀਜ ਦਿੱਤੇ ਗਏ ਸਨ। ਭਾਵੇਂ ਕਾਂਗਰਸ ਦਾ ਜਨਮ 1885 ਅਤੇ ਮੁਸਲਿਮ ਲੀਗ ਦਾ 1906 ਵਿਚ ਹੀ ਹੋ ਗਿਆ ਸੀ, ਪਰ ਅਸਲ ਵਿਚ ਇਨ੍ਹਾਂ ਵਿਚਕਾਰ ਮਤਭੇਦ 1915 ਤੋਂ ਸ਼ੁਰੂ ਹੋਇਆ, ਜਦ ਮਹਾਤਮਾ ਗਾਂਧੀ ਨੇ ਅਫਰੀਕਾ ਤੋਂ ਆ ਕੇ ਕਾਂਗਰਸ ਦੀ ਕਮਾਨ ਸੰਭਾਲੀ, ਜਿਸ ਨਾਲ ਜਿਨਾਹ ਨੂੰ ਆਪਣਾ ਦਬਦਬਾ ਘਟਦਾ ਜਾਪਿਆ। ਵੰਡ ਦੀ ਤਫਸੀਲ ਵਿਚ ਜਾਂਦਿਆਂ ਉਨ੍ਹਾਂ ਕਿਹਾ ਕਿ ਮੁਸਲਮਾਨ ਬਹੁ-ਆਬਾਦੀ ਵਾਲੇ ਪੰਜਾਬ ਅਤੇ ਬੰਗਾਲ ਦੇ ਖਿੱਤਿਆਂ ਦੀ ਵੰਡ ਦਾ ਮਾਮਲਾ ਮੁਸਲਿਮ ਲੀਗ ਦੇ 1909 ਵਿਚ ਸਥਾਪਤੀ ਨਾਲ ਹੀ ਉਠਾਇਆ ਗਿਆ ਸੀ। ਪਹਿਲਾਂ-ਪਹਿਲ ਜਿਨਾਹ ਕਾਂਗਰਸ ਦਾ ਮਹਿਜ਼ ਅੰਗ ਹੀ ਨਹੀਂ ਸੀ, ਸਗੋਂ ਉਹ ਧਰਮਨਿਰਪੇਖਕ ਰਾਸ਼ਟਰ ਦੇ ਸਿਧਾਂਤ ਨਾਲ ਸਹਿਮਤੀ ਵੀ ਰਖਦਾ ਸੀ ਅਤੇ ਕੱਟੜ ਨਹੀਂ ਸੀ। ਇਹ ਵੀ ਤੱਥ ਉਨ੍ਹਾਂ ਸਾਹਮਣੇ ਲਿਆਂਦਾ ਕਿ ਆਰੀਆ ਸਮਾਜ ਦੇ ਆਗੂ ਲਾਲਾ ਲਾਜਪਤ ਰਾਏ ਨੇ 1924 ਦੇ ਨਵੰਬਰ-ਦਸੰਬਰ ਦੇ ਟ੍ਰਿਬਿਊਨ ਵਿਚ ਲਗਾਤਾਰ ਅਜਿਹੇ ਲੇਖ ਲਿਖੇ ਜਿਹੜੇ ਪੰਜਾਬ ਨੂੰ ਪੱਛਮੀ ਅਤੇ ਪੂਰਬੀ ਦੋ ਭਾਗਾਂ-ਮੁਸਲਮਾਨ ਬਹੁਗਿਣਤੀ ਵਾਲੇ ਅਤੇ ਹਿੰਦੂ-ਸਿੱਖ ਬਹੁ ਗਿਣਤੀ ਵਾਲੇ ਵਿਚ ਵੰਡਣ ਦੀ ਵਕਾਲਤ ਕੀਤੀ ਸੀ। ਫਿਰ 1930 ਵਿਚ ਹੀ ਅਲਾਮਾ ਇਕਬਾਲ ਨੇ ਪੰਜਾਬ ਵੰਡ ਦਾ ਸਵਾਲ ਮੁਸਲਿਮ ਲੀਗ ਦੇ ਅਲਾਹਾਬਾਦ ਸੈਸ਼ਨ ਵਿਚ ਉਠਾ ਦਿੱਤਾ ਸੀ।

ਸੋ ਪੰਜਾਬ ਵੰਡ ਅਤੇ ਇਸ ਨਾਲ ਜੁੜੀ ਹਿੰਸਾ ਵਕਤੀ ਅਤੇ ਆਮਮੁਹਾਰੀ ਪ੍ਰਤੀਕਿਰਿਆ ਨਹੀਂ ਸੀ ਸਗੋਂ ਤਿੰਨਾਂ ਧਾਰਮਿਕ ਅਦਾਰਿਆਂ ਦੇ ਗਲਿਆਰਿਆਂ ਵਿਚ ਚੋਖੀ ਪ੍ਰਚਾਰੀ ਅਤੇ ਉਭਾਰੀ ਜਾਂਦੀ ਰਹੀ ਸੀ ਅਤੇ ਇਸੇ ਦਾ ਨਤੀਜਾ ਇਸ ਹਿੰਸਾ ਦਾ ਵਕਤੀ ਪੱਖ ਵੀ ਉਨਾ ਹੀ ਅਹਿਮ ਹੈ, ਜਿਸ ਵਿਚ ਅਫਵਾਹਾਂ ਕਾਰਨ ਪੈਦਾ ਹੋਇਆ ਡਰ ਵੀ ਸ਼ਾਮਿਲ ਹੈ। ਡਰ ਦੇ ਮਾਹੌਲ ਵਿਚ ਆਵਾਮ ਦਾ ਆਪਣੀ ਜਾਨ ਦੇ ਬਚਾ ਲਈ ਹਥਿਆਰਾਂ ਦਾ ਪ੍ਰਯੋਗ ਜਾਂ ਧੀਆਂ ਭੈਣਾਂ ਨੂੰ ਜਬਰਜਨਾਹ ਦੀ ਨੌਬਤ ਤੋਂ ਬਚਾਉਣ ਲਈ ਉਨ੍ਹਾਂ ਦੀ ਆਪ ਜਾਨ ਲੈ ਲੈਣਾ ਭਾਵ ਆਨਰ ਕਿਲਿੰਗ ਵੀ ਸ਼ਾਮਿਲ ਸੀ।

ਇਕ ਹੋਰ ਮਹੱਤਵਪੂਰਣ ਤੱਥ ਵੀ ਉਨ੍ਹਾਂ ਸਾਹਪਣੇ ਲਿਆਂਦਾ ਕਿ ਕਾਂਗਰਸ ਨੂੰ ਕਾਊਂਟਰ ਕਰਨ ਲਈ ਬਰਤਾਨੀਆ ਸਰਕਾਰ ਨੇ ਜਿਨਾਹ ਨਾਲ ਆਪ ਨੇੜਤਾ ਗੰਢੀ ਅਤੇ ਆਪਣੇ ਸਵਾਰਥ ਲਈ ਹੀ ਦੋ ਰਾਸ਼ਟਰਾਂ ਦੇ ਸਿਧਾਂਤ ਦੀ ਮਾਣਤਾ ਦਾ ਹਥਿਆਰ ਜਿਨਾਹ ਅਤੇ ਮੁਸਲਿਮ ਲੀਗ ਨੂੰ ਖੁਸ਼ ਕਰਨ ਲਈ ਖੇਡਿਆ। ਕਿਉਂਕ ਇਸ ਤਰ੍ਹਾਂ ਉਹ ਕਾਂਗਰਸ ਨੂੰ ਕਮਜ਼ੋਰ ਕਰ ਸਕਦੇ ਸਨ ਤੇ ਬਾਅਦ ਵਿਚ ਉਹ ਭਾਰਤ ਦੇ ਮੁਕਾਬਲੇ ਕਮਜ਼ੋਰ ਪਾਕਿਸਤਾਨ ਵਿਚ ਜੰਗੀ ਅੱਡੇ ਸਥਾਪਤ ਕਰਕੇ ਸੋਵੀਅਤ ਯੂਨੀਅਨ ਨਾਲ ਟੱਕਰ ਲੈ ਸਕਦੇ ਸਨ। ਇਕ ਹੋਰ ਤੱਥ ਇਹ ਕਿ ਹਿੰਦ-ਪਾਕ ਦੀ ਸਰਹੱਦ ਦੀ ਸਥਾਪਤੀ ਭਾਵ ਰੈਡਕਲਿਫ ਲਾਈਨ ਦਾ ਐਲਾਨ 17 ਅਗਸਤ ਨੂੰ ਕੀਤਾ, ਜਿਸ ਨਾਲ ਗੁਰਦਾਸਪੁਰ ਦੇ ਆਸ ਪਾਸ ਦੇ ਇਲਾਕਿਆਂ ਦਾ ਵੰਡਿਆ ਜਾਣਾ ਤੈਅ ਹੋਇਆ, ਜਦੋਂ ਕਿ ਭਾਰਤ-ਪਾਕਿਸਤਾਨ ਵੰਡ 14 ਅਤੇ 15 ਅਗਸਤ ਨੂੰ ਹੀ ਐਲਾਨਿਆ ਜਾ ਚੁੱਕਾ ਸੀ। ਸੋ ਜ਼ਾਹਿਰ ਹੈ ਕਿ ਇਸ ਇਲਾਕੇ ਵਿਚ ਇਸ ਐਲਾਨਨਾਮੇ ਉਪਰੰਤ ਬੇਵਜ੍ਹਾ ਵੱਧ ਲੋਕ ਕਤਲੇਆਮ ਦਾ ਸ਼ਿਕਾਰ ਹੋਏ ਕਿਉਂਕਿ ਇਸ ਨੇ ਅਚਾਨਕ ਹਿੰਸਕ ਪਾਗਲਪਨ ਨੂੰ ਜਨਮ ਦਿੱਤਾ। ਇਸ਼ਤਆਕ ਅਹਿਮਦਾ ਹੁਰਾਂ ਦੱਸਿਆ ਕਿ ਇਹ ਕਿਤਾਬ ਕੋਈ ਵੀਹ ਤੋਂ ਵੀ ਵੱਧ ਸਾਲਾਂ ਦੀ ਖੋਜ ਅਤੇ ਕੋਈ ਡੇਢ ਸੌ ਦੇ ਕਰੀਬ ਮੁਲਾਕਾਤਾਂ ਅਤੇ ਸੈਂਕੜੇ ਮੌਕਾਂ ਗਵਾਹਾਂ ਦੇ ਮੌਖਿਕ ਵਰਨਣਾਂ, ਰਿਪੋਰਟਾਂ, ਸਰਕਾਰੀ ਦਸਤਾਵੇਜ਼ਾਂ, ਲਘੂ ਫਿਲਮਾਂ, ਅਖਬਾਰਾਂ ਰਸਾਲਿਆਂ ਵਿਚ ਛਪੀਆਂ ਰੀਪੋਰਟਾਂ ਅਤੇ ਦਸਤਾਵੇਜ਼ਾਂ 'ਤੇ ਅਧਾਰਤ ਹੈ। ਉਨ੍ਹਾਂ ਸਾਰੀ ਗਲਬਾਤ ਠੇਠ ਪੰਜਾਬੀ ਵਿਚ ਕੀਤੀ ਅਤੇ ਦੱਸਿਆ ਕਿ ਭਾਰਤ ਦੇ ਬਹੁਤ ਸਾਰੇ ਨੇਤਾ, ਫਿਲਮ ਐਕਟਰ, ਅਤੇ ਲੇਖਕ ਪੁਰਾਣੇ ਪੰਜਾਬ ਦੇ ਜਮਪਲ ਹਨ। ਗੁਲਜ਼ਾਰ ਅਤੇ ਸੁਨੀਲ ਦੱਤ ਜਿਹਲਮ ਦੇ ਰਹਿਣ ਵਾਲੇ ਸਨ, ਗੁਲਜ਼ਾਰੀ ਲਾਲ ਨੰਦਾ ਸਿਆਲਕੋਟ ਤੋਂ ਸਨ, ਮਨਮੋਹਨ ਸਿੰਘ ਚਕਵਾਲ ਤੋਂ, ਇੰਦਰਕੁਮਾਰ ਗੁਜਰਾਲ ਲਾਹੌਰ ਤੋਂ।

ਲੇਖਕ ਨੇ ਸਰੋਤਿਆਂ ਵਲੋਂ ਪੁੱਛੇ ਸਵਾਲਾਂ-ਜਵਾਬਾਂ ਦੇ ਦੌਰ ਵਿਚ ਪੰਜਾਬੀ ਥਿੰਕਰ ਰਿਫਾਰਮ ਦੇ ਸਰਪ੍ਰਸਤ ਦੇਵ ਦੂਹੜੇ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸਪਸ਼ਟ ਕੀਤਾ ਕਿ ਸਿੱਖਾਂ ਨੂੰ ਅਲੱਗ ਦੇਸ਼ ਬਣਾਉਣ ਬਾਰੇ ਅੰਗਰੇਜ਼ ਸਰਕਾਰ ਜਾਂ ਮੁਹੰਮਦ ਅਲੀ ਜਿਨਾਹ ਵਲੋਂ ਕੋਈ ਵੀ ਠੋਸ ਸੁਝਾਅ ਜਾਂ ਭਰੋਸਾ ਦਿਤੇ ਜਾਣ ਬਾਰੇ ਗੱਲ ਸਰਾਸਰ ਝੂਠੀ ਹੈ। ਇਸ ਦਾ ਕੋਈ ਲਿਖਤੀ ਪ੍ਰਮਾਣ ਨਹੀਂ ਮਿਲਦਾ। ਰੈਫਰੈਂਡਮ 2020 ਬਾਰੇ ਉਨ੍ਹਾਂ ਸਿੱਖ ਭਾਈਚਾਰੇ ਨੂੰ ਖਾਲਿਸਤਾਨ ਦੇ ਨਾਹਰੇ ਲਾਉਣ ਸਮੇਂ ਭਾਰਤ-ਪਾਕਿਸਤਾਨ ਬਣਨ ਦੇ ਮਨਹੂਸ ਨੂੰ ਹਮੇਸ਼ਾਂ ਯਾਦ ਰਖਣ ਦੀ ਸਲਾਹ ਦਿਤੀ। ਇਕ ਹੋਰ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਹੁਣ ਪਾਕਿਸਤਾਨ ਅਤੇ ਭਾਰਤ ਇਕ ਹਕੀਕਤ ਬਣ ਚੁੱਕੇ ਹਨ ਤਾਂ ਦੋਹਾਂ ਦੇਸ਼ਾਂ ਦੇ ਫਿਰ ਇਕੱਠੇ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਲੋੜ ਸਿਰਫ ਦੋਹਾਂ ਦੇਸ਼ਾਂ ਵਿਚਕਾਰ ਆਪਸੀ ਲੜਾਈ ਨਾ ਕਰਨ ਬਾਰੇ ਲਿਖਤੀ ਸਮਝੌਤਾ, ਵਿਓਪਾਰਕ ਸਾਂਝ, ਆਪਸੀ ਮਿਲਵਰਤਣ, ਆਵਾਜਾਈ ਅਤੇ ਵਿਓਪਾਰ ਲਈ ਸਰਹੱਦਾਂ ਦਾ ਖੁੱਲ੍ਹਣਾ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਖੁੱਲ੍ਹੀ ਮਿਲਵਰਤਣ ਦੀ ਹੈ।

ਇਸ ਸਮਾਗਮ ਲਈ ਐਡਵੋਕੇਟ ਯਾਦਵਿੰਦਰ ਸਿੰਘ ਤੂਰ ਅਤੇ ਉਸਦੇ ਪਰਿਵਾਰ ਨੇ ਮਿਲ ਕੇ ਮਹਿਮਾਨਾਂ ਦੀ ਲੰਗਰ ਅਤੇ ਚਾਹ-ਪਾਣੀ ਨਾਲ ਸੇਵਾ ਕੀਤੀ। ਸਮਾਗਮ ਵਿਚ ਬਲਰਾਜ ਚੀਮਾ, ਤਾਹਿਰ ਗੋਰਾ, ਡਾ. ਨਾਹਰ ਸਿੰਘ, 'ਵਾਹਗਾ' ਪਰਚੇ ਦੇ ਸੰਪਾਦਕ ਚਰਨਜੀਤ ਸਿੰਘ ਤੂਰ, ਡਾ. ਸੁਖਪਾਲ ਸਿੰਘ, ਪ੍ਰੋ. ਜਗੀਰ ਸਿੰਘ ਕਾਹਲੋਂ, ਸ. ਹਜਾਰਾ ਸਿੰਘ ਮਿਸੀਸਾਗਾ, ਹਰਿੰਦਰ ਸਿੰਘ ਹੁੰਦਲ, ਪੰਜਾਬੀ ਦੁਨੀਆ ਯੂਟਿਊਬ ਚੈਨਲ ਦੇ ਹਰਜੀਤ ਗਿੱਲ, ਤੇ ਹੋਰ ਸੱਜਣਾਂ ਨੇ ਸ਼ਮੂਲੀਅਤ ਕੀਤੀ।

## ਚਾਚਾ ! ਲੈ ਫੜ ਚਾਹ ਪੀ ਲੈ

*(ਪਿਛਲੇ ਸਫੇ ਦੀ ਬਾਕੀ)*

ਭੇਜ ਦਿੱਤਾ ਅਤੇ ਤਿੰਨ ਦਿਨ ਬਾਅਦ ਉਸਦੀ ਜ਼ਮਾਨਤ ਹੋ ਗਈ। ਪ੍ਰੀਤਮ ਘਰ ਪਹੁੰਚਿਆ ਤਾਂ ਵੱਡੇ ਭਰਾ ਸੁਰਜੀਤ ਨੂੰ ਕਹਿਣ ਲੱਗਿਆ, 'ਸੁਰਜੀਤ, ਆਪਣੇ ਪਿੰਡ ਦਾ ਇਕ ਮੁੰਡਾ ਮੈਨੂੰ ਹਵਾਲਾਤ 'ਚ ਚਾਹ ਦੇ ਕੇ ਆਇਆ ਸੀ। ਮੈਨੂੰ ਨਾ ਤਾਂ ਉਸਦੇ ਨਾਂ ਦਾ ਪਤਾ ਹੈ ਅਤੇ ਨਾ ਹੀ ਇਹ ਕਿ ਉਹ ਕਿਨ੍ਹਾਂ ਦਾ ਮੁੰਡਾ ਹੈ।'

'ਮੈਨੂੰ ਪਤੈ ਉਹ 'ਲਹੌਰੀਆਂ' ਦਾ ਮੁੰਡਾ 'ਜੀਤਾ' ਐ, ਮੈਨੂੰ ਮਿਲਿਆ ਸੀ ਉਹ। ਪੁਲਿਸ ਉਸ ਨੂੰ ਇਸ ਲਈ ਫੜ ਕੇ ਲੈ ਗਈ ਸੀ ਕਿ ਉਸ ਕੋਲ ਸਿੱਖ ਖਾੜਕੂਆਂ ਦੀ ਆਉਣੀ-ਜਾਣੀ ਐ! ਕੁੱਟਮਾਰ ਕਰਨ ਦੇ ਬਾਵਜੂਦ ਪੁਲਿਸ ਦੇ ਪੱਲੇ ਕੁੱਝ ਨਹੀਂ ਪਿਆ ਤਾਂ ਛੱਡ ਦਿੱਤਾ।' ਸੁਰਜੀਤ ਨੇ ਦੱਸਿਆ। ਪਰ 'ਪੁਲਿਸ ਤੋਂ ਬਚ-ਬਚਾ ਕੇ ਮੈਨੂੰ ਚਾਹ ਦਾ ਕੱਪ ਫੜਾਉਣ ਲਈ ਮੈਂ ਉਸਦਾ ਧੰਨਵਾਦ ਕਰਨਾ ਚਾਹੁੰਦਾ ਹਾਂ।' ਪ੍ਰੀਤਮ ਨੇ ਆਪਣੀ ਖਾਹਸ਼ ਦੱਸੀ। 'ਉਹ ਹਰ ਰੋਜ਼ ਸੱਥ 'ਚ ਤਾਸ਼ ਖੇਡਦੈ, ਜਦੋਂ ਮਰਜ਼ੀ ਮਿਲ ਲਵੀਂ।' ਸੁਰਜੀਤ ਨੇ ਦੱਸਿਆ।

ਰਾਤ ਨੂੰ ਦੋਨੋਂ ਭਰਾ ਬੈਠੇ ਪੀ-ਖਾ ਰਹੇ ਸਨ ਤਾਂ ਪ੍ਰੀਤਮ ਨੇ ਸੁਰਜੀਤ ਤੋਂ ਪੁੱਛਿਆ, 'ਸੁਰਜੀਤ ਤੇਰੇ ਹਿਸਾਬ ਨਾਲ 'ਸਿੱਖ ਖਾੜਕੂ ਲਹਿਰ' 'ਚ ਆਪਣੇ ਪਿੰਡ ਦੇ ਕਿਨੇ 'ਕੁ ਲੋਕ ਮਾਰੇ ਗਏ ਹੋਣਗੇ?' 'ਆਪਾਂ ਹੁਣੇ ਗਿਣ ਲੈਂਦੇ ਹਾਂ' ਜਦ ਦੋਨੋਂ ਭਰਾ ਗਿਣਨ ਲੱਗੇ ਤਾਂ ਗਿਣਤੀ ਇੱਕ ਸੌ ਅੱਠ ਤੱਕ ਪਹੁੰਚ ਗਈ। 'ਗਿਣਤੀ ਇਸ ਤੋਂ ਵੱਧ ਵੀ ਹੋ ਸਕਦੀ ਐ!' ਸੁਰਜੀਤ ਨੇ ਅੰਦਾਜ਼ਨ ਕਿਹਾ।

ਅਗਲੇ ਦਿਨ ਸੁਬ੍ਹਾ ਪ੍ਰੀਤਮ ਚਾਹ ਪੀ ਰਿਹਾ ਸੀ ਜਦੋਂ ਸੁਰਜੀਤ ਡੇਅਰੀ 'ਚ ਦੁੱਧ ਪਾ ਕੇ ਮੁੜਿਆ, 'ਪ੍ਰੀਤਮਾਂ ਬਹੁਤ ਬੁਰੀ ਖਬਰ ਐ! ਖੇਤਾਂ 'ਚੋਂ ਲਹੌਰੀਆਂ ਕੇ ਜੀਤੇ ਦੀ ਲਾਸ਼ ਮਿਲੀ ਐ ਜੀਹਨੂੰ ਤੂੰ ਮਿਲਣਾ ਚਾਹੁੰਦਾ ਸੀ!' 'ਉਸਨੂੰ ਕੀਹਨੇਂ ਮਾਰਤਾ?' 'ਕਿਸੇ ਨੂੰ ਕੁੱਝ ਨਹੀਂ ਪਤਾ, ਰਾਤੀਂ' ਦੋ ਆਦਮੀਂ ਉਸਨੂੰ ਘਰੋਂ ਲੈ ਕੇ ਗਏ ਸੀ।' ਪ੍ਰੀਤਮ ਨੇ ਚਾਹ ਖਤਮ ਕੀਤੀ ਅਤੇ ਸੱਥ 'ਚ ਚਲਾ ਗਿਆ। ਕੋਈ ਕਹਿ ਰਿਹਾ ਸੀ 'ਸਿਵਲ ਕੱਪੜਿਆਂ 'ਚ ਪੁਲਿਸ ਵਾਲੇ ਆਏ ਸਨ', ਕੋਈ ਕਹਿ ਰਿਹਾ ਸੀ 'ਉਸਨੂੰ ਵਿਰੋਧੀ ਖਾੜਕੂ ਗਰੁੱਪ ਨੇ ਮਾਰਿਐ ਅਤੇ ਕੋਈ ਕਹਿੰਦਾ ਖਾੜਕੂਆਂ ਨੂੰ ਸ਼ੱਕ ਹੋਊ ਕਿ ਪੁਲਿਸ ਦੀ ਕੁੱਟ ਮੂਹਰੇ ਇਸਨੇ ਸੱਭ ਕੁੱਝ ਬਕ ਦਿੱਤਾ ਹੈ'। ਪ੍ਰੀਤਮ ਨੂੰ ਲੱਗਿਆ ਕਿ ਜੋ ਮਰਜ਼ੀ ਹੋਵੇ ਪਰ ਉਸਦੇ ਪੱਲੇ ਕੱਖ ਨਹੀਂ ਬਚਿਆ ਸਿਵਾਏ ਜੀਤੇ ਦੇ ਬੋਲੇ ਇਨ੍ਹਾਂ ਸ਼ਬਦਾਂ ਦੇ: 'ਚਾਚਾ! ਲੈ ਫੜ ਚਾਹ ਪੀ ਲੈ'।

## ਵੱਡੇ ਸਾਹਬ

**ਮੂਲ : ਡਾ. ਪ੍ਰਦੁਮਨ ਭੱਲਾ**
**ਅਨੁ : ਪ੍ਰੋ. ਨਵ ਸੰਗੀਤ ਸਿੰਘ**

ਅੱਜ ਹਰੀਆ ਬੜਾ ਖੁਸ਼ ਸੀ। ਤਿੰਨ-ਚਾਰ ਦਿਨਾਂ ਦੀ ਭੱਜ-ਦੌੜ ਪਿੱਛੋਂ ਆਖਰ ਪੈਸੇ ਕਢਵਾਉਣ ਦੀ ਮਨਜ਼ੂਰੀ ਮਿਲ ਹੀ ਗਈ ਸੀ। ਹਰ ਵਾਰ ਇਉਂ ਹੀ ਹੁੰਦਾ ਸੀ। ਮਨਜ਼ੂਰੀ ਨਾ ਮਿਲਣ 'ਤੇ ਉਹ ਵੱਡੇ ਬਾਬੂ ਦੀ ਸ਼ਰਨ ਵਿਚ ਜਾਂਦਾ ਸੀ, ਜਿਥੇ 'ਕੁਝ' ਦੇ ਕੇ ਹੀ ਰੁਪਏ ਨਿਕਲਦੇ ਸਨ। ਇਸ 'ਕੁਝ' ਵਿਚ ਵੱਡੇ ਸਾਹਬ ਦਾ ਵੀ ਹਿੱਸਾ ਸੀ, ਅਜਿਹਾ ਵੱਡੇ ਬਾਬੂ ਕਹਿੰਦੇ ਸਨ।

ਇਸ ਵਾਰ ਹਰੀਏ ਨੇ ਸੋਚਿਆ ਕਿ ਕਿਉਂ ਨਾ ਵੱਡੇ ਸਾਹਬ ਨੂੰ ਹੀ ਮਿਲਿਆ ਜਾਵੇ ਅਤੇ ਸਿੱਧੀ ਗੱਲ ਕੀਤੀ ਜਾਵੇ। ਇਹ ਸੋਚ ਕੇ ਉਹ ਵੱਡੇ ਸਾਹਬ ਦੇ ਦਫ਼ਤਰ ਵੱਲ ਚਲਾ ਗਿਆ। 'ਕਿਸੇ ਵੀ ਕੰਮ ਲਈ ਸਿੱਧੇ ਵੱਡੇ ਸਾਹਬ ਨੂੰ ਮਿਲੋ' ਦੀ ਤਖ਼ਤੀ ਪੜ੍ਹ ਕੇ ਉਸ ਦਾ ਹੌਸਲਾ ਕੁਝ ਹੋਰ ਵਧ ਗਿਆ।

'ਮੇ ਆਈ ਕਮ ਇਨ ਸਰ?' ਹਰੀਆ ਨੇ ਡਰਦੇ-ਡਰਦੇ ਪੁੱਛਿਆ। ਦਫ਼ਤਰ ਵਿਚ ਪਾਣੀ ਪਿਆਉਣ ਦਾ ਕੰਮ ਕਰਦੇ-ਕਰਦੇ ਉਹ ਇਹ ਵਾਕ ਬੋਲਣਾ ਸਿੱਖ ਗਿਆ ਸੀ।

'ਯੈਸ' ਸਾਹਿਬ ਨੇ ਸਿਰ ਚੁੱਕਿਆ।

'ਸਾਹਬ, ਮੈਂ ਵਾਟਰਮੈਨ, ਹਰੀਆ।'

'ਹਾਂ, ਬੋਲੋ।' ਸਾਹਿਬ ਨੇ ਬਿਨਾਂ ਉਸ ਵੱਲ ਵੇਖਿਆਂ ਕਿਹਾ।

'ਸਾਹਬ, ਇਹ ਮੇਰਾ ਛੋਟਾ ਜਿਹਾ ਲੋਨ ਦਾ ਬਿਲ ਸੀ। ਤੁਹਾਡੇ ਸਾਈਨ ਹੋ ਜਾਂਦੇ ਤਾਂ...।' ਝੱਟ ਹਰੀਆ ਨੇ ਬਿੱਲ ਮੂਹਰੇ ਕਰ ਦਿੱਤਾ।

ਸਾਹਬ ਨੇ ਸਾਈਨ ਕੀਤੇ। ਉਹ ਮੁੜਨ ਲੱਗਿਆ।

'ਸੁਣੋ।' ਸਾਹਬ ਨੇ ਕਿਹਾ।

'ਜੀ', ਹਰੀਆ ਰੁਕ ਗਿਆ। ਉਹਨੂੰ ਲੱਗਿਆ ਕਿ ਹੁਣ ਸਾਹਬ ਉਸ ਤੋਂ ਪੈਸੇ ਮੰਗ ਸਕਦੇ ਹਨ ਜਾਂ ਫਿਰ ਬਿੱਲ ਵੀ ਰੋਕ ਸਕਦੇ ਹਨ।

'ਏਧਰ ਆ', ਸਾਹਬ ਨੇ ਜ਼ੋਰ ਦੇ ਕੇ ਕਿਹਾ ਤਾਂ ਹਰੀਆ ਡਰਦਾ-ਡਰਦਾ ਉਨ੍ਹਾਂ ਦੇ ਬਿਲਕੁਲ ਨੇੜੇ ਜਾ ਕੇ ਖੜ੍ਹਾ ਹੋ ਗਿਆ।

'ਚੰਗੀ ਤਨਖਾਹ ਹੈ ਤੇਰੀ, ਕੱਪੜੇ ਸਾਫ਼-ਸੁਥਰੇ ਪਾਇਆ ਕਰ। ਧੋਂਦਾ ਨਹੀਂ ਇਨ੍ਹਾਂ ਨੂੰ? ਆਹ ਲੈ, ਇਸ ਨਾਲ ਸਾਬਣ ਖਰੀਦ ਲਈਂ। ਦੁਬਾਰਾ ਆਵੇਂ ਤਾਂ ਕੱਪੜੇ ਧੋਤੇ ਹੋਣੇ ਚਾਹੀਦੇ ਨੇ।' ਕਹਿ ਕੇ ਸਾਹਿਬ ਨੇ ਸੌ ਰੁਪਏ ਦਾ ਨੋਟ ਉਹਨੂੰ ਦਿੱਤਾ।

ਹਰੀਆ ਨੂੰ ਕੁਝ ਨਹੀਂ ਸੁੱਝਿਆ। ਉਹ ਸਾਹਿਬ ਦੇ ਪੈਰ ਫੜ ਕੇ ਬੋਲਿਆ, 'ਸਾਹਬ, ਤੁਹਾਡੇ ਨਾਂ 'ਤੇ ਵੱਡੇ ਬਾਬੂ ਹਰ ਸਾਲ ਮੈਥੋਂ ਪੈਸੇ ਠਗਦੇ ਰਹੇ ਹਨ। ਤੁਸੀਂ ਤਾਂ ਦੇਵਤਾ ਆਦਮੀ ਹੋ।' ਕਹਿੰਦਿਆਂ ਉਹਦੀਆਂ ਅੱਖਾਂ ਭਰ ਆਈਆਂ।

ਦਫ਼ਤਰ ਤੋਂ ਬਾਹਰ ਨਿਕਲਦਿਆਂ ਹਰੀਆ ਸੋਚ ਰਿਹਾ ਸੀ-ਕਾਸ਼, ਉਹ ਪਹਿਲਾਂ ਹੀ ਵੱਡੇ ਸਾਹਬ ਨੂੰ ਮਿਲਿਆ ਹੁੰਦਾ! ਸੁਣੀਆਂ-ਸੁਣਾਈਆਂ ਗੱਲਾਂ ਸੁਣ ਕੇ ਆਪਣਾ ਨੁਕਸਾਨ ਕਰਾਉਂਦਾ ਰਿਹਾ। ਉਧਰ ਦਫ਼ਤਰ ਵਿਚ ਬੈਠੇ ਵੱਡੇ ਸਾਹਬ ਸੋਚ ਰਹੇ ਸਨ- ਕਾਸ਼, ਇਹ ਹਰੀਆ ਅਤੇ ਹਰੀਆ ਵਰਗੇ ਪਤਾ ਨਹੀਂ ਕਿੰਨੇ, ਸਿੱਧੇ ਮੇਰੇ ਤਕ ਪਹੁੰਚ ਸਕਦੇ!

ਪਤਾ ਨਹੀਂ, ਇਸ ਤਰ੍ਹਾਂ ਕਦੋਂ ਤਕ ਚਲਦਾ ਰਹੇਗਾ...।

# ਸਥਾਪਤੀ ਵਿਰੁੱਧ ਲੋਕ ਹਿਤ ਦੀ ਆਵਾਜ਼ ਬੁਲੰਦ ਕਰ ਰਿਹਾ ਪੱਤਰਕਾਰ 'ਸੁਸ਼ੀਲ ਦੁਸਾਂਝ'

## *ਪੱਤਰਕਾਰੀ ਦੀਆਂ ਤਲਖ਼ ਹਕੀਕਤਾਂ ਦੇ ਨਾਲ ਨਾਲ ਕਵੀ ਦੀ ਸੂਖਮਤਾ ਨਾਲ ਨਿਭਦਾ ਹੈ 'ਦੁਸਾਂਝ'*

ਮੈਂ ਪੱਤਰਕਾਰਾਂ ਦੇ ਰੇਖਾ ਚਿੱਤਰ ਲਿਖਦਾ-ਲਿਖਦਾ ਪੱਤਰਕਾਰਾਂ ਦੀ ਸੋਚ ਨੂੰ ਵੀ ਥੋੜ੍ਹਾ ਜਾਂਚ ਰਿਹਾ ਹਾਂ, ਕਈ ਵੱਡੀਆਂ ਵੱਡੀਆਂ ਰਿਪੋਰਟਾਂ ਲੋਕਾਂ ਦੀਆਂ ਨਜ਼ਰਾਂ ਤਕ ਲਿਆਉਣ ਵਾਲੇ ਪੱਤਰਕਾਰ ਖ਼ੁਦ ਬਾਰੇ ਜਾਣਕਾਰੀ ਲੋਕਾਂ ਤਕ ਪਹੁੰਚਾਉਣ ਵਿਚ ਡਰਦੇ ਵੀ ਹਨ। ਪਤਾ ਨਹੀਂ ਉਨ੍ਹਾਂ ਦੇ ਪੋਤੜੇ ਗੰਦੇ ਹਨ ਜਾਂ ਫਿਰ ਉਹ ਖ਼ੁਦ ਨਾਲ ਵਾਕਫ਼ ਨਹੀਂ ਹਨ। ਪੱਤਰਕਾਰੀ ਕੋਈ ਸ਼ੁਗ਼ਲ ਨਹੀਂ ਹੈ, ਨਾ ਹੀ ਇਹ ਇਕ ਦਿਨ ਵਿਚ ਮੁੱਕ ਜਾਣ ਵਾਲੀ ਬੇਬੇ ਵਲੋਂ ਪਾਈ ਜਾਣ ਵਾਲੀ ਬਾਤ ਹੈ, ਜਦੋਂ ਤਕ ਸਥਾਪਤੀ ਲੋਕ ਵਿਰੋਧੀ ਕੰਮ ਕਰਦੀ ਰਹੇਗੀ ਉਦੋਂ ਤਕ ਹੀ ਇਕ ਪੱਤਰਕਾਰ ਦੀ ਡਿਊਟੀ ਹੋਰ ਸਖ਼ਤ ਹੁੰਦੀ ਜਾਵੇਗੀ। ਇਹ ਮੁੱਢ ਕਦੀਮੋਂ ਚੱਲਦਾ ਆਇਆ ਹੈ ਤੇ ਚੱਲਦਾ ਰਹੇਗਾ। ਪੱਤਰਕਾਰ ਦਾ ਕੰਮ ਚੱਲਦੇ ਰਹਿਣਾ ਹੈ, ਨਿਰੰਤਰ ਕੁਝ ਪੁਰਾਣੇ ਤੇ ਕੁਝ ਨਵੇਂ ਰਸਤੇ ਬਣਾਉਂਦਿਆਂ। ਅਜੋਕੇ ਸਮੇਂ ਵਿਚ ਪੱਤਰਕਾਰੀ ਕਰਨਾ ਸਗੋਂ ਹੋਰ ਔਖਾ ਹੋ ਗਿਆ ਹੈ। ਕਿਉਂਕਿ ਜੋ ਲੋਕ ਸਥਾਪਤੀ ਦੇ ਪੱਖ ਵਿਚ ਜਾਂਦੇ ਹੋਏ ਪੱਤਰਕਾਰ ਦੀ ਆਲੋਚਨਾ ਕਰਦੇ ਹਨ ਅਕਸਰ ਉਨ੍ਹਾਂ ਲਈ ਹੀ ਕੰਮ ਦਾ ਹੁੰਦਾ ਹੈ 'ਪੱਤਰਕਾਰ'। ਕਿਉਂਕਿ ਉਹ ਖ਼ੁਦ ਨਹੀਂ ਜਾਣ ਰਹੇ ਹੁੰਦੇ ਕਿ ਸਥਾਪਤੀ ਉਨ੍ਹਾਂ ਦੀ ਵੀ ਨਹੀਂ ਹੈ, ਸਥਾਪਤੀ ਮਾਂ, ਬਾਪ, ਭਾਈ, ਭੈਣ ਕਿਸੇ ਦੀ ਨਹੀਂ। ਕਈ ਆਪ ਨੂੰ ਛੁਪਾਉਂਦੇ ਹਨ, ਜਿਨ੍ਹਾਂ ਨੂੰ ਮੈਂ ਬਹੁਤ ਛੋਟੇ ਬੰਦੇ ਕਹਿੰਦਾ ਹਾਂ, ਕਈ ਆਪਣੇ ਆਪ ਦੇ ਦਰਸ਼ਨ ਆਪਣੇ ਬੱਚਿਆਂ ਨੂੰ ਵੀ ਕਰਾਉਂਦੇ ਹਨ ਉਹ ਬਹੁਤ ਵੱਡੇ ਤੇ ਗ਼ੈਰਮਾਮੂਲੀ ਲੋਕ ਹੁੰਦੇ ਹਨ, ਮੈਂ ਅੱਜ ਤੁਹਾਨੂੰ ਦਰਸ਼ਨ ਕਰਵਾ ਰਿਹਾ ਹਾਂ ਅਜਿਹੀ ਹੀ ਕਮਾਲ ਦੀ ਸ਼ਖ਼ਸੀਅਤ ਅਤੇ ਬੇਬਾਕ ਪੱਤਰਕਾਰ 'ਸੁਸ਼ੀਲ ਦੁਸਾਂਝ' ਹੋਰਾਂ ਦੇ। ਇਨ੍ਹਾਂ ਨੂੰ ਪੜ੍ਹਦੇ ਸੁਣਦੇ ਸੀ ਪਰ ਜਦੋਂ ਇਨ੍ਹਾਂ ਬਾਰੇ ਜਾਣਿਆ ਤਾਂ ਮੈਂ ਖ਼ੁਦ ਇਨ੍ਹਾਂ ਦਾ ਮੁਤਾਸਰ ਹੋ ਗਿਆ।

**ਗੁਰਨਾਮ ਸਿੰਘ ਅਕੀਦਾ**
**ਫੋਨ: 81460-01100**

ਸੁਸ਼ੀਲ ਦੁਸਾਂਝ! ਜਲੰਧਰ ਜ਼ਿਲ੍ਹੇ ਦੇ ਪਿੰਡ ਦੁਸਾਂਝ ਦਾ ਉਹ ਕਲਮਾਂ ਦੀ ਜ਼ਰਖੇਜ਼ ਜ਼ਮੀਨ ਦਾ ਮਾਲਕ ਜਿੱਥੇ ਕਲਮਾਂ ਅਣਮੁੱਲੇ ਸ਼ਬਦਾਂ ਦੀ ਖੇਤੀ ਕਰਦੀਆਂ ਹਨ। ਜਿੱਥੇ ਸੁਰਤਾਲ ਦੀ ਹਵਾ ਫ਼ਿਜ਼ਾ ਦੇ ਕੰਨਾਂ ਨੂੰ ਸਕੂਨ ਦਾ ਅਹਿਸਾਸ ਕਰਾਉਂਦੀ ਹੈ। ਜਿੱਥੇ ਸਿਆਸਤ ਦੇ ਯੋਧੇ ਆਜ਼ਾਦੀ ਲੋਚਦੇ ਹਨ। ਜਿੱਥੋਂ ਦੀ ਆਵਾਜ਼ ਦੇਸ਼ ਤੋਂ ਲੈ ਕੇ ਵਿਦੇਸ਼ ਤਕ ਗੂੰਜਦੀ ਹੈ। ਗੱਲ ਆਜ਼ਾਦੀ ਤੋਂ ਪਹਿਲਾਂ ਤੋਂ ਸ਼ੁਰੂ ਕਰਦੇ ਹਾਂ, ਉਸ ਵੇਲੇ ਗ਼ਦਰੀ ਲਹਿਰ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਬਾਬਾ ਭਗਵਾਨ ਸਿੰਘ ਇਸੇ ਪਿੰਡ ਦੇ ਹਨ। ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਰਹੇ ਉੱਜਲ ਦੁਸਾਂਝ ਇਸੇ ਹੀ ਪਿੰਡ ਦੀ ਪੈਦਾਇਸ਼ ਹੈ। ਉੱਘਾ ਕਲਾਕਾਰ ਦਲਜੀਤ ਦੁਸਾਂਝ ਹੀ ਨਹੀਂ ਸਗੋਂ ਗਾਇਕ ਜਸਬੀਰ ਦੁਸਾਂਝ, ਜਰਨੈਲ ਦੁਸਾਂਝ, ਰਣਬੀਰ ਦੁਸਾਂਝ ਇਸੇ ਪਿੰਡ ਦੇ ਹਨ, ਇਸੇ ਤਰ੍ਹਾਂ ਰਿਐਲਟੀ ਸ਼ੋਅ ਵਿਚ ਨਾਮ ਖੱਟਣ ਵਾਲਾ ਬੇਨਟ ਦੁਸਾਂਝ ਵੀ ਇਸੇ ਪਿੰਡ ਦਾ ਹੈ। ਮਹਿੰਦਰ ਦੁਸਾਂਝ ਇੱਥੋਂ ਹੀ ਹਨ, ਜਿਵੇਂ ਕਿ ਮਹਿੰਦਰ ਦੁਸਾਂਝ ਜਗਪੁਰਤੇ ਵਿਚ ਖੇਤੀ ਮਾਹਰ, ਮਹਿੰਦਰ ਖ਼ਾਲਸਾ ਸਕੂਲ ਅੰਮ੍ਰਿਤਸਰ ਦਾ ਪ੍ਰਿੰਸੀਪਲ ਵੀ ਇਸੇ ਪਿੰਡ ਦਾ ਹੈ। ਸਾਹਿਤਕ ਜਗਤ ਦੇ ਅਦੀਬਾਂ ਵਿਚ ਨਾਜ਼ਰ ਸਿੰਘ ਤਰਸ, ਕਸ਼ਮੀਰ ਮਾਹੀ, ਜੋਗਿੰਦਰ ਮਤਵਾਲਾ, ਦਰਸ਼ਨ ਸੌਂਕੀ ਵੀ ਇਸੇ ਪਿੰਡ ਦੇ ਹਨ। ਇੱਥੋਂ ਕਿ ਇਕ ਸਮੇਂ ਪੰਜਾਬੀ ਦੇ ਵੱਡੇ ਅਖ਼ਬਾਰ ਰਹੇ 'ਅਕਾਲੀ ਪੱਤ੍ਰਿਕਾ' ਦੇ ਬਾਨੀ ਸੰਪਾਦਕ ਅਮਰ ਸਿੰਘ ਦੁਸਾਂਝ ਵੀ ਇਸੇ ਪਿੰਡ ਦੇ ਹਨ। ਇਸੇ ਪਿੰਡ ਦੇ ਪਵਿੱਤਰ ਸਿੰਘ ਨੇ 1982 ਵਿਚ ਸੰਸਾਰ ਦਾ ਰਿਕਾਰਡ ਬਣਾ ਹੀ ਲਿਆ ਸੀ, ਬਸ ਇਕ ਕਿਣਕਾ ਪਿੱਛੇ ਰਹਿ ਗਿਆ।

1 ਜੁਲਾਈ 1967 ਵਿਚ ਪਿੰਡ ਦੁਸਾਂਝ ਦੇ ਕੱਚੇ ਢਾਰਿਆਂ ਵਾਲੇ ਮਕਾਨ ਵਿਚ ਅੱਖਾਂ ਖੋਲ੍ਹਣ ਵਾਲੇ ਸੁਸ਼ੀਲ ਦੁਸਾਂਝ ਉਸ ਵੇਲੇ ਅੰਤਾਂ ਦੀ ਗ਼ਰੀਬੀ ਨਾਲ ਲੜ ਰਹੇ ਪਿਤਾ ਸ੍ਰੀ ਓਮ ਪ੍ਰਕਾਸ਼ ਤੇ ਮਾਤਾ ਸ੍ਰੀਮਤੀ ਰਕਸ਼ਾ ਦੇਵੀ ਦੀ ਤੰਗੀਆਂ ਤੁਰਸ਼ੀਆਂ ਵਾਲੀ ਜ਼ਿੰਦਗੀ ਦਾ ਹਿੱਸਾ ਬਣੇ ਸਨ। ਦੁਸਾਂਝ ਦੀ ਮਿੱਟੀ ਤੇ ਉਸ ਦੇ ਪਾਣੀ ਕਾਕੇ (ਸੁਸ਼ੀਲ ਦੁਸਾਂਝ ਦਾ ਘਰ ਦਾ ਨਾਮ) ਦੀ ਜ਼ਿੰਦਗੀ ਵਿਚ ਅਚੇਤ ਹੀ ਸ਼ਬਦਾਂ ਦੇ ਬੀਜ ਨੂੰ ਪਾਲ ਰਹੇ ਸਨ।

ਗ਼ਰੀਬੀ ਦੀ ਜ਼ਿੰਦਗੀ ਦੀਆਂ ਕੁਝ ਕਹਾਣੀਆਂ: ਛੋਟਾ ਜਿਹਾ ਹੁੰਦਾ ਸੀ 'ਕਾਕਾ' ਜਦੋਂ ਉਸ ਦੇ ਤਾਏ ਦੇ ਮੁੰਡੇ ਨੇ ਉਸ ਨੂੰ ਦਸ ਪੈਸੇ ਦਿੱਤੇ ਤੇ ਕਾਕਾ ਭੱਜ ਲਿਆ ਰੂਪ ਬਾਣੀਏ ਦੀ ਹੱਟੀ ਵੱਲ। ਇਹ ਰੂਪ ਬਾਣੀਏ, ਲੱਭੂ ਬਾਣੀਏ, ਸ੍ਰੀ ਰਾਮ ਬਾਣੀਏ, ਮੌਜੀ ਬਾਣੀਏ, ਰਾਧਾ ਬਾਣੀਏ ਸਾਡੀ ਜ਼ਿੰਦਗੀ ਦਾ ਹਿੱਸਾ ਆਮ ਬਣਦੇ ਰਹੇ ਹਨ। ਹੁਣ ਦਸ ਪੈਸੇ ਦੀ ਵੱਡੀ ਰਕਮ ਨੂੰ ਲੈ ਕੇ ਸੁਸ਼ੀਲ ਰੂਪ ਬਾਣੀਏ ਦੀ ਹੱਟੀ ਵੱਲ ਭੱਜ ਰਿਹਾ ਹੈ ਤੇ ਪਿੱਛੇ ਪਿੱਛੇ ਮਾਂ ਵੀ ਭੱਜ ਰਹੀ ਹੈ, ਮਾਂ ਕਹਿ ਰਹੀ ਹੈ 'ਕਾਕੇ ਦੇਖੀਂ ਦਸੀ ਨਾ ਖ਼ਰਚੀਂ ਕਿਤੇ, ਆਪਾਂ ਨੂੰ ਦਸੀ ਦੀ ਲੋੜ ਆ ਪੁੱਤ.. ਘਰੇ ਲੋੜ ਆ' ਕਾਕਾ ਰੂਪ ਬਾਣੀਏ ਵੱਲ ਭੱਜ ਰਿਹਾ ਹੈ ਰੂਪ ਬਾਣੀਏ ਦੀ ਹੱਟੀ ਦਾ ਫ਼ਾਸਲਾ ਉੱਧਰ ਮਾਂ ਦਾ ਕਾਕੇ ਤਕ ਦਾ ਫ਼ਾਸਲਾ, ਸੁਸ਼ੀਲ ਦੁਸਾਂਝ ਦੀ ਮੁੱਢਲੀ ਜ਼ਿੰਦਗੀ ਦੇ ਦੋ ਅਜਿਹੇ ਫ਼ਾਸਲੇ ਹਨ ਜਿਨ੍ਹਾਂ ਵਿਚ ਉਸ ਦੀ ਸੰਘਰਸ਼ਮਈ ਜ਼ਿੰਦਗੀ ਦਾ ਰਾਜ ਵੀ ਛੁਪਿਆ ਸੀ। ਬੱਚੇ ਦੀ ਜੀਭ ਦਾ ਸੁਆਦ ਤੇ ਮਾਂ ਦਾ ਘਰੇਲੂ ਸੰਘਰਸ਼, ਇਹ ਦੋਵੇਂ ਬਹੁਤ ਹੀ ਅਲੋਕਾਰੀ ਘਟਨਾ ਨੂੰ ਜਨਮ ਦਿੰਦੇ ਹਨ।


ਇਸੇ ਤਰ੍ਹਾਂ ਸੁਸ਼ੀਲ ਦੁਸਾਂਝ ਆਪਣੀ ਜ਼ਿੰਦਗੀ ਦੇ ਬਚਪਨ ਦੀਆਂ ਗੱਲਾਂ ਸੁਣਾਉਂਦੇ ਹੋਏ ਕਹਿੰਦੇ ਹਨ ਸਾਡੇ ਘਰ ਦੀ ਗ਼ਰੀਬੀ ਬਹੁਤ ਕਹਿਰ ਵਰਤਾਉਂਦੀ ਰਹੀ ਹੈ। ਜਦੋਂ ਕਿਸੇ ਦੇ ਵਿਆਹ ਹੋਣਾ, ਵਿਆਹ ਵਿਚ ਵੱਡੀਆਂ ਵੱਡੀਆਂ ਰੋਟੀਆਂ (ਰੁਮਾਲੀ ਰੋਟੀ) ਬਣਦੀਆਂ ਸਨ। ਮਾਂ ਖ਼ਾਸੀਆਂ ਸਾਰੀਆਂ ਰੋਟੀਆਂ ਘਰ ਲੈ ਆਉਂਦੀ ਤੇ ਉਹ ਰੋਟੀਆਂ ਸੁਕਾ ਲੈਣੀਆਂ ਤੇ ਫੇਰ ਅਸੀਂ ਉਹ ਰੋਟੀਆਂ ਗੁੜ ਵਿਚ ਮਿਲਾ ਮਹੀਨਾ ਭਰ ਖਾਂਦੇ ਰਹਿਣਾ। ਇਹ ਸਾਡੀ ਜ਼ਿੰਦਗੀ ਦੀ 'ਸਵੀਟ ਡਿਸ਼' ਸੀ। ਲੋਕਾਂ ਦੇ ਘਰਾਂ ਵਿਚ ਕੰਮ ਕਰਨਾ ਤੇ ਸਾਡੀ ਰੋਟੀ ਦਾ ਇੰਤਜ਼ਾਮ ਕਰਨਾ ਮੇਰੀ ਮਾਂ ਦਾ ਕੰਮ ਸੀ। ਮੇਰੇ ਬਾਊ ਜੀ (ਪਿਤਾ ਜੀ) ਨੇ ਅਲੱਗ ਮਿਹਨਤ ਕਰਨੀ। ਬੜੀਆਂ ਤੰਗੀਆਂ ਤੁਰਸ਼ੀਆਂ ਵਿਚੋਂ ਜ਼ਿੰਦਗੀ ਗੁਜ਼ਰ ਰਹੀ ਸੀ।

ਦਿੱਲੀ ਪੜ੍ਹਨ ਜਾਣਾ: ਸੁਸ਼ੀਲ ਦੁਸਾਂਝ ਦੀ ਭੂਆ ਦਿੱਲੀ ਰਹਿੰਦੇ ਸਨ, ਥੋੜ੍ਹਾ ਸੁਖਾਲੀ ਜ਼ਿੰਦਗੀ ਕੱਟ ਰਹੇ ਸਨ, ਦੁਸਾਂਝ ਹੋਰੀਂ ਚਾਰ ਭਰਾ ਹਨ। 1972-73 ਦੀ ਗੱਲ ਹੈ ਕਿ ਸੁਸ਼ੀਲ ਦੀ ਭੂਆ ਨੇ ਉਨ੍ਹਾਂ ਦੇ ਬਾਊ ਜੀ ਨੂੰ ਕਿਹਾ ਕਿ 'ਕਾਕੇ ਨੂੰ ਤਾਂ ਮੈਂ ਦਿੱਲੀ ਪੜ੍ਹਨ ਲਾ ਦਿੰਦੀ ਹਾਂ, ਪੜ੍ਹ ਜਾਵੇਗਾ ਤਾਂ ਜ਼ਿੰਦਗੀ ਥੋੜ੍ਹਾ ਸੁਖਾਲੀ ਹੋ ਜਾਏਗੀ' ਇੱਥੋਂ ਹੀ ਸੁਸ਼ੀਲ ਦਿੱਲੀ ਚਲੇ ਗਏ। ਉੱਥੇ ਪੜ੍ਹਨਾ ਸ਼ੁਰੂ ਕੀਤਾ ਤਾਂ ਉੱਥੇ ਭੂਆ ਦੀ ਕੁੜੀ ਸੁਸ਼ੀਲ ਨੂੰ ਪੜ੍ਹਾਉਣ ਲਈ ਜਾਂਦੀ ਆਉਂਦੀ ਇਕ ਦੋ ਚਪੇੜਾਂ ਜੜ੍ਹ ਜਾਂਦੀ, ਭਾਵੇਂ ਉੱਥੇ ਪੜ੍ਹ ਵੀ ਰਹੇ ਸਨ ਪਰ ਭੂਆ ਦੀ ਕੁੜੀ ਵੱਲੋਂ ਮਾਰਨਾ ਚੰਗਾ ਨਹੀਂ ਲੱਗ ਰਿਹਾ ਸੀ। ਸੁਸ਼ੀਲ ਮਸਾਂ 10-11 ਸਾਲਾਂ ਦਾ ਹੋਵੇਗਾ ਕਿ ਇਕ ਦਿਨ ਸੁਸ਼ੀਲ ਨੇ ਫ਼ੈਸਲਾ ਕੀਤਾ ਤੇ ਉਹ ਭੂਆ ਦੇ ਘਰੋਂ ਭੱਜ ਗਿਆ, ਰੇਲਗੱਡੀ ਚੜ੍ਹ ਕੇ ਦੁਸਾਂਝ ਪਿੰਡ ਇਕੱਲਾ ਹੀ ਪਹੁੰਚ ਗਿਆ। ਜਿਸ ਬਾਰੇ ਭੂਆ ਨੂੰ ਬਾਊ ਹੋਰਾਂ ਨੇ ਬਾਅਦ ਵਿਚ ਦੱਸਿਆ।

ਮੁੱਢਲੀ ਪੜ੍ਹਾਈ ਕਰਦਿਆਂ ਨਾਵਲ ਪੜ੍ਹਨ ਦੀ ਚੇਟਕ: ਘਰਦਿਆਂ ਨੇ ਫਗਵਾੜੇ ਆਰੀਆ ਹਾਈ ਸਕੂਲ ਵਿਚ ਛੇਵੀਂ ਵਿਚ ਪੜ੍ਹਨ ਲਈ ਲਗਾ ਦਿੱਤਾ। ਇੱਥੇ ਵੀ ਦਿਲ ਨਹੀਂ ਲੱਗ ਰਿਹਾ ਸੀ, ਬਾਲ ਮਨ ਕਾਫ਼ੀ ਉੱਖੜ ਚੁੱਕਾ ਸੀ। ਕੁਝ ਭੂਆ ਦੀ ਕੁੜੀ ਦੀਆਂ ਚਪੇੜਾਂ ਖਾ ਕੇ ਵਿਗੜ ਗਿਆ ਸੀ ਕੁਝ ਹਾਲਾਤ ਦਰੁਸਤ ਨਹੀਂ ਸਨ ਤਾਂ ਇਸ ਸਕੂਲ ਵਿਚ ਘੱਟ ਹੀ ਵੜਨਾ ਤੇ ਬਜ਼ਾਰੋਂ ਉਸ ਵੇਲੇ ਦੇ ਐਸਸੀ ਵੇਦੀ, ਵੇਦ ਪ੍ਰਕਾਸ਼ ਆਦਿ ਦੇ ਜਾਸੂਸੀ ਹਿੰਦੀ ਨਾਵਲ ਪੜ੍ਹਨੇ ਸ਼ੁਰੂ ਕਰ ਦਿੱਤੇ। ਆਰੀਆ ਸਕੂਲ ਵਿਚੋਂ ਨਾਮ ਕੱਟਿਆ ਗਿਆ ਤਾਂ ਮਾਪਿਆਂ ਨੇ ਪਿੰਡ ਦੇ ਸਰਕਾਰੀ ਸਕੂਲ ਵਿਚ ਪੜ੍ਹਨ ਲਾ ਦਿੱਤਾ ਇੱਥੋਂ ਹੀ ਪੰਜਾਬੀ ਸਿੱਖਣੀ ਸ਼ੁਰੂ ਕੀਤੀ। ਹੌਲੀ ਹੌਲੀ ਦਸਵੀਂ ਤਕ ਦੀ ਪੜ੍ਹਾਈ ਕਰ ਲਈ।

ਵਿਦਿਆਰਥੀ ਜਥੇਬੰਦੀ ਦਾ ਲੀਡਰ ਬਣਨਾ: ਸੁਸ਼ੀਲ ਦੁਸਾਂਝ ਨੇ 1984 ਤੋਂ 1986 ਤਕ ਆਈ ਟੀ ਆਈ ਕੀਤੀ। ਉਸ ਵੇਲੇ ਹੀ ਵਿਦਿਆਰਥੀ ਸਰਗਰਮੀਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਐਸ.ਐਫ.ਆਈ. ਕਾਫ਼ੀ ਵੱਡੀ ਜਥੇਬੰਦੀ ਸੀ, ਉਸ ਵੇਲੇ ਹੁੰਦੇ ਸੰਘਰਸ਼ਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਤਾਂ ਜਿੰਨੇ ਵੀ ਜਥੇਬੰਦੀ ਦੇ ਪ੍ਰੋਗਰਾਮ ਹੁੰਦੇ, ਸਾਰਿਆਂ ਦੇ ਪ੍ਰੈੱਸ ਨੋਟ ਸੁਸ਼ੀਲ ਹੋਰੀਂ ਹੀ ਜਾਰੀ ਕਰਦੇ ਸਨ। ਇੱਥੋਂ ਹੀ ਪੱਤਰਕਾਰੀ ਦਾ ਮੁੱਢ ਬੰਨ੍ਹਿਆ ਗਿਆ।

ਸੁਸ਼ੀਲ ਦੇ ਨਾਲ 'ਦੁਸਾਂਝ' ਦਾ ਲੱਗ ਜਾਣਾ: ਸੁਸ਼ੀਲ ਕੁਮਾਰ ਸ਼ਰਮਿਆਂ ਦਾ ਮੁੰਡਾ ਭਾਵ ਬ੍ਰਾਹਮਣਾਂ ਦਾ ਮੁੰਡਾ, ਆਮ ਤੌਰ 'ਤੇ ਬ੍ਰਾਹਮਣਾਂ ਦੇ ਗੋਤ ਤਾਂ ਕਈ ਸਾਰੇ ਹਨ ਪਰ ਬ੍ਰਾਹਮਣ ਆਪਣੇ ਨਾਮ ਨਾਲ ਸ਼ਰਮਾ ਹੀ ਲਗਾਉਂਦੇ ਹਨ। ਜਿਵੇਂ ਸੁਸ਼ੀਲ ਹੋਰਾਂ ਦਾ ਗੋਤ 'ਲਾਹੜ' ਹੈ। ਪਰ ਜਦੋਂ ਦਿੱਲੀ ਵਿਚ ਇਕ ਯੂਥ ਕਾਂਗਰਸ ਦੇ ਆਗੂ ਸੁਸ਼ੀਲ ਸ਼ਰਮਾ ਨੇ ਆਪਣੀ ਪਤਨੀ ਨੈਨਾ ਸਾਹਨੀ ਨੂੰ ਤੰਦੂਰ ਵਿਚ ਸਾੜ ਕੇ ਬੁਰੀ ਤਰ੍ਹਾਂ ਮਾਰ ਦਿੱਤਾ ਤਾਂ ਸੁਸ਼ੀਲ ਨੇ ਸੋਚਿਆ ਕਿ ਮੇਰੇ ਨਾਮ ਦਾ ਬੰਦਾ ਏਨਾ ਕਰੂਰ ਹੋ ਸਕਦਾ ਹੈ ਤਾਂ ਉਸ ਨੇ ਆਪਣੇ ਨਾਮ ਪਿੱਛੋਂ ਸ਼ਰਮਾ ਹਟਾ ਕੇ 'ਦੁਸਾਂਝ' ਲਗਾ ਲਿਆ।




ਜਾਤ ਪਾਤ ਦੀ ਅਨੋਖੀ ਘਟਨਾ: ਜਦੋਂ ਸੁਸ਼ੀਲ ਨਵਾਂ ਜ਼ਮਾਨਾ ਵਿਚ ਹੁੰਦੇ ਸੀ ਤਾਂ ਅਚਾਨਕ ਕੁਝ ਮਹੀਨਿਆਂ ਬਾਅਦ ਹੀ ਉੱਥੋਂ ਦੇ ਜੀ ਐੱਮ ਸ੍ਰੀ ਭਾਰਦਵਾਜ ਨੂੰ ਪਤਾ ਲੱਗਾ ਕਿ ਸੁਸ਼ੀਲ ਤਾਂ ਬ੍ਰਾਹਮਣਾਂ ਦਾ ਮੁੰਡਾ ਹੈ ਤਾਂ ਉਸ ਨੇ ਪੀਅਨ ਨੂੰ ਕਿਹਾ ਕਿ ਸੁਸ਼ੀਲ ਨੂੰ ਬੁਲਾ ਕੇ ਲਿਆ। ਜਸੋਂ ਉਹ ਸ੍ਰੀ ਭਾਰਦਵਾਜ ਦੇ ਕੈਬਿਨ ਵਿਚ ਗਿਆ ਤਾਂ ਉਸ ਨੇ ਦੋ ਕੱਪ ਕੌਫ਼ੀ ਦੇ ਮੰਗਾ ਲਏ ਤੇ ਕਹਿਣ ਲੱਗੇ:

'ਯਾਰ ਤੂੰ ਦੱਸਿਆ ਹੀ ਨਹੀਂ ਕਿ ਮੈਂ ਬ੍ਰਾਹਮਣਾਂ ਦਾ ਮੁੰਡਾਂ'

ਮੈਂ ਕਿਹਾ 'ਇਸ ਵਿਚ ਦੱਸਣ ਵਾਲੀ ਕੋਈ ਖ਼ਾਸ ਗੱਲ ਮੈਨੂੰ ਲੱਗੀ ਹੀ ਨਹੀਂ'

ਤਾਂ ਉਹ ਪੁੱਛਣ ਲੱਗੇ ਕਿ 'ਤੇਰਾ ਗੋਤ ਕੀ ਆ'

ਮੈਂ ਦੱਸਿਆ ਕਿ 'ਮੇਰਾ ਗੋਤ ਲਾਹੜ ਹੈ'

ਤਾਂ ਉਹ ਕਹਿਣ ਲੱਗੇ ਕਿ 'ਇਹ ਗੋਤ ਕਿਤੇ ਸੁਣਿਆ ਨਹੀਂ, ਭਾਰਦਵਾਜ, ਜੋਸ਼ੀ ਆਦਿ ਤਾਂ ਆਮ ਗੋਤ ਹਨ।'

ਮੈਂ ਕਿਹਾ 'ਸਰ ਸੋਨਾ ਤਾਂ ਕਿਤੇ ਕਿਤੇ ਲੱਭਦਾ ਹੁੰਦਾ ਹੈ ਲੋਹਾ ਤਾਂ ਹਰ ਥਾਂ ਹੀ ਪਿਆ ਹੁੰਦਾ ਤਾਂ ਸ੍ਰੀ ਭਾਰਦਵਾਜ ਨੇ ਤੁਰੰਤ ਮੇਰੇ ਅੱਗਿਓਂ ਕੌਫ਼ੀ ਦਾ ਕੱਪ ਚੁੱਕ ਲਿਆ ਤੇ ਕਿਹਾ 'ਗੈੱਟ ਆਊਟ'। ਮੈਂ ਬੜਾ ਹੈਰਾਨ ਹੋਇਆ ਕਿ 'ਦੇਖੋ ਜਾਤ ਪਾਤ ਦਾ ਕਿੰਨਾ ਵੱਡਾ ਕਹਿਰ ਭਰਿਆ ਕਾਂਡ ਹੈ ਕਿ ਜਾਤਾਂ ਵਿਚ ਵੀ ਗੋਤਾਂ ਵਿਚੋਂ ਪਾਕੀਜ਼ਗੀ ਲੱਭੀ ਜਾਂਦੀ ਹੈ।' ਨਵਾਂ ਜ਼ਮਾਨਾ ਵਰਗੇ ਕਾਮਰੇਡੀ ਅਖਬਾਰ ਵਿਚ ਅਜਿਹੇ ਜੀ.ਐਮ ਵੀ ਕੰਮ ਕਰਦੇ ਸਨ।

ਪੱਤਰਕਾਰੀ ਦਾ ਸਫ਼ਰ: ਪਿੰਡ ਦੁਸਾਂਝ ਤੋਂ ਹੀ 1988 ਵਿਚ ਜੱਗਬਾਣੀ ਤੋਂ ਪੱਤਰਕਾਰੀ ਸ਼ੁਰੂ ਕਰ ਲਈ ਸੀ, ਉਸ ਤੋਂ ਬਾਅਦ 1991 ਵਿਚ ਨਵਾਂ ਜ਼ਮਾਨਾ ਵਿਚ ਬਤੌਰ ਸਬ ਐਡੀਟਰ ਜੁਆਇਨ ਕਰ ਲਿਆ, ਉਸ ਵੇਲੇ ਨਵਾਂ ਜ਼ਮਾਨਾ ਦੇ ਨਿਊਜ਼ ਐਡੀਟਰ ਇੰਦਰਜੀਤ ਚੁਗਾਵਾਂ ਹੁੰਦੇ ਸਨ, ਸੁਸ਼ੀਲ ਹੋਰੀਂ ਕਹਿੰਦੇ ਹਨ ਕਿ ਮੇਰੇ ਪੱਤਰਕਾਰੀ ਦੇ ਅਸਲ ਗੁਰੂ ਇੰਦਰਜੀਤ ਚੁਗਾਵਾਂ ਹੀ ਹਨ, ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ। ਨਾਲ ਨਾਲ 'ਲੋਕ ਲਹਿਰ' ਵਿਚ ਵੀ ਚਲੇ ਜਾਂਦੇ ਸੀ। ਲੋਕ ਪੱਖੀ ਪੱਤਰਕਾਰੀ ਕਰਦੇ ਰਹੇ। 1994 ਵਿਚ ਨਵਾਂ ਜ਼ਮਾਨਾ ਛੱਡ ਦਿੱਤਾ। ਉਸ ਵੇਲੇ 'ਦੇਸ਼ ਸੇਵਕ' ਅਖ਼ਬਾਰ ਨਿਕਲਣਾ ਸੀ, ਉਸ ਦੀਆਂ ਤਿਆਰੀਆਂ ਵੱਡੇ ਪੱਧਰ 'ਤੇ ਚੱਲ ਰਹੀਆਂ ਸਨ। ਸੁਸ਼ੀਲ ਨੂੰ ਦੇਸ਼ ਸੇਵਕ ਦੇ ਮੋਢੀ ਸੰਪਾਦਕ ਗੁਲਜ਼ਾਰ ਸੰਧੂ ਨੇ 'ਦੇਸ਼ ਸੇਵਕ' ਵਿਚ ਸੱਦ ਲਿਆ।

ਦੇਸ਼ ਸੇਵਕ ਵਿਚ ਕਦਮ ਰੱਖਣਾ ਤੇ ਕੱਢਿਆ ਜਾਣਾ: 13 ਨਵੰਬਰ, 1995 ਨੂੰ ਦੇਸ਼ ਸੇਵਕ ਵਿਚ ਕਦਮ ਰੱਖਿਆ, ਉਸ ਪਹਿਲੇ ਕਦਮ ਦੀ ਕਹਾਣੀ ਸੁਣਾਉਂਦੇ ਹੋਏ ਸੁਸ਼ੀਲ ਦੁਸਾਂਝ ਕਹਿੰਦੇ ਹਨ ਕਿ 'ਜਦੋਂ ਮੈਂ ਦੇਸ਼ ਸੇਵਕ ਵਿਚ ਕਦਮ ਰੱਖਿਆ ਤਾਂ ਮੇਰੇ ਪਾਏ ਬੂਟ ਮੇਰੇ ਕਿਸੇ ਮਿੱਤਰ ਦੇ ਸਨ ਤੇ ਜੁਰਾਬਾਂ ਉਸ ਵੇਲੇ ਅਸੀਂ ਪਾਉਂਦੇ ਨਹੀਂ ਹੁੰਦੇ ਸੀ। ਕਮੀਜ਼ ਮੇਰੇ ਇਕ ਸਾਥੀ ਦਾ ਸੀ ਬਨੈਣ ਅਸੀਂ ਪਹਿਲਾਂ ਪਾਇਆ ਨਹੀਂ ਕਰਦੇ ਸੀ। ਪੈਂਟ ਵੀ ਕਿਸੇ ਦੀ ਮੰਗਵੀਂ ਸੀ। ਭਾਵ ਕਿ ਉਸ ਵੇਲੇ ਦੇਸ਼ ਸੇਵਕ ਵਿਚ ਮੈਂ ਨੰਗਾ ਹੀ ਆਇਆ ਸਾਂ'। ਜਦੋਂ ਨਵਾਂ ਜ਼ਮਾਨਾ ਵਿਚ ਦਾਖਲ ਹੋਇਆ ਤਾਂ 700 ਰੁਪਏ ਤਨਖ਼ਾਹ ਸੀ ਜਦੋਂ ਦੇਸ਼ ਸੇਵਕ ਵਿਚ ਆਇਆ ਤਾਂ ਤਨਖ਼ਾਹ 2800 ਰੁਪਏ ਹੋ ਗਈ ਸੀ। 2002 ਤਕ ਦੇਸ਼ ਸੇਵਕ ਵਿਚ ਰਹੇ। ਇਸ ਵੇਲੇ ਨਾਲ ਹੀ ਸਰਬਜੀਤ ਕੰਗਣੀਵਾਲ ਹੋਰੀਂ ਵੀ ਹੁੰਦੇ ਸੀ ਤੇ ਨਾਲ ਹੀ ਇੱਥੇ ਸਬ ਐਡੀਟਰ ਕਮਲ ਦੁਸਾਂਝ ਨਾਲ ਵੀ ਮਿਲਾਪ ਹੋਇਆ, ਇੱਥੇ ਹੀ ਕਮਲ ਤੇ ਸੁਸ਼ੀਲ ਦੀਆਂ ਅੱਖਾਂ ਮਿਲੀਆਂ ਤੇ ਇਕ-ਮਿਕ ਹੋ ਗਈਆਂ ਤੇ ਕਮਲ ਹੋਰੀਂ ਸੁਸ਼ੀਲ ਦੁਸਾਂਝ ਦੇ ਜੀਵਨ ਸਾਥੀ ਬਣੇ।

ਦੇਸ਼ ਸੇਵਕ ਦਾ ਮਾੜਾ ਦੌਰ ਚੱਲਿਆ। ਮੈਨੇਜਮੈਂਟ ਦੁਫਾੜ ਹੋ ਗਈ, ਇਕ ਗਰੁੱਪ ਮੰਗਤ ਰਾਮ ਪਾਸਲਾ ਵੱਲ ਹੋ ਗਿਆ ਤੇ ਦੂਜਾ ਬਲਵੰਤ ਸਿੰਘ ਵੱਲ। ਸੀਪੀਐਮ ਦੇ ਆਗੂ ਕਾਮਰੇਡ ਹਰਕਿਸ਼ਨ ਸੁਰਜੀਤ ਦਾ ਹੱਥ ਕਾਮਰੇਡ ਬਲਵੰਤ ਸਿੰਘ ਦੇ ਸਿਰ 'ਤੇ ਹੋਣ ਕਰਕੇ ਸਾਰੇ ਅਧਿਕਾਰ ਉਸ ਕੋਲ ਆ ਗਏ ਤੇ ਪਾਸਲਾ ਗਰੁੱਪ ਬਾਹਰ ਹੋ ਗਿਆ, ਇਸ ਧੜੇਬੰਦੀ ਦੀ ਭੇਂਟ ਸੁਸ਼ੀਲ ਦੁਸਾਂਝ ਵੀ ਚੜ੍ਹ ਗਏ। ਇੱਥੋਂ ਹੀ ਸੁਸ਼ੀਲ ਨੂੰ ਦੇਸ਼ ਸੇਵਕ ਵਿਚੋਂ ਕੱਢ ਦਿੱਤਾ ਗਿਆ।

ਮੁੜ ਜਲੰਧਰ ਆ ਗਏ: ਜਲੰਧਰ ਵਿਚ ਮੰਗਤ ਰਾਮ ਪਾਸਲਾ ਨੇ ਪਾਰਟੀ ਸੀ.ਪੀ.ਆਈ.ਐੱਮ (ਪੰਜਾਬ) ਬਣਾ ਲਈ ਤੇ ਉਨ੍ਹਾਂ ਨੇ ਪਾਰਟੀ ਦਾ ਪੇਪਰ 'ਸੰਗਰਾਮੀ ਲਹਿਰ' ਕੱਢ ਲਿਆ। ਸੁਸ਼ੀਲ ਦੁਸਾਂਝ ਉਸ ਦੇ ਸਹਾਇਕ ਸੰਪਾਦਕ ਬਣ ਗਏ। ਉਸ ਤੋਂ ਬਾਅਦ ਕੁਝ ਸਮੇਂ ਲਈ ਜੱਗਬਾਣੀ ਵਿਚ ਬਤੌਰ ਸਬ ਐਡੀਟਰ ਫੇਰ ਚਲੇ ਗਏ, ਪਰ ਉੱਥੇ ਵੀ ਬਹੁਤ ਸਮਾਂ ਦਿਲ ਨਾ ਲੱਗਾ ਤੇ ਜੱਗਬਾਣੀ ਛੱਡ ਕੇ ਵਾਪਸ ਮੁੜ ਆਏ। 2004 ਤੋਂ ਫ਼ਰੀ ਲਾਂਸਰ ਪੱਤਰਕਾਰੀ ਕੀਤੀ। ਅਜੀਤ ਅਖ਼ਬਾਰ ਵਿਚ ਬਰਜਿੰਦਰ ਸਿੰਘ ਹਮਦਰਦ ਹੋਰਾਂ ਨੇ ਇਕ ਕਾਲਮ ਸ਼ੁਰੂ ਕਰਵਾਇਆ 'ਆਈਨੇ ਦੇ ਆਰ ਪਾਰ'। ਉਹ ਹਫ਼ਤਾਵਾਰੀ ਲਗਾਤਾਰ 15 ਸਾਲਾ ਛਪਦਾ ਰਿਹਾ।

ਕੌਮਾਂਤਰੀ ਮੀਡੀਆ ਵਿਚ ਆਵਾਜ਼ ਬੁਲੰਦ ਕਰਨਾ: ਮਗਰੋਂ ਸੁਸ਼ੀਲ ਦੁਸਾਂਝ ਨੇ ਕੌਮਾਂਤਰੀ ਪੱਧਰ ਦੇ ਰੇਡੀਓ ਤੇ ਟੀਵੀ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਜੋ ਲੰਬੇ ਸਮੇਂ ਤੋਂ ਲਗਾਤਾਰ ਜਾਰੀ ਹੈ, ਜਿਵੇਂ ਕਿ ਸ਼ੁਰੂ ਵਿਚ 1993 ਵਿਚ 'ਆਪਣਾ ਸੰਗੀਤ' ਰੇਡੀਓ ਸਰੀ ਕੈਨੇਡਾ ਤੋਂ ਚਲਦਾ ਸੀ। ਉਸ ਵਿਚ ਕੰਮ ਕਰਨਾ ਸ਼ੁਰੂ ਕੀਤਾ। ਟੁੱਟ ਬ੍ਰਦਰਜ਼ ਦਾ ਰੇਡੀਓ 'ਗੀਤ ਸੰਗੀਤ' ਆਸ਼ਾ ਸ਼ਰਮਾ ਹੋਰੀਂ ਚਲਾਉਂਦੇ ਸੀ। 1995 ਤੋਂ 2015 ਤਕ ਜਾਰੀ ਰਿਹਾ। ਬਾਅਦ ਵਿਚ ਇਹ ਰੇਡੀਓ ਖ਼ਾਲਸਾ ਇੰਸ਼ੋਰੈਂਸ ਕੰਪਨੀ ਦੇ ਮਾਲਕਾਂ ਨੇ ਖ਼ਰੀਦ ਲਿਆ। ਯੂ.ਐਸ.ਏ. ਵਿਚ ਇਹ 'ਪੰਜਾਬੀ ਰੇਡੀਓ' ਦੇ ਨਾਮ ਨਾਲ ਚੱਲਦਾ ਰਿਹਾ। ਇਸ ਵਿਚ ਵੀ ਕੰਮ ਕੀਤਾ। ਉਸ ਦੇ ਨਾਲ ਹੀ ਟੋਰਾਂਟੋ ਤੋਂ ਬੌਬ ਦੁਸਾਂਝ ਦੇ ਰੇਡੀਓ ਤੇ ਟੀਵੀ 'ਸਾਂਝਾ ਪੰਜਾਬ' ਅਤੇ ਹਰਜੀਤ ਗਿੱਲ ਹੋਰਾਂ ਦੇ 'ਪੰਜਾਬੀ ਦੁਨੀਆ' ਵਿਚ ਵੀ ਕੰਮ ਕੀਤਾ। ਐਡਮਿੰਟਨ ਵਿਚ 'ਟੀਵੀ ਐਟ ਏਸ਼ੀਆ', ਇਸੇ ਤਰ੍ਹਾਂ 'ਨਵੀਂ ਦੁਨੀਆ' ਅਖ਼ਬਾਰ ਵਿਚ ਲਗਾਤਾਰ ਕੰਮ ਕਰਦੇ ਰਹੇ। ਕੈਲਗਰੀ ਵਿਚ 'ਰੇਡੀਓ ਸਪਾਈਸ' ਵਿਚ ਵੀ ਕੰਮ ਕੀਤਾ। ਇਸੇ ਤਰ੍ਹਾਂ 'ਸਟਾਰ ਕੈਨੇਡਾ ਟੀਵੀ' ਦਾ ਚੈਨਲ ਹੈੱਡ ਵੀ ਰਿਹਾ। ਅੱਜ ਕੱਲ੍ਹ ਦੋਵੇਂ ਪਤੀ-ਪਤਨੀ ਕਮਲ ਤੇ ਸੁਸ਼ੀਲ ਦੁਸਾਂਝ ਆਪਣੇ ਘਰੋਂ ਹੀ 'ਬਾਜ' ਟੀਵੀ ਚਲਾ ਰਹੇ ਹਨ, ਜੋ ਹਫ਼ਤੇ ਦੇ ਪੰਜ ਦਿਨ ਚੱਲਦਾ ਹੈ।

ਸੰਪਾਦਕਾਂ ਅਧੀਨ: ਜੱਗਬਾਣੀ ਦੇ ਸੰਪਾਦਕ ਵਿਚੋਂ ਵਿਜੈ ਕੁਮਾਰ ਚੋਪੜਾ, ਅਵਿਨਾਸ਼ ਚੋਪੜਾ ਅਧੀਨ ਕੰਮ ਕੀਤਾ, ਇਸੇ ਤਰ੍ਹਾਂ ਨਵਾਂ ਜ਼ਮਾਨਾ ਵਿਚ ਜਗਜੀਤ ਸਿੰਘ ਅਨੰਦ, ਦੇਸ਼ ਸੇਵਕ ਵਿਚ ਗੁਲਜ਼ਾਰ ਸੰਧੂ ਤੇ ਡਾ. ਪ੍ਰੇਮ ਸਿੰਘ, ਅਜੀਤ ਵਿਚ ਬਰਜਿੰਦਰ ਸਿੰਘ ਹਮਦਰਦ ਅਧੀਨ ਕੰਮ ਕੀਤਾ।

ਕਮਲ ਨਾਲ ਵਿਆਹ ਹੋਣਾ: ਪੱਤਰਕਾਰੀ ਵਿਚ ਇਕ ਵਿਸ਼ੇਸ਼ਤਾ ਨਾਲ ਕਮਲ ਹੋਰਾਂ ਦਾ ਸੁਸ਼ੀਲ ਦੁਸਾਂਝ ਦਾ ਜੀਵਨ ਸਾਥੀ ਬਣਨਾ ਕੋਈ ਉਂਜ ਹੀ ਸੰਜੋਗ ਨਹੀਂ ਬਣਿਆ, ਇਸ ਵਿਚ ਵੀ ਸੰਘਰਸ਼ ਹੈ। ਜਦੋਂ ਦੇਸ਼ ਸੇਵਕ ਵਿਚ ਹੁੰਦਿਆਂ ਦੋਵਾਂ ਨੇ ਇਕ ਹੋਣ ਦਾ ਫ਼ੈਸਲਾ ਕੀਤਾ ਤਾਂ ਉਸ ਵੇਲੇ ਜੱਟਾਂ ਦੀ ਕੁੜੀ ਕਮਲ ਦੇ ਪਰਿਵਾਰ ਦਾ ਜੱਟਪੁਣਾ ਅੱਗੇ ਆਉਣਾ ਸੁਭਾਵਕ ਸੀ ਕਿਉਂਕਿ ਬ੍ਰਾਹਮਣਾਂ ਦੇ ਮੁੰਡੇ ਨਾਲ ਪਿਆਰ ਹੋ ਗਿਆ ਸੀ, ਇੱਥੇ ਵੀ ਸੰਘਰਸ਼ ਹੀ ਚੱਲਿਆ। ਕਮਲ ਨੇ ਜਦੋਂ ਘਰ ਆ ਕੇ ਦੱਸਿਆ ਤਾਂ ਘਰਦਿਆਂ ਨੇ ਸੁਸ਼ੀਲ ਬਾਰੇ ਜਾਣਦਿਆਂ ਕਿਹਾ ਕਿ 'ਇਹ ਗ਼ਰੀਬੀ ਨਾਲ ਲੜ ਰਿਹਾ ਹੈ ਤੈਨੂੰ ਕਿੱਥੋਂ ਖਲ਼ਾ ਦੇਵੇਗਾ?' ਕਮਲ ਨੇ ਕਿਹਾ, 'ਮੈਂ ਸੁਸ਼ੀਲ ਵਿਚੋਂ ਉਸ ਦੀ ਸੀਰਤ ਦੇਖੀ ਹੈ, ਉਸ ਦੀ ਗ਼ਰੀਬੀ ਨਹੀਂ ਦੇਖੀ, ਉਸ ਵਿਚ ਮੈਨੂੰ ਬਹੁਤ ਕੁਝ ਨਜ਼ਰ ਆ ਰਿਹਾ ਹੈ, ਉਸ ਦਾ ਭਵਿੱਖ ਬਹੁਤ ਉੱਜਵਲ ਲੱਗ ਰਿਹਾ ਹੈ।' ਤਾਂ ਕਮਲ ਦੇ ਪਿਤਾ ਜੀ ਪਿੰਡ ਦੁਸਾਂਝ ਸੁਸ਼ੀਲ ਦਾ ਘਰ ਦੇਖਣ ਲਈ ਗਏ। ਸੁਸ਼ੀਲ ਦੇ ਘਰਦਿਆਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ। ਆਮ ਤੌਰ 'ਤੇ ਕਮਲ ਦੇ ਪਿਤਾ ਹੋਰੀਂ ਬਾਹਰ ਕਿਤੇ ਰੋਟੀ ਨਹੀਂ ਖਾਂਦੇ ਸੀ। ਕਿੰਨੇ ਅਣਭੋਲ ਦੇ ਸੱਚੇ ਪਾਕ ਲੋਕ ਹਨ ਇਹ ਕਿ ਕਿਵੇਂ ਆਪਣੀਆਂ ਗੱਲਾਂ ਬੇਬਾਕੀ ਨਾਲ ਦੱਸਦੇ ਹਨ ਤੇ ਫ਼ਖਰ ਵੀ ਮਹਿਸੂਸ ਕਰਦੇ ਹਨ। ਸੁਸ਼ੀਲ ਦੇ ਬਾਊ ਜੀ ਕਿਸੇ ਤੋਂ ਕੁਰਸੀਆਂ ਮੇਜ ਮੰਗ ਕੇ ਲਿਆਏ, ਤੇ ਦਹੀਂ ਵੀ ਕਿਤੋਂ ਦੂਰੋਂ ਲੈ ਕੇ ਆਏ ਤੇ ਕਮਲ ਦੇ ਪਿਤਾ ਜਦੋਂ ਸਾਰਾ ਕੁਝ ਦੇਖ ਕੇ ਵਾਪਸ ਆਉਣ ਲੱਗੇ ਤਾਂ ਸੁਸ਼ੀਲ ਦੇ ਬਾਊ ਜੀ ਰੋਟੀ ਖਾਣ ਲਈ ਦਬਾਅ ਬਣਾਉਣ ਲੱਗੇ ਤਾਂ ਕਮਲ ਦੇ ਪਿਤਾ ਜੀ ਰੋਟੀ ਖਾਣ ਤੋਂ ਮਨ੍ਹਾਂ ਕਰ ਗਏ। ਪਰ ਸੁਸ਼ੀਲ ਦੇ ਬਾਊ ਜੀ ਬਜ਼ਿਦ ਸਨ ਰੋਟੀ ਖਲ਼ਾਉਣ ਲਈ। ਜਦੋਂ ਕਮਲ ਦੇ ਪਿਤਾ ਜੀ ਨਾ ਮੰਨੇ ਤਾਂ ਸੁਸ਼ੀਲ ਦੇ ਬਾਊ ਜੀ ਨੇ ਕਿਹਾ,

'ਦੇਖੋ ਜੀ ਮੈਂ ਤਾਂ ਦਹੀਂ ਵੀ ਦੂਰੋਂ ਮੰਗ ਕੇ ਲਿਆਇਆ ਹਾਂ, ਰੋਟੀ ਤਾਂ ਤੁਹਾਨੂੰ ਖਾਣੀ ਪੈਣੀ ਐ।'

ਇਹ ਸਾਰੀ ਗੱਲ ਕਮਲ ਦੇ ਪਿਤਾ ਜੀ ਨੇ ਘਰ ਆ ਕੇ ਦੱਸੀ ਤਾਂ ਕਹਿਣ ਲੱਗੇ, 'ਜੋ ਕੁਰਸੀਆਂ ਮੇਜ ਮੰਗ ਕੇ ਲਿਆਏ ਹੋਣ ਤੇ ਜੋ ਦਹੀਂ ਵੀ ਦੂਰੋਂ ਮੰਗ ਕੇ ਲਿਆਏ ਹੋਣ ਉਨ੍ਹਾਂ ਦੇ ਘਰ ਜਾ ਕੇ ਤੂੰ ਕਿਵੇਂ ਰਹਿ ਪਾਏਂਗੀ?'

ਕਮਲ ਦਾ ਜਵਾਬ ਸੀ 'ਇਹ ਮੈਂ ਚੁਣਿਆ ਹੈ ਇਸ ਦੀ ਲਾਭ ਹਾਨੀ ਦੀ ਮੈਂ ਜ਼ਿੰਮੇਵਾਰ ਹਾਂ।'

ਕਮਲ ਦੇ ਪਿਤਾ ਜੀ ਫੇਰ ਕਹਿਣ ਲੱਗੇ 'ਫੇਰ ਕਿਤੇ ਦੋ ਮਹੀਨੇ ਦੋ ਸਾਲ ਬਾਅਦ ਨਾ ਕਹਿ ਦੇਈਂ ਕਿ ਮੈਂ ਉਸ ਘਰ ਵਿਚ ਨਹੀਂ ਰਹਿਣਾ, ਫੇਰ ਬੜਾ ਔਖਾ ਹੋ ਜਾਣਾ ਹੈ।'

ਕਮਲ ਦਾ ਜਵਾਬ ਸੀ, 'ਨਹੀਂ ਤੁਸੀਂ ਇਸ ਬਾਰੇ ਚਿੰਤਾ ਨਾ ਕਰੋ।'

ਫੇਰ ਵੀ ਕਮਲ ਦੇ ਘਰ ਦੇ ਇਸ ਵਿਆਹ ਨੂੰ ਨਹੀਂ ਮੰਨੇ ਸੀ ਇਨ੍ਹਾਂ ਦੋਵਾਂ ਦਾ ਵਿਆਹ ਹੋ ਗਿਆ ਸੀ। ਪਰ ਬਾਅਦ ਵਿਚ ਕਮਲ ਦਾ ਪਰਿਵਾਰ ਤੇ ਸੁਸ਼ੀਲ ਦਾ ਪਰਿਵਾਰ ਰਲ ਮਿਲ ਗਏ ਸਨ।

ਪੱਤਰਕਾਰੀ ਕਰਦਿਆਂ ਧਮਕੀਆਂ, ਕੋਰਟ

*(ਬਾਕੀ ਅਗਲੇ ਸਫੇ 'ਤੇ)*

# ਕਰਮਜੀਤ ਸਿੰਘ ਦਾ ਲੇਖ-ਅੰਮ੍ਰਿਤਪਾਲ ਸਿੰਘ ਅਤੇ ਅੱਜ ਦੇ ਹਕੀਕੀ ਸਵਾਲ

## ਪ੍ਰਤੀਕਰਮ

'ਪੰਜਾਬ ਟਾਈਮਜ਼' ਦੇ 29 ਅਕਤੂਬਰ 2022 ਵਾਲੇ ਅੰਕ ਵਿਚ ਕਰਮਜੀਤ ਸਿੰਘ ਦਾ ਲੇਖ 'ਜਲੂਪੁਰ ਖੇੜਾ ਪਿੰਡ ਬਣਿਆ ਸਿੱਖ ਸੰਘਰਸ਼ ਦਾ ਕੇਂਦਰ' ਪੜ੍ਹ ਕੇ ਲੇਖਕ 'ਤੇ ਤਰਸ ਵੀ ਆਇਆ ਤੇ ਹਾਸਾ ਵੀ; ਉਹ ਲਿਖਦਾ ਹੈ: ਸਿਮਰਨਜੀਤ ਸਿੰਘ ਮਾਨ ਜਿਵੇਂ ਨੱਕ ਦੀ ਸੇਧ 'ਤੇ ਲਗਾਤਾਰ ਖਾਲਿਸਤਾਨ ਦੇ ਸੰਘਰਸ਼ ਅਤੇ ਨਿਸ਼ਾਨੇ ਉੱਤੇ ਕਰੜਾ ਪਹਿਰਾ ਦੇ ਰਿਹਾ ਹੈ, ਉਸ ਦੇ ਇਸ ਇਰਾਦੇ ਨੇ ਵੀ ਉਸ ਨੂੰ ਅੱਗੇ ਵਧਣ ਦਾ ਹੌਸਲਾ ਦਿਤਾ ਹੈ।'


ਕਰਮਜੀਤ ਸਿੰਘ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਦੇ ਇਰਾਦੇ ਨੂੰ ਸਿਮਰਨਜੀਤ ਸਿੰਘ

**ਕਮਲਜੀਤ ਸਿੰਘ, ਫਰੀਮਾਂਟ**
**ਫੋਨ: 510-284-7106**

ਮਾਨ ਦੀ 'ਨੱਕ ਦੀ ਸੇਧ' ਨੇ ਹੌਸਲਾ ਬਖ਼ਸ਼ਿਆ ਹੈ। ਹੁਣ ਜਦਕਿ ਸਿਮਰਨਜੀਤ ਸਿੰਘ ਮਾਨ ਨੇ ਭਾਰਤ ਦੇ ਸੰਵਿਧਾਨ ਦੀ ਰਾਖੀ ਦੀ ਸਹੁੰ ਚੁੱਕਦੇ ਹੋਏ ਉਹ ਸਭ ਸਹੂਲਤਾਂ ਮਾਨਣੀਆਂ ਸ਼ੁਰੂ ਕਰ ਦਿਤੀਆਂ ਹਨ, ਜੋ ਉਸ ਨੂੰ ਬਤੌਰ ਐਮ.ਪੀ. ਮਿਲ ਸਕਦੀਆਂ ਹਨ। ਕੀ ਅੰਮ੍ਰਿਤਪਾਲ ਵੀ ਇਸ ਕਿਰਦਾਰ ਤੋਂ ਹੌਸਲਾ ਲੈ ਕੇ ਪਾਰਲੀਮੈਂਟ ਵਿਚ ਪਹੁੰਚ ਜਾਵੇਗਾ? ਹੋ ਸਕਦਾ ਹੈ, ਕਰਮਜੀਤ ਸਿੰਘ ਨੇ ਅੰਮ੍ਰਿਤਪਾਲ ਸਿੰਘ ਦੀ ਕੋਈ ਐਸੀ ਗੁੱਝੀ ਨਬਜ਼ ਫੜ ਲਈ ਹੋਵੇ, ਜਿਸ ਤੋਂ ਉਸ ਨੂੰ ਇਹ ਕਹਿਣ ਵਾਸਤੇ ਮਜਬੂਰ ਹੋਣਾ ਪਿਆ। ਕਰਮਜੀਤ ਸਿੰਘ ਨੇ ਇਸ ਲੇਖ ਵਿਚ ਅੰਮ੍ਰਿਤਪਾਲ ਸਿੰਘ ਨਾਲ ਸਵਾਲ-ਜਵਾਬ ਦਾ ਕੋਈ ਜ਼ਿਕਰ ਨਹੀਂ ਕੀਤਾ ਬਲਕਿ ਉਸ (ਕਰਮਜੀਤ ਸਿੰਘ) ਨੇ ਆਪਣੇ ਖਿਆਲਾਂ ਦਾ ਲੇਖ ਲਿਖ ਮਾਰਿਆ। ਜਿਵੇਂ ਅੰਮ੍ਰਿਤਪਾਲ ਤੋਂ ਆਮ ਲੋਕ ਪੁੱਛਦੇ ਹਨ ਕਿ ਉਹ ਆਪਣੇ ਪਰਿਵਾਰ ਨੂੰ ਵਿਦੇਸ਼ ਤੋਂ ਮੰਗਵਾ ਕੇ ਖਾਲਿਸਤਾਨ ਵਾਸਤੇ ਹਥਿਆਰਾਂ ਨਾਲ ਲੜਨ ਵਾਸਤੇ ਕਦੋਂ ਸੱਦੇਗਾ, ਕੀ ਕਰਮਜੀਤ ਸਿੰਘ ਜੋ ਖੁਦ ਵੀ ਨੌਜਵਾਨਾਂ ਦਾ ਲਹੂ ਡੋਲ੍ਹ ਕੇ ਖਾਲਿਸਤਾਨ ਲੈਣ ਨੂੰ ਵਾਜਬ ਸਮਝਦਾ ਹੈ, ਕੀ ਉਸ ਨੇ ਆਪਣੇ ਬੱਚੇ ਇਸ ਰਾਹ ਵੱਲ ਤੋਰ ਦਿਤੇ ਹਨ, ਜਾਂ ਸਿਰਫ਼ ਦੂਸਰਿਆਂ ਦੇ ਬੱਚਿਆਂ ਦੀਆਂ ਕੁਰਬਾਨੀਆਂ 'ਤੇ ਤਾੜੀ ਮਾਰਨਾ ਹੀ ਉਸ ਦਾ ਕਸਬ ਹੈ।

ਚੰਗਾ ਤਾਂ ਇਹ ਹੁੰਦਾ ਕਿ ਕਰਮਜੀਤ ਸਿੰਘ ਅਤੇ ਅਜਮੇਰ ਸਿੰਘ ਵਰਗੇ ਹੋਰ ਪੇਸ਼ੇਵਰ, ਰਣਜੀਤ ਸਿੰਘ ਕੁੱਕੀ ਗਿੱਲ ਦੀ ਇੰਟਰਵਿਊ ਬਾਰੇ ਹਜ਼ਾਰਾ ਸਿੰਘ (15 ਅਕਤੂਬਰ ਦਾ ਲੇਖ) ਦੇ ਉਠਾਏ ਸਵਾਲ ਅਤੇ ਦਿੱਤੇ ਮਸ਼ਵਰਿਆਂ ਦਾ ਮੰਥਨ ਕਰਦੇ। ਭੜਕਾਊ ਭਾਸ਼ਣਾਂ ਰਾਹੀਂ ਨੌਜਵਾਨਾਂ ਨੂੰ ਗੁਮਰਾਹ ਕਰਕੇ ਕੀਤੀਆਂ ਕਮਾਈਆਂ ਚੰਡੀਗੜ੍ਹ ਅਤੇ ਇਸ ਦੇ ਇਰਦ-ਗਿਰਦ ਵੱਡੀਆਂ ਕੋਠੀਆਂ ਜਾਂ ਫਾਰਮ ਹਾਊਸ ਬਣਾਉਣ ਵਿਚ ਤਾਂ ਸਹਾਈ ਹੋ ਸਕਦੀਆਂ ਹਨ, ਪਰ ਆਮ ਸਿੱਖਾਂ ਦਾ ਭਲਾ ਨਹੀਂ ਹੋ ਸਕਦਾ। ਅਜਮੇਰ ਸਿੰਘ ਪੰਜਾਬ ਵਿਚ ਸਿੱਖਾਂ ਦੀ ਗੁਲਾਮੀ ਦੇ ਰੋਣੇ ਰੋ ਕੇ ਕਿਸ ਨੂੰ ਬੇਵਕੂਫ ਬਣਾ ਰਿਹਾ ਹੈ। ਕੀ ਕਿਸੇ ਨੇ ਕਦੀ ਗੁਲਾਮ ਲੋਕ ਕੋਠੀਆਂ ਵਿਚ ਬਹਿ ਕੇ ਬਗਾਵਤਾਂ ਦਾ ਸੱਦਾ ਦਿੰਦੇ ਵੀ ਵੇਖੇ ਹਨ? ਦਿੱਲੀ ਕਲੱਕੱਤੇ ਵਿਚ ਸਿੱਖ ਕਾਰੋਬਾਰੀਆਂ ਦੀਆਂ ਸ਼ਾਨਾਂ ਨੂੰ ਵੇਖ ਕੇ ਕੌਣ ਮੰਨੇਗਾ ਕਿ ਉਹ ਭਾਰਤ ਵਿਚ ਗੁਲਾਮਾਂ ਵਾਲੀ ਜ਼ਿੰਦਗੀ ਭੋਗ ਰਹੇ ਹਨ। ਅਜਮੇਰ ਸਿੰਘ ਦਾ ਹੁਲੜਬਾਜ਼ੀ ਕਰ ਕੇ ਕਿਸਾਨੀ ਸੰਘਰਸ਼ ਨੂੰ ਬਦਨਾਮ ਕਰਨ ਵਾਲਿਆਂ ਦੀਆਂ ਸਿਫ਼ਤਾਂ ਕਰਨੀਆਂ ਕਿਥੋਂ ਦੀ ਦਿਆਨਤਦਾਰੀ ਜਾਂ ਪੱਤਰਕਾਰੀ ਹੈ? ਜਦ ਸ. ਜੋਗਿੰਦਰ ਸਿੰਘ ਉਗਰਾਹਾਂ ਤੇ ਬਲਬੀਰ ਸਿੰਘ ਰਾਜੋਆਣਾ ਵਰਗੇ ਸਿਆਣੇ ਕਿਸਾਨ ਆਗੂਆਂ ਨੇ ਦੇਖਿਆ ਕਿ ਕੁਝ ਖਰੂਦੀ ਤੱਤ ਉਨ੍ਹਾਂ ਦੀ ਸੰਜੀਦਾ ਜਦੋ-ਜਹਿਦ ਨੂੰ ਵੱਖਵਾਦੀ ਰੂਪ ਦੇ ਕੇ ਖਾਲਿਸਤਾਨੀ ਲੜਾਈ ਵਜੋਂ ਉਭਾਰਨ ਦੀ ਕੋਸ਼ਿਸ਼ ਵਿਚ ਹਨ ਤਾਂ ਕਿਸਾਨੀ ਲੀਡਰਾਂ ਨੇ ਸਾਫ਼ ਕਹਿ ਦਿੱਤਾ ਸੀ ਕਿ ਜੇ ਤੁਸੀਂ ਖਾਲਿਸਤਾਨ ਬਣਾਉਣਾ ਹੈ ਤਾਂ ਕੈਨੇਡਾ ਵਿਚ ਬਣਾ ਲਓ, ਸਾਨੂੰ ਇੱਥੇ ਸੁੱਖ-ਸ਼ਾਂਤੀ ਨਾਲ ਰਹਿਣ ਦਿਓ। ਇਹ ਬੋਲ ਯੂਟਿਊਬ 'ਤੇ ਦੇਖੇ-ਸੁਣੇ ਜਾ ਸਕਦੇ ਹਨ।

ਕਰਮਜੀਤ ਸਿੰਘ ਦੱਸੇ ਕਿ ਜੇ ਕਿਸੇ ਦੀ ਕਿਰਪਾਨ 'ਗੰਢੇ ਚੀਰਨ ਲਈ ਹੀ ਨਹੀਂ", ਤਾਂ ਕੀ ਦੂਸਰੇ ਪਾਸੇ ਬੰਬ-ਬੰਦੂਕਾਂ ਤਿੱਤਰ ਉਡਾਉਣ ਵਾਸਤੇ ਹਨ? ਪੰਜਾਬ ਦੇ ਨੌਜਵਾਨ ਆਪਣੇ ਭਵਿਖ ਨੂੰ ਦੁਨੀਆ ਦੇ ਭਵਿੱਖ ਨਾਲ ਜੋੜ ਕੇ ਦੇਖਦੇ ਹਨ। ਦੁਨੀਆ ਵਿਚ ਕੀ ਹੋ ਰਿਹਾ ਹੈ, ਸੰਸਾਰ ਕਿੱਥੇ ਪੰਹੁਚ ਗਿਆ ਹੈ, ਸਭ ਕੁਝ ਬੱਚਿਆਂ ਦੀਆਂ ਉਂਗਲਾਂ ਉਪਰ ਹੈ। ਅੱਜ ਤੋਂ 40 ਸਾਲ ਪਹਿਲਾਂ ਵਾਲੀ ਗੱਲ ਨਹੀਂ ਕਿ ਧਾਰਮਿਕ ਇਕੱਠਾਂ ਦਾ ਸਹਾਰਾ ਲੈ ਕੇ ਰਾਜਨੀਤੀ ਚਲਾਈ ਜਾ ਸਕੇ। ਨੌਜਵਾਨੀ ਉਤਾਵਲੀ ਹੈ ਅੱਗੇ ਵਧਣ ਵਾਸਤੇ। ਉਹ ਪੰਜਾਬ ਵਿਚਲੀ ਜਾਇਦਾਦ ਵੇਚ-ਵੱਟ ਕੇ ਤਰੱਕੀ ਵਾਲੀ ਦੁਨੀਆ ਵਲ ਵਧ ਰਹੀ ਹੈ। ਪੰਜਾਬ ਦੇ ਡੈਂਟਲ, ਇੰਜਨੀਅਰਿੰਗ, ਫਾਰਮੇਸੀ, ਨਰਸਿੰਗ ਕਾਲਜ ਬੰਦ ਹੋ ਰਹੇ ਹਨ। ਮੈਡੀਕਲ ਕਾਲਜਾਂ ਵਿਚ ਪੂਰੀਆਂ ਸੀਟਾਂ ਨਹੀਂ ਭਰਦੀਆਂ। ਅੱਜ ਦਾ ਨੌਜਵਾਨ ਸਮਝਦਾ ਹੈ ਕਿ ਜੇ ਉਸ ਨੂੰ ਮੌਜੂਦਾ ਪੰਜਾਬ ਵਿਚ ਰੋਟੀ ਰੋਜ਼ੀ ਨਹੀਂ ਮਿਲ ਰਹੀ, ਤਾਂ ਖਾਲਿਸਤਾਨ ਵਿਚ ਕਿਵੇਂ ਮਿਲ

ਸਕੇਗੀ ਜਿਸ ਦਾ ਖਿੱਤਾ ਹੋਰ ਹੀ ਛੋਟਾ ਹੋਵੇਗਾ।

ਪੰਜਾਬ ਵਿਚ ਸਿੱਖ ਆਬਾਦੀ ਘਟਣ ਦਾ ਤੌਖਲਾ ਦਰਸਾਉਣ ਵਾਲੇ ਖੁਦ ਡੁਬਈ ਨੂੰ ਕਿਉਂ ਗਏ? ਆਪਣੇ ਪਰਿਵਾਰਾਂ ਨੂੰ ਕਿਉਂ ਉਥੋਂ ਛੱਡ ਆਏ? ਖੁਦ ਆਪਣੇ ਵਾਸਤੇ ਪੰਜਾਬ ਨੂੰ ਛੱਡ ਕੇ ਇਸਲਾਮੀ ਮੁਲਕਾਂ ਵਿਚ ਧਨ ਕਮਾਉਂਦੇ ਰਹੇ ਪਰ ਦੂਸਰਿਆਂ ਦੇ ਬੱਚਿਆਂ ਨੂੰ ਇਥੇ ਹੀ ਮਰਨ ਦਾ ਸਬਕ ਦੇ ਰਹੇ ਹਨ!

ਖਾਲਿਸਤਾਨ ਦੇ ਨਾਮ 'ਤੇ ਆਪਣੀ ਸਿਆਸਤ ਖੇਡ ਚੁੱਕੇ, ਹਾਰੇ ਹੋਏ ਖਿਡਾਰੀ ਸਿਮਰਨਜੀਤ ਸਿੰਘ ਮਾਨ ਨੇ ਆਪਣੇ ਬੱਚੇ ਕਿਉਂ ਇਸ ਰਾਹ 'ਤੇ ਨਹੀਂ ਤੋਰੇ ਅਤੇ ਕਿਵੇਂ ਉਸ ਨੇ ਕੁਝ ਸੌ ਏਕੜ ਜ਼ਮੀਨ 'ਤੇ ਨਾਜ਼ਾਇਜ ਕਬਜ਼ਾ ਕੀਤਾ ਹੋਇਆ ਹੈ। ਕੀ ਇਹ ਲੋਕ ਅੱਜ ਦੇ ਨੌਜਵਾਨ, ਜੋ ਸੰਸਾਰ ਨੂੰ ਆਪਣੇ ਸੈੱਲ ਫੋਨ ਰਾਹੀਂ ਦੇਖ ਰਿਹਾ ਹੈ, ਨੂੰ ਗੁਮਰਾਹ ਕਰਨ ਵਿਚ ਕਾਮਯਾਬ ਹੋ ਜਾਣਗੇ? ਅੰਮ੍ਰਿਤਪਾਲ ਵਰਗੇ ਲੋਕ ਨੌਜਵਾਨਾਂ ਨੂੰ ਕਹਿ ਰਹੇ ਹਨ ਕਿ ਅੰਮ੍ਰਿਤ ਛਕ ਕੇ ਉਹ ਆਪਣੇ ਮਾਤਾ-ਪਿਤਾ ਨਾਲੋਂ ਰਿਸ਼ਤਾ ਤੋੜ ਦਿੰਦੇ ਹਨ, ਕੀ ਉਹ ਇਹੀ ਭਾਸ਼ਣ ਆਪਣੇ ਮਾਤਾ-ਪਿਤਾ ਤੇ ਬੱਚਿਆਂ ਨੂੰ ਦਿੰਦੇ ਹਨ? ਇਸ ਉਪਰ ਅਮਲ ਕਰਦੇ ਹੋਏ ਆਪਣੇ ਬੱਚਿਆਂ ਨੂੰ ਬੇਦਖਲ ਕਰ ਰਹੇ ਹਨ? ਬਿਲਕੁਲ ਨਹੀਂ, ਇਨ੍ਹਾਂ ਲੋਕਾਂ ਦੇ ਅਸੂਲ, ਜ਼ਮੀਰ, ਸਿਧਾਂਤ, ਗੁਰ ਦੋ ਤਰ੍ਹਾਂ ਦੇ ਹਨ। ਇਕ ਇਨ੍ਹਾਂ ਵਾਸਤੇ ਅਤੇ ਦੂਸਰਾ ਲੋਕਾਂ ਵਾਸਤੇ। ਮਾਲਵਿੰਦਰ ਸਿੰਘ ਮਾਲੀ ਨੇ ਠੀਕ ਕਿਹਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਥਾਪੜੇ ਦੇਣ ਵਾਲੇ ਸਾਰੇ ਤਮਾਸ਼ਬੀਨਾਂ ਦੀ ਜੇਕਰ ਕੋਈ ਜਾਗਦੀ ਜਮੀਰ ਹੈ ਤਾਂ ਉਹ ਹੁਣ ਪਹਿਲਾਂ ਉਸ ਦੇ ਸੱਦੇ 'ਤੇ ਅਮਰੀਕਾ ਤੇ ਕੈਨੇਡਾ ਸੈਟਲ ਆਪਣੇ ਬੱਚਿਆਂ ਨੂੰ ਵਾਪਸ ਸੱਦਣ ਤੇ ਪੰਜਾਬ ਨੂੰ 'ਭਈਆਸਤਾਨੀ' ਬਣ ਜਾਣ ਤੋਂ ਬਚਾਉਣ ਵਿਚ ਆਪਣਾ ਯੋਗਦਾਨ ਪਾਉਣ।

ਅੰਮ੍ਰਿਤਪਾਲ ਨੂੰ ਹੈ ਕੋਈ ਫਿਕਰ ਕਿ ਕਿਵੇਂ ਪਾਕਿਸਤਾਨ ਵਿਚ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਨੂੰ ਉਬਾਲਿਆ ਗਿਆ? ਕਿਵੇਂ ਉਥੇ ਸਿੱਖ ਬੱਚੀਆਂ ਦੇ ਜਬਰੀ ਵਿਆਹ ਰਚਾ ਕੇ ਮੁਸਲਮਾਨ ਬਣਾਇਆ ਜਾ ਰਿਹਾ ਹੈ? ਕਿਵੇਂ ਮਹਾਰਾਜ ਰਣਜੀਤ ਸਿੰਘ ਦਾ ਬੁੱਤ ਤੋੜਿਆ ਗਿਆ? ਖਾਲਿਸਤਾਨ ਦੀ ਨਵੇ ਸਿਰੇ ਤੋਂ ਲੜਾਈ ਜੇਕਰ ਵਿਢਣੀ ਹੈ ਤਾਂ ਅਜਿਹੇ ਪਾਕਿਸਤਾਨੀ ਦੋਸਤਾਂ ਤੋਂ ਕਿੰਨੀ ਕੁ ਆਸ ਰਖੀ ਜਾ ਸਕੇਗੀ ਤੇ ਉਹ ਕਿੰਨੀ ਕੁ ਭਲੀ ਗੁਜਾਰਣਗੇ।

ਮਰਹੂਮ ਪ੍ਰੀਤਮ ਸਿੰਘ ਕੁਮੇਦਾਨ ਨੇ 'ਪੰਜਾਬ ਟਾਈਮਜ਼' ਦੇ 27 ਅਗਸਤ ਵਾਲੇ ਅੰਕ ਵਿਚ ਪੰਜਾਬ ਦੀ ਆਬਾਦੀ ਦਾ ਲੇਖਾ-ਜੋਖਾ ਕਰਦਿਆਂ ਸਾਬਤ ਕਰ ਦਿੱਤਾ ਸੀ ਕਿ ਸਿੱਖਾਂ ਦੀ ਬਹੁ-ਸੰਖਿਅਕ ਆਬਾਦੀ ਵਾਲੇ ਜਿਲਿਆਂ ਵਿਚੋਂ ਸ਼ਾਇਦ ਹੀ ਕੋਈ ਜਿਲਾ ਸਿੱਖ ਬਹੁਮਤ ਵਾਲਾ ਬੱਚਿਆ ਰਹਿ ਜਾਵੇਗਾ। ਰੈਫਰੈਂਡਮ-2020 ਵਾਲਿਆਂ ਦੇ ਜਵਾਬ ਵਿਚ ਪੰਜਾਬ ਨੂੰ ਨਵੇਂ ਸਿਰਿਓਂ ਕੱਟ-ਵੱਢ ਕੇ ਖਾਲਿਸਤਾਨ ਬਣਾਉਣ ਦੀ ਹਾਲਤ ਵਿਚ ਆਉਣ ਵਾਲੀਆਂ ਸੰਭਾਵੀ 'ਮੁਸ਼ਕਿਲਾਂ ਅਤੇ ਸਮੱਸਿਆਵਾਂ' ਉਨ੍ਹਾਂ ਨੇ ਬਣਾਈਆਂ ਹੋਈਆਂ ਹਨ। ਰੈਫਰੈਂਡਮ ਵਾਲੇ ਅਮਰੀਕਨ ਬਾਬੂ ਨੂੰ ਇਹ ਗੱਲ ਯਾਦ ਰਖਣ ਲਈ ਕਿਹਾ ਸੀ ਕਿ ਉਸ ਸੂਰਤ ਵਿਚ ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ ਪਠਾਨਕੋਟ ਅਤੇ ਫਾਜਿਲਕਾ ਵਰਗੇ ਜਿਲੇ ਤੇ ਤਹਿਸੀਲਾਂ ਦਾ ਖਾਲਿਸਤਾਨ ਤੋਂ ਬਾਹਰ ਹੋ ਜਾਣੀਆਂ ਹਨ। ਵਸੋਂ ਦਾ ਤਬਾਦਲਾ ਲਾਜ਼ਮੀ ਹੋਵੇਗਾ। ਜਿਆਦਾਤਰ ਰੱਜੇ-ਪੁਜੇ ਸਿੱਖਾਂ ਨੂੰ ਭਾਰਤ ਦੇ ਵਖ ਵਖ ਰਾਜਾਂ ਵਿਚ ਆਪਣੀਆਂ ਅਥਾਹ ਜਾਇਦਾਦਾਂ ਛਡ ਕੇ ਖਾਲਿਸਤਾਨ ਵਿਚ ਆਉਣਾ ਪੈ ਜਾਵੇਗਾ। ਠੀਕ ਹੈ ਹਿੰਦੂ ਇਥੋਂ ਭਾਰਤ ਵਿਚ ਹਿਜਰਤ ਵੀ ਜਰੂਰ ਕਰ ਜਾਣਗੇ। ਭਾਖੜਾ, ਪੌਂਗ ਜੋਗਿੰਦਰ ਨਗਰ ਵਰਗੇ ਹਾਈਡਲ ਬਿਜਲੀ ਦੇ ਸੋਮੇ ਪਹਿਲਾਂ ਹੀ ਭਾਰਤ ਵਿਚ ਹੋਣਗੇ। ਖੇਤਰੀ ਤਬਾਦਲੇ ਨਾਲ ਥੀਨ ਡੈਮ ਅਨੰਦਪੁਰ ਸਾਹਿਬ, ਹਾਈਡਲ ਚੈਨਲ ਕੋਟਲਾ ਗੰਗੂਵਾਲ ਮੁਕੇਰੀਆਂ ਵੀ ਖਾਲਿਸਤਾਨ ਤੋਂ ਬਾਹਰ ਹੋ ਜਾਣਗੇ। ਸ. ਪ੍ਰੀਤਮ ਸਿੰਘ ਨੇ 'ਸਿੱਖ ਫਾਰ ਜਸਟਿਸ' ਨੂੰ ਸਵਾਲ ਕੀਤਾ ਸੀ ਕਿ ਉਹ ਅਜਿਹੀਆਂ ਅਨੇਕਾਂ ਸਮੱਸਿਆਵਾਂ 'ਚੋਂ ਕਿਸੇ ਇਕ ਦਾ ਵੀ ਠੋਸ ਹੱਲ ਦੱਸਣ ਤੇ ਜਾਂ ਫਿਰ ਉਨ੍ਹਾਂ ਨੂੰ ਆਪਣਾ ਤਮਾਸ਼ਾ ਬੰਦ ਕਰ ਦੇਣ ਲਈ ਅਪੀਲ ਕੀਤੀ ਸੀ।

ਕਰਮਜੀਤ ਸਿੰਘ ਕਹਿੰਦਾ ਹੈ ਕਿ ਜਲੂਪੁਰ ਖੇੜਾ ਪਿੰਡ ਵਿਚ ਪਹੁੰਚ ਕੇ ਉਸ ਨੂੰ ਇਹ ਵੀ ਅਹਿਸਾਸ ਹੋਇਆ ਕਿ ਰੂਹ ਦੇ ਜੋਰ ਨਾਲ ਜਿਊਣ ਵਾਲੀ ਸਿੱਖ ਕੌਮ ਵਿਚ ਕਿੰਨੀਆਂ ਸੰਭਾਵਨਾਵਾਂ ਹਨ, ਜਿਨ੍ਹਾਂ ਨੂੰ ਹੁਣ ਅੰਮ੍ਰਿਤਪਾਲ ਸਿੰਘ ਵਰਗਾ ਅਲੱੜ ਨੌਜਵਾਨ ਖੋਲ੍ਹਗਾ, ਸ. ਕਰਮਜੀਤ ਸਿੰਘ ਅਤੇ ਅਜਮੇਰ ਸਿੰਘ ਨੇ ਚੱਬੇ ਵਾਲੇ ਇਕੱਠ ਬਾਰੇ ਅਤੇ ਦੀਪ ਸਿੱਧੂ ਦੇ ਅਚਾਨਕ ਪ੍ਰਗਟ ਹੋਣ ਸਮੇਂ ਵੀ ਇਸੇ ਤਰ੍ਹਾਂ ਦੇ ਗੁਡੇ ਬੰਨ੍ਹੇ ਸਨ। ਤੌਬਾ! ਰੱਬ ਹੀ ਬਚਾਵੇ ਸਾਡੀ ਕੌਮ ਨੂੰ ਅਜਿਹੇ ਸਿੱਖ ਚਿੰਤਕਾ ਤੋਂ। ਇਸ ਮੌਕੇ ਸਾਡੇ ਸਿੱਖ ਨੌਜਵਾਨਾਂ ਨੂੰ ਜੋਸ਼ ਤੋਂ ਨਹੀਂ ਹੋਸ਼ ਤੋਂ ਕੰਮ ਲੈਣਾ ਚਾਹੀਦਾ ਹੈ।

---

# ਸਥਾਪਤੀ ਵਿਰੁੱਧ ਲੋਕ ਹਿਤ ਦੀ ਆਵਾਜ਼ ਬੁਲੰਦ ਕਰ ਰਿਹਾ ਪੱਤਰਕਾਰ 'ਸੁਸ਼ੀਲ ਦੁਸਾਂਝ'

*(ਪਿਛਲੇ ਸਫੇ ਦਾ ਬਾਕੀ)*

ਕੇਸ: ਸੁਸ਼ੀਲ ਹੋਰਾਂ ਅਨੁਸਾਰ ਉਨ੍ਹਾਂ ਨੂੰ ਬੜੀਆਂ ਧਮਕੀਆਂ ਆਈਆਂ, ਜਦੋਂ ਤੁਸੀਂ ਸਥਾਪਤੀ ਦੇ ਖ਼ਿਲਾਫ਼ ਬੋਲਦੇ ਹੋ ਤਾਂ ਸਹਿਜੇ ਹੀ ਉਨ੍ਹਾਂ ਨੂੰ ਦੁਖ ਤਾਂ ਲੱਗਦਾ ਹੀ ਹੈ। ਜਦੋਂ ਆਮ ਆਦਮੀ ਪਾਰਟੀ ਪਹਿਲੀਆਂ ਚੋਣਾਂ ਵਿਚ ਲੜ ਰਹੀ ਸੀ, ਉਸ ਵੇਲੇ ਰੌਲਾ ਬਹੁਤ ਪਿਆ ਹੋਇਆ ਸੀ ਤਾਂ ਸੁਸ਼ੀਲ ਹੋਰਾਂ ਨੇ ਕਿਹਾ ਕਿ 'ਆਮ ਆਦਮੀ ਪਾਰਟੀ' ਦੀ ਕੋਈ ਵਿਚਾਰਧਾਰਾ ਨਹੀਂ ਹੈ, ਇਸ ਕਰਕੇ ਇਸ ਦਾ ਪੰਜਾਬ 'ਤੇ ਰਾਜ ਕਰਨਾ ਪੰਜਾਬ ਲਈ ਲਾਭਦਾਇਕ ਨਹੀਂ ਹੋਵੇਗਾ।' ਤਾਂ ਲੋਕਾਂ ਨੇ ਉਸ ਨੂੰ ਸੋਸ਼ਲ ਮੀਡੀਆ 'ਤੇ ਟਰੌਲ ਕੀਤਾ ਤੇ ਗਾਲ੍ਹਾਂ ਕੱਢੀਆਂ। ਕੋਰਟ ਕੇਸ ਜਾਂ ਕੋਈ ਕੋਰਟ ਨੋਟਿਸ ਨਹੀਂ ਆਇਆ।

ਸਾਹਿਤ ਸਿਰਜਣਾ ਵੱਲ ਕਦਮ: ਸੱਤਵੀਂ ਜਮਾਤ ਵਿਚ ਪੜ੍ਹਦਿਆਂ ਹੀ ਕਵਿਤਾ 'ਮਾਂ' ਲਿਖੀ ਸੀ। ਸੁਸ਼ੀਲ ਦੇ ਅਧਿਆਪਕ ਹੁੰਦੇ ਸੀ ਹਰੀਦੱਤ ਸ਼ਰਮਾ, ਉਨ੍ਹਾਂ ਨੇ ਉਹ ਕਵਿਤਾ ਗਾਉਣ ਦਾ ਸਮਾਂ ਦਿੱਤਾ ਸੀ। ਨਾਜ਼ਰ ਸਿੰਘ ਤਰਸ ਹੋਰਾਂ ਨੇ ਪਿੰਡ ਦੁਸਾਂਝ ਵਿਚ ਪੰਜਾਬੀ ਸਾਹਿਤ ਸਭਾ ਬਣਾ ਲਈ ਸੀ। ਉਸ ਵਿਚ ਸਰਗਰਮ ਭੂਮਿਕਾ ਨਿਭਾਈ ਜਾਣ ਲੱਗ ਪਈ ਸੀ। 1986 ਵਿਚ ਉਸ ਦਾ ਸਕੱਤਰ ਬਣ ਗਿਆ। ਪਿੰਡ ਦੀ ਸਭਾ ਵੱਲੋਂ ਹੀ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਲਈ ਸੁਸ਼ੀਲ ਨੂੰ ਨਾਮਜ਼ਦ ਕੀਤਾ ਗਿਆ ਤਾਂ ਉਸੇ ਵੇਲੇ ਤੋਂ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਸਰਗਰਮ ਹੋ ਗਏ।

ਡਾ.ਜਗਤਾਰ , ਅਵਤਾਰ ਪਾਸ਼ ਵਰਗੇ ਦੇ ਪਦ-ਚਿੰਨ੍ਹਾਂ 'ਤੇ ਚੱਲਣ ਦਾ ਦਮ ਭਰਨ ਵਾਲੇ ਸੁਸ਼ੀਲ ਹੋਰੀਂ ਸਥਾਪਤੀ ਦੇ ਖ਼ਿਲਾਫ਼ ਇਕ ਗਜ਼ਲ ਸੁਣਾਉਂਦੇ ਹਨ:

ਬੜੀ ਜ਼ਰ-ਜ਼ਰ ਹੋਈ ਕਿਸ਼ਤੀ
ਮਲਾਹ ਸਸਤਾਉਣ ਲੱਗਾ ਹੈ,
ਸਮੁੰਦਰ ਅੱਜ ਮੱਛੀਆਂ ਨੂੰ
ਸੁੱਕਣੇ ਪਾਉਣ ਲੱਗਾ ਹੈ,
ਉਹਦੇ ਸ਼ਬਦਾਂ 'ਚ ਜੁਗਨੂੰ
ਚਿਣਗਾਂ ਤੋਂ ਸੂਰਜ ਦੇ ਦਾਅਵੇ ਨੇ
ਮਗਰ ਅਮਲ 'ਚੋਂ ਚਾਨਣ ਦਾ
ਹੱਥ ਕਟਾਉਣ ਲੱਗਾ ਹੈ।
ਸਜ਼ਾ ਕੈਸੀ ਮਿਲੀ ਸ਼ਬਦਾਂ ਸੁਰਾਂ ਸਾਜਿੰਦਿਆਂ ਨੂੰ
ਕਿ ਕੋਇਲਾਂ ਬੇਦਖ਼ਲ ਕਰ ਕੇ
ਹਰ ਇਕ ਕਾਂ ਗਾਉਣ ਲੱਗਾ ਹੈ।
ਤੁਸੀਂ ਉੱਚੀ ਨਾ ਬੋਲੋ
ਸੁਣੋ ਲਹਿਰਾਂ ਦੀ ਸਰਗੋਸ਼ੀ
ਕਿ ਅੱਧੀ ਰਾਤ ਹੈ
ਚੰਨ ਝੀਲ ਅੰਦਰ ਸੌਣ ਲੱਗਾ ਹੈ।

ਮੀਡੀਆ ਤੇ ਕੁਝ ਕਵੀਆਂ ਬਾਰੇ ਲਿਖਿਆ ਹੈ:

ਇਹ ਜਾ ਕੇ ਰਾਜੇ ਦੇ ਦਰਬਾਰ ਉਸ ਦੇ ਗੀਤ ਗਾਏਗਾ।

ਕਵੀ ਰਾਜੇ ਦੇ ਖ਼ੰਜਰ ਨੂੰ ਜਿਵੇਂ ਲਿਸ਼ਕਾਉਣ ਲੱਗਾ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਦੇ ਜਨਰਲ ਸਕੱਤਰ ਵੀ ਸਰਬਸੰਮਤੀ ਨਾਲ ਬਣੇ ਤੇ ਅੱਜ ਵੀ ਮੈਂਬਰ ਕਾਰਜਕਾਰਨੀ ਚਲੇ ਆ ਰਹੇ ਹਨ।

'ਹੁਣ' ਰਸਾਲੇ ਨਾਲ ਜੁੜਨਾ: 'ਹੁਣ' ਸਾਹਿਤ ਜਗਤ ਵਿਚ ਮੈਗਜ਼ੀਨ ਦਾ ਬਹੁਤ ਵੱਡਾ ਨਾਮ ਹੈ, ਮਿਆਰੀ ਸਾਹਿਤਕ ਰਸਾਲਾ ਹੈ। ਦੁਨੀਆ ਦੇ ਵੱਡ ਅਕਾਰੀ ਛਪਣ ਵਾਲਿਆਂ ਵਿਚੋਂ ਇਕ ਰਸਾਲਾ। ਅਵਤਾਰ ਸਿੰਘ ਜੰਡਿਆਲਵੀ 'ਹੁਣ' ਦੇ ਬਾਨੀ ਸੰਪਾਦਕ ਹਨ ਉਸ ਤੋਂ ਬਾਅਦ 15 ਸਾਲਾਂ ਤੋਂ 'ਹੁਣ' ਨੂੰ ਸੁਸ਼ੀਲ ਦੁਸਾਂਝ ਹੀ ਕੱਢਦੇ ਆ ਰਹੇ ਹਨ, ਜਿਸ ਦਾ ਮਿਆਰ ਬਰਕਰਾਰ ਹੈ। 10 ਹਜ਼ਾਰ ਦੇ ਕਰੀਬ ਛਪ ਰਿਹਾ ਹੈ ਤੇ ਕੋਈ ਵੀ ਕਾਪੀ ਮੁਫ਼ਤ ਨਹੀਂ ਦਿੱਤੀ ਜਾਂਦੀ, ਸਾਰਾ ਮੈਗਜ਼ੀਨ ਹੱਥੋ ਹੱਥੀ ਵਿਕ ਜਾਂਦਾ ਹੈ। ਸੁਸ਼ੀਲ ਹੋਰੀਂ ਕਹਿੰਦੇ ਹਨ ਕਿ ਲੋਕਾਂ ਵਿਚ ਇਹ ਗ਼ਲਤ ਧਾਰਨਾ ਹੈ ਕਿ ਪੰਜਾਬੀ ਦਾ ਪਾਠਕ ਨਹੀਂ ਹੈ, ਅੱਜ ਦਾ ਲੇਖਕ ਵੀ ਮਿਆਰੀ ਲਿਖਤਾਂ ਲਿਖਣ ਤੋਂ ਦੂਰ ਜਾ ਰਿਹਾ ਹੈ। ਅਸੀਂ ਲੋਕਾਂ ਦੀ ਬਣਾਈ ਧਾਰਨਾ ਅਨੁਸਾਰ ਗੈਰ-ਮਿਆਰੀ ਰਸਾਲੇ ਪੜ੍ਹ ਕੇ ਤੇ ਗੈਰ-ਮਿਆਰੀ ਨਾਵਲ ਤੇ ਸਾਹਿਤ ਪੜ੍ਹ ਕੇ ਇੱਥੇ ਤਕ ਪੁੱਜੇ ਹਾਂ, ਕਿਵੇਂ ਕਹਿ ਸਕਦੇ ਹਾਂ ਕਿ ਕੋਈ ਸਾਹਿਤ ਗੈਰ ਮਿਆਰੀ ਹੁੰਦਾ ਹੈ। ਜੋ ਲਿਖਤ ਲੋਕ ਭਾਸ਼ਾ ਵਿਚ ਛਪਦੀ ਹੈ, ਲੋਕਾਂ ਲਈ ਛਪਦੀ ਹੈ, ਉਹ ਵਿਕਦੀ ਹੈ ਤੇ ਲੋਕ ਪੜ੍ਹਦੇ ਹਨ ਤੇ ਖ਼ਰੀਦ ਕੇ ਪੜ੍ਹਦੇ ਹਨ। ਸਾਡੇ ਅਖੌਤੀ ਵਿਦਵਾਨਾਂ ਨੇ ਸਾਡੀ ਪੰਜਾਬੀ ਦਾ ਬਹੁਤ ਨੁਕਸਾਨ ਕੀਤਾ ਹੈ, ਹੁਣ ਤੁਸੀਂ ਦੇਖੋ ਕਿ ਗ਼ਦਰੀ ਬਾਬਿਆਂ ਦੇ ਮੇਲੇ ਵਿਚ ਬਠਿੰਡਾ ਵਿਚ, ਪੰਜਾਬੀ ਯੂਨੀਵਰਸਿਟੀ ਆਦਿ ਥਾਵਾਂ 'ਤੇ ਲੱਗਦੇ ਪੁਸਤਕ ਮੇਲਿਆਂ ਵਿਚ ਲੱਖਾਂ ਦੀਆਂ ਕਿਤਾਬਾਂ ਵਿਕਦੀਆਂ ਹਨ ਲੋਕ ਖ਼ਰੀਦ ਰਹੇ ਹਨ ਤਾਂ ਹੀ ਵਿਕ ਰਹੀਆਂ ਹਨ। ਸਾਡੇ ਕੋਲ ਗੁਰਦੇਵ ਰੁਪਾਣਾ, ਮੋਹਨ ਭੰਡਾਰੀ, ਜਤਿੰਦਰ ਹਾਂਸ, ਜਸਬੀਰ ਰਾਣਾ, ਬਲਜਿੰਦਰ ਨਸਰਾਲੀ, ਦੀਪ ਦਵਿੰਦਰ ਸਿੰਘ, ਤਲਵਿੰਦਰ ਸਿੰਘ ਆਦਿ ਬਹੁਤ ਸਾਰੇ ਲੇਖਕ ਹਨ, ਜੋ ਮਿਆਰੀ ਸਾਹਿਤ ਸਿਰਜ ਰਹੇ ਹਨ। ਸੁਸ਼ੀਲ ਕਹਿੰਦੇ ਹਨ ਸਗੋਂ ਅੱਜ ਦੇ ਲੇਖਕ ਨਾਲੋਂ ਨਵਾਂ ਲੇਖਕ ਬਿਹਤਰ ਹੀ ਲਿਖੇਗਾ।

ਸਾਹਿਤ ਸਿਰਜਣਾ: ਪੱਤਰਕਾਰੀ ਕਰਦਿਆਂ, ਸਾਹਿਤ ਸਭਾਵਾਂ ਦੇ ਰੁਝਵਿਆਂ ਤੋਂ ਸਮਾਂ ਕੱਢ ਕੇ ਗ਼ਜ਼ਲਾਂ, ਕਵਿਤਾਵਾਂ ਵੀ ਲਿਖਦੇ ਰਹਿੰਦੇ ਹਨ ਦੁਸਾਂਝ ਹੋਰੀਂ। ਉਨ੍ਹਾਂ ਦੀ ਨਿਬੰਧ ਦੇ ਰੂਪ ਵਿਚ ਕਿਤਾਬ 'ਆਖਾਂ ਜੀਵਾਂ' ਛਪ ਚੁੱਕੀ ਹੈ ਤੇ ਗ਼ਜ਼ਲਾਂ ਦੀ ਕਿਤਾਬ 'ਪੀਲੀ ਧਰਤੀ ਕਾਲਾ ਅੰਬਰ' ਛਪ ਰਹੀ ਹੈ ਨਾਲੋ ਨਾਲ ਇਕ ਕਵਿਤਾਵਾਂ ਦੀ ਕਿਤਾਬ ਵੀ ਤਿਆਰ ਹੋ ਰਹੀ ਹੈ।

ਪੱਤਰਕਾਰੀ ਦੀਆਂ ਵਿਧਾਵਾਂ: ਸੁਸ਼ੀਲ ਦੁਸਾਂਝ ਨੇ ਪ੍ਰਿੰਟ ਮੀਡੀਆ ਵਿਚ ਕੰਮ ਕੀਤਾ ਤੇ ਹੁਣ ਵੀ ਕਰ ਰਹੇ ਹਨ, ਸਾਹਿਤਕ ਪੱਤਰਕਾਰੀ ਕੀਤੀ ਜਿਸ ਵਿਚ ਉਨ੍ਹਾਂ ਨੂੰ ਭਾਸ਼ਾ ਵਿਭਾਗ ਵੱਲੋਂ ਸਾਹਿਤਕ ਪੱਤਰਕਾਰ ਦਾ ਸ਼੍ਰੋਮਣੀ ਪੁਰਸਕਾਰ ਵੀ ਮਿਲਿਆ। ਇਸੇ ਤਰ੍ਹਾਂ ਨਾਲੋ ਨਾਲ ਇਲੈਕਟ੍ਰਾਨਿਕ ਮੀਡੀਆ ਵਿਚ ਵੀ ਕੰਮ ਕੀਤਾ ਜਾ ਰਿਹਾ ਹੈ।

ਕਮਲ ਦੁਸਾਂਝ ਦਾ ਪੱਤਰਕਾਰੀ ਜੀਵਨ: ਦੋ ਸਾਲ ਜੱਗਬਾਣੀ ਵਿਚ ਕੰਮ ਕੀਤਾ, ਉਸ ਤੋਂ ਬਾਅਦ ਨਵੇਂ ਸ਼ੁਰੂ ਹੋਣ ਵਾਲੇ ਅਖ਼ਬਾਰ ਦੇਸ਼ ਸੇਵਕ ਵਿਚ ਬਤੌਰ ਸਬ ਐਡੀਟਰ ਆ ਗਏ। 2004 ਵਿਚ ਪੰਜਾਬੀ ਟ੍ਰਿਬਿਊਨ ਵਿਚ ਬਤੌਰ ਸਬ ਐਡੀਟਰ ਕੰਮ ਕਰਨਾ ਸ਼ੁਰੂ ਕੀਤਾ। ਉਸ ਤੋਂ ਬਾਅਦ ਡੇਲੀ ਪੋਸਟ ਵਿਚ ਵੀ ਕੰਮ ਕੀਤਾ। ਅੱਜ-ਕੱਲ੍ਹ ਪੱਤਰਕਾਰੀ ਦੇ ਨਾਲ ਨਾਲ ਬਾਜ ਟੀਵੀ ਵੀ ਸੰਭਾਲ ਰਹੇ ਹਨ ਤੇ 'ਨਵੀਂ ਦੁਨੀਆ' ਐਡਮਿੰਟਨ ਵਿਚ ਬਤੌਰ ਸੰਪਾਦਕ ਕੰਮ ਕਰ ਰਹੇ ਹਨ। ਜ਼ਿੰਦਗੀ ਦੋਵਾਂ ਦੀ ਕਾਫ਼ੀ ਰੁਝੇਵਿਆਂ ਵਾਲੀ ਹੈ।

ਪਰਿਵਾਰ: ਬਾਊ ਜੀ 2002 ਵਿਚ ਅਕਾਲ ਚਲਾਣਾ ਕਰ ਗਏ ਸਨ। ਨਾਲ ਮਾਤਾ ਜੀ ਰਹਿੰਦੇ ਹਨ ਤੇ ਬੇਟਾ ਅਜ਼ਲ ਦੁਸਾਂਝ ਤੇ ਬੇਟੀ ਅਦਬ ਦੁਸਾਂਝ ਕੈਨੇਡਾ ਵਿਚ ਪੜ੍ਹ ਰਹੇ ਹਨ। ਬੇਟਾ ਅਜ਼ਲ ਕਮਾਲ ਦਾ ਥੀਏਟਰ ਕਲਾਕਾਰ ਹੈ। ਸੁਸ਼ੀਲ ਕਹਿੰਦੇ ਹਨ ਕਿ ਜਿਵੇਂ ਅਸੀਂ ਸੰਘਰਸ਼ ਕਰਦੇ ਰਹੇ ਹੁਣ ਸਾਡੇ ਬੱਚੇ ਵੀ ਕੈਨੇਡਾ ਵਿਚ ਸੰਘਰਸ਼ ਕਰ ਰਹੇ ਹਨ। ਸੰਘਰਸ਼ ਜਾਰੀ ਹੈ।

ਪੰਜਾਬੀ ਬਾਰੇ ਚਿੰਤਾ: ਸੁਸ਼ੀਲ ਦੁਸਾਂਝ ਕਹਿੰਦੇ ਹਨ ਕਿ ਪੰਜਾਬੀ ਨੂੰ ਸਾਡੇ ਸਤਾਧਾਰੀ ਲੀਡਰ ਹੀ ਖ਼ਰਾਬ ਕਰ ਰਹੇ ਹਨ, ਪੰਜਾਬੀ ਐਕਟ ਬਣਾਇਆ ਉਸ ਵਿਚ ਬਹੁਤ ਖ਼ਾਮੀਆਂ ਹਨ, ਸਜ਼ਾ ਦੀ ਧਾਰਾ ਹੀ ਨਹੀਂ ਹੈ। ਸਾਡੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 25 ਸਾਲ ਤਕ ਮੁੱਖ ਮੰਤਰੀ ਰਹੇ ਅੱਜ ਵੀ ਪੱਤਰ ਕਢਵਾ ਕੇ ਦੇਖ ਲਓ ਕਿ ਅੰਗਰੇਜ਼ੀ ਵਿਚ ਹੀ ਲਿਖੇ ਮਿਲਦੇ ਹਨ ਪਰ ਹੇਠਾਂ ਆਪਣੇ ਦਸਤਖ਼ਤ 'ਪਰਕਾਸ਼ ਸਿੰਘ ਬਾਦਲ' ਜ਼ਰੂਰ ਪੰਜਾਬੀ ਵਿਚ ਕਰਦੇ ਹਨ। ਸਾਡੇ ਦੋ ਵਾਰ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਹੋਰੀਂ ਤਾਂ ਹਨ ਹੀ ਅੰਗਰੇਜ਼ੀ ਨੂੰ ਪਿਆਰ ਕਰਨ ਵਾਲੇ। ਖੇਤੀ ਕਾਨੂੰਨਾਂ ਦੀ ਲੜਾਈ ਲੜੀ ਹੈ ਪਰ ਹੁਣ ਸਾਨੂੰ ਸਾਰੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਪੰਜਾਬੀ ਲਈ ਲੜਾਈ ਲੜਨੀ ਪਵੇਗੀ। ਕੇਂਦਰ ਪੰਜਾਬੀ ਲੇਖਕ ਸਭਾ ਰਜਿ. ਨਾਲ 144 ਸਾਹਿਤ ਸਭਾਵਾਂ ਮਾਨਤਾ ਪ੍ਰਾਪਤ ਹਨ ਪਰ ਸਾਡੇ ਪੰਜਾਬ ਦੇ 13000 ਦੇ ਕਰੀਬ ਪਿੰਡ ਹਨ ਤਾਂ ਕੀ ਸੋਚ ਸਕਦੇ ਹਾਂ ਕਿ ਸਾਡੀ ਪੰਜਾਬੀ ਪ੍ਰਤੀ ਕਿੰਨੀ ਕੁ ਖ਼ਬਰਦਾਰੀ ਹੈ।

ਪ੍ਰਕਾਸ਼ਕਾਂ ਬਾਰੇ: ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਨੇ ਕਿਤਾਬਾਂ ਛਾਪਣ ਦੀ ਪ੍ਰਕਿਰਿਆ ਸ਼ੁਰੂ ਕੀਤੀ, ਉਹ ਮੁਫ਼ਤ ਕਿਤਾਬਾਂ ਛਾਪਦੇ ਤੇ ਵੇਚਦੇ ਸਨ। ਪਰ ਹੁਣ ਸਾਡੇ ਪ੍ਰਕਾਸ਼ਕ ਸਿਰਫ਼ ਵਪਾਰ ਪਿੱਛੇ ਪੈ ਗਏ ਹਨ। ਲੇਖਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਾਡੇ ਵਿਦੇਸ਼ਾਂ ਵਿਚ ਬੈਠੇ ਅਖੌਤੀ ਲੇਖਕ ਕੱਚੇ ਤੇ ਗੈਰ ਮਿਆਰੀ ਕਿਤਾਬਾਂ ਡਾਲਰਾਂ ਨੂੰ ਰੁਪਿਆਂ ਵਿਚ ਬਦਲ ਕੇ ਇੱਥੇ ਪਬਲਿਸ਼ ਕਰਾਉਂਦੇ ਹਨ ਤੇ ਪ੍ਰਕਾਸ਼ਕ ਰੁਪਏ ਦੇ ਲਾਲਚ ਵਿਚ ਗੈਰ ਮਿਆਰੀ ਸਾਹਿਤ ਛਾਪ ਰਹੇ ਹਨ। ਇਸ ਸਮੇਂ ਚਾਰ-ਪੰਜ ਗੈਰ ਮੁਨਾਫ਼ੇ ਵਾਲੇ ਪ੍ਰਕਾਸ਼ਕਾਂ ਦੀ ਲੋੜ ਹੈ ਤਾਂ ਕਿ ਪੰਜਾਬੀ ਦਾ ਭਲਾ ਕੀਤਾ ਜਾ ਸਕੇ। ਸਰਕਾਰਾਂ ਤੋਂ ਇਸ ਸਬੰਧੀ ਕੋਈ ਆਸ ਨਹੀਂ ਹੈ।

ਸੁਸ਼ੀਲ ਦੁਸਾਂਝ ਦਾ ਰੇਖਾ ਚਿੱਤਰ ਹੋਰ ਪੱਤਰਕਾਰਾਂ ਨਾਲੋਂ ਵੱਡਾ ਹੋ ਗਿਆ ਹੈ। ਪਰ ਜੋ ਲਿਖਣ ਵਾਲੀਆਂ ਹੋਰ ਗੱਲਾਂ ਵੀ ਸਨ ਉਹ ਰਹਿ ਗਈਆਂ ਹਨ। ਸੁਸ਼ੀਲ ਤੇ ਕਮਲ ਹੋਰਾਂ ਬਾਰੇ ਕਿਤਾਬ ਤਿਆਰ ਕੀਤੀ ਜਾ ਸਕਦੀ ਹੈ ਪਰ ਅਜੇ ਏਨਾ ਹੀ ਸਵੀਕਾਰ ਕਰਨਾ। ਮੈਂ ਇਸ ਪੱਤਰਕਾਰ ਜੋੜੀ ਦੀ ਪਿਆਰ ਭਰੀ ਲੰਬੀ ਉਮਰ ਦੀ ਕਾਮਨਾ ਕਰਦਾ ਹਾਂ, ਆਮੀਨ!

# ਡਾਕੀਆ ਚਾਚਾ

ਇਹ ਗੱਲਾਂ 1960ਵਿਆਂ ਦੇ ਅਖੀਰ ਦੀਆਂ ਹਨ। ਉਦੋਂ ਮੇਰੇ ਪਿੰਡ ਦਾ ਆਪਣਾ ਡਾਕਖਾਨਾ ਸੀ। ਹਰ ਰੋਜ਼ ਚਿੱਠੀਆਂ ਆਉਂਦੀਆਂ-ਜਾਂਦੀਆਂ ਸਨ। ਇਸ ਤੋਂ ਬਿਨਾਂ ਫੌਜੀਆਂ ਦੇ ਮਨੀਆਰਡਰ ਵਗੈਰਾ ਵੀ ਪਿੰਡ ਹੀ ਪਹੁੰਚਦੇ ਸਨ। ਪਿੰਡ ਦਾ ਡਾਕੀਆ, ਮਹਾਜਨਾਂ ਦਾ ਮੁੰਡਾ ਸਤਪਾਲ ਸੀ। ਉਸ ਦੀ ਕਰਿਆਨੇ ਦੀ ਦੁਕਾਨ ਸੀ। ਨਾਲ ਹੀ ਉਹ ਡਾਕ ਦਾ ਕੰਮ ਵੀ ਵੇਖਦਾ ਸੀ। ਮੇਰਾ ਇਲਾਕਾ ਯਾਨਿ ਕਿ ਮਾਨਸਾ ਤਹਿਸੀਲ ਉਦੋਂ ਪੰਜਾਬ ਦਾ ਸਭ ਤੋਂ ਵੱਧ ਪਛੜਿਆ ਇਲਾਕਾ ਸੀ। ਇਸ ਦਾ ਇੱਕ ਕਾਰਨ ਇਹ ਵੀ ਸੀ ਕਿ ਪਹਿਲਾਂ ਇਹ ਇਲਾਕਾ ਪਟਿਆਲਾ ਰਿਆਸਤ 'ਚ ਪੈਂਦਾ ਸੀ। ਰਿਆਸਤੀ ਇਲਾਕੇ, ਅੰਗਰੇਜ਼ੀ ਇਲਾਕਿਆਂ ਦੇ ਮੁਕਾਬਲਤਨ ਜ਼ਿਆਦਾ ਪਛੜੇ ਹੋਏ ਸਨ। ਉਦੋਂ ਪਿੰਡ ਵਿਚ ਨਾ ਕੋਈ ਬਿਜਲੀ ਨਾ ਹਸਪਤਾਲ ਤੇ ਨਾ ਹੀ ਸੜਕ। ਸ਼ਹਿਰ ਪਿੰਡੋਂ ਸੋਲਾਂ ਕਿਲੋਮੀਟਰ ਪੈਂਦਾ। ਉੱਧਰ ਵੀ ਕੱਚਾ ਰਾਹ ਹੀ ਸੀ। ਹਾਂ ਇਕ ਛੋਟਾ ਜਿਹਾ ਕਸਬਾ ਬੋਹਾ, ਨੇੜੇ ਪੈਂਦਾ। ਬੋਹਾ ਨੂੰ ਜਾਣ ਲਈ ਵੀ ਕੋਈ ਸੜਕ ਨਹੀਂ ਸੀ। ਪਿੰਡ ਕੋਲੋਂ ਲੰਘਦੀ ਨਹਿਰ ਦੀ



**ਹਰਮਹਿੰਦਰ ਚਹਿਲ**
**ਫੋਨ: 703-362-3239**

ਪਟੜੀ ਹੀ ਆਵਾਜਾਈ ਦਾ ਮੁੱਖ ਰਸਤਾ ਸੀ। ਲੋਕ ਸਾਈਕਲਾਂ 'ਤੇ ਇਸੇ ਨਹਿਰ ਪੈ ਕੇ ਪਹਿਲਾਂ ਬੋਹਾ ਜਾਂਦੇ ਅਤੇ ਅੱਗੇ ਸੜਕ ਪੈ ਕੇ ਸ਼ਹਿਰ ਜਾਂਦੇ ਸਨ।

ਮੇਰੇ ਪਿੰਡ ਡਾਕ ਵੀ ਬੋਹਾ ਤੋਂ ਆਉਂਦੀ ਸੀ। ਆਲੇ ਦੁਆਲੇ ਦੇ ਪਿੰਡਾਂ ਦੀ ਡਾਕ ਪਹਿਲਾਂ ਬੋਹਾ ਆਉਂਦੀ। ਇੱਥੋਂ ਛਾਂਟ ਕੇ ਪਿੰਡਾਂ ਨੂੰ ਜਾਂਦੀ ਸੀ। ਬੋਹਾ ਤੋਂ ਪਿੰਡ ਤੱਕ ਡਾਕ ਵਾਲਾ ਥੈਲਾ ਲੈ ਕੇ ਆਉਣ ਵਾਲੇ ਸ਼ਖਸ ਦਾ ਨਾਂ ਸਾਧੂ ਸਿੰਘ ਸੀ। ਲੋਕ ਉਸੇ ਨੂੰ ਡਾਕੀਆ ਸਮਝਦੇ। ਚੜ੍ਹਦੀ ਉਮਰੇ ਜੋਗੀਆਂ ਨਾਲ ਘੁੰਮਦਾ ਰਿਹਾ ਹੋਣ ਕਰਕੇ ਲੋਕ ਉਸਨੂੰ ਨਾਥ ਵੀ ਕਹਿ ਦਿੰਦੇ। ਜੁਆਕਾਂ ਦਾ ਉਹ ਚਾਚਾ ਲੱਗਦਾ ਪਰ ਉਨ੍ਹਾਂ ਦੀ ਰੀਸ ਨਾਲ ਹੋਰ ਜੁਆਕ ਵੀ ਉਸਨੂੰ ਚਾਚਾ ਕਹਿੰਦੇ। ਫਿਰ ਉਸ ਦਾ ਨਾਂ ਹੀ 'ਡਾਕੀਆ ਚਾਚਾ' ਪੱਕ ਗਿਆ।

ਉਸ ਦੇ ਕੰਮ ਦੀ ਸ਼ੁਰੂਆਤ ਕਿਵੇਂ ਹੋਈ ਇਹ ਵੀ ਸਬੱਬ ਹੀ ਬਣਿਆ ਸੀ। ਸਾਡੇ ਪਿੰਡ ਇੱਕ ਹਵੇਲੀ ਵਾਲਾ ਘਰ ਵੱਜਦਾ ਸੀ। ਇਹ ਰਜਵਾੜਾ ਪਰਿਵਾਰ ਸੀ। ਉਨ੍ਹਾਂ ਦੀ ਆਪਣੀ ਰਿਹਾਇਸ਼ ਪਟਿਆਲੇ ਸੀ। ਪਿੱਛੇ ਹਵੇਲੀ ਵਿਚ ਉਨ੍ਹਾਂ ਦਾ ਮੁਖਤਿਆਰ, ਮੈਂਗਲ ਸਿੰਘ ਆਪਣੇ ਪਰਿਵਾਰ ਸਮੇਤ ਰਹਿੰਦਾ ਸੀ। ਇਸ ਪਰਿਵਾਰ ਨੂੰ ਹੀ ਹਵੇਲੀ ਵਾਲੇ ਕਿਹਾ ਜਾਂਦਾ। ਕੁਝ ਕੁ ਨੂੰ ਛੱਡ ਕੇ ਉਨ੍ਹਾਂ ਦਾ ਪਿੰਡ ਵਾਲਿਆਂ ਨਾਲ ਕੋਈ ਰਾਬਤਾ ਨਹੀਂ ਸੀ। ਆਜਾਦੀ ਪਿੱਛੋਂ ਰਜਵਾੜਾ ਪਰਿਵਾਰ ਪਟਿਆਲੇ ਜਾ ਵਸਿਆ ਤਾਂ ਮੁੜ ਕੇ ਪਿੰਡ ਨਹੀਂ ਆਇਆ। ਇਹ ਮੁਖਤਿਆਰ ਮੈਂਗਲ ਸਿੰਘ ਪਾਕਿਸਤਾਨ ਵੱਲੋਂ ਵੰਡ ਵੇਲੇ ਇੱਧਰ ਆਇਆ ਸੀ। ਰਜਵਾੜੇ ਨੂੰ ਕਿੱਥੇ ਮਿਲਿਆ ਇਸ ਦਾ ਕੋਈ ਪਤਾ ਨਹੀਂ, ਪਰ ਪਿੰਡ ਵਾਲਿਆਂ ਨੂੰ ਉਦੋਂ ਹੀ ਪਤਾ ਲੱਗਿਆ ਜਦੋਂ ਇਹ ਹਵੇਲੀ 'ਚ ਪਰਿਵਾਰ ਸਮੇਤ ਰਹਿਣ ਲੱਗਿਆ।

ਮੈਂਗਲ ਸਿੰਘ ਰਿਟਾਇਰਡ ਤਹਿਸੀਲਦਾਰ ਸੀ। ਪਿੰਡ ਵਿਚ ਰਜਵਾੜੇ ਦੀ ਬਹੁਤ ਵੱਡੀ ਜਾਇਦਾਦ ਸੀ। ਸ਼ਾਇਦ ਪਿਛੋਕੜ ਤਹਿਸੀਲਦਾਰ ਹੋਣ ਕਰਕੇ ਹੀ ਉਨ੍ਹਾਂ ਮੈਂਗਲ ਸਿੰਘ ਨੂੰ ਮੁਖਤਿਆਰੀ ਲਈ ਚੁਣਿਆਂ ਹੋਵੇ। ਰਜਵਾੜਾ ਸਾਰਾ ਕਾਰ-ਵਿਹਾਰ ਮੁਖਤਿਆਰ ਨਾਲ ਗੱਲਬਾਤ, ਚਿੱਠੀਆਂ ਰਾਹੀਂ ਕਰਦਾ ਸੀ। ਜੋ ਹੁਕਮ ਦੇਣਾ ਹੁੰਦਾ ਉਹ ਚਿੱਠੀ ਰਾਹੀਂ ਦਿੰਦਾ ਸੀ। ਫੋਨ ਵਗੈਰਾ ਉਦੋਂ ਪਿੰਡਾਂ ਤੱਕ ਨਹੀਂ ਪਹੁੰਚੇ ਸਨ। ਇਸ ਕਰਕੇ ਸੁਨੇਹੇ ਪਹੁੰਚਾਉਣ ਦਾ ਸਾਧਨ ਸਿਰਫ ਚਿੱਠੀਆਂ ਸਨ। ਡਾਕਖਾਨਾ ਬੋਹਾ ਹੁੰਦਾ ਸੀ। ਸੋ ਮੁਖਤਿਆਰ ਨੂੰ ਕਿਸੇ ਨੂੰ ਭੇਜ ਕੇ ਬੋਹਾ ਤੋਂ ਆਪਣੀਆਂ ਚਿੱਠੀਆਂ ਮੰਗਵਾਉਣੀਆਂ ਜਾਂ ਭੇਜਣੀਆਂ ਪੈਂਦੀਆਂ ਸਨ। ਉਸ ਨੂੰ ਕਿਸੇ ਦੱਸਿਆ ਕਿ ਸਾਧੂ ਸਿੰਘ ਸਾਈਕਲ ਚਲਾ ਸਕਦਾ ਅਤੇ ਥੋੜਾ ਬਹੁਤ ਪੜ੍ਹਿਆ ਲਿਖਿਆ ਵੀ ਹੈ। ਫਿਰ ਉਨ੍ਹਾਂ ਡਾਕ ਵਾਸਤੇ ਸਾਧੂ ਸਿੰਘ ਨੂੰ ਹਰ ਦੂਜੇ ਤੀਜੇ ਬੋਹਾ ਭੇਜਣਾ ਸ਼ੁਰੂ ਕਰ ਦਿੱਤਾ। ਸ਼ੁਰੂ 'ਚ ਉਹ ਕੁਝ ਨਾ ਕੁਝ ਉਸਨੂੰ ਦਿੰਦੇ ਰਹਿੰਦੇ। ਫਿਰ ਉਸ ਦਾ ਰੁਟੀਨ ਬਣ ਗਿਆ ਤੇ ਉਸ ਦੀ ਮਹੀਨੇ ਦੀ ਪੰਦਰਾਂ ਰੁਪਏ ਤਨਖਾਹ ਵੀ ਮੁਕੱਰਰ ਕਰ ਦਿੱਤੀ। ਇੰਝ ਸਾਧੂ ਸਿੰਘ ਦੇ ਡਾਕ ਰੱਨਰ ਬਣਨ ਦਾ ਸਫਰ ਸ਼ੁਰੂ ਹੋਇਆ।

ਉਨ੍ਹਾਂ ਉਸਨੂੰ ਖਾਕੀ ਵਰਦੀ ਸੁਆ ਦਿੱਤੀ। ਸਾਈਕਲ ਲੈ ਦਿੱਤਾ। ਨਾਲ ਹੀ ਘੁੰਗਰੂ ਵੀ ਦੇ ਦਿੱਤੇ। ਘੁੰਗਰੂਆਂ ਵਾਲੀ ਗੱਲ ਅਜੀਬ ਲੱਗਦੀ। ਪਰ ਪਹਿਲਾਂ ਜਦੋਂ ਡਾਕੀਏ ਪੈਦਲ ਚੱਲਦੇ ਸਨ ਤਾਂ ਉਨ੍ਹਾਂ ਦੇ ਘੁੰਗਰੂ ਬੰਨੇ ਹੁੰਦੇ ਸਨ। ਘੁੰਗਰੂਆਂ ਦੇ ਖੜਾਕ ਤੋਂ ਸਾਹਮਣੇ ਵਾਲਾ ਅੰਦਾਜ਼ਾ ਲਾ ਲੈਂਦਾ ਕਿ ਇਹ ਡਾਕ ਮਹਿਕਮੇ ਦਾ ਬੰਦਾ। ਖੈਰ! ਘੁੰਗਰੂ ਤਾਂ ਉਸਨੇ ਕਿਧਰੇ ਸੰਭਾਲ ਦਿੱਤੇ ਪਰ ਵਰਦੀ ਪਹਿਨ ਲਈ ਤੇ ਸਾਈਕਲ ਸ਼ਿੰਗਾਰ ਲਿਆ। ਸਾਧੂ ਸਿੰਘ ਨੂੰ ਕੰਮ ਮਿਲ ਗਿਆ। ਕੁਝ ਉਹ ਐਤਵਾਰ ਦੇ ਦਿਨ ਕੰਮ ਧੰਦਾ ਕਰਕੇ ਕਮਾ ਲੈਂਦਾ।





ਫਿਰ ਹੌਲੀ ਹੌਲੀ ਹੋਰ ਲੋਕਾਂ ਦੀਆਂ ਵੀ ਚਿੱਠੀਆਂ ਆਉਣ ਲੱਗੀਆਂ। ਸਾਧੂ ਸਿੰਘ ਉਹ ਵੀ ਲੈ ਆਉਂਦਾ। ਅਗਾਂਹ ਵਾਲਾ ਉਸਨੂੰ ਕੁਝ ਨਾ ਕੁਝ ਜ਼ਰੂਰ ਦਿੰਦਾ। ਇਸ ਤਰ੍ਹਾਂ ਉਸ ਦੀ ਘਰੇਲੂ ਗੱਡੀ ਚੰਗੀ ਤਰ੍ਹਾਂ ਰੁੜ੍ਹ ਪਈ। ਜਦੋਂ ਡਾਕ ਦੀ ਆਮਦ ਵਧਦੀ ਗਈ ਤਾਂ ਮੈਂਗਲ ਸਿੰਘ ਮੁਖਤਿਆਰ ਨੇ ਪਿੰਡ ਡਾਕਖਾਨਾ ਬਣਵਾ ਲਿਆ। ਹੁਣ ਸਾਧੂ ਸਿੰਘ ਇਕੱਲੀ ਇਕਿਹਰੀ ਚਿੱਠੀ ਲਿਆਉਣ ਦੀ ਬਜਾਇ ਪੂਰਾ ਬੈਗ ਹੀ ਲਿਆਉਂਦਾ। ਅੱਗੇ ਡਾਕੀਆ ਬੈਗ ਖੋਲ੍ਹ ਕੇ ਛਾਂਟੀ ਕਰਦਾ ਤੇ ਘਰੋ ਘਰੀਂ ਚਿੱਠੀਆਂ ਪਹੁੰਚਾਉਂਦਾ। ਸਾਧੂ ਸਿੰਘ ਹੁਣ ਸਰਕਾਰੀ ਮੁਲਾਜ਼ਮ ਬਣ ਚੁੱਕਿਆ ਸੀ।

ਭਾਵੇਂ ਉਸ ਦੀ ਡਿਊਟੀ ਸਿਰਫ ਡਾਕ ਵਾਲਾ ਥੈਲਾ ਲਿਆਉਣ ਦੀ ਸੀ ਪਰ ਲੋਕਾਂ ਦੇ ਭਾਅ ਦਾ ਉਹੋ ਹੀ ਡਾਕੀਆ ਸੀ। ਕੁਝ ਕੁ ਲੋਕਾਂ ਨੂੰ ਹੀ ਪਤਾ ਸੀ ਕਿ ਉਹ ਸਿਰਫ ਡਾਕ ਰੱਨਰ ਹੈ। ਬਾਕੀ ਸਾਰਾ ਪਿੰਡ ਉਸਨੂੰ ਹੀ ਡਾਕੀਆ ਸਮਝਦਾ ਸੀ। ਇਸੇ ਕਰਕੇ ਉਸ ਦਾ ਨਾਂ ਹੀ 'ਡਾਕੀਆ ਚਾਚਾ' ਪੈ ਗਿਆ।

ਉਸ ਦੀ ਤਨਖਾਹ ਸਿਰਫ ਪੈਂਤੀ ਕੁ ਰੁਪਏ ਮਹੀਨਾ ਸੀ, ਪਰ ਉਸਨੇ ਕਦੇ ਸ਼ਿਕਵਾ ਨਹੀਂ ਕੀਤਾ ਸੀ। ਉਹ ਆਪਣਾ ਕੰਮ ਬੜੀ ਤਨਦੇਹੀ ਨਾਲ ਨਿਭਾਉਂਦਾ। ਉਸ ਦਾ ਸਰਕਾਰੀ ਕੰਮ ਤਾਂ ਸਿਰਫ ਡਾਕ ਵਾਲਾ ਥੈਲਾ ਲਿਆਉਣਾ ਸੀ ਪਰ ਪਿੰਡ ਵਾਲਿਆਂ ਦਾ ਉਹ ਬਹੁਤ ਵੱਡਾ ਕੋਰੀਅਰ ਸਾਧਨ ਸੀ। ਕਿਉਂਕਿ ਉਹ ਲੋਕਾਂ ਦੇ ਹੋਰ ਬੜੇ ਕੰਮ ਕਰਦਾ ਸੀ।

ਉਦੋਂ ਹਰ ਕੋਈ ਸ਼ਹਿਰ ਨਹੀਂ ਜਾਂਦਾ ਸੀ। ਆਮ ਲੋਕ ਦੋ-ਚੌਂਹ ਮਹੀਨੀਂ ਸ਼ਹਿਰ ਜਾਂਦੇ ਤੇ ਲੂਣ ਤੇਲ ਲੈ ਆਉਂਦੇ। ਪਰ ਲੋਕਾਂ ਦੀਆਂ ਛੋਟੀਆਂ ਮੋਟੀਆਂ ਵਰਤੋਂ ਦੀਆਂ ਚੀਜ਼ਾਂ ਡਾਕੀਆ ਚਾਚਾ ਹੀ ਲਿਆਉਂਦਾ ਸੀ। ਇਸ ਤਰ੍ਹਾਂ ਉਸ ਦੀ ਨੌਕਰੀ ਸੱਤੇ ਦਿਨਾਂ ਦੀ ਹੀ ਹੁੰਦੀ ਸੀ। ਉਸ ਦੇ ਕੰਮ ਦੇ ਘੰਟੇ ਵੀ ਕੋਈ ਲਿਮਟਿਡ ਨਹੀਂ ਸਨ। ਸੂਰਜ ਹਾਲੇ ਨਿਕਲਿਆ ਵੀ ਨਹੀਂ ਹੁੰਦਾ ਸੀ ਕਿ ਕੋਈ ਉਸ ਦਾ ਦਰਵਾਜ਼ਾ ਆ ਖੜਕਾਉਂਦਾ। ਉਸ ਦਾ ਬੋਲ ਬੜਾ ਉੱਚਾ ਸੀ। ਉਹ ਅੰਦਰੋਂ ਹੀ 'ਆਇਆ ਜੀ' ਕਹਿੰਦਾ ਤਾਂ ਦੂਰ ਤੱਕ ਉਸ ਦੀ ਆਵਾਜ਼ ਸੁਣਦੀ।

'ਡਾਕੀਆ ਚਾਚਾ, ਆਹ ਥੋੜਾ ਜਿਹਾ ਬਰਸੀਨ ਦਾ ਬੀਜ ਥੁੜ ਗਿਆ, ਲਈ ਆਵੀਂ।' ਉਸਨੇ ਪੈਸੇ ਲੈ ਕੇ ਜੇਬ 'ਚ ਪਾ ਲੈਣੇ ਤੇ ਕਾਗਜ਼ ਉੱਪਰ ਅਗਲੇ ਦਾ ਨਾਂ ਲਿਖ ਕੇ ਨਾਲ ਮੰਗਵਾਈ ਗਈ ਚੀਜ਼ ਲਿਖ ਲੈਣੀ। ਇੰਨੇ ਨੂੰ ਕਿਸੇ ਹੋਰ ਆ ਆਵਾਜ਼ ਮਾਰਨੀ,

'ਡਾਕੀਆ ਚਾਚਾ, ਆਪਣੀ ਮੱਝ ਢਿੱਲੀ ਐ। ਸਲੋਤਰ ਨੇ ਆਹ ਕੁਛ ਦੇਸੀ ਦਵਾਈਆਂ ਦੱਸੀਆਂ ਨੇ। ਪੰਸਾਰੀਆਂ ਦੀ ਦੁਕਾਨ ਤੋਂ ਲਈ ਆਵੀਂ।' ਉਸਨੇ ਉਹ ਵੀ ਉਵੇਂ ਲਿਖ ਲੈਣਾ। ਸਾਮਾਨ ਮੰਗਵਾਉਣ ਵਾਲਾ ਕੋਈ ਨਾ ਕੋਈ ਆਈ ਜਾਂਦਾ ਤੇ ਇੰਨੇ ਨੂੰ ਉਸ ਦੇ ਤੁਰਨ ਦਾ ਵਕਤ ਹੋ ਜਾਂਦਾ। ਉਹ ਸਤਪਾਲ ਦੀ ਦੁਕਾਨ 'ਤੇ ਜਾਂਦਾ ਤੇ ਡਾਕ ਵਾਲਾ ਥੈਲਾ ਚੁੱਕ ਕੇ ਸਾਈਕਲ ਨਾਲ ਬੰਨ ਲੈਂਦਾ। ਉੱਥੋਂ ਤੁਰਦਾ ਤਾਂ ਅੱਗੇ ਕੋਈ ਕੁੜੀ-ਕੱਤਰੀ ਖੜ੍ਹੀ ਹੁੰਦੀ। ਉਸਨੇ ਲਿਖਿਆ ਹੋਇਆ ਕਾਗ਼ਜ਼ ਤੇ ਪੈਸੇ ਫੜਾਉਂਦਿਆਂ ਕਹਿਣਾ,

'ਡਾਕੀਆ ਚਾਚਾ, ਮੈਨੂੰ ਦਰੀਆਂ ਦਾ ਰੰਗ ਚਾਹੀਦਾ। ਚਾਚਾ ਬਣ ਕੇ ਲੈਂਦਾ ਆਈਂ।' ਉਹ ਉਸ ਰੁੱਕੇ ਨੂੰ ਵੀ ਜੇਬ 'ਚ ਅੜਾ ਲੈਂਦਾ। ਅੱਗੇ ਕਿਸੇ ਹੋਰ ਸੁਆਣੀ ਨੇ ਕਹਿਣਾ,

'ਡਾਕੀਆ ਚਾਚਾ ਮੈਂ ਤਾਣੀ ਚਾੜ੍ਹੀ ਹੋਈ ਐ। ਥੋੜਾ ਜਿਹਾ ਪੇਟਾ ਥੁੜ ਗਿਆ, ਚਾਚਾ ਬਣ ਕੇ ਲਿਆ ਦੇਵੀਂ।'

ਜਦੋਂ ਉਸਨੇ ਸਕੂਲ ਕੋਲ ਪਹੁੰਚਣਾ ਤਾਂ ਉੱਥੇ ਕੋਈ ਮਾਸਟਰ ਖੜ੍ਹਾ ਹੁੰਦਾ। ਮਾਸਟਰ ਨੇ ਮਾਵਾ ਲੁਆਉਣ ਲਈ ਪੱਗਾਂ ਫੜ੍ਹਾ ਦੇਣੀਆਂ। ਕਈ ਮਾਸਟਰਾਂ ਨੇ ਸਕੂਲ ਦਾ ਕੋਈ ਹੋਰ ਸਾਮਾਨ ਮੰਗਵਾ ਲੈਣਾ। ਇਸ ਤਰ੍ਹਾਂ ਪਰਚੀਆਂ ਫੜ੍ਹਦਾ ਉਹ ਨਹਿਰ ਦੀ ਪਟੜੀ ਜਾ ਚੜ੍ਹਦਾ। ਹਾਲੇ ਵੀ ਉਸ ਦਾ ਕੰਮ ਮੁੱਕਦਾ ਨਾ। ਸਾਮਾਨ ਮੰਗਵਾਉਣ ਵਾਲੇ ਕਈ ਨਹਿਰ ਦੀ ਪਟੜੀ ਕੋਲ ਖੜ੍ਹੇ ਉਡੀਕ ਰਹੇ ਹੁੰਦੇ। ਜਿਉਂ ਹੀ ਉਹ ਸਾਈਕਲ 'ਤੇ ਚੜ੍ਹਦਾ ਤਾਂ ਕੋਈ ਹੋਰ ਆ ਸਿਰ ਕੱਢਦਾ। ਉਹ ਫਿਰ ਰੁਕ ਜਾਂਦਾ ਤੇ ਅਗਲੇ ਦਾ ਸਾਮਾਨ ਨੋਟ ਕਰਦਿਆਂ ਪੈਸੇ ਜੇਬ 'ਚ ਪਾ ਲੈਂਦਾ। ਪਿੰਡ ਦੀ ਜੂਹ ਲੰਘ ਕੇ ਹੀ ਉਹ ਨਿਸ਼ਚਿੰਤ ਹੁੰਦਾ।

ਦੁਪਹਿਰ ਢਲਦਿਆਂ ਹੀ ਲੋਕ ਉਸਨੂੰ ਉਡੀਕਣ ਲੱਗਦੇ। ਜਿਨ੍ਹਾਂ ਦਾ ਜ਼ਿਆਦਾ ਜ਼ਰੂਰੀ ਸਾਮਾਨ ਹੁੰਦਾ ਉਹ ਵਾਰ ਵਾਰ ਨਹਿਰ ਦੀ ਪਟੜੀ ਚੜ੍ਹਦਿਆਂ ਦੂਰ ਤੱਕ ਨਜ਼ਰ ਮਾਰਦੇ ਕਿ ਡਾਕੀਆ ਚਾਚਾ ਕਿਧਰੇ ਆਉਂਦਾ ਦਿਸਦੈ। ਉਂਝ ਉਸਨੇ ਆਉਣਾ ਤਾਂ ਆਪਣੇ ਵਕਤ ਮੁਤਾਬਕ ਹੀ ਹੁੰਦਾ ਪਰ ਆਉਂਦਾ ਬੜੀ ਕਾਹਲ ਨਾਲ। ਉਸਨੂੰ ਡਾਕ ਨਾਲੋਂ ਜ਼ਿਆਦਾ ਲੋਕਾਂ ਦੀਆਂ ਚੀਜ਼ਾਂ ਦਾ ਫਿਕਰ ਹੁੰਦਾ। ਡਾਕ ਜਮਾਂ ਕਰਵਾ ਕੇ ਉਹ ਬਾਜ਼ਾਰ ਵੱਲ ਨਿਕਲ ਜਾਂਦਾ, ਲੋਕਾਂ ਦੇ ਸਾਮਾਨ ਦੀ ਖਰੀਦੋ-ਫਰੋਖਤ ਕਰਦਾ। ਸਾਮਾਨ ਖਰੀਦ ਕੇ ਉਹ ਲਿਫਾਫੇ 'ਚ ਪਾਉਂਦਿਆਂ ਉੱਪਰ ਅਗਲੇ ਦਾ ਨਾਂ ਲਿਖ ਦਿੰਦਾ। ਜੇਕਰ ਕੋਈ ਪੈਸਾ ਮੁੜਿਆ ਹੁੰਦਾ ਤਾਂ ਉਸੇ ਲਿਫਾਫੇ 'ਚ ਪਾ ਦਿੰਦਾ। ਜੇ ਕੁਝ ਘਾਟ ਹੁੰਦੀ ਤਾਂ ਉਹ ਲਿਫਾਫੇ ਉੱਪਰ ਲਿਖ ਦਿੰਦਾ। ਜਦੋਂ ਤਕ ਉਸਨੂੰ ਡਾਕ ਵਾਲਾ ਥੈਲਾ ਮਿਲਦਾ, ਉਹ ਪਿੰਡ ਦੇ ਲੋਕਾਂ ਦਾ ਸਾਮਾਨ ਖਰੀਦ ਚੁੱਕਿਆ ਹੁੰਦਾ। ਥੈਲਾ ਮਿਲਦਿਆਂ ਹੀ ਸਾਈਕਲ ਭਜਾ ਲੈਂਦਾ। ਕੁਝ ਲੋਕ ਤਾਂ ਨਹਿਰ ਕਿਨਾਰੇ ਖੜ੍ਹੇ ਹੀ ਸਾਮਾਨ ਫੜ੍ਹ ਲੈਂਦੇ। ਕੁਝ ਕੁ ਪਿੰਡ ਦੇ ਬਾਹਰ ਖੜ੍ਹੇ ਹੁੰਦੇ। ਜਿਹੜੇ ਰਹਿ ਜਾਂਦੇ ਉਨ੍ਹਾਂ ਦਾ ਸ਼ਾਮ ਵੇਲੇ ਘਰੋ-ਘਰੀਂ ਫੜ੍ਹਾ ਕੇ ਆਉਂਦਾ। ਉਂਝ ਤਾਂ ਡਾਕ ਵੰਡਣੀਂ ਡਾਕੀਏ ਦਾ ਕੰਮ ਸੀ ਪਰ ਇਹ ਕੰਮ ਵੀ ਸਤਪਾਲ ਇਸੇ ਤੋਂ ਕਰਵਾ ਲੈਂਦਾ। ਆਪ ਤਾਂ ਸਿਰਫ ਡਾਕ ਦੀ ਸ਼ਾਂਟ ਸ਼ੰਟਾਈ ਜਾਂ ਕੁਝ ਹੋਰ ਲਿਖਾ ਪੜ੍ਹੀ ਦਾ ਕੰਮ ਹੀ ਕਰਦਾ। ਸਵੇਰ ਦੇ ਉੱਠੇ 'ਡਾਕੀਏ ਚਾਚੇ' ਨੂੰ ਹਨੇਰਾ ਹੋ ਜਾਂਦਾ ਪਰ ਉਹ ਹਾਲੇ ਪਿੰਡ 'ਚ ਹੀ ਲੋਕਾਂ ਦਾ ਸਾਮਾਨ ਘਰੋ ਘਰੀਂ ਪਹੁੰਚਾਉਂਦਾ ਫਿਰਦਾ ਹੁੰਦਾ। ਕਈ ਵਾਰੀ ਸਮਾਨ ਜ਼ਿਆਦਾ ਹੁੰਦਾ ਪਰ ਉਹ ਪ੍ਰਵਾਹ ਨਾ ਮੰਨਦਾ। ਹੱਦ ਤਾਂ ਉਦੋਂ ਹੋ ਜਾਂਦੀ ਜਦੋਂ ਕਈ ਲੋਕ ਉਸ ਤੋਂ ਮੱਝਾਂ-ਗਾਵਾਂ ਲਈ ਖ਼ਲ-ਵੜੇਵੇਂ ਵੀ ਮੰਗਵਾ ਲੈਂਦੇ। ਇਸ ਕਰਕੇ ਜਦੋਂ ਉਹ ਬੋਹਾ ਤੋਂ ਵਾਪਸ ਮੁੜਦਾ ਤਾਂ ਉਸ ਦਾ ਸਾਈਕਲ ਸਾਮਾਨ ਨਾਲ ਭਰਿਆ ਹੁੰਦਾ। ਹੈਂਡਲ 'ਤੇ ਥੈਲੇ, ਪਿਛਲੇ ਕੈਰੀਅਰ 'ਤੇ ਬੋਰੀ। ਕਈ ਵਾਰੀ ਸਾਮਾਨ ਵਾਲੇ ਝੋਲੇ ਉਸਨੇ ਗ਼ਲ 'ਚ ਲਮਕਾਏ ਹੁੰਦੇ।

ਡਾਕੀਏ ਚਾਚੇ ਨੂੰ ਕਦੇ ਕਿਸੇ ਨੇ ਗੁੱਸੇ 'ਚ ਨਹੀਂ ਵੇਖਿਆ ਸੀ। ਉਸਨੇ ਕੰਮ ਪੱਖੋਂ ਕਦੇ ਮੱਥੇ ਵੱਟ ਨਹੀਂ ਪਾਇਆ ਸੀ। ਆਰਥਿਕ ਪਖੋਂ ਉਹ ਕਮਜ਼ੋਰ ਸੀ। ਉਸ ਦਾ ਭਰਾ ਦਿਹਾੜੀ ਜਾਂਦਾ ਸੀ। ਭਰਾ ਉਸਨੂੰ ਮਖੌਲ ਕਰਦਾ। ਕਿਉਂਕਿ ਉਹ ਉਸ ਨਾਲੋਂ ਕਾਫੀ ਜ਼ਿਆਦਾ ਪੈਸੇ ਬਣਾ ਲੈਂਦਾ। ਡਾਕੀਆ ਚਾਚਾ ਵਿਚਾਰਾ ਮਹੀਨੇ ਦੇ ਕੁੱਲ ਪੈਂਤੀ ਰੁਪਏ ਕਮਾਉਂਦਾ। ਪਰ ਉਸਨੂੰ ਇਹ ਸਭ ਖਿੜ੍ਹੇ ਮੱਥੇ ਪਰਵਾਨ ਸੀ। ਪਿੰਡ ਵਾਲੇ ਵੀ ਉਸਨੂੰ ਉਚੇਚਾ ਸਨਮਾਨ ਦਿੰਦੇ। ਬਹੁਤੇ ਲੋਕ ਰਿਸ਼ਤੇਦਾਰੀਆਂ ਦੇ ਕੰਮ ਧੰਦਿਆਂ ਲਈ ਵੀ ਭੇਜਦੇ ਜਿੱਥੇ ਉਹ ਐਤਵਾਰ ਨੂੰ ਜਾਂਦਾ।

ਜਦੋਂ ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣੇ ਪੜ੍ਹਨ ਲੱਗਿਆ ਤਾਂ ਉਹ ਹਾਲੇ ਨੌਕਰੀ ਕਰ ਰਿਹਾ ਸੀ। ਮੈਂ ਕਾਲਜ ਦੇ ਪਹਿਲੇ ਸਾਲ ਵਿਚ ਹੀ ਸੀ ਜਦੋਂ ਉਹ ਇਕ ਵਾਰ ਮੇਰੇ ਕੋਲ ਆਇਆ। ਮੈਂ ਕੁਝ ਦੋਸਤਾਂ ਨਾਲ ਗੇਟ ਵਾਲੀ ਦੁਕਾਨ ਤੋਂ ਚਾਹ ਪੀ ਕੇ ਮੁੜ ਰਿਹਾ ਸੀ ਕਿ ਦੂਰੋਂ ਕਿਸੇ ਦੀ ਆਵਾਜ਼ ਸੁਣੀ। ਕੋਈ ਮੈਨੂੰ ਵਾਜਾਂ ਮੇਰਾ ਘਰੇਲੂ ਨਾਮ ਲੈ ਕੇ ਮਾਰ ਰਿਹਾ ਸੀ। ਮੈਂ ਉੱਧਰ ਨੂੰ ਦੋ ਕੁ ਕਦਮ ਪੁੱਟੇ ਤਾਂ ਵੇਖਿਆ ਕਿ ਕੋਈ ਮੇਰੇ ਵੱਲ ਭੱਜਿਆ ਆ ਰਿਹੈ। ਨਾਲਦਿਆਂ ਨੇ ਪੁੱਛਿਆ ਕਿ ਕੌਣ ਤਾਂ ਮੈਂ ਦੱਸਿਆ ਕਿ ਪਿੰਡੋਂ ਮੇਰਾ ਚਾਚਾ ਆਇਆ। ਮੈਂ ਉਸਨੂੰ ਵਾਪਸ ਦੁਕਾਨ 'ਤੇ ਲੈ ਗਿਆ। ਚਾਹ-ਪਾਣੀ ਪੀਤਾ ਤੇ ਉਸਨੇ ਮੈਨੂੰ ਜੇਬ 'ਚੋਂ ਕੱਢ ਕੇ ਪੈਸੇ ਫੜ੍ਹਾਏ।

'ਇਹ ਤੇਰੇ ਬਾਪੂ ਜੀ ਨੇ ਭੇਜੇ ਨੇ। ਤੇਰਾ ਅਗਲੇ ਮਹੀਨੇ ਦਾ ਖਰਚਾ। ਉਹ ਰੁਝੇਵਿਆਂ ਕਰਕੇ ਆ ਨ੍ਹੀਂ ਸਕਦਾ ਸੀ ਇਸ ਕਰਕੇ ਮੈਨੂੰ ਭੇਜਿਆ ਐ।'

ਮੈਂ ਪੈਸੇ ਫੜ੍ਹ ਕੇ ਜੇਬ 'ਚ ਪਾ ਲਏ। ਚਾਹ ਮੁਕੀ ਤੇ ਮੈਂ ਕਿਹਾ, ਚਾਚਾ ਸ਼ਾਮ ਹੋ ਗਈ ਏ, ਮੇਰੇ ਕੋਲ ਅੱਜ ਰਾਤ ਹੋਸਟਲ ਵਿਚ ਰੁਕ ਜਾਹ। ਕੱਲ੍ਹ ਨੂੰ ਚਲਾ ਜਾਈਂ। ਉਸਦਾ ਜੁਆਬ ਸੀ,

'ਮੈਂ ਪਤਾ ਆਇਆਂ। ਰਾਤ ਦੀ ਗੱਡੀ ਜਾਂਦੀ ਐ। ਵਾਇਆ ਜਾਖਲ ਜਾਂਦਿਆਂ ਮੈਂ ਦਿਨ ਚੜ੍ਹਦੇ ਨੂੰ ਬੁਢਲਾਡੇ ਜਾ ਪਹੁੰਚਾਂਗਾ। ਵਕਤ ਸਿਰ ਮੈਂ ਡਾਕ ਵੀ ਚੁੱਕਣੀ ਐਂ।' ਇੰਨਾ ਕਹਿੰਦਿਆਂ ਉਹ ਉੱਠਿਆ ਤੇ ਸਾਹਮਣੇ ਆ ਰਹੀ ਲੋਕਲ ਬਸ ਚੜ੍ਹ ਗਿਆ।

ਬਹੁਤੇ ਘਰਾਂ ਦੀ ਤਾਂ ਉਹ ਪੱਕੀ ਕੋਰੀਅਰ ਸਰਵਿਸ ਸੀ। ਇਸ ਕਰਕੇ ਤਿਉਹਾਰਾਂ ਵੇਲੇ ਉਸ ਦੇ ਘਰ ਮਠਿਆਈਆਂ ਦੇ ਢੇਰ ਲੱਗ ਜਾਂਦੇ। ਬਹੁਤੇ ਘਰ ਉਸ ਦਾ ਹਿੱਸਾ ਕੱਢਣਾ ਨਾ ਭੁੱਲਦੇ। ਗਲੀ 'ਚੋਂ ਲੰਘੇ ਜਾਂਦੇ ਨੂੰ ਹਰ ਕੋਈ ਰੋਕ ਕੇ ਕੁਝ ਨਾ ਕੁਝ ਖੁਆਉਂਦਾ-ਪਿਆਉਂਦਾ। ਉਹ ਕਿਸੇ ਵੀ ਘਰੋਂ ਬਰਸੀਨ, ਚਰੀ ਵਗੈਰਾ ਵੱਢ ਲਿਆਉਂਦਾ ਜਾਂ ਸਬਜ਼ੀ-ਭਾਜੀ ਤੋੜ ਲਿਆਉਂਦਾ, ਕੋਈ ਰੋਕਦਾ ਟੋਕਦਾ ਨਹੀਂ ਸੀ। ਜੇਕਰ ਕਿਸੇ ਘਰ ਵਿਆਹ ਹੁੰਦਾ ਤਾਂ ਉਸਨੂੰ ਪਹਿਲਾਂ ਹੀ ਸੱਦਾ ਪਹੁੰਚ ਜਾਂਦਾ। ਕਈ ਤਾਂ ਉਸਨੂੰ ਆੜਤੀਆਂ ਦੇ ਭੇਜ ਕੇ ਪੈਸੇ-ਟਕੇ ਵੀ ਮੰਗਵਾ ਲੈਂਦੇ। ਜਿਹੜੇ ਘਰਾਂ ਦੇ ਉਹ ਬਹੁਤਾ ਨੇੜੇ ਸੀ ਉਹ ਉਸਨੂੰ ਵਿਤ ਮੂਜਬ ਕਣਕ ਵਗੈਰਾ ਜ਼ਰੂਰ ਦਿੰਦੇ। ਉਹ ਪਿੰਡ ਦਾ ਇਕ ਅਹਿਮ ਹਿੱਸਾ ਸੀ। ਸ਼ਾਮ ਵੇਲੇ ਕਿਸੇ ਪਾਸੇ ਵੀ ਜਾਉ ਤਾਂ ਉਹ ਆਉਂਦਾ-ਜਾਂਦਾ ਜ਼ਰੂਰ ਟੱਕਰ ਜਾਂਦਾ।

ਉਸ ਦਾ ਬੋਲ ਬਹੁਤ ਉੱਚਾ ਸੀ। ਫਿਰਦਾ ਦੂਸਰੀ ਗਲੀ 'ਚ ਹੁੰਦਾ ਤੇ ਸੁਣਦਾ ਇੱਧਰ। ਕਈ ਵਾਰੀ ਆਪ ਮੁਹਾਰੇ ਵੀ ਬੋਲਦਾ ਜਾਂਦਾ। ਇਸੇ ਕਰਕੇ ਉਸਨੂੰ ਲੱਭਣ 'ਚ ਕੋਈ ਦਿੱਕਤ ਨਾ ਆਉਂਦੀ। ਉਸ ਦੀ ਸਖਸ਼ੀਅਤ ਦਾ ਹੋਰ ਪੱਖ ਵੀ ਸੀ। ਉਹ ਹੌਲੀ ਹੌਲੀ ਸਾਈਕਲ ਚਲਾਉਂਦਾ ਗਾਉਂਦਾ ਜਾਂਦਾ। ਆਮ ਤੌਰ 'ਤੇ ਪਿੰਡ ਦੇ ਨੇੜੇ ਨਹੀਂ ਗਾਉਂਦਾ ਸੀ। ਪਰ ਨਹਿਰ ਦੀ ਝਾਲ ਲੰਘਦਿਆਂ ਹੀ ਉਹ ਕਲੀ ਚੁੱਕ ਲੈਂਦਾ। ਸ਼ਾਮ ਵੇਲੇ ਭਾਵੇਂ ਸਾਈਕਲ ਸਾਮਾਨ ਦਾ ਲੱਦਿਆ ਹੁੰਦਾ ਪਰ ਉਸ ਦੀ ਜ਼ੁਬਾਨ ਨੂੰ ਗਾਏ ਬਿਨਾ ਸਕੂਨ ਨਾ ਮਿਲਦਾ। ਨਹਿਰੀ ਪਾਣੀ ਦੀ ਵਾਰੀ ਵਾਸਤੇ ਕਈ ਉਸ ਨੂੰ ਰਾਤ ਵੇਲੇ ਪਾਣੀ ਲਵਾਉਣ ਲੈ ਜਾਂਦੇ। ਉਸ ਰਾਤ ਉਹ ਖੁਲ੍ਹ ਕੇ ਗਾਉਂਦਾ। ਉਸਦੀਆਂ ਕਲੀਆਂ ਦੂਰ ਦੂਰ ਤਕ ਸੁਣਦੀਆਂ।

ਪਿੰਡ ਦੇ ਨੇੜੇ ਕਿਸੇ ਦਾ ਕਿੱਲਾ ਕੁ ਜ਼ਮੀਨ ਹਿੱਸੇ 'ਤੇ ਲੈ ਲੈਂਦਾ। ਇੱਥੇ ਉਹ ਸਬਜ਼ੀ-ਭਾਜੀ ਲਾਉਂਦਾ। ਉਸ ਦਾ ਪਰਿਵਾਰ ਕੁਝ ਕੁ ਆਮਦਨ ਇਸ ਪਾਸਿਓਂ ਕਰਦਾ। ਇਕ ਵਾਰ ਉਸ ਦੀਆਂ ਮਿਰਚਾਂ ਗੁੱਡਣ ਵਾਲੀਆਂ ਸਨ। ਸਾਡਾ ਸਕੂਲ ਛੁੱਟੀਆਂ ਕਰਕੇ ਬੰਦ ਸੀ। ਸਾਨੂੰ ਤਿੰਨ ਚਾਰ ਜੁਆਕਾਂ ਨੂੰ ਇਹ ਕਹਿ ਕੇ ਮਿਰਚਾਂ ਗੁੱਡਣ ਲਾ ਲਿਆ ਕਿ ਇਸ ਦੇ ਇਵਜ਼ ਵਿਚ ਉਹ ਸਾਨੂੰ ਸ਼ਹਿਰ ਵਿਖਾ ਕੇ ਲਿਆਊਗਾ। ਅਸੀਂ ਬੜੇ ਚਾਅ ਨਾਲ ਸਾਰਾ ਦਿਨ ਕੰਮ ਕੀਤਾ। ਅਗਲੇ ਦਿਨ ਉਹ ਸਾਨੂੰ ਨਾਲ ਲੈ ਤੁਰਿਆ। ਅਸੀਂ ਘਰਦਿਆਂ ਤੋਂ ਚੋਰੀ ਨਹਿਰ ਦੇ ਪੁਲ 'ਤੇ ਖੜ੍ਹੋ ਗਏ। ਅਸੀਂ ਚਾਰ ਜੁਆਕ ਸੀ ਤੇ ਸਾਰਿਆਂ ਦਾ ਸਾਈਕਲ 'ਤੇ ਬੈਠਣਾ ਮੁਸ਼ਕਲ ਸੀ। ਦੋ ਜਣਿਆਂ ਨੂੰ ਸਾਈਕਲ 'ਤੇ ਬਿਠਾ ਲਿਆ ਤੇ ਦੋ ਨੂੰ ਕਹਿੰਦਾ ਕਿ ਤੁਸੀਂ ਨਾਲ ਨਾਲ ਭੱਜੋ। ਸਾਈਕਲ ਵੀ ਉਹ ਬਹੁਤ ਹੌਲੀ ਚਲਾ ਰਿਹਾ ਸੀ। ਅੱਧਾ ਕੁ ਕਿਲੋਮੀਟਰ ਜਾ ਕੇ ਉਸਨੇ ਉੱਪਰ ਬੈਠਿਆਂ ਨੂੰ ਭੱਜਣ ਲਾ ਲਿਆ ਤੇ ਭੱਜਣ ਵਾਲਿਆਂ ਨੂੰ ਸਾਈਕਲ 'ਤੇ ਚੜ੍ਹਾ ਲਿਆ। ਇਸ ਤਰ੍ਹਾਂ ਵਾਰੀਆਂ ਬਦਲਦੇ ਅਸੀਂ ਸ਼ਹਿਰ ਪਹੁੰਚ ਗਏ। ਉੱਥੇ ਪੰਜ ਸੱਤ ਕੁ ਦੁਕਾਨਾਂ ਸਨ, ਕਿਉਂਕਿ ਬੋਹਾ ਇਕ ਛੋਟਾ ਜਿਹਾ ਕਸਬਾ ਹੀ ਸੀ। ਇਕ ਖੂੰਝੇ 'ਚ ਉਸ ਦਾ ਡਾਕਖਾਨਾ ਸੀ। ਉਹ ਸਾਨੂੰ ਇਕ ਬੈਂਚ 'ਤੇ ਬਿਠਾ ਗਿਆ।

ਕਾਫੀ ਦੇਰ ਪਿੱਛੋਂ ਮੁੜ ਕੇ ਆਇਆ ਤੇ ਬੋਲਿਆ ਕਿ ਚਲੋ ਪਿੰਡ ਨੂੰ ਮੁੜੀਏ। ਸਾਡੇ 'ਚੋਂ ਇੱਕ ਨੇ ਹੌਸਲਾ ਕਰਦਿਆਂ ਕਿਹਾ ਕਿ ਡਾਕੀਆ ਚਾਚਾ ਸ਼ਹਿਰ ਆਏ ਹਾਂ ਕੁਝ ਖੁਆ ਪਿਆ ਤਾਂ ਦੇਹ। ਤੁਹਾਡੇ ਖਾਣ ਲਈ ਮੈਂ ਸਮਾਨ ਲੈ ਲਿਆ ਪਰ ਰਾਹ 'ਚ ਖਾਵਾਂਗੇ। ਵਾਪਸੀ ਤੇ ਫਿਰ ਉਵੇਂ ਵਾਰੀਆਂ ਬਦਲਦੇ ਸਾਈਕਲ 'ਤੇ ਚੜ੍ਹਦੇ ਆਏ। ਅੱਧ ਜਿਹੇ 'ਚ ਆ ਕੇ ਫਿਰ ਆਖਿਆ ਕਿ ਡਾਕੀਆ ਚਾਚਾ ਜੋ ਕੁਝ ਖਰੀਦਿਆ ਖੁਆ ਤਾਂ ਦੇਹ। ਉਸਨੇ ਸਾਈਕਲ ਰੋਕ ਚਾਰਾਂ ਨੂੰ ਲਾਈਨ 'ਚ ਬਿਠਾ ਲਿਆ। ਫਿਰ ਮੁਠੀ ਮੁਠੀ ਫਿੱਕੀਆਂ ਖਿੱਲਾਂ ਦੀ ਸਾਡੀ ਝੋਲੀ ਪਾ ਦਿੱਤੀ। ਭਾਵੇਂ ਉਹ ਕੋਈ ਵੱਡੀ ਚੀਜ਼ ਨਹੀਂ ਸੀ ਪਰ ਡਾਕੀਏ ਚਾਚੇ ਵੱਲੋਂ ਮਿਲੀਆਂ ਉਹ ਖਿੱਲਾਂ ਸਾਨੂੰ ਸਾਰੀ ਉਮਰ ਨਹੀਂ ਭੁੱਲਣਗੀਆਂ। ਉਸਨੇ ਸਾਡਾ ਦਿਲ ਰੱਖਣ ਲਈ ਕੁਝ ਵੀ ਖੁਆਇਆ, ਪਰ ਖੁਆਇਆ ਤਾਂ ਸਹੀ।

ਉਨ੍ਹਾਂ ਦਿਨਾਂ 'ਚ ਹੀ ਸੁਣਿਆਂ ਅਗਲੇ ਪਿੰਡ ਦਲੇਲ ਵਾਲੇ, ਡਾਕਖਾਨਾ ਬਣਨ ਵਾਲਾ। ਇਸ ਤੋਂ ਪਹਿਲਾਂ ਉਥੋਂ ਦਾ ਕੋਈ ਬੰਦਾ ਆਪਣੇ ਪਿੰਡ ਦੀਆਂ ਚਿੱਠੀਆਂ ਸਾਡੇ ਡਾਕਖਾਨੇ ਤੋਂ ਲੈ ਕੇ ਜਾਂਦਾ ਸੀ। ਉਸਨੂੰ ਉਮੀਦ ਸੀ ਕਿ ਦਲੇਲਵਾਲੇ ਡਾਕਖਾਨਾ ਬਣਨ ਨਾਲ ਸ਼ਾਇਦ ਉਸਦੀ ਤਨਖਾਹ ਵਧ ਜਾਵੇ। ਪਰ ਇਕ ਕੰਮ ਕਾਫੀ ਦੇਰ ਲਟਕਦਾ ਰਿਹਾ। ਉਸ ਦੇ ਲਈ ਦਲੇਲ ਵਾਲਾ ਡਾਕਖਾਨਾ ਊਠ ਦਾ ਬੁੱਲ ਬਣ ਗਿਆ। ਕਿਉਂਕਿ ਇਹ ਇਕ ਛੋਟਾ ਜਿਹਾ ਪਿੰਡ ਸੀ। ਕੋਈ ਵਾਹ ਨਾ ਜਾਂਦੀ ਵੇਖ, ਮਹਿੰਗਾਈ ਦੇ ਸਤਾਏ ਡਾਕੀਏ ਚਾਚੇ ਨੇ ਪੰਚਾਇਤ ਨੂੰ ਬੇਨਤੀ ਕੀਤੀ ਕਿ ਕੁਝ ਨਾ ਕੁਝ ਕੀਤਾ ਜਾਵੇ। ਪੰਚਾਇਤ ਨੇ ਆਪਣੇ ਵੱਲੋਂ ਅਤੇ ਬਹੁਤ ਸਾਰੇ ਪਿੰਡ ਵਾਲਿਆਂ ਵੱਲੋਂ ਅਰਜ਼ੀਆਂ ਲਿਖਵਾਈਆਂ ਕਿ ਇਹ ਪੁਰਾਣਾ ਮੁਲਾਜ਼ਮ ਹੈ, ਇਸ ਕਰਕੇ ਇਸ ਦੀ ਤਨਖਾਹ ਵਧਾਈ ਜਾਵੇ। ਇਹ ਸਭ ਕੀਤੇ ਨੂੰ ਵੀ ਕਈ ਮਹੀਨੇ ਗੁਜ਼ਰ ਗਏ ਪਰ ਕੋਈ ਉੱਤਰ ਨਾ ਆਇਆ। ਇਕ ਦਿਨ ਡਾਕਖਾਨਾ ਬੋਹਾ ਦੇ ਮੈਨੇਜਰ ਨੇ ਬੁਲਾ ਕੇ

**(ਬਾਕੀ ਅਗਲੇ ਸਫੇ 'ਤੇ)**

# ਨਾਨਕ ਕੈ ਘਰਿ ਕੇਵਲ ਨਾਮੁ

ਗੁਰ-ਇਤਿਹਾਸ ਦਾ ਅਧਿਐਨ ਕਰਦਿਆਂ ਇਹ ਗੱਲ ਹਸਤਾਮਲ ਦੀ ਤਰ੍ਹਾਂ ਪ੍ਰਤੱਖ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਅਤੇ ਸੰਭਾਲ਼ ਸਾਰੇ ਗੁਰੂ ਸਾਹਿਬਾਨ ਦਾ ਪਰਮ ਮਨੋਰਥ ਅਤੇ ਸ੍ਰੇਸ਼ਟ ਕਰਮ ਸੀ। ਐਨ੍ਹ ਉਸੇ ਤਰ੍ਹਾਂ, ਜਿਸ ਤਰ੍ਹਾਂ ਸ਼ਹਿਦ ਦੀ ਮੱਖੀ ਉੱਡਦੀ ਹੈ, ਫੁੱਲਾਂ ਦੀ ਤਲਾਸ਼ ਕਰਦੀ ਹੈ ਤੇ ਜਿੱਥੇ ਕਿਤੇ ਵੀ ਉਸਨੂੰ ਸ਼ਹਿਦ ਦੀ ਸੁਗੰਧ ਆਉਂਦੀ ਹੈ ਜਾਂ ਉੱਘ-ਸੁੱਘ ਮਿਲ਼ਦੀ ਹੈ, ਉਸਦਾ ਕਤਰਾ ਚੂਸ ਲੈਂਦੀ ਹੈ ਤੇ ਉਸਨੂੰ ਆਪਣੇ ਬਣਾਏ ਛੱਤੇ ਵਿਚ ਆ ਕੇ ਇਤਮਿਨਾਨ ਨਾਲ ਸਾਂਭ ਲੈਂਦੀ ਹੈ। ਪਤਾ ਨਹੀਂ ਕਿ ਉਹ ਆਪਣੇ ਛੱਤੇ ਵਿਚ ਸ਼ਹਿਦ ਇਕੱਤਰ ਕਰਨ ਤੋਂ ਪਹਿਲਾਂ ਬੱਚੇ ਪੈਦਾ ਕਰਦੀ ਹੈ, ਬਾਅਦ ਵਿਚ ਜਾਂ ਨਾਲੋ ਨਾਲ ਪੈਦਾ ਕਰਦੀ ਹੈ। ਪਰ ਏਨਾ ਜ਼ਰੂਰ ਹੈ ਕਿ ਉਹ ਸ਼ਹਿਦ ਆਪਣੇ ਬੱਚਿਆਂ



**ਅਵਤਾਰ ਸਿੰਘ**
**ਫ਼ੋਨ: 94175-18384**

ਲਈ ਜਮ੍ਹਾਂ ਕਰਦੀ ਹੈ ਕਿ ਉਹ ਜੀਵਤ ਰਹਿ ਸਕਣ, ਵੱਧ ਫੁਲ ਸਕਣ ਤੇ ਆਪਣੇ ਜੀਣ ਥੀਣ ਦਾ ਲੁਤਫ ਲੈ ਸਕਣ।

ਗੁਰੂ ਨਾਨਕ ਨੇ ਵੀ ਇਹ ਦੋਵੇਂ ਕਾਰਜ ਇਕੱਠੇ ਕੀਤੇ। ਉਨ੍ਹਾਂ ਦਾ ਇਕੱਤਰ ਕੀਤਾ ਸ਼ਹਿਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਮ੍ਹਾਂ ਹੋਇਆ ਤੇ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਸਿੱਖ ਦਾ ਨਾਮ ਦੇ ਕੇ ਆਦੇਸ਼ ਕੀਤਾ ਕਿ ਉਹ ਸ਼ਹਿਦ ਰੂਪ ਬਾਣੀ ਪੜ੍ਹ-ਸੁਣ ਕੇ ਤੇ ਉਸ ਉੱਤੇ ਅਮਲ ਕਰਕੇ ਆਪਣਾ ਜੀਵਨ ਬਸਰ ਅਤੇ ਸਫਲ ਕਰਨ। ਇਸ ਆਦੇਸ਼ ਅਤੇ ਉਦੇਸ਼ ਲਈ ਸਾਰੇ ਗੁਰੂ ਸਾਹਿਬਾਨ ਨੇ ਆਪੋ ਆਪਣੇ ਸਮੇਂ ਦੇ ਲਿਹਾਜ਼ ਅਤੇ ਹਿਸਾਬ ਨਾਲ ਸਖ਼ਤ ਤੋਂ ਸਖ਼ਤ ਘਾਲਣਾ ਘਾਲੀ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਪਾਤਸ਼ਾਹ ਦੀ ਘਾਲਣਾ ਬਾਬਤ ਦੱਸਿਆ ਕਿ ਉਨ੍ਹਾਂ ਦਾ ਜੀਵਨ ਇਸ ਤਰ੍ਹਾਂ ਸੀ, ਜਿਵੇਂ ਉਨ੍ਹਾਂ ਨੂੰ ਰੋੜਾਂ ਦੇ ਵਿਛਾਉਣੇ ਉੱਤੇ ਸੌਣਾ ਪਿਆ ਹੋਵੇ ਅਤੇ ਰੇਤ ਅਤੇ ਅੱਕ ਖਾਣਾ ਪਿਆ ਹੋਵੇ। ਅਸੀਂ ਜਾਣਦੇ ਹਾਂ ਕਿ ਰੇਤ ਦਾ ਕਿਣਕਾ ਮਾਤਰ ਵੀ ਕਿਸੇ ਸੁਆਦਿਸ਼ਟ ਖਾਣੇ ਦਾ ਸੱਤਿਆਨਾਸ ਮਾਰ ਦਿੰਦਾ ਹੈ ਤੇ ਅੱਕ ਦੇ ਦੁੱਧ ਦਾ ਤਾਂ ਇਹ ਹਾਲ ਹੈ ਕਿ ਹੱਥ ਨੂੰ ਵੀ ਲੱਗ ਜਾਵੇ ਤਾਂ ਹਫਤਾ ਭਰ ਉਸਦੀ ਕੁੜੱਤਣ ਨਹੀਂ ਜਾਂਦੀ। ਅਗਰ ਕਿਸੇ ਨੂੰ ਸੌਣ ਲਈ ਰੋੜਾਂ ਦਾ ਵਿਛਾਉਣਾ ਮਿਲੇ, ਖਾਣ ਲਈ ਰੇਤਾ ਤੇ ਪੀਣ ਲਈ ਅੱਕ ਦਾ ਦੁੱਧ ਮਿਲੇ ਤਾਂ ਅਸੀਂ ਹਿਸਾਬ ਲਾ ਸਕਦੇ ਹਾਂ ਕਿ ਉਸਦਾ ਜੀਵਨ ਕਿਹੋ ਜਿਹਾ ਤੇ ਕਿੰਨਾ ਮੁਸ਼ਕਲ ਹੋਵੇਗਾ।

ਉਸ ਰਾਜ ਕੁਮਾਰੀ ਦੀ ਕਹਾਣੀ ਯਾਦ ਕਰੀਏ, ਜਿਸਦੀ ਸ਼ਾਹਾਨਾ ਪਰਵਰਿਸ਼ ਜਾਣਨ ਲਈ ਉਸਨੂੰ ਵੀਹ ਨਰਮ ਗਦੇਲਿਆਂ 'ਤੇ ਸੌਣ ਲਈ ਕਿਹਾ ਗਿਆ ਸੀ, ਜਿਨ੍ਹਾਂ ਦੇ ਹੇਠਾਂ ਇਕ ਮਟਰ ਦਾ ਦਾਣਾ ਰੱਖਿਆ ਹੋਇਆ ਸੀ, ਜਿਸ ਕਰਕੇ ਉਸ ਰਾਜਕੁਮਾਰੀ ਨੂੰ ਰਾਤ ਭਰ ਨੀਂਦ ਨਹੀਂ ਸੀ ਆਈ, ਕਿਉਂਕਿ ਉਸਦੇ ਨਰਮ ਪਿੰਡੇ 'ਤੇ ਰਾਤ ਭਰ ਮਟਰ ਦਾ ਦਾਣਾ ਚੁਭਦਾ ਰਿਹਾ ਸੀ। ਇਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਬੱਚਿਆਂ ਅਰਥਾਤ ਸਿੱਖਾਂ ਖਾਤਰ ਬਾਣੀ ਰੂਪ ਸ਼ਹਿਦ ਇਕੱਤਰ ਕਰਨ ਲਈ ਕਿਹੋ ਜਿਹੀਆਂ ਅਤੇ ਕਿੰਨੀਆਂ ਕਠਿਨਾਈਆਂ ਦਾ ਸਾਹਮਣਾ ਕੀਤਾ ਹੋਵੇਗਾ।

ਗੁਰੂ ਨਾਨਕ ਨੇ ਆਪਣੀ ਉਮਰ ਦੇ ਤਕਰੀਬਨ ਚੌਵੀ ਸਾਲਾਂ ਵਿਚ ਅਠਾਈ ਹਜ਼ਾਰ ਕਿਲੋਮੀਟਰ ਪੈਦਲ ਯਾਤਰਾ ਕੀਤੀ। ਕਿਤੇ ਉਨ੍ਹਾਂ ਨੂੰ ਚੋਰ ਮਿਲੇ, ਡਾਕੂ ਮਿਲੇ, ਰਾਖ਼ਸ਼ ਮਿਲੇ, ਅਮੀਰ ਮਿਲੇ, ਗਰੀਬ ਮਿਲੇ, ਸਾਧੂ ਮਿਲੇ, ਫਕੀਰ ਮਿਲੇ। ਹਰ ਕਿਸੇ ਨਾਲ ਉਨ੍ਹਾਂ ਨੇ ਵਿਚਾਰ ਕੀਤੀ ਤੇ ਜਿੱਥੇ ਕਿਤੇ ਵੀ ਉਨ੍ਹਾਂ ਨੂੰ ਨੇਕ ਕਲਾਮ ਦੀ ਕਨਸੋਅ ਮਿਲੀ, ਉਹ ਖ਼ੁਦ ਚੱਲ ਕੇ ਗਏ ਤੇ ਲਿਖ ਕੇ ਆਪਣੇ ਨਾਲ ਲੈ ਆਏ। ਉਸ ਕਲਾਮ ਦੀਆਂ ਪੋਥੀਆਂ ਉਨ੍ਹਾਂ ਨੇ ਗੁਰੂ ਅੰਗਦ ਨੂੰ ਆਪਣੇ ਹੱਥੀਂ ਸੌਂਪ ਦਿੱਤੀਆਂ ਜੋ ਅੱਗੇ ਤੋਂ ਅੱਗੇ ਗੁਰੂ ਅਰਜਨ ਦੇਵ ਪਾਤਸ਼ਾਹ ਕੋਲ ਪੁੱਜ ਗਈਆਂ, ਜਿਨ੍ਹਾਂ ਨੇ ਵੱਡੀ ਘਾਲਣਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ ਤੇ ਸਿੱਖਾਂ ਨੂੰ ਆਦੇਸ਼ ਕੀਤਾ: ਪੋਥੀ ਪਰਮੇਸਰ ਕਾ ਥਾਨੁ॥

ਫਿਰ ਛੇਵੇਂ, ਸੱਤਵੇਂ ਅਤੇ ਅੱਠਵੇਂ ਪਾਤਸ਼ਾਹ ਇਸ ਪੋਥੀ ਦੀ ਸੇਵਾ, ਸੰਭਾਲ਼, ਪ੍ਰਚਾਰ ਅਤੇ ਪ੍ਰਸਾਰ ਲਈ ਹਮੇਸ਼ਾ ਤਤਪਰ ਰਹੇ। ਨੌਵੇਂ ਪਾਤਸ਼ਾਹ ਨੇ ਇਸ ਪੋਥੀ ਲਈ ਆਪਣਾ ਜੀਵਨ ਨਿਛਾਵਰ ਕਰ ਦਿੱਤਾ। ਦਸਵੇਂ ਪਾਤਸ਼ਾਹ ਨੂੰ ਹਕੂਮਤਾਂ ਨੇ ਕਦੇ ਵੀ ਚੈਨ ਨਾ ਲੈਣ ਦਿੱਤਾ ਤੇ ਇੱਥੋਂ ਤੱਕ ਕਿ ਉਨ੍ਹਾਂ ਦਾ ਸਾਰਾ ਪਰਿਵਾਰ ਖਤਮ ਕਰ ਦਿੱਤਾ। ਫਿਰ ਵੀ ਦਸਮੇਸ਼ ਪਿਤਾ ਬੜੀਆਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ, ਕਿਸੇ ਨਾ ਕਿਸੇ ਤਰ੍ਹਾਂ, ਸਮਾਂ ਕੱਢ ਕੇ, ਇਸ ਪੋਥੀ ਵਿਚ ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰ ਸਕੇ। ਆਪਣੇ ਜੀਵਨ ਦੇ ਅੰਤਮ ਚਰਣ, ਸਮੇਂ ਅਤੇ ਸਥਾਨ, ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਿਖੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਆਪਣੇ ਸਿੱਖਾਂ ਨੂੰ ਆਦੇਸ਼ ਕੀਤਾ: ਗੁਰੂ ਮਾਨਿਓ ਗ੍ਰੰਥ॥



ਇਹ ਗ੍ਰੰਥ, ਜਿਸਨੂੰ ਕਦੀ ਪੋਥੀ ਕਿਹਾ ਗਿਆ, ਕਦੀ ਬੀੜ ਅਤੇ ਅਖੀਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਹਾ ਗਿਆ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਸੁਪਨਾ ਅਤੇ ਸੰਕਲਪ ਸੀ, ਜਿਸਨੂੰ ਪਹਿਲਾਂ ਪੰਜਵੇਂ ਪਾਤਸ਼ਾਹ ਨੇ ਤੇ ਫਿਰ ਦਸਮੇਸ਼ ਪਿਤਾ ਨੇ ਸਾਕਾਰ ਕੀਤਾ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਅਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਜਿਹੇ ਮਾਖਿਓ ਨੂੰ ਆਪਣਾ ਜੀਵਨ ਆਧਾਰ ਜਾਂ ਸਰੋਤ ਨਹੀਂ ਬਣਾਉਣਗੇ ਤਾਂ ਉਹ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ, ਸਿੱਖ ਜਾਂ ਖਾਲਸਾ ਕਹਾਉਣ ਦੇ ਹੱਕਦਾਰ ਨਹੀਂ ਰਹਿਣਗੇ।

ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤ ਅਤੇ ਆਪਣੀਆਂ ਵਾਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਸਰਲ ਰੂਪ ਵਿਚ ਪੇਸ਼ ਕੀਤਾ। ਉਸ ਉਪਰੰਤ ਬਹੁਤ ਸਾਰੇ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਵੱਖ ਵੱਖ ਸਮੇਂ ਅਤੇ ਸਥਾਨ ਦੇ ਸੰਦਰਭ ਵਿਚ ਸਰਲ ਕਰ ਕੇ ਪੇਸ਼ ਕਰਦੇ ਆਏ ਹਨ। ਅਗਰ ਅਸੀਂ ਗੁਰੂ ਸਾਹਿਬਾਨ ਦੇ ਸੱਚੇ ਬੱਚੇ ਅਤੇ ਸੱਚੇ ਸਿੱਖ ਹਾਂ ਤਾਂ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੇ ਨੇੜੇ ਰਹਿਣ ਲਈ, ਉਕਤ ਵਿਦਵਾਨਾਂ ਦੀਆਂ ਲਿਖਤਾਂ ਪੜ੍ਹੀਏ, ਸੁਣੀਏ, ਸਮਝੀਏ ਤੇ ਉਸ ਉੱਤੇ ਅਮਲ ਕਰਨ ਦੀ ਕੋਸ਼ਿਸ਼ ਕਰੀਏ।

ਜਿਹੜਾ ਵੀ ਕੋਈ ਕਿਸੇ ਵਿਸ਼ੇਸ਼ ਲਿਬਾਸ ਅਤੇ ਅੰਦਾਜ਼ ਦੇ ਬਹਿਕਾਵੇ ਅਤੇ ਡਰਾਵੇ ਵਿਚ ਉਲਝਾ ਕੇ ਸਾਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਜਾਏ, ਆਪਣੇ ਮਨ ਭਾਉਂਦੇ ਫ਼ਲਸਫ਼ੇ, ਖੋਟੇ ਇਰਾਦੇ ਅਤੇ ਬਦਅਮਲ ਵੱਲ ਮੋੜਨ, ਖਿੱਚਣ ਜਾਂ ਧੱਕਣ ਦੀ ਕੋਸ਼ਿਸ਼ ਕਰੇ ਤਾਂ ਸਾਨੂੰ ਉਸ ਤੋਂ ਇਕ ਤਾਂ ਸੁਚੇਤ ਅਤੇ ਚੌਕੰਨੇ ਰਹਿਣ ਦੀ ਲੋੜ ਹੈ ਤੇ ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਤੇ ਆਦੇਸ਼ ਨਾਲ ਤਨੋ ਮਨੋ ਜੁੜੇ ਰਹਿਣ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਅਸੂਲ ਅਜਿਹਾ ਹੈ, ਜਿਹੜਾ ਬਾਣੀ ਦੇ ਅੱਖਰ ਅੱਖਰ, ਸ਼ਬਦ ਸ਼ਬਦ ਅਤੇ ਵਾਕ ਵਾਕ ਵਿਚ ਰਮਿਆ ਹੋਇਆ ਹੈ, ਉਹ ਸਰਬ ਗੁਣਕਾਰੀ ਅਤੇ ਹਿਤਕਾਰੀ ਨਾਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਪੰਜਵੇਂ ਪਾਤਸ਼ਾਹ ਨੇ ਦੱਸਿਆ ਕਿ ਇਹ ਇਕ ਅਜਿਹਾ ਥਾਲ਼ ਹੈ, ਜਿਸ ਵਿਚ ਤਿੰਨ ਪ੍ਰਕਾਰ ਦੇ ਭੋਜਨ ਸਤ ਸੰਤੋਖ ਅਤੇ ਵਿਚਾਰ ਪ੍ਰੋਸੇ ਗਏ ਹਨ। ਪਾਤਸ਼ਾਹ ਨੇ ਅੱਗੇ ਦੱਸਿਆ ਕਿ ਇਨ੍ਹਾਂ ਤਿੰਨ ਵਸਤੂਆਂ ਦਾ ਆਧਾਰ ਨਾਮ ਵੀ ਹੈ, ਜਿਸਨੂੰ ਬਿਲਕੁਲ ਛੱਡਿਆ ਜਾਂ ਤਜਿਆ ਨਹੀਂ ਜਾ ਸਕਦਾ ਤੇ ਜੇ ਕੋਈ ਇਸ ਨਾਮ ਨੂੰ ਸੇਵਨ ਕਰੇ ਤੇ ਇਸਨੂੰ ਹਜ਼ਮ ਕਰ ਸਕੇ, ਉਸਦਾ ਉਧਾਰ ਹੋ ਜਾਂਦਾ ਹੈ। ਇਹ ਉਧਾਰ ਅਸਲ ਵਿਚ ਅਜਿਹਾ ਸੁਧਾਰ ਹੈ, ਜਿਸਨੂੰ ਮੋਕਸ਼ ਅਤੇ ਮੁਕਤੀ ਵੀ ਕਿਹਾ ਜਾ ਸਕਦਾ ਹੈ ਤੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਇਤਿਹਾਸ ਦਾ ਇਹੀ ਉਦੇਸ਼ ਅਤੇ ਆਦੇਸ਼ ਹੈ। ਸ਼ਬਦ, ਬਾਣੀ ਅਤੇ ਨਾਮ ਰੱਬੀ ਆਦੇਸ਼, ਗੁਰਉਪਦੇਸ਼ ਅਤੇ ਸਿੱਖ ਅਮਲ ਦਾ ਦੁਵੱਲਾ ਅਤੇ ਮੁਕੰਮਲ ਸੰਵਾਦ ਰੂਪ ਪ੍ਰਗਟਾਵਾ ਹੈ। ਅਸਲ ਵਿਚ ਇਸੇ ਦਾ ਨਾਂ ਗੁਰਮਤਿ ਜਾਂ ਸਿੱਖੀ ਹੈ।

ਦਿੱਲੀ ਯੂਨੀਵਰਸਿਟੀ ਦੇ ਸਕੂਲ ਔਫ ਇਕਨੌਮਿਕਸ ਦੇ ਸਮਾਜ-ਸ਼ਾਸਤਰੀ ਪ੍ਰੋ. ਓਬਰੌਇ ਨੇ ਔਕਸਫੋਰਡ ਵੱਲੋਂ ਛਾਪੀ ਗਈ ਆਪਣੀ ਪੁਸਤਕ 'ਮਾਈਂਡ ਐਂਡ ਸੁਸਾਇਟੀ' ਵਿਚ ਸ਼ਬਦ, ਬਾਣੀ ਅਤੇ ਨਾਮ ਨੂੰ ਸਪਸ਼ਟ ਕਰਦਿਆਂ ਦੱਸਿਆ ਹੈ ਕਿ ਗੁਰਮਤਿ ਅਨੁਸਾਰ ਰੱਬੀ ਆਦੇਸ਼ ਨੂੰ ਸ਼ਬਦ ਕਿਹਾ ਗਿਆ ਹੈ। ਇਸ ਸ਼ਬਦ ਨੂੰ ਸਾਧਾਰਨ ਮਨੁੱਖ ਨਾ ਸੁਣ ਸਕਦਾ ਹੈ ਨਾ ਸਮਝ ਸਕਦਾ ਹੈ। ਜਦ ਇਸ ਰੱਬੀ ਆਦੇਸ਼ ਨੂੰ ਗੁਰੂ ਸਾਹਿਬਾਨ ਆਪਣੀ ਸੂਖਮ ਸਮਰੱਥਾ ਨਾਲ ਸੁਣ ਕੇ ਅਤੇ ਸਮਝ ਕੇ ਆਪਣੇ ਮੁਖ਼ਾਰਬਿੰਦ 'ਚੋਂ ਉਚਾਰਦੇ ਹਨ ਤਦ ਇਸਨੂੰ ਬਾਣੀ ਕਿਹਾ ਜਾਂਦਾ ਹੈ। ਬਾਣੀ ਇਨਸਾਨੀ ਜੀਭ ਅਤੇ ਜ਼ੁਬਾਨ ਨੂੰ ਕਹਿੰਦੇ ਹਨ। ਬਾਣੀ ਵਿਚ ਗੁਰੂ ਸਾਹਿਬਾਨ ਦੀ ਛੂਹ ਅਤੇ ਹਾਜ਼ਰੀ ਹੈ। ਬਾਣੀ ਗੁਰੂ ਸਾਹਿਬਾਨ ਦੀ ਰਸਨਾ ਰਾਹੀਂ ਸਾਡੇ ਤੱਕ ਆਇਆ ਰੱਬੀ ਆਦੇਸ਼ ਅਤੇ ਸੰਦੇਸ਼ ਹੈ। ਜਦ ਅਸੀਂ ਇਸ ਆਦੇਸ਼ ਅਤੇ ਸੰਦੇਸ਼ ਦਾ ਆਪਣੇ ਇਰਾਦੇ ਅਤੇ ਅਮਲ ਰਾਹੀਂ ਪਾਲਣ ਕਰਦੇ ਹਾਂ ਤਦ ਇਸਨੂੰ ਨਾਮ ਕਿਹਾ ਜਾਂਦਾ ਹੈ। ਇਸੇ ਲਈ ਪੰਚਮ ਪਾਤਸ਼ਾਹ ਨੇ ਫ਼ੁਰਮਾਨ ਕੀਤਾ: ਭਗਤ ਜਨਾ ਕੀ ਬਰਤਨਿ ਨਾਮੁ॥

ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਦਿਵਸ ਮੌਕੇ ਪੰਚਮ ਪਾਤਸ਼ਾਹ ਦਾ ਕਥਨ ਯਾਦ ਕਰਨਾ ਲਾਹੇਵੰਦ ਰਹੇਗਾ, ਜਿਸ ਵਿਚ ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਦੀ ਸਮੁੱਚੀ ਕਥਨੀ ਅਤੇ ਕਰਨੀ ਨੂੰ ਇਸ ਸੰਖੇਪ ਵਾਕ ਵਿਚ ਵਿਅਕਤ ਕੀਤਾ ਹੈ: ਨਾਨਕ ਕੈ ਘਰਿ ਕੇਵਲ ਨਾਮੁ॥

## ਡਾਕੀਆ ਚਾਚਾ

*(ਪਿਛਲੇ ਸਫੇ ਦਾ ਬਾਕੀ)*

ਕੋਲ ਬਿਠਾਉਂਦਿਆਂ ਕਿਹਾ ਕਿ ਉਸ ਲਈ ਖ਼ੁਸ਼ਖਬਰੀ ਹੈ ਕਿ ਪੰਚਾਇਤ ਨੇ ਉਸ ਦੀ ਤਨਖਾਹ ਵਧਾਉਣ ਦੀ ਜੋ ਸਿਫਾਰਸ਼ ਕੀਤੀ ਸੀ ਉਸ ਦਾ ਮਹਿਕਮੇ ਵੱਲੋਂ ਉੱਤਰ ਆਇਆ। ਡਾਕੀਏ ਚਾਚੇ ਨੇ ਪੁੱਛਿਆ ਕਿ ਕੀ ਉੱਤਰ, ਤਾਂ ਮੈਨੇਜਰ ਕਹਿਣ ਲੱਗਾ ਕਿ ਹਾਲੇ ਉਸਨੇ ਚਿੱਠੀ ਖੋਲ੍ਹੀ ਨਹੀਂ ਪਰ ਜੋ ਵੀ ਜੁਆਬ ਆਇਆ ਚੰਗਾ ਹੀ ਹੋਵੇਗਾ। ਇਸ ਦੇ ਨਾਲ ਹੀ ਮੈਨੇਜਰ ਨੇ ਕਿਹਾ ਕਿ ਇਕ ਖਬਰ ਹੋਰ ਜੋ ਸ਼ਾਇਦ ਡਾਕੀਏ ਚਾਚੇ ਨੂੰ ਥੋੜਾ ਬੇਚੈਨ ਕਰ ਦੇਵੇ। ਚਾਚੇ ਨੇ ਕਿਹਾ ਪਹਿਲਾਂ ਇਹ ਬੇਚੈਨ ਕਰਨ ਵਾਲੀ ਖਬਰ ਹੀ ਦੱਸੋ। ਮੈਨੇਜਰ ਨੇ ਕਿਹਾ ਕਿ ਅਗਲੇ ਪਿੰਡ ਦਲੇਲਵਾਲੇ ਦਾ ਡਾਕਖਾਨਾ ਮਨਜ਼ੂਰ ਹੋ ਗਿਆ। ਇਸ ਕਰਕੇ ਅੱਗੇ ਤੋਂ ਉੱਥੇ ਦੀ ਡਾਕ ਦਾ ਬੈਗ ਵੀ ਲਿਜਾਣਾ ਪਵੇਗਾ। ਡਾਕੀਏ ਚਾਚੇ ਨੇ ਇਸ ਦਾ ਬੁਰਾ ਨਾ ਮੰਨਿਆਂ ਤੇ ਕਿਹਾ ਕਿ ਹੁਣ ਤਨਖਾਹ ਵਧਾਉਣ ਵਾਲੀ ਚਿੱਠੀ ਖੋਲੋ। ਉਸਨੂੰ ਉਮੀਦ ਸੀ ਕਿ ਹੁਣ ਤਾਂ ਕੰਮ ਵਧ ਗਿਆ ਇਸ ਕਰਕੇ ਤਨਖਾਹ ਵੀ ਜ਼ਰੂਰ ਵਧ ਗਈ ਹੋਵੇਗੀ। ਮੈਨੇਜਰ ਨੇ ਚਿੱਠੀ ਖੋਲ੍ਹ ਕੇ ਪੜ੍ਹੀ ਤੇ ਮੁਕਾਉਂਦਿਆਂ ਡਾਕੀਏ ਚਾਚੇ ਦੇ ਮੂੰਹ ਵੱਲ ਤਰਸ ਭਰੀਆਂ ਨਿਗਾਹਾਂ ਨਾਲ ਵੇਖਦਿਆਂ ਕਿਹਾ,

'ਸਾਧੂ ਸਿਆਂ, ਇਹ ਖਬਰ ਵੀ ਮਾੜੀ ਐ। ਮਹਿਕਮੇ ਨੇ ਲਿਖਿਆ ਕਿ ਜੇਕਰ ਸਾਧੂ ਸਿੰਘ ਪੁਰਾਣੀ ਤਨਖਾਹ 'ਤੇ ਕੰਮ ਨੀਂ ਕਰਨਾ ਚਾਹੁੰਦਾ ਤਾਂ ਇਸ ਦੀ ਛੁੱਟੀ ਕਰੋ ਤੇ ਕੋਈ ਨਵਾਂ ਬੰਦਾ ਰੱਖ ਲਵੋ।'

ਡਾਕੀਏ ਚਾਚੇ ਨੇ ਪੁੱਛਿਆ ਕਿ ਕੀ ਦਲੇਲ ਵਾਲੇ ਡਾਕ ਲਈ ਵੱਖਰੇ ਪੈਸੇ ਤਾਂ ਮਿਲਣਗੇ? ਮੈਨੇਜਰ ਨੇ ਕਿਹਾ ਕਿ ਨਹੀਂ ਉਹ ਵੀ ਪੁਰਾਣੀ ਤਨਖਾਹ ਵਿਚ ਹੀ ਕਰਨਾ ਪਵੇਗਾ। ਉਹ ਚੁੱਪ-ਚਾਪ ਬਾਹਰ ਆ ਗਿਆ। ਕੁਝ ਦੇਰ ਬਾਅਦ ਅੰਦਰ ਗਿਆ ਤੇ ਦੋਨਾਂ ਪਿੰਡਾਂ ਦੇ ਥੈਲੇ ਚੁੱਕ ਸਾਈਕਲ 'ਤੇ ਲੱਦ ਲਏ। ਅਗਲੇ ਪਿੰਡ ਦਾ ਥੈਲਾ ਪਹੁੰਚਾਉਂਦਿਆਂ ਮੁੜਦੇ ਨੂੰ ਹਨੇਰਾ ਹੋ ਜਾਂਦਾ ਸੀ। ਉਹ ਕਈ ਦਿਨ ਉਦਾਸ ਰਿਹਾ। ਲੰਘਣ ਟੱਪਣ ਵਾਲੇ ਨਾਲ ਅੱਖ ਵੀ ਨਹੀਂ ਸੀ ਮਿਲਾਉਂਦਾ। ਲੋਕਾਂ ਨੂੰ ਉਸ ਨਾਲ ਹੋਈ ਬੀਤੀ ਦਾ ਪਤਾ ਲੱਗ ਗਿਆ ਸੀ ਪਰ ਕੋਈ ਕੀ ਕਰ ਸਕਦਾ ਸੀ। ਪਰ ਉਹ ਵੱਡੇ ਜੇਰੇ ਵਾਲਾ ਕਾਮਰੇਡ ਸੀ, ਜੋ ਛੇਤੀ ਹੀ ਇਸ ਉਦਾਸੀ 'ਚੋਂ ਨਿਕਲ ਆਇਆ। ਹਫਤਾ ਕੁ ਬਾਅਦ ਪਹਿਲੀ ਵਾਰ ਲੋਕਾਂ ਨੇ ਉਸਨੂੰ ਖੇਤ ਪਾਣੀ ਲਾਉਣ ਗਏ ਨੂੰ ਗਾਉਂਦਿਆਂ ਸੁਣਿਆਂ ਸੀ। ਉਸ ਦੇ ਅੰਦਰਲੇ ਕਾਮਰੇਡ ਦਾ ਰੋਹ ਬੋਲ ਰਿਹਾ ਸੀ,

'ਉੱਠ ਕਿਰਤੀਆ ਉੱਠ ਉਏ ਉੱਠਣ ਦਾ ਵੇਲਾ, ਜੜ੍ਹ ਵੈਰੀ ਦੀ ਪੁੱਟ ਉਏ ਪੁੱਟਣ ਦਾ ਵੇਲਾ।'

ਬਹੁਤੇ ਲੋਕਾਂ ਨੂੰ ਸ਼ਾਇਦ ਉਸ ਦੇ ਗੀਤ ਦੀ ਭਾਵਨਾ ਸਮਝ ਨਾ ਆਈ ਹੋਵੇ ਪਰ ਲੋਕ ਖ਼ੁਸ਼ ਸਨ ਕਿ ਉਹ ਡੂੰਘੀ ਉਦਾਸੀ 'ਚੋਂ ਨਿਕਲ ਆਇਆ ਸੀ। ਹੌਲੀ ਹੌਲੀ ਉਸ ਅੰਦਰੋਂ ਪਹਿਲਾਂ ਵਾਲਾ ਡਾਕੀਆ ਚਾਚਾ ਨਿਕਲ ਆਇਆ ਸੀ। ਪਰ ਹੁਣ ਉਸ ਉੱਪਰ ਕੰਮ ਦਾ ਬੋਝ ਵਧ ਗਿਆ ਸੀ। ਲੋਕਾਂ ਨੇ ਵੀ ਉਸ ਦੀ ਮੱਦਦ ਕਰਨ ਦੀ ਕੋਸ਼ਿਸ਼ ਕੀਤੀ। ਪਰ ਨਵੇਂ ਪਿੰਡ ਵਾਲਿਆਂ ਨੇ ਉਸਦੀ ਮਿਹਨਤ ਦਾ ਮੁੱਲ ਨਾ ਪਾਇਆ। ਫਿਰ ਮੇਰੇ ਪਿੰਡ ਦੀ ਪੰਚਾਇਤ ਨੇ ਹੀ ਕਿਸੇ ਸਾਂਝੇ ਖਾਤੇ 'ਚੋਂ ਉਸਨੂੰ ਮਹੀਨਾਵਾਰ ਪੰਝੀ ਰੁਪਏ ਸ਼ੁਰੂ ਕਰ ਦਿੱਤੇ ਸਨ।

ਉਸਨੂੰ ਪਸ਼ੂਆਂ ਦੀਆਂ ਬਿਮਾਰੀਆਂ ਦੀ ਵੀ ਕਾਫੀ ਸਮਝ ਸੀ। ਸ਼ਾਮ ਵੇਲੇ ਕਈ ਲੋਕ ਉਸਨੂੰ ਘਰ ਲੈ ਕੇ ਜਾ ਰਹੇ ਹੁੰਦੇ ਤਾਂ ਕਿ ਬਿਮਾਰ ਪਸ਼ੂ ਨੂੰ ਵੇਖ ਕੇ ਕੋਈ ਦਵਾ ਦਾਰੂ ਦੱਸ ਸਕੇ। ਇਕ ਹੋਰ ਵੱਡਾ ਗੁਣ ਇਹ ਵੀ ਕਿ ਉਹ ਮੱਝਾਂ-ਗਾਈਆਂ ਸੁਆਉਣ ਦਾ ਮਾਹਰ ਵੀ ਸੀ। ਜੇਕਰ ਕਿਸੇ ਦੇ ਘਰ ਮੱਝ-ਗਾਂ ਸੂਣ ਵਾਲੀ ਹੁੰਦੀ ਤਾਂ ਉਹ ਪਹਿਲਾਂ ਹੀ ਬਿੜਕ ਰੱਖਦਾ। ਰਾਤ ਨੂੰ ਇਕੋ ਬੋਲ ਮਾਰਨ ਦੀ ਦੇਰ ਹੁੰਦੀ ਕਿ ਉਹ ਤੁਰੰਤ ਉੱਠ ਕੇ ਭੱਜ ਤੁਰਦਾ। ਇਸ ਕੰਮ ਦਾ ਉਹ ਕੁਝ ਨਹੀਂ ਲੈਂਦਾ। ਉਹ ਕਹਿੰਦਾ ਕਿ ਚਲੋ ਜੁਆਕਾਂ ਲਈ ਦੁੱਧ ਹੋ ਗਿਆ ਅੱਗੇ ਰੱਬ ਭਲੀ ਕਰੂਗਾ। ਅਜਿਹੇ ਵੇਲੇ ਉਹ ਦੋ ਤਿੰਨ ਦਿਨ ਉਸ ਘਰ 'ਚ ਗੇੜਾ ਮਾਰਦਾ ਰਹਿੰਦਾ ਤਾਂ ਕਿ ਪਸ਼ੂ ਦੀ ਕਿਸੇ ਮਰਜ਼ ਦੇ ਵਿਗੜਨ ਤੋਂ ਪਹਿਲਾਂ ਹੀ ਉਸ ਦਾ ਹੱਲ ਕਰ ਸਕੇ। ਨਾਲ ਹੀ ਉਹ ਸੱਜਰ ਸੂਈ ਮੱਝ-ਗਾਂ ਦੀ ਬੌਹ਼ਲੀ 'ਚ ਸ਼ੱਕਰ ਪਾ ਕੇ ਬੜੇ ਮਜ਼ੇ ਨਾਲ ਪੀਂਦਾ। ਇਹ ਉਸ ਦੀ ਮਨ ਭਾਉਂਦੀ ਖ਼ੁਰਾਕ ਸੀ।

ਭਾਵੇਂ ਉਹ ਬਹੁਤਾ ਪੜ੍ਹਿਆ-ਲਿਖਿਆ ਤਾਂ ਨਹੀਂ ਸੀ ਪਰ ਵਿਚਾਰਧਾਰਕ ਪੱਖ ਤੋਂ ਉਹ ਕਮਿਉਨਿਸਟ ਸੀ। ਕਾਮਰੇਡਾਂ ਦਾ ਕੋਈ ਪ੍ਰੋਗਰਾਮ ਹੁੰਦਾ ਤਾਂ ਵਧ ਚੜ੍ਹ ਕੇ ਹਿੱਸਾ ਲੈਂਦਾ। ਆਲੇ ਦੁਆਲੇ ਦੇ ਪਿੰਡਾਂ 'ਚ ਵੀ ਕਮਿਉਨਿਸਟਾਂ ਦੇ ਪ੍ਰੋਗਰਾਮਾਂ 'ਚ ਜਾਂਦਾ ਰਹਿੰਦਾ। ਇੱਕ ਵਾਰ ਨਹਿਰ ਦੀ ਛੀਨਿਆਂ ਵਾਲੀ ਝਾਲ ਕੋਲ ਸਾਡੇ ਪਿੰਡ ਦੇ ਇਕ ਬੰਦੇ ਦਾ ਕਤਲ ਹੋ ਗਿਆ। ਜਿਨ੍ਹਾਂ ਦੇ ਬੰਦਿਆਂ ਦਾ ਕਤਲ ਹੋਇਆ ਸੀ ਉਹ ਖ਼ੁਦ ਗਵਾਹ ਸਨ। ਪਰ ਪੁਲਸ ਕਿਸੇ ਅਜਿਹੇ ਬੰਦੇ ਨੂੰ ਗਵਾਹ ਬਣਾਉਣਾ ਚਾਹੁੰਦੀ ਸੀ ਜੋ ਪਰਿਵਾਰ 'ਚੋਂ ਨਾ ਹੋਵੇ। ਪੁਲਸ ਨੂੰ ਲੱਗਿਆ ਕਿ ਡਾਕੀਏ ਚਾਚੇ ਨਾਲੋਂ ਵਧੀਆ ਗਵਾਹ ਕੋਈ ਹੋਰ ਨਹੀਂ ਹੋ ਸਕਦਾ ਕਿਉਂਕਿ ਉਹ ਰੋਜ਼ਾਨਾ ਉੱਥੋਂ ਦੀ ਲੰਘਦਾ ਸੀ। ਉਸ ਦਿਨ ਵੀ ਉਹ ਅੱਧਾ ਕੁ ਘੰਟਾ ਪਹਿਲਾਂ ਹੀ ਪਿੰਡ ਵੱਲ ਆਇਆ ਸੀ।

ਪੁਲਸ ਨੇ ਉਸਨੂ ਚੁੱਕ ਲਿਆ। ਪਹਿਲਾਂ ਸਮਝਾਇਆ ਬੁਝਾਇਆ ਫਿਰ ਕੁੱਟ ਮਾਰ ਵੀ ਕੀਤੀ। ਪਤਾ ਲੱਗਦਿਆਂ ਸਵੇਰੇ ਹੀ ਸਾਰਾ ਪਿੰਡ ਥਾਣੇ ਜਾ ਪਹੁੰਚਿਆ। ਪਰ ਥਾਣੇਦਾਰ ਆਪਣੀ ਗੱਲ 'ਤੇ ਅੜਿਆ ਹੋਇਆ ਸੀ। ਉਹ ਹਰ ਹੀਲੇ ਚਾਚੇ ਨੂੰ ਗਵਾਹ ਬਣਾਉਣਾ ਚਾਹੁੰਦਾ ਸੀ। ਇੰਨੇ ਨੂੰ ਆਲੇ ਦੁਆਲੇ ਦੇ ਪਿੰਡਾਂ 'ਚ ਵੀ ਗੱਲ ਫੈਲ ਗਈ। ਸਾਡੇ ਇਲਾਕੇ 'ਚ ਉਦੋਂ ਕਮਿਉਨਿਸਟਾਂ ਦਾ ਬੜਾ ਜ਼ੋਰ ਸੀ। ਪੁਰਾਣੇ ਮੁਣਸ਼ੀ ਨੇ ਥਾਣੇਦਾਰ ਨੂੰ ਸਮਝਾਇਆ ਕਿ ਤੁਸੀਂ ਭੂੰਡਾਂ ਦੇ ਖੱਖਰ ਨੂੰ ਛੇੜ ਲਿਆ। ਪਹਿਲੀ ਗੱਲ ਤਾਂ ਇਸ ਦੇ ਮਗਰ ਸਾਰਾ ਪਿੰਡ ਇਕੱਠਾ ਹੋਇਆ ਬੈਠਾ। ਇਹ ਇਸਨੂੰ ਛੁਡਵਾਏ ਬਿਨਾਂ ਵਾਪਸ ਨਹੀਂ ਜਾਣਗੇ। ਉੱਪਰੋਂ ਇਹ ਕਾਮਰੇਡ ਅਤੇ ਕਾਮਰੇਡ ਕਦੇ ਵੀ ਝੁਕਦੇ ਨਹੀਂ ਹੁੰਦੇ। ਕਿਤੇ ਇਹ ਨਾ ਹੋਵੇ ਕਿ ਇਲਾਕੇ ਦੇ ਕਾਮਰੇਡ ਇਥੇ ਪੱਕਾ ਮੋਰਚਾ ਹੀ ਲਾ ਦੇਣ। ਆਖਰ ਥਾਣੇਦਾਰ ਸਮਝ ਗਿਆ ਤੇ ਡਾਕੀਏ ਚਾਚੇ ਨੂੰ ਪੰਚਾਇਤ ਦੇ ਹਵਾਲੇ ਕਰ ਦਿੱਤਾ। ਪਿੰਡ ਵਾਲਿਆਂ ਨੇ ਹਰ ਮੁਸ਼ਕਲ 'ਚ ਡਾਕੀਏ ਚਾਚੇ ਦਾ ਅੱਖਾਂ ਬੰਦ ਕਰਕੇ ਸਾਥ ਦਿੱਤਾ। ਅਜਿਹਾ ਸਤਿਕਾਰ ਹਰ ਇਕ ਦੇ ਹਿੱਸੇ ਨਹੀਂ ਆਉਂਦਾ।

ਉਸਨੇ ਬੜੀ ਮਿਹਨਤ ਨਾਲ ਮੁੰਡੇ ਨੂੰ ਹਾਈ ਸਕੂਲ ਪਾਸ ਕਰਵਾਇਆ। ਜਿਸ ਵੇਲੇ ਪੰਜਾਬ 'ਚ ਨਕਸਲਾਈਟ ਲਹਿਰ ਆਈ ਤਾਂ ਮੁੰਡਾ ਸਕੂਲ ਖਤਮ ਕਰ ਚੁੱਕਿਆ ਸੀ। ਸਾਡੇ ਨੇੜਲੇ ਪਿੰਡ ਨਕਸਲਾਈਟਾਂ ਨੇ ਕੋਈ ਵਾਕਿਆ ਕਰ ਦਿੱਤਾ। ਉਸ ਦੇ ਸਬੰਧ 'ਚ ਪੁਲਸ ਪਿੰਡਾਂ ਵਿਚ ਫੜ੍ਹਾ-ਫੜ੍ਹਾਈ ਕਰਦੀ ਫਿਰਦੀ ਸੀ। ਇਹ ਤਾਂ ਪਤਾ ਨਹੀਂ ਕਿ ਕਿਸੇ ਨੇ ਸੱਚੀ-ਝੂਠੀ ਮੁਖਬਰੀ ਕੀਤੀ ਜਾਂ ਪੁਲਸ ਨੇ ਆਪਣੇ ਤੌਰ 'ਤੇ ਹੀ ਕਾਰਵਾਈ ਕੀਤੀ ਪਰ ਪੁਲਸ ਉਸ ਤੱਕ ਆ ਪਹੁੰਚੀ। ਮੁੰਡਾ ਤਾਂ ਹੱਥ ਨਾ ਆਇਆ ਪਰ ਪੁਲਸ ਨੇ ਡਾਕੀਏ ਚਾਚੇ ਨੂੰ ਫੜ੍ਹ ਲਿਆ। ਸ਼ਾਮ ਵੇਲੇ ਫੜ੍ਹਿਆ ਸੀ ਤੇ ਅਗਲਾ ਦਿਨ ਚੜ੍ਹਦਿਆਂ ਹੀ ਪਿੰਡ ਵਾਲੇ ਥਾਣੇ ਜਾ ਪਹੁੰਚੇ। ਪਿੰਡ ਵਾਲਿਆਂ ਤੋਂ ਉਸ ਬਾਰੇ ਸੁਣ ਕੇ ਛੱਡ ਤਾਂ ਦਿੱਤਾ ਪਰ ਉਸ ਦੀ ਮਾਰ ਕੁਟਾਈ ਬਹੁਤ ਕੀਤੀ। ਬੁੱਢੇ ਹੱਢ ਇੰਨਾ ਤਸ਼ੱਦਦ ਝੱਲ ਨਾ ਸਕੇ। ਇਸ ਪਿੱਛੋਂ ਉਹ ਲੰਗ ਮਾਰ ਕੇ ਤੁਰਨ ਲੱਗ ਪਿਆ ਸੀ।

ਇਸ ਵਿਚਕਾਰ ਕੋਈ ਭਲਾ ਥਾਣੇਦਾਰ ਬਦਲ ਕੇ ਸਾਡੇ ਥਾਣੇ ਆਇਆ। ਉਸਨੇ ਪੰਚਾਇਤ ਨੂੰ ਬੁਲਾ ਕੇ ਕਿਹਾ ਕਿ ਇਸ ਮੁੰਡੇ ਦੇ ਨਾਮ ਹਾਲੇ ਤੱਕ ਕੋਈ ਕੇਸ ਨਹੀਂ ਬੋਲਦਾ। ਚੰਗਾ ਉਸਨੂੰ ਪੇਸ਼ ਕਰਵਾ ਦਿਉ। ਉਹ ਉਸ ਦੀ ਫਾਈਲ ਕਲੀਅਰ ਕਰਵਾ ਦੇਵੇਗਾ। ਡਾਕੀਏ ਚਾਚੇ ਨੇ ਬੜੀ ਭੱਜ-ਨੱਸ ਬਾਅਦ ਮੁੰਡਾ ਲੱਭ ਲਿਆ। ਪੰਚਾਇਤ ਨੇ ਥਾਣੇਦਾਰ ਦੇ ਕਹੇ ਮੁਤਾਬਕ ਉਸਨੂੰ ਪੇਸ਼ ਕਰਵਾ ਦਿੱਤਾ। ਕੁੱਟ ਮਾਰ ਤਾਂ ਹੋਈ ਪਰ ਪੁਲਸ ਨੇ ਉਸਨੂੰ ਵਾਰਨਿੰਗ ਦੇ ਕੇ ਛੱਡ ਦਿੱਤਾ। ਫਿਰ ਪਿੰਡ ਵਾਲਿਆਂ ਨੇ ਮੁੰਡੇ ਨੂੰ ਫੌਜ 'ਚ ਭਰਤੀ ਕਰਵਾ ਦਿੱਤਾ। ਉਹ ਲਹਿਰ ਵੱਲੋਂ ਵੀ ਬਚ ਰਿਹਾ ਤੇ ਨੌਕਰੀ ਵੀ ਕਰਨ ਲੱਗ ਪਿਆ।

ਭਾਵੇਂ ਪੁਲਸ ਦੀ ਮਾਰ ਨਾਲ ਡਾਕੀਏ ਚਾਚੇ ਦਾ ਸਰੀਰ ਨੁਕਸਾਨਿਆਂ ਗਿਆ ਸੀ ਪਰ ਉਸ ਦੀ ਲੋਕ ਸੇਵਾ ਵਿਚ ਕੋਈ ਫਰਕ ਨਾ ਪਿਆ। ਉਹ ਉਵੇਂ ਹੀ ਲੋਕਾਂ ਦੇ ਕੰਮ ਕਰਦਾ ਰਿਹਾ। ਆਖਰ ਉਹ ਰਿਟਾਇਰ ਹੋ ਗਿਆ। ਪਰ ਲੋਕ ਸੇਵਾ ਵੱਲੋਂ ਰਿਟਾਇਰ ਨਾ ਹੋਇਆ। ਉਹ ਪਹਿਲਾਂ ਦੀ ਤਰ੍ਹਾਂ ਹਰ ਰੋਜ਼ ਸ਼ਹਿਰ ਜਾਂਦਾ। ਹੁਣ ਸਗੋਂ ਉਹ ਸਰਕਾਰੀ ਕੰਮ ਤੋਂ ਵਿਹਲਾ ਹੋ ਕੁੱਲ ਵਕਤੀ ਪਬਲਿਕ ਕੋਰੀਅਰ ਬਣ ਗਿਆ। ਸਵੇਰ ਵੇਲੇ ਲੋਕਾਂ ਤੋਂ ਲਿਸਟਾਂ ਲੈ ਕੇ ਸ਼ਹਿਰ ਜਾਂਦਾ ਤੇ ਸ਼ਾਮ ਵੇਲੇ ਸਾਮਾਨ ਲੈ ਕੇ ਵਾਪਸ ਮੁੜਦਾ।

ਉਮਰ ਵਧਦੀ ਗਈ ਤੇ ਸਰੀਰ ਮਾੜਾ ਹੁੰਦਾ ਗਿਆ ਪਰ ਹੌਸਲਾ ਕਦੇ ਕਮਜ਼ੋਰ ਨਾ ਹੋਇਆ। ਕੌਮਨਿਸਟਾਂ ਦੇ ਹਰ ਪ੍ਰੋਗਰਾਮ ਵਿਚ ਹਿੱਸਾ ਲੈਣ ਆਲੇ ਦੁਆਲੇ ਦੇ ਪਿੰਡਾਂ ਵਿਚ ਜਾਂਦਾ ਰਹਿੰਦਾ। ਉਦੋਂ ਹੀ ਪੰਜਾਬ ਅੰਦਰ ਕਾਲੇ ਦਿਨਾਂ ਦੀ ਸ਼ੁਰੂਆਤ ਹੋਈ। ਇਸ ਕਾਲੀ ਹਨੇਰੀ ਨੇ ਆਪਣੇ-ਬਿਗਾਨੇ, ਕਿਸੇ ਨੂੰ ਵੀ ਨਾ ਬਖਸ਼ਿਆ। ਉਦੋਂ ਇੱਕ ਪਾਸੇ ਵਾਲੇ, ਦੂਸਰੇ ਪਾਸੇ ਦੇ ਵਿਰੋਧੀਆਂ ਵਿਚ ਕੌਮਨਿਸਟਾਂ ਨੂੰ ਵੀ ਆਪਣੇ ਦੁਸ਼ਮਣ ਸਮਝਦੇ ਸਨ। ਫਿਰ ਇਕ ਦਿਨ ਕਿਸੇ ਆਪਣੇ ਦੀ ਹੀ ਗੋਲੀ ਨੇ 'ਪਿੰਡ ਦੀ ਰੂਹ ਰਹੇ ਸਾਂਝੇ ਬੰਦੇ ਡਾਕੀਏ ਚਾਚੇ' ਨੂੰ ਦੁਸ਼ਮਣ ਕਹਿ ਕੇ ਮਾਰ ਮੁਕਾਇਆ। ਪਿੰਡ ਵਿਚ ਬਹੁਤ ਦਿਨਾਂ ਤੱਕ ਸੋਗ ਰਿਹਾ ਪਰ ਕਿਸੇ ਨੇ ਚੂੰਅ ਤੱਕ ਨਾ ਕੀਤੀ। ਡਾਕੀਆ ਚਾਚਾ ਭਾਵੇਂ ਬੀਤੇ ਦੀਆਂ ਗੱਲਾਂ ਹੋ ਗਿਆ ਪਰ ਉਸਨੂੰ ਜਾਣਨ ਵਾਲੇ, ਹੁਣ ਵੀ ਉਸਨੂੰ ਯਾਦ ਕਰਦੇ ਹਨ। ਅੱਜ ਵੀ ਟਿਕੀਆਂ ਰਾਤਾਂ ਨੂੰ ਲੱਗਦੈ ਜਿਵੇਂ ਟਿੱਬਿਆਂ ਵੱਲੋਂ ਡਾਕੀਏ ਚਾਚੇ ਦੀ ਗਾਈ ਕਲੀ ਦੀ ਆਵਾਜ਼ ਆ ਰਹੀ ਹੋਵੇ। ਅਤੇ ਕਿਰਤੀ, ਕ੍ਰਿਸਾਨ ਮਿਹਨਤਕਸ਼ਾਂ ਨੂੰ ਉਠਣ ਦੀ ਵੰਗਾਰ ਪਾ ਰਹੀ ਹੋਵੇ।

# ਸੁਰਿੰਦਰ ਸੋਹਲ: ਗੁਰੂ ਦੇ ਅੰਗ-ਸੰਗ ਸੰਦਰਭ ਕਾਵਿ-ਸੰਗ੍ਰਹਿ 'ਸਾਖੀਓਂ ਨੂਰ ਝਰੈ'

ਪ੍ਰੋ. ਨਿਰੰਜਨ ਸਿੰਘ ਢੇਸੀ

ਸੁਰਿੰਦਰ ਸੋਹਲ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਸੰਗਲ ਸੋਹਲ ਦਾ ਨਾਯਾਬ ਤੋਹਫ਼ਾ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਚ ਮੇਰਾ ਵਿਦਿਆਰਥੀ ਹੋਣ ਕਰ ਕੇ ਚੜ੍ਹਦੀ ਉਮਰੇ ਮੇਰੇ ਅੰਗ-ਸੰਗ ਰਿਹਾ ਹੈ। ਬੀ. ਏ. ਵਿਚ ਪੜ੍ਹਦਿਆਂ ਤਕਰੀਬਨ ਹਰ ਹਫ਼ਤੇ ਇਕ ਨਜ਼ਮ ਲਿਖ ਲਿਆਉਂਦਾ। ਮੈਨੂੰ ਵੇਖਣ ਲਈ ਆਖਦਾ। ਮੈਂ ਉਸ ਦੀ ਰਚਨਾ ਨੂੰ ਆਪਣੇ ਤੱਕ ਸੀਮਤ ਰੱਖਣ ਦੀ ਥਾਂ ਸਾਰੀ ਜਮਾਤ ਨੂੰ ਸੁਣਾਉਣ ਲਈ ਆਖਦਾ। ਉਸ ਦੇ ਨਾਲ ਦਵਿੰਦਰ ਮੰਡ ਹੁੰਦਾ ਸੀ। ਉਹ ਉਸ ਸਮੇਂ ਕਹਾਣੀ ਲਿਖਦਾ ਸੀ।

ਸੁਰਿੰਦਰ ਸਵਾਲ ਬੜੇ ਕਰਦਾ ਸੀ। ਜਮਾਤ ਵਿਚ ਉਸ ਦੀ ਤਸੱਲੀ ਨਾ ਹੁੰਦੀ ਤਾਂ ਉਹ ਪੀਰੀਅਡ ਮੁੱਕਣ ਪਿੱਛੋਂ ਮੇਰੇ ਨਾਲ ਹੋ ਤੁਰਦਾ। ਸਾਰੇ ਰਸਤੇ ਸਵਾਲ 'ਤੇ ਸਵਾਲ। ਮੈਨੂੰ ਉਸ ਦੀ ਜਗਿਆਸਾ ਬੜੀ ਚੰਗੀ ਲੱਗਦੀ ਸੀ। ਗੁਰੂ ਨਾਨਕ ਦੀ ਬਾਣੀ ਵਿਚੋਂ ਕੋਰਸ ਵਿਚ ਸ਼ਾਮਿਲ ਕੁਝ ਸ਼ਬਦ ਪੜ੍ਹਦਿਆਂ ਉਹ ਉਨ੍ਹਾਂ ਨਾਲ ਜੁੜੀਆਂ ਸਾਖੀਆਂ ਬਾਰੇ ਸਵਾਲ ਕਰਨ ਲੱਗਦਾ। ਬਚਪਨ ਵਿਚ ਮੈਨੂੰ ਵੀ ਇਹ ਸਾਖੀਆਂ ਸੱਚੀਆਂ ਤੇ ਚੰਗੀਆਂ ਲੱਗਦੀਆਂ ਤੇ ਗੁਰੂ ਨਾਨਕ ਇਕ ਅਡੰਬਰੀ, ਕਰਾਮਾਤੀ ਪੁਰਖ ਨਜ਼ਰ ਆਉਂਦਾ। ('ਸਾਖੀ ਸਾਹਿਤ' ਦੀ ਰਚਨਾ ਕਿਉਂ ਹੋਈ? ਇਸ ਬਾਰੇ ਚਰਚਾ ਕਿਸੇ ਹੋਰ ਮੌਕੇ)। ਅਸੀਂ ਮਿਲ ਕੇ ਵਿਚਾਰ ਕਰਦੇ ਕਿ ਕੁਝ ਸਾਖੀਆਂ ਅਸਲ ਵਿਚ ਗੁਰੂ ਨਾਨਕ ਦੀ ਹਸਤੀ ਦੀ ਪਛਾਣ ਲਈ ਪ੍ਰਤੀਕ ਰੂਪ ਵਿਚ ਰਚੀਆਂ ਗਈਆਂ।

ਤਕਰੀਬਨ ਤਿੰਨ ਦਹਾਕਿਆਂ ਦੇ ਵਕਫ਼ੇ ਬਾਅਦ ਸੁਰਿੰਦਰ ਸੋਹਲ ਨੇ ਸਾਖੀਆਂ ਅੰਦਰ ਲੁਕੇ ਹੋਏ ਸੱਚ ਨੂੰ ਕਾਵਿ-ਰੂਪ ਵਿਚ ਪਛਾਣਿਆ ਹੈ। ਉਸ ਦੀ ਪੁਸਤਕ 'ਸਾਖੀਓਂ ਨੂਰ ਝਰੈ' ਪੜ੍ਹਦਿਆਂ ਮੈਂ ਉਸ ਦੇ ਚਿੰਤਨ ਦਾ ਰਿਸ਼ਤਾ ਗੁਰੂ ਨਾਨਕ ਦੇ ਚਿੰਤਨ ਨਾਲ ਜੁੜਿਆ ਮਹਿਸੂਸ ਕਰਦਾ ਹਾਂ। 56 ਸਾਖੀਆਂ ਦੇ 'ਤੱਥ' ਦੀ ਥਾਂ ਉਸ ਨੇ 'ਤੱਤ' ਨੂੰ ਪਛਾਣਿਆ ਹੈ। ਸਾਖੀਆਂ ਦੇ ਲੇਖਕਾਂ ਨੇ ਗੁਰੂ ਨਾਨਕ ਦੀ ਹਸਤੀ ਦੇ ਅਸਲ ਰੂਪ 'ਤੇ ਆਪਣੀ ਕਲਪਨਾ ਦਾ ਰੰਗ ਮਲ ਦਿੱਤਾ ਸੀ। ਸੋਹਲ ਨੇ ਮੁਲੰਮਾ ਉਤਾਰ ਕੇ ਗੁਰੂ ਨਾਨਕ ਦੀ ਹਸਤੀ ਦੇ ਖੁੱਲ੍ਹੇ ਦਰਸ਼ਨ ਕਰਵਾਏ ਹਨ। ਇਸ ਦੇ ਨਾਲ-ਨਾਲ ਗੁਰੂ ਨਾਨਕ ਨਾਲ ਜੁੜੀਆਂ ਹੋਈਆਂ ਰੂਹਾਂ, ਹੀਣੇ ਤੇ ਬੌਣੇ ਹੋਣ ਤੋਂ ਬਚਾਅ ਲਈਆਂ ਹਨ। ਸਾਖੀਆਂ ਦੇ ਅਸਲੇ ਨੂੰ ਪਕੜ ਵਿਚ ਲੈ ਕੇ ਰਚਨਾਤਮਕ ਪੱਧਰ 'ਤੇ ਪੁਨਰ-ਸਿਰਜਣਾ ਕਰਨੀ ਉਸ ਦਾ ਹਾਸਿਲ ਹੈ।

ਸੋਹਲ ਨੇ ਸਾਖੀ ਦੇ ਪ੍ਰਚਲਿਤ ਅਰਥਾਂ ਨੂੰ ਅਪਨਾਉਣ ਦੀ ਥਾਂ ਉਨ੍ਹਾਂ ਦੇ ਅੰਦਰ ਲੁਕੇ ਹੋਏ ਸੱਚ ਨੂੰ ਪਛਾਣਿਆ ਹੈ। ਉਸ ਨੇ 'ਸਾਖੀ ਸਾਹਿਤ' ਰਾਹੀਂ ਗੁਰੂ ਨਾਨਕ ਦੀ ਹਸਤੀ ਦੇ ਸੰਬੰਧ ਵਿਚ ਜੋ ਕਰਾਮਾਤੀ ਰੰਗ ਪੈਦਾ ਕਰ ਦਿੱਤਾ ਗਿਆ ਸੀ, ਉਸ ਨੂੰ ਪੂਰੀ ਤਰ੍ਹਾਂ ਸਾਫ਼ ਕਰ ਕੇ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਦਰਸ਼ਨ ਕਰਵਾਏ ਹਨ। ਰਚਨਾਤਮਕ ਪ੍ਰਕਿਰਿਆ ਵਿਚੋਂ ਗੁਜ਼ਰਦਿਆਂ ਉਹ ਗੁਰੂ ਨਾਨਕ ਦੇ ਰੂਹਾਨੀ ਤੇ ਕ੍ਰਾਂਤੀਕਾਰੀ ਸਰੂਪ ਦੇ ਅੰਗ-ਸੰਗ ਹੋ ਗਿਆ ਹੈ। ਉਸ ਨੇ ਸਾਖੀਆਂ ਦੇ ਓਹਲੇ ਵਿਚ ਅਸਲ ਨੂਰ ਨੂੰ ਝਰਦੇ ਵੇਖ ਲਿਆ ਹੈ। ਸਾਖੀਆਂ ਦੇ ਅਸਲ ਭਾਵ ਨੂੰ ਪਕੜ ਵਿਚ ਲੈਣਾ ਤੇ ਰਚਨਾਤਮਿਕ ਪੱਧਰ 'ਤੇ ਪੁਨਰ-ਸਿਰਜਣਾ ਕਰਨੀ ਕੋਈ ਸੌਖੀ ਗੱਲ ਨਹੀਂ ਸੀ। ਸਾਖੀ ਦੇ ਪਰੰਪਰਾਗਤ ਅਰਥਾਂ ਤੋਂ ਦੂਰ ਹਟ ਕੇ ਉਸ ਨੇ ਇਸ ਸ਼ਬਦ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਇਹੀ ਪਰਿਭਾਸ਼ਾ ਗੁਰੂ ਨਾਨਕ ਦੀ ਸ਼ਖ਼ਸੀਅਤ ਤੇ ਫ਼ਲਸਫ਼ੇ ਦੇ ਅਨੁਕੂਲ ਹੈ।

ਗੁਰੂ ਨਾਨਕ ਦੀ ਹਸਤੀ ਦਾ ਸਰੂਪ ਬਦਲ ਕੇ ਵਿਕਰਤ ਕਰਨ ਲਈ ਜਿਹੜੀਆਂ ਸਾਖੀਆਂ ਕਥਾ-ਰਸ ਨੂੰ ਮੁੱਖ ਰੱਖ ਕੇ ਵਿਸ਼ੇਸ਼ ਮੰਤਵ ਦੀ ਪੂਰਤੀ ਲਈ ਘੜੀਆਂ ਗਈਆਂ ਸਨ, ਉਨ੍ਹਾਂ ਦੇ ਸੰਬੰਧੀ ਸੋਹਲ ਨੇ ਕਾਵਿਕ-ਰੂਪਾਂਤਰਣ ਪੇਸ਼ ਕਰ ਕੇ ਚਿੰਤਨ-ਮੁਖੀ ਕਾਵਿਕ ਰਚਨਾ ਕੀਤੀ ਹੈ। ਅਜਿਹਾ ਕਰ ਕੇ ਉਸ ਨੇ 550 ਸਾਲਾਂ ਦੀ ਵਿੱਥ ਹੀ ਨਹੀਂ ਮਿਟਾਈ ਸਗੋਂ ਗੁਰੂ ਨਾਨਕ ਦੇ ਕਾਲ-ਮੁਕਤ ਤੇ ਦੇਸ਼-ਮੁਕਤ ਸਰੂਪ ਨੂੰ ਚਿਤਰਿਆ ਹੈ। ਹੱਕ, ਸੱਚ, ਸੇਵਾ, ਨਿਆਂ, ਨਿਮਰਤਾ, ਬਰਾਬਰੀ ਅਤੇ ਪ੍ਰੇਮ ਦੇ ਸਰਵ-ਕਾਲੀਨ ਨਾਨਕ-ਪੈਗ਼ਾਮ ਨੂੰ ਚਿਤਰਿਆ ਹੈ।

ਗੁਰੂ ਨਾਨਕ ਦੇ ਜਨਮ ਵੇਲੇ ਦੀ ਘੜੀ ਨੂੰ ਸ਼ਬਦ-ਚਿੱਤਰ ਵਿਚ ਪੇਸ਼ ਕਰਦਿਆਂ ਉਸ ਨੇ ਭਾਵਨਾ ਵਿਚ ਭਿੱਜਦਿਆਂ ਲਿਖਿਆ ਹੈ:

ਪੰਛੀ ਚਹਿਕ-ਚਹਿਕ ਕੇ
ਗਾਵਣ ਲੱਗੇ ਨੇ
ਚਾਨਣ ਹੋਣ ਵਾਲਾ ਹੈ
ਧੁੰਦ ਮਿਟਣ ਵਾਲੀ ਹੈ
(ਪੰਨਾ 12)

'ਪੱਟੀ' ਵਾਲੀ ਸਾਖੀ ਦੀ ਰਚਨਾਤਮਿਕਤਾ ਵੇਖਿਆਂ ਹੀ ਬਣਦੀ ਹੈ:

ਤਨ-ਪਾਠਸ਼ਾਲਾ 'ਚ
ਮਨ-ਪਾਂਧਾ
ਦਿਲ-ਤਖ਼ਤੀ
ਸੋਚ-ਗਾਚਣੀ ਸੰਗ ਪੋਚ ਕੇ
ਤ੍ਰਿਪਤਾ ਦੇ ਘਰ ਵੱਲੋਂ ਆਉਂਦੇ
ਰਾਹ 'ਤੇ ਨਿਗਾਹ ਵਿਛਾਈ ਬੈਠਾ

ਕਦ ਇਸ ਰਾਹੇ
ਬਾਲ ਇੰਞਾਣਾ
ਨਿਕਲੇ
ਦਿਲ-ਤਖ਼ਤੀ 'ਤੇ
ਪਾਏ ਪੂਰਨੇ ਨੂਰੀ
ਲਿਖੇ ਇਲਾਹੀ ਪੱਟੀ

ਪੱਟੀ ਦਾ ਹਰ ਅੱਖਰ
ਬਣੇ ਕਹਿਕਸ਼ਾਂ
ਮਸਤਕ ਅੰਦਰ
ਠੰਢਾ-ਠੰਢਾ ਚਾਨਣ ਬਿਖਰੇ
ਰੂਹ ਦਾ ਜਗਤ-ਜਲੰਦਾ ਠਾਰੇ..।
(ਪੰਨਾ 14)

'ਜਨੇਊ' ਵਾਲੀ ਸਾਖੀ ਵਿਚ ਗੁਰੂ ਨਾਨਕ ਦੀ ਬਾਣੀ ਨੂੰ ਹੀ ਆਧਾਰ ਬਣਾਇਆ ਗਿਆ ਹੈ। ਹਕੀਕਤ ਇਹੀ ਹੈ ਕਿ ਕਈ ਸਾਖੀਆਂ ਬਾਣੀ ਨੂੰ ਕਥਾ-ਰੂਪ ਵਿਚ ਬਦਲ ਕੇ ਰਚੀਆਂ ਹਨ। ਗੁਰੂ ਨਾਨਕ ਦੀ ਬਾਣੀ ਦੇ ਸਨਮੁਖ ਹੁੰਦਿਆਂ ਸੋਹਲ ਨੇ ਲਿਖਿਆ ਹੈ:

ਫੋਕਟ ਕਰਮਾਂ ਦੇ ਗਲ ਪੈ ਕੇ
ਫੋਕਟ
ਮੈਲਾ
ਜਰ-ਜਰ ਹੋਇਆ
ਜਨੇਊ ਤਰਸ ਰਿਹਾ ਹੈ
ਛੋਹ ਇਲਾਹੀ ਨੂੰ

ਲੈ ਆਵੇ ਜੋ
ਕਪਾਹ ਦਇਆ ਦੀ
ਸੰਤੋਖ ਦੇ ਸੂਤ ਨੂੰ
ਜਤ ਦੀਆਂ ਗੰਢਾਂ ਮਾਰੇ
ਸਤ 'ਚ ਵੱਟ ਕੇ

ਟੁੱਟਣ, ਮੈਲਾ ਹੋਵਣ
ਤੇ ਜਲ ਜਾਵਣ ਪਾਰੋਂ
ਮੋਕਸ਼ ਪਾਵੇ
ਧੁਰ ਤੱਕ ਹੰਢਣਸਾਰ ਹੋ ਜਾਵੇ...।
(ਪੰਨਾ 15)

ਸੁਰਿੰਦਰ ਸੋਹਲ ਨੇ ਸ਼ਬਦ, ਰਾਗ, ਭਾਵਨਾ ਅਤੇ ਵਿਚਾਰ ਨੂੰ ਗੁਰੂ ਨਾਨਕ ਨਾਲ ਨਾਤਾ ਜੋੜਨ ਦਾ ਅਸਲ ਫ਼ਰਜ਼ ਨਿਭਾਇਆ ਹੈ। ਉਹ ਹਰ ਸਾਖੀ ਦੀ ਕਾਵਿ ਵਿਚ ਪੇਸ਼ਕਾਰੀ ਲਈ ਗੁਰੂ ਨਾਨਕ ਦੀ ਹਸਤੀ ਨੂੰ ਹੀ ਸਨਮੁਖ ਰੱਖਦਾ ਹੈ। ਸ਼ਬਦ, ਰਾਗ ਅਤੇ ਰਬਾਬ ਦੀ ਧੁਨ ਹਨੇਰਿਆਂ ਨੂੰ ਚੀਰਦੀ ਹੋਈ ਧੁਰ ਆਤਮਾ ਦੀਆਂ ਹਨੇਰੀਆਂ ਨੁੱਕਰਾਂ ਨੂੰ ਰੌਸ਼ਨ ਕਰ ਦਿੰਦੀ ਹੈ। ਇਸ ਸਾਰੇ ਵਰਤਾਰੇ ਨੂੰ ਸੋਹਲ ਨੇ ਕਾਵਿ-ਮਾਧਿਅਮ ਰਾਹੀਂ ਚਿਤਰਿਆ ਹੈ:

ਹਮਜ਼ਾ ਗੌਂਸ ਮੇਰਾ ਮਨ
ਹਉਂ ਦਾ ਗੁੰਬਦ
ਹੋਂਦ ਆਪਣੀ 'ਤੇ ਤਾਣ ਲਿਆ
ਸੋਚੇ-
'ਗ਼ਰਕ ਕਰਾਂ ਸਭ ਰੌਸ਼ਨ ਕਦਰਾਂ
ਚਾਨਣ ਦੀ ਕਾਤਰ
ਤੱਕ ਵੀ ਮਸਤਕ ਨਾ ਚੁੰਮੇ
ਤਾਰਿਆਂ 'ਤੇ ਅੰਜਨ ਮਲ ਦੇਵਾਂ
ਸੂਆ ਰੁਪਹਿਲੀ
ਕਾਲਖ-ਕੋਠੀ ਬੰਦ ਕਰ ਦੇਵਾਂ
ਗ਼ਰਕ ਕਰਾਂ ਸਭ ਸੁੱਚੀਆਂ ਸੋਚਾਂ
ਕੂੜ ਪਾਲ ਦੀ ਨੀਹੇਂ...'

ਅਨਹਦ ਨਾਦ ਦੇ ਰੰਗ 'ਚ ਰੰਗੀ
ਇਹ ਆਵਾਜ਼ ਰਬਾਬ ਦੀ ਆਈ
ਗਗਨ ਦਮਾਮੇ ਵਾਂਗੂੰ
ਕਿਤਿਓਂ ਸ਼ਬਦ ਗੂੰਜਿਆ
ਹਉਂ ਦਾ ਗੁੰਬਦ ਤਿੜਕਣ ਲੱਗਾ
ਭੀਤਾਂ ਵਿਚ ਦੀ
ਭਰਿਆ ਨੂਰ ਜਿਵੇਂ ਅੰਬਰ 'ਚੋਂ
ਤਾਰਾ ਮੰਡਲ ਪਿਘਲ-ਪਿਘਲ
ਧਰਤੀ ਵੱਲ ਬਰਸੇ



ਸੁਰਿੰਦਰ ਸੋਹਲ ਨਾਲ ਲੇਖਕ ਪ੍ਰੋ; ਨਿਰੰਜਨ ਸਿੰਘ ਢੇਸੀ




ਪੁਸਤਕ 'ਸਾਖੀਓਂ ਨੂਰ ਝਰੈ' ਦਾ ਸਰਵਰਕ

ਮਨ ਹਮਜ਼ਾ ਗੌਂਸ ਦੇ ਨੈਣੋਂ
ਤਿੱਪ-ਤਿੱਪ ਚੋਂਦਾ ਹੈ ਪਛਤਾਵਾ...
(ਪੰਨਾ 76-77)

ਸੋਹਲ ਨੇ ਆਪਣੀ ਕਾਵਿ-ਦ੍ਰਿਸ਼ਟੀ ਨੂੰ ਸਾਧਨਾ ਬਣਾਉਂਦਿਆਂ ਸਿੱਧ-ਗੋਸ਼ਟਿ ਦੇ ਹਕੀਕੀ ਅਰਥਾਂ ਨੂੰ ਉਜਾਗਰ ਕੀਤਾ ਹੈ। ਅਸਲ ਵਿਚ ਸਿੱਧਾਂ ਨਾਲ ਗੋਸ਼ਟਿ ਵਾਲੀ ਸਾਖੀ ਗੁਰੂ ਨਾਨਕ ਦੀ ਬਾਣੀ ਸਿੱਧ-ਗੋਸ਼ਟਿ ਦੀ ਵਿਚਾਰਧਾਰਾ ਤੇ ਭਾਵਨਾ ਦੇ ਬਿਲਕੁਲ ਉਲਟੇ ਪੈਰੀਂ ਖਲੋਤੀ ਹੈ। ਸਾਖੀਕਾਰਾਂ ਨੇ ਗੁਰੂ ਨਾਨਕ ਨੂੰ ਕੋਈ ਜੰਤਰ-ਮੰਤਰ ਕਰਨ ਵਾਲੇ ਦੇ ਰੂਪ ਵਿਚ ਪਰਗਟ ਕੀਤਾ ਹੈ। ਸੋਹਲ ਨੇ ਸੀਮਤ ਸ਼ਬਦਾਂ ਵਿਚ ਗਹਿਰੇ ਅਰਥਾਂ ਦਾ ਸੰਚਾਰ ਕਰਦਿਆਂ ਲਿਖਿਆ ਹੈ:

ਸੁੱਕੇ ਪਿੱਪਲ ਵਰਗੇ
ਅਕਲੋਂ-ਸੁਰਤੋਂ ਰੁੰਡ-ਮਰੁੰਡੇ
ਕਿਲਵਿਖ ਰੋਗ ਦੀ ਠੰਢ ਦੇ ਝੰਬੇ
ਲੋਭ ਦੀ ਅੱਗ 'ਚ ਸੜਦੇ ਜੋਗੀ
ਦੇਣ ਨਾ ਅੱਗ ਉਧਾਰੀ
ਨਾ ਬਾਲਣ ਨੂੰ ਲੱਕੜੀ

ਹਉਂ ਦੇ ਮੱਠ 'ਚ
ਅਪਣੇ ਦਿਲ ਦੇ ਭੋਰੇ ਅੰਦਰ
ਰਿੱਧੀਆਂ-ਸਿੱਧੀਆਂ
ਦੇ ਹੰਕਾਰੇ
ਗਿਆਨ-ਨੇਤਰੇ ਮੁੰਦੀ ਬੈਠੇ

ਸੂਰਜ ਢਲਦਾ ਜਾਵੇ
ਸੁੱਕੇ ਪਿੱਪਲ ਹੇਠ ਬਿਰਾਜੇ
ਦੋ ਸੰਨਿਆਸੀ
ਇਕ ਨੇ ਸੁਰਾਂ ਦਾ ਬਾਲਣ
'ਕੱਠਾ ਕੀਤਾ
ਇਕ ਸੁਲਘਾਈ ਚਿਣਗ ਸ਼ਬਦ ਦੀ
ਬਲੀ ਇਲਾਹੀ ਧੂਣੀ
ਆਲ-ਦੁਆਲੇ
ਫੈਲਿਆ ਨਿੱਘ ਵਿਸਮਾਦੀ

ਕਿਲਵਿਖ ਰੋਗ ਦੀ ਠੰਢ ਦੇ ਝੰਬੇ
ਨੂਰ-ਨੂਰ ਕਰਦੇ ਜੋਗੀ
ਸੇਕਣ ਆਏ ਇਲਾਹੀ ਧੂਣੀ
(ਪੰਨਾ 50-51)

'ਸ਼ਬਦ ਦੀ ਚਿਣਗ' ਨਾਲ 'ਸੁਰਾਂ ਦੇ ਬਾਲਣ ਦੀ ਧੂਣੀ' ਬਾਲ ਕੇ ਗੁਰੂ ਨਾਨਕ ਤੇ ਮਰਦਾਨੇ ਨੇ ਅਨੇਕਾਂ ਕੁਰਾਹੇ ਪਈਆਂ ਸੰਪਰਦਾਵਾਂ ਤੇ ਵਿਅਕਤੀਆਂ ਨੂੰ ਹਨੇਰੇ ਵਿਚ ਭਟਕਣ ਤੋਂ ਬਚਾਇਆ।


ਸੋਹਲ ਵਿਲੱਖਣ ਤੇ ਨਿਰਾਲੀ ਸੋਚ ਦੇ ਨਾਲ-ਨਾਲ ਗੁਰਮਤਿ-ਚਿੰਤਨ ਨੂੰ ਜਾਣਦਾ-ਪਛਾਣਦਾ ਤੇ ਪਰਗਟ ਕਰਦਾ ਹੈ। ਉਹ ਕਵਿਤਾ ਲਿਖਣ ਲਈ ਤੁਕਾਂਤ ਨੂੰ ਜ਼ਰੂਰੀ ਨਹੀਂ ਸਮਝਦਾ। ਉਹ ਅਰਥਾਂ ਦੀ ਕਵਿਤਾ ਕਰਦਾ ਹੈ। ਹਰ ਸਾਖੀ ਗੁਰਮਤਿ ਚਿੰਤਨ ਅਨੁਸਾਰ ਰੂਪਾਂਤਰਿਤ ਕਰ ਕੇ ਉਸ ਨੇ ਗੁਰੂ ਨਾਨਕ ਦਾ ਬਖ਼ਸ਼ਿਸ਼ ਕੀਤਾ ਹੋਇਆ ਸੱਚ ਕਮਾਇਆ ਹੈ। ਬਹੁਤੀਆਂ ਨਾ-ਪ੍ਰਚਲਤ ਸਾਖੀਆਂ ਦਾ ਕਿਤਾਬ ਦੇ ਅਖ਼ੀਰ ਵਿਚ ਦਿੱਤਾ ਗਿਆ ਸੰਖੇਪ ਸਾਰ ਉਨ੍ਹਾਂ ਨਾਲ ਸੰਬੰਧਿਤ ਕਵਿਤਾਵਾਂ ਦੇ ਅਰਥ-ਸੰਚਾਰ ਵਿਚ ਸਹਾਈ ਸਿੱਧ ਹੁੰਦਾ ਹੈ।

ਸੁਰਿੰਦਰ ਸੋਹਲ ਵੱਡੇ ਸ਼ਾਇਰਾਂ 'ਚ ਸ਼ੁਮਾਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਹ ਕਵਿਤਾਵਾਂ ਉਸ ਦੀ ਸ਼ਾਇਰੀ ਨੂੰ ਹੋਰ ਬੁਲੰਦੀ 'ਤੇ ਪਹੁੰਚਾਉਂਦੀਆਂ ਹਨ। ਅਸੀਸ ਹੈ! ਉਸ ਦੀ ਕਲਮ ਇਸੇ ਤਰ੍ਹਾਂ ਨਿਰੰਤਰਤਾ ਨਾਲ ਚਲਦੀ ਰਹੇ ਅਤੇ ਉਸ ਦੀ ਸ਼ਾਇਰੀ ਦੀ ਗੁਣਾਤਮਕਤਾ ਇਸੇ ਤਰ੍ਹਾਂ ਕਾਇਮ ਰਹੇ। ਉਹ ਮੈਨੂੰ ਵਿਹਾਰ ਤੇ ਵਿਚਾਰ ਦੇ ਪੱਖ ਤੋਂ ਗੁਰੂ ਨਾਨਕ ਦੇ ਅੰਗ-ਸੰਗ ਨਜ਼ਰ ਆਉਂਦਾ ਹੈ।

# ਮੇਰੇ ਨਾਲ ਵੀ ਮੀਰਜ਼ਾਦੇ ਵਰਗੀ ਹੋਈ !

ਲੰਘੇ ਦੋ ਨਵੰਬਰ ਨੂੰ ਮੇਰੇ ਨਾਲ ਜਿਵੇਂ ਹੋਈ, ਉਹ ਵਾਰਤਾ ਪੜ੍ਹਨ ਤੋਂ ਪਹਿਲਾਂ ਇਹ ਲਤੀਫ਼ਾ ਸੁਣਿਓ:

ਕੋਈ ਮੀਰਜ਼ਾਦਾ ਆਪਣੇ ਘਰੇ ਬੈਠਾ ਰੁਪਏ ਦੇ ਸਿੱਕੇ (ਢਉਏ) ਗਿਣ ਰਿਹਾ ਸੀ। ਉਹਦੇ ਹੱਥਾਂ 'ਚੋਂ ਇਕ ਰੁਪਿਆ ਹੇਠਾਂ ਡਿੱਗ ਪਿਆ। ਕੋਡਾ ਹੋ ਕੇ ਉਸਨੇ ਬੜਾ ਲੱਭਿਆ ਪਰ ਢਉਆ ਨਾ ਮਿਲਿਆ। ਜਦ ਉਹਦੀ ਪਤਨੀ ਵੀ ਲੱਭਣ ਲੱਗੀ ਤਾਂ ਮੀਰਜ਼ਾਦਾ ਕਹਿੰਦਾ, 'ਚਲ ਛੱਡ ਪਰੇ, ਭੂਆ ਨੂੰ ਹੀ ਦੇ ਦਿੱਤਾ ਸਹੀ ਦਾ!'



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 78146-92724

ਕੁਝ ਪਲ ਬਾਅਦ ਲਾਗੇ ਪਏ ਕੱਪੜੇ ਵਗੈਰਾ ਝਾੜਨ 'ਤੇ ਗੁਆਚਿਆ ਢਉਆ ਲੱਭ ਗਿਆ! ਮੀਰਜ਼ਾਦਾ ਲੱਭਿਆ ਰੁਪਈਆ ਸਾਂਭਦਾ ਕਹਿੰਦਾ,

'ਭੂਆ ਵੀ ਕਿੱਡੀ ਚਾਮ੍ਹਲੀ ਐ, ਇਕ ਨਾਲ ਨੀ ਰੱਜੀ, ਵੱਧ ਰੁਪਏ ਚਾਹੁੰਦੀ ਹੋਣੀ ਆਂ!'

ਤਾਜ਼ੀ ਵਾਰਤਾ-ਦੋ ਨਵੰਬਰ ਵਾਲੇ ਦਿਨ ਮੈਂ ਗਿਆ ਸੁਲਤਾਨ ਪੁਰ ਲੋਧੀ। ਬਾਬੇ ਸੀਚੇਵਾਲ ਦੀ ਕੁਟੀਆ ਹੋਏ ਇਕ ਸੈਮੀਨਾਰ ਵਿਚ ਸ਼ਾਮਲ ਹੋਣ ਲਈ। ਇਸ ਇਤਿਹਾਸਕ ਸ਼ਹਿਰ ਦੀ ਮੇਰੀ ਇਹ ਪਹਿਲੀ ਯਾਤਰਾ ਸੀ। ਮੁੜਦੇ ਵਕਤ ਮੈਂ ਕੁਟੀਆ ਦੇ ਬਾਹਰ ਆ ਕੇ ਬੱਸ ਅੱਡੇ ਜਾਣ ਲਈ ਰਿਕਸ਼ਾ ਕਰ ਲਿਆ। ਅੱਡੇ 'ਤੇ ਪਹੁੰਚ ਕੇ ਰਿਕਸ਼ੇ 'ਚੋਂ ਉੱਤਰਨ ਵੇਲੇ ਮੈਂ ਰਿਕਸ਼ੇ ਵਾਲੇ ਤੋਂ ਪੈਸੇ ਪੁੱਛੇ ਤਾਂ ਉਹਨੇ ਤੀਹ ਰੁਪਏ ਮੰਗੇ। ਮੈਂ ਤਰਸ ਜਿਹਾ ਕਰ ਕੇ ਪੰਜਾਹ ਦਾ ਨੋਟ ਫੜਾਉਂਦਿਆਂ ਕਿਹਾ, 'ਲੈ ਬਈ ਵੀਹ ਰੁਪਏ ਦਾ ਦੁੱਧ ਪੀ ਲਈਂ!' ਮੈਂ ਸੋਚਿਆ ਕਿ ਵੀਹ ਰੁਪਏ ਵਾਧੂ ਲੈ ਕੇ ਉਹ ਖ਼ੁਸ਼ ਜਿਹਾ ਹੋ ਕੇ ਮੈਨੂੰ ਕੁਝ ਕਹੇਗਾ ਜਾਂ ਵੈਸੇ ਈ ਮੇਰੇ ਵੱਲ ਸ਼ੁਕਰਾਨੇ ਭਰੀਆਂ ਨਜ਼ਰਾਂ ਨਾਲ ਦੇਖੇਗਾ, ਪਰ ਉਸਨੇ ਉਈਂ ਮੂੰਹ ਜਿਹਾ ਵੱਟ ਕੇ ਮੈਥੋਂ ਪੰਜਾਹਾਂ ਦਾ ਨੋਟ ਫੜਿਆ ਤੇ ਤੁਰ ਗਿਆ!!




ਚਲੋ, ਮੈਂ ਸੁਲਤਾਨ ਪੁਰ ਲੋਧੀ ਤੋਂ ਜਲੰਧਰ ਜਾਣ ਵਾਲੀ ਬੱਸ ਵਿਚ ਜਾ ਬੈਠਾ, ਜੋ ਚੱਲਣ ਹੀ ਲੱਗੀ ਸੀ। ਚਲਦੀ ਬੱਸ 'ਚ ਕੰਡਕਟਰ ਮੇਰੇ ਕੋਲ ਆਇਆ ਤਾਂ ਮੈਂ ਉਹਨੂੰ ਪੰਜਾਹ ਦਾ ਨੋਟ ਫੜਾਉਂਦਿਆਂ ਪੁੱਛਿਆ ਕਿ ਮੈਂ ਜਲੰਧਰ ਜਾਣਾ, ਹੋਰ ਕਿੰਨੇ ਪੈਸੇ ਦਿਆਂ?

ਮੇਰੇ ਵੱਲ ਬੜੇ ਗੌਰ ਨਾਲ ਦੇਖਦਿਆਂ ਕੰਡਕਟਰ ਸਤਿਕਾਰ ਜਿਹੇ ਨਾਲ ਕਹਿੰਦਾ, 'ਸਰਦਾਰ ਜੀ, ਲਗਦੇ ਤਾਂ ਸੱਤਰ ਰੁਪਏ ਆ ਪਰ ਤੁਸੀਂ ਪੰਜਾਹ ਹੀ ਰਹਿਣ ਦਿਓ!'

ਮੈਨੂੰ ਕੰਡਕਟਰ ਦੀ ਇਸ 'ਮਿਹਰਬਾਨੀ' ਦੀ ਕੋਈ ਸਮਝ ਨਹੀਂ ਲੱਗੀ ਪਰ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਰਿਕਸ਼ੇ ਵਾਲੇ ਨੇ ਮੈਨੂੰ ਵੀਹ ਰੁਪਏ ਮੋੜ ਦਿੱਤੇ ਹੋਣ ਤੇ ਉਹ ਕਹਿ ਰਿਹਾ ਹੋਵੇ ਕਿ ਜੇ ਮਦਦ ਹੀ ਕਰਨੀ ਆਂ ਤਾਂ 'ਚੱਜ ਨਾਲ' ਕਰ, ਅੱਜ ਦੇ ਜ਼ਮਾਨੇ 'ਚ ਵੀਹ ਰੁਪਏ ਵੀ ਕੋਈ ਚੀਜ਼ ਹੁੰਦੀ ਆ?'

# 'ਸੋਨੇ ਚਾਂਦੀ ਕੇ ਬੁੱਤ' ਦੇ ਦਿਲਚਸਪ ਕਿੱਸੇ ਅਤੇ ਖਵਾਜਾ ਅਹਿਮਦ ਅੱਬਾਸ


***ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਇਸ ਲੇਖ ਵਿਚ ਉਘੇ ਫਿਲਮਸਾਜ਼ ਅਤੇ ਲਿਖਾਰੀ ਖਵਾਜਾ ਅਹਿਮਦ ਅੱਬਾਸ ਦਾ ਉਹ ਰੂਪ ਉਘਾੜਿਆ ਹੈ ਜਿਸ ਬਾਰੇ ਆਮ ਲੋਕ ਬਹੁਤ ਘੱਟ ਜਾਣਦੇ ਹਨ।...***

ਬਹੁਪਰਤੀ ਸ਼ਖ਼ਸੀਅਤ ਸਨ ਖਵਾਜਾ ਅਹਿਮਦ ਅੱਬਾਸ। ਅੰਗਰੇਜ਼ੀ, ਉਰਦੂ ਅਤੇ ਹਿੰਦੀ ਦੇ ਨਾਮਵਰ ਅਦੀਬ। ਸੋਚ ਪੱਖੋਂ ਖੱਬੇ-ਪੱਖੀ ਸਮਤਾਵਾਦੀ, ਅਮਲਾਂ ਪੱਖੋਂ ਪੱਕੇ ਆਦਰਸ਼ਵਾਦੀ। ਰੂਹੋਂ ਨਿੱਘੇ, ਜ਼ੁਬਾਨ ਤੋਂ ਖਰ੍ਹਵੇ। ਪੇਸ਼ੇ ਵਜੋਂ ਉਹ ਫਿਲਮਸਾਜ਼, ਪਟਕਥਾ ਲੇਖਕ, ਕਹਾਣੀਕਾਰ, ਨਿਬੰਧਕਾਰ, ਪੱਤਰਕਾਰ ਅਤੇ ਕਾਲਮਨਵੀਸ ਸਨ। ਉਨ੍ਹਾਂ ਦਾ ਹਫ਼ਤਾਵਾਰੀ ਕਾਲਮ ਅੰਗਰੇਜ਼ੀ ਅਖ਼ਬਾਰ 'ਬਾਂਬੇ ਕਰੋਨੀਕਲ' (ਬਾਅਦ ਵਿਚ 'ਬਲਿਟਜ਼') ਵਿਚ

**ਸੁਰਿੰਦਰ ਸਿੰਘ ਤੇਜ**
**ਫੋਨ: 98555-01488**


ਚਾਰ ਦਹਾਈਆਂ ਤੋਂ ਵੱਧ ਸਮਾਂ ਲਗਾਤਾਰ ਛਪਿਆ। ਫਿਲਮਸਾਜ਼ ਤੇ ਪਟਕਥਾ ਲੇਖਕ ਵਜੋਂ ਉਨ੍ਹਾਂ ਦੀਆਂ ਚਾਰ ਫਿਲਮਾਂ 'ਜਾਗਤੇ ਰਹੋ' (1956), 'ਸ਼ਹਿਰ ਔਰ ਸਪਨਾ' (1963), 'ਸਾਤ ਹਿੰਦੋਸਤਾਨੀ' (1969) ਅਤੇ 'ਦੋ ਬੂੰਦ ਪਾਨੀ' (1971) ਨੂੰ ਕੌਮੀ ਐਵਾਰਡ ਮਿਲੇ। ਉਨ੍ਹਾਂ ਦੀ ਕਹਾਣੀ 'ਤੇ ਆਧਾਰਿਤ ਚੇਤਨ ਆਨੰਦ ਦੀ ਫਿਲਮ 'ਨੀਚਾ ਨਗਰ' (1946) ਕਾਨ ਕੌਮਾਂਤਰੀ ਫਿਲਮ ਮੇਲੇ ਵਿਚ ਬਿਹਤਰੀਨ ਫਿਲਮ ਦੇ ਐਵਾਰਡ 'ਸੁਨਹਿਰੀ ਪਾਮ' ਨਾਲ ਨਿਵਾਜੀ ਗਈ। ਉਨ੍ਹਾਂ ਦੀ ਹੀ ਪਟਕਥਾ 'ਤੇ ਬਣੀ 'ਆਵਾਰਾ' (1951) ਨੇ ਕਾਰਲੋਵੀ ਵੇਰੀ ਕੌਮਾਂਤਰੀ ਫਿਲਮ ਮੇਲੇ 'ਚ ਪੁਰਸਕਾਰ ਜਿੱਤਿਆ।

ਇਸ ਹਸਤੀ ਦੀਆਂ ਚੋਣਵੀਆਂ ਲਿਖਤਾਂ ਨੂੰ ਹੁਣ ਸਈਅਦਾ ਹਮੀਦ ਅਤੇ ਸੁਖਪ੍ਰੀਤ ਕਾਹਲੋਂ ਨੇ ਸੰਪਾਦਿਤ ਅਤੇ ਅੰਗਰੇਜ਼ੀ 'ਚ ਅਨੁਵਾਦ ਕਰ ਕੇ 'ਸੋਨੇ ਚਾਂਦੀ ਕੇ ਬੁੱਤ' ਸੰਗ੍ਰਹਿ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਹੈ। ਸਈਅਦਾ ਅੱਬਾਸ ਦੀ ਭਾਣਜੀ ਹੈ ਅਤੇ ਸੁਖਪਾਲ ਫਿਲਮ ਇਤਿਹਾਸਕਾਰ ਤੇ ਵਿਦਵਾਨ ਲੇਖਕ।



ਖਵਾਜਾ ਅਹਿਮਦ ਅੱਬਾਸ

***ਖਵਾਜਾ ਅਹਿਮਦ ਅੱਬਾਸ ਛੋਟੇ ਬਜਟ ਦੀਆਂ ਫਿਲਮਾਂ ਰਾਹੀਂ ਵੱਡੇ ਸੁਨੇਹੇ ਦੇਣ ਵਾਲਾ ਫਿਲਮਸਾਜ਼ ਸੀ। ਉਸ ਦੀਆਂ ਫਿਲਮਾਂ ਨੇ ਟਿਕਟ ਖਿੜਕੀ 'ਤੇ ਕਦੇ ਭੀੜਾਂ ਨਹੀਂ ਜੁਟਾਈਆਂ; ਫਿਰ ਵੀ ਇਹ ਬਣਦੀਆਂ ਰਹੀਆਂ। ਮੰਨਿਆ ਜਾਂਦਾ ਹੈ ਕਿ ਇਸ ਸਿਰੜੀ ਕੰਮ ਲਈ ਧਨ ਉਸ ਨੂੰ ਰਾਜ ਕਪੂਰ ਦੀਆਂ ਫਿਲਮਾਂ ਲਈ ਪਟਕਥਾ ਲੇਖਣ ਰਾਹੀਂ ਮਿਲਦਾ ਰਿਹਾ। 'ਆਵਾਰਾ' (1951) ਤੋਂ ਲੈ ਕੇ 'ਬੌਬੀ' (1973) ਤਕ ਰਾਜ ਕਪੂਰ ਦੀਆਂ ਫਿਲਮਾਂ ਦੀ ਪਟਕਥਾ ਅੱਬਾਸ ਅਤੇ ਫਿਲਮ ਪ੍ਰਚਾਰਕ ਵੀ.ਪੀ. ਸਾਠੇ ਦੀ ਜੋੜੀ ਲਿਖਦੀ ਰਹੀ। ਰਾਜ ਕਪੂਰ ਦੀਆਂ ਬਹੁਤੀਆਂ ਫਿਲਮਾਂ ਸੁਪਰਹਿੱਟ ਹੋਈਆਂ, ਅੱਬਾਸ ਦੀਆਂ ਸੁਪਰ ਫਲੌਪ।***




ਕਿਤਾਬ ਦਾ ਮੁਖੜਾ।

ਕਿਤਾਬ ਦੇ ਚਾਰ ਅਨੁਭਾਗ ਹਨ: ਫ਼ਨ ਔਰ ਫ਼ਨਕਾਰ; ਕਹਾਨੀਆਂ, ਫਿਲਮੀ ਮਜ਼ਮੂਨ, ਬਾਂਬੇ ਕਰੋਨੀਕਲ ਸੇ। ਇਹ ਅਨੁਭਾਗ ਅੱਬਾਸ ਦੀ ਵਿਦਵਤਾ ਤੇ ਦਾਨਿਸ਼ਵਰੀ ਦਾ ਝਰੋਖਾ ਹਨ।

ਅੱਬਾਸ ਨਵ-ਯਥਾਰਥਵਾਦੀ ਸਿਨੇਮਾ ਦਾ ਪਰਚਮਬਰਦਾਰ ਸੀ। ਛੋਟੇ ਬਜਟ ਦੀਆਂ ਫਿਲਮਾਂ ਰਾਹੀਂ ਵੱਡੇ ਸੁਨੇਹੇ ਦੇਣ ਵਾਲਾ। ਉਸ ਦੀਆਂ ਫਿਲਮਾਂ ਨੇ ਟਿਕਟ ਖਿੜਕੀ 'ਤੇ ਕਦੇ ਭੀੜਾਂ ਨਹੀਂ ਜੁਟਾਈਆਂ; ਫਿਰ ਵੀ ਇਹ ਬਣਦੀਆਂ ਰਹੀਆਂ: 1943 ਤੋਂ 1987 ਤਕ। ਮੰਨਿਆ ਜਾਂਦਾ ਹੈ ਕਿ ਇਸ ਸਿਰੜੀ ਕੰਮ ਲਈ ਧਨ ਉਸ ਨੂੰ ਰਾਜ ਕਪੂਰ ਦੀਆਂ ਫਿਲਮਾਂ ਲਈ ਪਟਕਥਾ ਲੇਖਣ ਰਾਹੀਂ ਮਿਲਦਾ ਰਿਹਾ। 'ਆਵਾਰਾ' (1951) ਤੋਂ ਲੈ ਕੇ 'ਬੌਬੀ' (1973) ਤਕ ਰਾਜ ਕਪੂਰ ਦੀਆਂ ਫਿਲਮਾਂ ਦੀ ਪਟਕਥਾ ਅੱਬਾਸ ਅਤੇ ਫਿਲਮ ਪ੍ਰਚਾਰਕ ਵੀ.ਪੀ. ਸਾਠੇ ਦੀ ਜੋੜੀ ਲਿਖਦੀ ਰਹੀ। ਰਾਜ ਕਪੂਰ ਦੀਆਂ ਬਹੁਤੀਆਂ ਫਿਲਮਾਂ ਸੁਪਰਹਿੱਟ ਹੋਈਆਂ, ਅੱਬਾਸ ਦੀਆਂ ਸੁਪਰ ਫਲੌਪ। ਅੱਬਾਸ ਨੇ ਇਸ ਕਿਤਾਬ ਵਿਚ ਖ਼ੁਦ ਤਸਲੀਮ ਕੀਤਾ ਹੈ ਕਿ ਫਿਲਮ ਦੇ ਮਾਧਿਅਮ ਰਾਹੀਂ ਲੋਕਾਂ ਦਾ ਮਨ ਮੋਹ ਲੈਣ ਦਾ ਜੋ ਹੁਨਰ ਰਾਜ ਕਪੂਰ ਕੋਲ ਸੀ, ਉਹ ਉਸ (ਅੱਬਾਸ) ਕੋਲ ਨਹੀਂ ਸੀ। ਉਸ ਮੁਤਾਬਿਕ "ਰਾਜ ਸੁਪਨਿਆਂ ਦਾ ਸੌਦਾਗਰ ਸੀ, ਮੈਂ ਅਸਲੀਅਤ ਦਾ ਵਣਜਾਰਾ। ਗਾਹਕ ਹਮੇਸ਼ਾ ਚਕਾਚੌਂਧ ਵੱਲ ਜਾਂਦਾ ਹੈ।" ਫਿਲਮਸਾਜ਼ ਦੇ ਰੂਪ ਵਿਚ ਅੱਬਾਸ ਕਲਾਕਾਰਾਂ ਦੀ ਚੋਣ, ਯੋਗਤਾ ਦੇ ਲਿਹਾਜ਼ ਨਾਲ ਕਰਦਾ ਰਿਹਾ ਪਰ 'ਸਾਤ ਹਿੰਦੋਸਤਾਨੀ' ਵਿਚ ਅਮਿਤਾਭ ਬੱਚਨ ਦੀ ਚੋਣ 'ਹਰਿਵੰਸ਼ ਰਾਏ ਬੱਚਨ ਦਾ ਪੁੱਤਰ' ਹੋਣ ਕਰ ਕੇ ਕੀਤੀ। ਅਮਿਤਾਭ ਅੱਬਾਸ ਨੂੰ ਸਦਾ ਮਾਮੂ ਬੁਲਾਉਂਦਾ ਰਿਹਾ ਪਰ ਅੱਬਾਸ ਦੀ ਕਿਸੇ ਹੋਰ ਫਿਲਮ ਵਿਚ ਉਸ ਨੇ ਕੰਮ ਨਹੀਂ ਕੀਤਾ। ਅੱਬਾਸ ਮੁਤਾਬਿਕ "ਅਮਿਤ (ਅਮਿਤਾਭ ਬੱਚਨ) ਆਪਣੇ ਅਕਸ ਦਾ ਮੁਰੀਦ ਰਿਹਾ, ਮੈਂ ਆਪਣੇ ਸਵੈਮਾਣ ਦਾ।"

ਯੂਸੁਫ਼ ਖ਼ਾਨ (ਦਿਲੀਪ ਕੁਮਾਰ) ਨੂੰ ਉਹ ਬਿਹਤਰੀਨ ਅਦਾਕਾਰ ਮੰਨਦਾ ਸੀ ਪਰ ਨਾਲ ਹੀ ਉਸ ਦਾ ਆਲੋਚਕ ਵੀ ਸੀ। ਉਸ ਦੀ ਰਾਇ ਸੀ ਕਿ ਦਿਲੀਪ ਕੁਮਾਰ ਨੇ ਆਪਣੇ ਰੁਤਬੇ ਨੂੰ 'ਭਾਰਤੀ ਸਿਨੇਮਾ ਦੀ ਬਿਹਤਰੀ ਲਈ ਕਦੇ ਨਹੀਂ ਵਰਤਿਆ।' ਇਸੇ ਖਿਝ ਦਾ ਪ੍ਰਗਟਾਵਾ ਉਸ ਨੇ 'ਉੜਨ ਖਟੋਲਾ' (1956) ਦੇਖ ਕੇ ਇੰਜ ਕੀਤਾ, "ਯੂਸੁਫ਼, ਤੂੰ ਏਨੇ ਬੇਹੂਦਾ ਰੋਲ ਕਿਉਂ ਕਰਦਾ ਏ?" ਦਿਲੀਪ ਕੁਮਾਰ ਉਦੋਂ ਤਾਂ ਚੁੱਪ ਰਿਹਾ ਪਰ ਅੱਬਾਸ ਦੀ ਫਿਲਮ 'ਗਿਆਰਾਂ ਹਜ਼ਾਰ ਲੜਕੀਆਂ' (1963) ਦੇ ਪ੍ਰੀਮੀਅਰ ਸਮੇਂ ਬਦਲਾਖੋਰੀ 'ਤੇ ਉਤਰ ਆਇਆ। ਉਸ ਨੇ ਫਿਲਮੀ ਹਸਤੀਆਂ ਦੀ ਭੀੜ ਦੇ ਸਾਹਮਣੇ ਅੱਬਾਸ ਨੂੰ ਸਵਾਲ ਕੀਤਾ, "ਖਵਾਜਾ, ਤੂੰ ਏਨੀਆਂ ਬੋਰ ਫਿਲਮਾਂ ਕਿਉਂ ਬਣਾਉਂਦਾ ਏ?"

ਅਜਿਹੇ ਦਰਜਨਾਂ ਕਿੱਸੇ-ਕਹਾਣੀਆਂ ਨਾਲ ਲੈਸ ਹੈ ਇਹ ਕਿਤਾਬ 'ਸੋਨੇ ਚਾਂਦੀ ਕੇ ਬੁੱਤ'। ਪੜ੍ਹ ਕੇ ਆਨੰਦ ਆਉਂਦਾ ਹੈ ਪਰ ਕਿਤੇ-ਕਿਤੇ ਤੱਥਾਂ ਪ੍ਰਤੀ ਲਾਪਰਵਾਹੀ ਬੇਸੁਆਦੀ ਵੀ ਪੈਦਾ ਕਰਦੀ ਹੈ।

# ਨਵੀਂ ਫਿਲਮ 'ਮਿਲੀ': ਪਿਉ-ਧੀ ਦੀ ਜੁਗਲਬੰਦੀ

ਫਿਲਮ 'ਮਿਲੀ' ਭਾਵੇਂ ਬਾਕਸ ਆਫਿਸ 'ਤੇ ਨਾਕਾਮ ਸਾਬਤ ਹੋਈ ਹੈ ਪਰ ਇਸ ਫਿਲਮ ਵਿਚ ਜਾਹਨਵੀ ਕਪੂਰ ਅਤੇ ਉਸ ਦੇ ਫਿਲਮ ਨਿਰਮਾਤਾ ਪਿਤਾ ਬੋਨੀ ਕਪੂਰ ਦੀ ਜੁਗਲਬੰਦੀ ਦੀ ਖ਼ੂਬ ਚਰਚਾ ਹੋਈ ਹੈ। ਇਸ ਫਿਲਮ ਦਾ ਨਿਰਦੇਸ਼ਕ ਮੁਤੂਕੁੱਟੀ ਜ਼ੇਵੀਅਰ ਹੈ ਅਤੇ ਇਹ ਫਿਲਮ ਮਲਿਆਲਮ ਫਿਲਮ 'ਹੈਲਨ' ਦੀ ਰੀਮੇਕ ਹੈ। ਅਦਾਕਾਰਾ ਜਾਹਨਵੀ ਕਪੂਰ ਨੇ ਆਖਿਆ ਕਿ ਉਹ ਵਹਿਮਾਂ-ਭਰਮਾਂ ਵਿਚ ਭਰੋਸਾ ਰੱਖਦੀ ਅਤੇ ਹਰ ਖਾਸ ਮੌਕੇ ਉਹ ਤਿਰੂਪਤੀ ਮੰਦਰ ਜਾਂਦੀ ਹੈ। ਅਦਾਕਾਰਾ ਨੇ ਇਹ ਗੱਲਾਂ ਆਪਣੇ ਪਿਤਾ ਅਤੇ ਫਿਲਮ ਪ੍ਰੋਡਿਊਸਰ ਬੋਨੀ ਕਪੂਰ ਨਾਲ 'ਦਿ ਕਪਿਲ ਸ਼ਰਮਾ ਸ਼ੋਅ' ਦੌਰਾਨ ਆਪਣੀ ਫਿਲਮ 'ਮਿਲੀ' ਦੀ ਪ੍ਰਮੋਸ਼ਨ ਦੌਰਾਨ ਕਹੀਆਂ। ਇਸ ਦੌਰਾਨ ਦੋਵੇਂ ਜਣਿਆਂ ਨੇ ਫਿਲਮ ਦੀ ਸ਼ੂਟਿੰਗ ਦੇ ਤਜਰਬਿਆਂ ਸਮੇਤ ਆਪਣੀ ਜ਼ਿੰਦਗੀ ਬਾਰੇ ਚਾਨਣਾ ਪਾਇਆ। 25 ਸਾਲਾ ਅਦਾਕਾਰ ਨੇ ਹੁਣ ਤੱਕ ਕਈ ਸਫ਼ਲ ਫਿਲਮਾਂ ਕੀਤੀਆਂ ਹਨ। ਫਿਲਮ 'ਧਾਕੜ' ਵਿਚ ਉਸ ਨੇ ਹਵਾਈ ਫੌਜ ਦੀ ਅਫਸਰ ਦਾ ਕਿਰਦਾਰ ਨਿਭਾਇਆ ਸੀ ਅਤੇ 'ਗੁੰਜਨ ਸਕਸੈਨਾ: ਦਿ ਕਾਰਗਿਲ ਵਾਰ' ਵਿਚ ਉਸ ਨੇ ਕਾਰਗਿਲ ਜੰਗ ਦੇ ਹੀਰੋ ਗੁੰਜਨ ਸਕਸੈਨਾ ਦੀ ਭੂਮਿਕਾ ਨਿਭਾਈ ਸੀ। ਇਸ ਤੋਂ ਬਾਅਦ ਜਾਹਨਵੀ ਨੇ ਫਿਲਮ 'ਰੂਹੀ ਤੇ ਗੁੱਡ ਲੱਕ ਜੈਰੀ' ਵਿਚ ਅਹਿਮ ਭੂਮਿਕਾ ਨਿਭਾਈ। ਇਸ ਫਿਲਮ ਤੋਂ ਜਾਹਨਵੀ ਕਪੂਰ ਨੂੰ ਬਹੁਤ ਆਸਾਂ ਸਨ। ਉਸ ਦੇ ਪਿਤਾ ਬੋਨੀ ਕਪੂਰ ਨੇ ਵੀ ਉਸ ਦੇ ਕਰੀਅਰ ਨੂੰ ਹੁਲਾਰਾ ਦੇਣ ਲਈ ਇਹ ਫਿਲਮ ਬਣਾਈ ਸੀ।



# ਅਦਾਕਾਰਾ ਮੀਨਾਕਸ਼ੀ ਸੇਸ਼ਾਦਰੀ ਦੇ ਰੰਗ

ਕਿਸੇ ਵੇਲੇ ਸੁਰਖੀਆਂ ਵਿਚ ਰਹੀ ਅਦਾਕਾਰਾ ਮੀਨਾਕਸ਼ੀ ਸੇਸ਼ਾਦਰੀ ਬਹੁਤ ਸਾਲਾਂ ਬਾਅਦ ਕਿਸੇ ਮੰਚ ਉਤੇ ਦਿਖਾਈ ਦਿੱਤੀ ਹੈ। ਉਸ ਨੇ ਰਿਐਲਿਟੀ ਸ਼ੋਅ 'ਇੰਡੀਅਨ ਆਈਡਲ' ਵਿਚ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਪ੍ਰਸ਼ੰਸਕਾਂ ਨਾਲ ਕਈ ਦਿਲਚਸਪ ਕਿੱਸੇ ਸਾਂਝੇ ਕੀਤੇ।

1980 ਅਤੇ 1990 ਵਾਲੇ ਦਹਾਕਿਆਂ ਵਿਚ ਫਿਲਮਾਂ ਵਿਚ ਮੀਨਾਕਸ਼ੀ ਸੇਸ਼ਾਦਰੀ ਦੀ ਗੁੱਡੀ ਖ਼ੂਬ ਚੜ੍ਹੀ ਹੋਈ ਸੀ, ਫਿਰ ਅਚਾਨਕ ਉਹ ਫਿਲਮੀ ਦੁਨੀਆ ਵਿਚੋਂ ਗਾਇਬ ਹੋ ਗਈ। ਬਾਅਦ ਵਿਚ ਪਤਾ ਲੱਗਿਆ ਕਿ ਉਹ ਅਮਰੀਕਾ ਜਾ ਕੇ ਵਸ ਗਈ ਹੈ। ਅਸਲ ਵਿਚ 1995 ਵਿਚ ਉਸ ਦਾ ਵਿਆਹ ਉਘੇ ਕਾਰੋਬਾਰੀ ਹਰੀਸ਼ ਮੈਸੂਰ ਨਾਲ ਹੋ ਗਿਆ ਅਤੇ ਵਿਆਹ ਤੋਂ ਬਾਅਦ ਉਹ ਅਮਰੀਕਾ ਚਲੀ ਗਈ।

ਮੀਨਾਕਸ਼ੀ ਦੀ ਪਹਿਲੀ ਫਿਲਮ 'ਪੇਂਟਰ ਬਾਬੂ' 1983 ਵਿਚ ਆਈ ਸੀ ਜੋ ਬੁਰੀ ਤਰ੍ਹਾਂ ਫਲਾਪ ਹੋ ਗਈ ਪਰ ਇਸੇ ਸਾਲ ਆਈ ਉਸ ਦੀ ਇਕ ਹੋਰ ਫਿਲਮ 'ਹੀਰੋ' ਨੇ ਉਸ ਨੂੰ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਉਸ ਨੂੰ ਇੰਨੀਆਂ ਫਿਲਮਾਂ ਮਿਲੀਆਂ ਕਿ 1985 ਵਿਚ ਉਸ ਦੀਆਂ 11 ਫਿਲਮਾਂ ਰਿਲੀਜ਼ ਹੋਈਆਂ।

ਮੀਨਾਕਸ਼ੀ ਦੀ ਆਖਰੀ ਚਰਚਿਤ ਫਿਲਮ 'ਘਾਇਲ' (1996) ਸੀ ਜਿਸ ਵਿਚ ਹੀਰੋ ਸਨੀ ਦਿਓਲ ਸੀ। ਇਸ ਤੋਂ ਬਾਅਦ ਜਦੋਂ 2016 ਵਿਚ 'ਘਾਇਲ ਵੰਸ ਅਗੇਨ' ਬਣਾਈ ਗਈ ਤਾਂ ਉਸ ਨੂੰ ਵੀ ਰੋਲ ਦਿੱਤਾ ਗਿਆ। ਉਸ ਦਾ ਕਹਿਣਾ ਹੈ ਕਿ ਹੁਣ ਉਸ ਦਾ ਫਿਲਮੀ ਦੁਨੀਆ ਵਿਚ ਵਾਪਸ ਆਉਣ ਦਾ ਕੋਈ ਇਰਾਦਾ ਨਹੀਂ ਹੈ; ਹਾਂ, ਉਹ ਵੱਖ-ਵੱਖ ਸ਼ੋਅ ਜ਼ਰੂਰ ਕਰਦੀ ਰਹੇਗੀ।





ਮੀਨਾਕਸ਼ੀ ਸੇਸ਼ਾਦਰੀ ਦੇ ਦੋ ਰੰਗ।

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗੁ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਿਪੇ ਅੰਧੇਰ ਪਲੋਆ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖ ਸਮੇਂ ਦੇ ਹਾਕਮਾਂ ਨੂੰ ਫਿਟ ਲਾਹਨਤ ਪਾਉਣ ਵਾਲੇ ਤੇ ਜਾਲਮਾਂ ਦੇ ਜੁਲਮਾਂ ਪ੍ਰਤੀ ਰੱਬ ਨੂੰ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ' ਦਾ ਨਿਹੋਰਾ ਦੇਣ ਵਾਲੇ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸਿੱਖ ਗੁਰਦੁਆਰਾ ਸੈਨ ਹੋਜੇ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## ਪ੍ਰਭਾਤ ਫੇਰੀਆਂ

30 ਅਕਤੂਬਰ ਤੋਂ 8 ਨਵੰਬਰ ਤੱਕ
ਰੋਜ਼ਾਨਾ ਸਵੇਰੇ 4:30 ਤੋਂ 5:30 ਵਜੇ ਤੱਕ

## ਵਿਸ਼ੇਸ਼ ਦੀਵਾਨ

8 ਨਵੰਬਰ, ਮੰਗਲਵਾਰ
ਸਵੇਰ ਤੋਂ ਰਾਤ 10 ਵਜੇ ਤਕ ਦੀਵਾਨ ਸਜਣਗੇ

13 ਨਵੰਬਰ, ਐਤਵਾਰ
ਸਵੇਰ ਤੋਂ ਰਾਤ 9 ਵਜੇ ਤਕ ਦੀਵਾਨ ਸਜਣਗੇ

ਬੀਬੀ ਦਰਸ਼ਨ ਕੌਰ ਗਿੱਲ ਤੇ ਸਮੂਹ ਪਰਿਵਾਰ ਵਲੋਂ ਤਾਜ਼ਾ ਜਲੇਬੀਆਂ ਅਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ।

ਕਾਰ ਪਾਰਕਿੰਗ ਲਈ ਵਿਸ਼ੇਸ਼ ਪ੍ਰਬੰਧ।

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 408-274-9373



## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave, San Jose CA 95148

ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org

**Donation to Gurdwara Sahib:** You can now donate on-line as well using Credit/Debit card or Paypal.
Visit: www.sanjosegurdwara.org and touch "Donate" tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.